# ਭਾਈ ਗੁਰਦਾਸ

1669

ਰਾਧਾਸੁਆਮੀ ਸਤਿਸੰਗ ਬਿਆਸ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਭਾਈ ਗੁਰਦਾਸ

ਮਹਿੰਦਰ ਸਿੰਘ ਜੋਸ਼ੀ

ਰਾਧਾਸੁਆਮੀ ਸਤਿਸੰਗ ਬਿਆਸ

Sri Satguru Jagjit Singh Ji eLibrary NamdhariElibrary@gmail.com

ਭਾਈ ਗੁਰਦਾਸ
—ਮਹਿੰਦਰ ਸਿੰਘ ਜੋਸ਼ੀ

ਪ੍ਰਕਾਸ਼ਕ :
ਸੇਵਾ ਸਿੰਘ
ਸੈਕ੍ਰੇਟਰੀ
ਰਾਧਾਸੁਆਮੀ ਸਤਿਸੰਗ ਬਿਆਸ
ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ)

© Radhasoami Satsang Beas—1994



| | | |
|---|---|---|
| ਪਹਿਲੀ ਵਾਰ | 1994 | 15,000 |
| ਦੂਜੀ ਵਾਰ | 1995 | 15,000 |

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜੋਸ਼ੀ ਇਸਟੇਟ, ਟਾਂਡਾ ਰੋਡ, ਜਲੰਧਰ ਸ਼ਹਿਰ।

Sri Satguru Jagjit Singh Ji eLibrary NamdhariElibrary@gmail.com

# ਵਿਸ਼ੈ-ਸੂਚੀ


| | *ਵਿਸ਼ੈ* | *ਪੰਨਾ* |
|---|---|---|
| | ਪ੍ਰਕਾਸ਼ਕ ਵੱਲੋਂ | 5 |
| | ਮੁੱਖ ਸ਼ਬਦ | 7 |
| 1. | ਭਾਈ ਗੁਰਦਾਸ : ਜੀਵਨ ਯਾਤਰਾ | 9 |
| 2. | ਆਦਿ-ਪੁਰਖ | 21 |
| 3. | ਗੁਰਦੇਵ | 29 |
| 4. | ਨਾਮ | 89 |
| 5. | ਆਦਰਸ਼ਕ ਸਿੱਖ | 125 |
| 6. | ਸਤਿ-ਸੰਗਤ | 155 |
| 7. | ਫੁਟਕਲ ਵਿਸ਼ੇ | 165 |
| | ਮਨ, ਇੰਦਰੀਆਂ ਦੇ ਰਸ, ਭੈੜੀਆਂ ਵਾਦੀਆਂ, ਤ੍ਰਿਸ਼ਨਾਂ, ਕਪਟ-ਸਨੇਹ, ਵਿਦਿਆ ਅਤੇ ਬਾਦ, ਨਿੰਦਿਆ, ਕਰਮਾਂ ਦੀ ਧਰਤੀ, ਸੰਸਾਰ ਦੀ ਅਸਾਰਤਾ, ਮਨੁਖੀ-ਸ਼ਰੀਰ, ਇਸ਼ਨਾਨ, ਪਾਉਣਾ ਅਤੇ ਛੁਪਾਉਣਾ, ਮਾਨਸ ਕੀ ਏਕ ਜਾਤ, ਤੀਸਰੀ ਅੱਖ | |
| 8. | ਸਾਰ-ਅੰਸ਼ | 197 |




Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪ੍ਰਕਾਸ਼ਕ ਵੱਲੋਂ

ਭਾਈ ਗੁਰਦਾਸ (1551-1636) ਨੂੰ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ, ਚਾਰ ਗੁਰੂ ਸਾਹਿਬਾਨ ਦੇ ਨਿਕਟ ਸੰਪਰਕ ਦਾ ਅਵਸਰ ਪ੍ਰਾਪਤ ਹੋਇਆ। ਆਪ ਨੇ ਇਸ ਦਾ ਪੂਰਾ ਲਾਭ ਉਠਾਉਂਦੇ ਹੋਏ ਸੰਤਾਂ ਦੇ ਉਪਦੇਸ਼ ਦਾ ਕੇਵਲ ਅਧਿਐਨ ਹੀ ਨਹੀਂ ਕੀਤਾ ਬਲਕਿ (ਜਿਵੇਂ ਕਿ ਆਪ ਦੀਆਂ ਰਚਨਾਵਾਂ ਤੋਂ ਸਾਫ਼ ਝਲਕਦਾ ਹੈ) ਅਭਿਆਸ ਦੁਆਰਾ ਉਸਨੂੰ ਆਪਣੇ ਜੀਵਨ ਵਿਚ ਵੀ ਉਤਾਰਿਆ।

ਭਾਈ ਗੁਰਦਾਸ ਸੁਭਾਅ ਤੋਂ ਸੰਵੇਦਨਸ਼ੀਲ ਅਤੇ ਕਾਵਿ-ਰਚਨਾ ਦੇ ਪ੍ਰੇਮੀ ਸਨ। ਗੁਰੂ ਸਾਹਿਬਾਨ ਦੀ ਬਾਣੀ ਨੂੰ ਸਰਲ ਪ੍ਰੰਤੂ ਕਾਵਿ-ਪੂਰਨ ਸ਼ੈਲੀ ਵਿਚ ਸਮਝਾਉਣ ਲਈ ਉਨ੍ਹਾਂ ਨੇ ਆਪਣੇ ਇਨ੍ਹਾਂ ਗੁਣਾਂ ਦਾ ਪੂਰਨ ਉਪਯੋਗ ਕੀਤਾ। ਪੰਜਾਬੀ ਸਾਹਿਤ ਵਿਚ ਅਜੇ ਤਕ ਕਬਿੱਤ ਅਤੇ ਸਵੈਯੇ ਦੀ ਵਰਤੋਂ ਅਧਿਆਤਮਕ ਤੱਤ ਅਤੇ ਭਗਤੀ-ਭਾਵਨਾ ਨੂੰ ਪ੍ਰਗਟ ਕਰਨ ਲਈ ਏਨੇ ਵੱਡੇ ਪੱਧਰ ਉੱਤੇ ਨਹੀਂ ਸੀ ਕੀਤੀ ਗਈ। ਇਸ ਦ੍ਰਿਸ਼ਟੀ ਤੋਂ ਅਧਿਆਤਮਕ ਸਾਹਿਤ ਵਿਚ ਭਾਈ ਗੁਰਦਾਸ ਦੀਆਂ ਰਚਨਾਵਾਂ ਦੀ ਮਹੱਤਵਪੂਰਨ ਥਾਂ ਹੈ।

ਇਹ ਰਚਨਾਵਾਂ ਗੁਰੂ ਸਾਹਿਬਾਨ ਨੇ ਪਸੰਦ ਕੀਤੀਆਂ ਅਤੇ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਕਿ ਏਹ ਗੁਰੂ ਸਾਹਿਬਾਨ ਦੀ ਬਾਣੀ ਨੂੰ ਸਮਝਾਉਣ ਹਿਤ ਸਾਧਾਰਣ ਪਾਠਕਾਂ ਲਈ ਸਹਾਇਕ ਸਿੱਧ ਹੋਣਗੀਆਂ।

ਹਥਲੀ ਪੁਸਤਕ ਦੇ ਲੇਖਕ ਸ੍ਰੀ ਮਹਿੰਦਰ ਸਿੰਘ ਜੋਸ਼ੀ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਸਾਹਿਤਕਾਰ ਹਨ। ਪੰਜਾਬ ਸਰਕਾਰ ਨੇ ਆਪ ਨੂੰ 'ਸ਼ਿਰੋਮਣੀ ਸਾਹਿਤਕਾਰ' ਇਨਾਮ ਨਾਲ ਸਨਮਾਨਿਆ ਹੈ। ਇਸ ਤੋਂ ਛੁੱਟ ਆਪ ਅਨੇਕਾਂ ਸਾਹਿਤਕ ਸੰਗਠਨਾਂ ਅਤੇ ਦਿੱਲੀ ਪ੍ਰਸ਼ਾਸਨ ਤੋਂ ਵੀ ਇਨਾਮ ਪ੍ਰਾਪਤ ਕਰ ਚੁੱਕੇ ਹਨ। ਭਾਰਤ ਦੇ ਸੰਵਿਧਾਨ ਦਾ ਪੰਜਾਬੀ ਰੂਪਾਂਤਰ ਕਰਨ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ।

ਜੋਸ਼ੀ ਸਾਹਿਬ ਨੇ ਡੂੰਘੇ ਅਧਿਐਨ ਉਪਰੰਤ ਭਾਈ ਗੁਰਦਾਸ ਉੱਤੇ ਇਕ ਸੁੰਦਰ ਤੇ ਭਾਵਪੂਰਨ ਪੁਸਤਕ ਤਿਆਰ ਕੀਤੀ ਹੈ। ਲੇਖਕ ਨੇ ਭਾਈ ਗੁਰਦਾਸ



Sri Satguru Jagjit Singh Ji eLibrary NamdhariElibrary@gmail.com

ਦੀਆਂ ਰਚਨਾਵਾਂ ਦੇ ਤਿੰਨਾਂ ਪੱਖਾਂ, ਭਗਤੀ, ਗਿਆਨ ਅਤੇ ਕਾਵਿ ਉੱਤੇ ਵਿਚਾਰ ਕੀਤਾ ਹੈ। ਆਪ ਦੇ ਇਸ ਉੱਦਮ ਲਈ ਅਸੀਂ ਆਪ ਦੇ ਧੰਨਵਾਦੀ ਹਾਂ।

ਆਸ ਹੈ ਲੇਖਕ ਦੀ ਗੁਰਮਤਿ ਉੱਤੇ ਲਿਖੀ ਗੰਭੀਰ ਅਤੇ ਵਿਚਾਰਪੂਰਨ ਰਚਨਾ 'ਅੰਮ੍ਰਿਤ ਨਾਮ' ਵਾਂਗ ਹੀ 'ਭਾਈ ਗੁਰਦਾਸ' ਵੀ ਅਧਿਆਤਮ-ਪ੍ਰੇਮੀ ਪਾਠਕਾਂ ਲਈ ਦਿਲਚਸਪ ਅਤੇ ਪ੍ਰੇਰਣਾਦਾਇਕ ਸਿੱਧ ਹੋਵੇਗੀ।

ਡੇਰਾ ਬਾਬਾ ਜੈਮਲ ਸਿੰਘ<br>ਜ਼ਿਲਾ ਅੰਮ੍ਰਿਤਸਰ<br>ਜਨਵਰੀ, 1994

ਸੇਵਾ ਸਿੰਘ<br>ਸਕੱਤਰ<br>ਰਾਧਾ ਸੁਆਮੀ ਸਤਿਸੰਗ, ਬਿਆਸ

Sri Satguru Jagjit Singh Ji eLibrary NamdhariElibrary@gmail.com

# ਮੁੱਖ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ ਬਾਣੀ ਵੱਖ-ਵੱਖ ਸੰਤਾਂ, ਸਤਿਗੁਰੂਆਂ ਦੇ ਉਚਾਰੇ ਅਮੋਲਕ ਬਚਨਾਂ ਰੂਪੀ ਰਤਨਾਂ ਦਾ ਅਸੀਮ ਭੰਡਾਰ ਹੈ। ਇਸ ਬਾਣੀ ਨੂੰ ਗੁਰੂ ਅਰਜਨ ਸਾਹਿਬ ਨੇ ਕਈ ਮਹੱਤਵਪੂਰਨ ਪੱਖਾਂ ਨੂੰ ਧਿਆਨ ਵਿਚ ਰਖਦਿਆਂ ਸੁਘੜ ਤਰਤੀਬ ਦਿੱਤੀ, ਤੇ ਫਿਰ ਉਸ ਨੂੰ ਅੱਖਰ-ਬੱਧ ਕਰਨ ਦਾ ਮਾਣ, ਉਹਨਾਂ ਦੀ ਸਰਬਗੁਣ ਸੰਪੰਨਤਾ ਦੇ ਸਨਮੁਖ, ਭਾਈ ਗੁਰਦਾਸ ਨੂੰ ਬਖਸ਼ਿਆ।

ਭਾਈ ਸਾਹਿਬ ਨੇ ਗੁਰੂ ਅਮਰਦਾਸ ਜੀ ਤੋਂ ਅਰੰਭ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਤਕ ਚਾਰ ਪਰਮ ਪੁਰਸ਼ਾਂ ਦੀ ਸੰਗਤ ਮਾਣੀ ਸੀ, ਤੇ ਇਹਨਾਂ ਲੰਮੇ ਵਰ੍ਹਿਆਂ ਦੌਰਾਨ ਉਹਨਾਂ ਦੀ ਅਨਿੰਨ ਸੇਵਾ ਕਮਾ ਕੇ ਕਿਰਤਾਰਥ ਹੋਏ ਸਨ। ਆਪ ਨੂੰ ਉਪਰ ਦੱਸੀ ਪਾਵਨ ਬਾਣੀ ਸੁਣਨ ਤੇ ਵਿਚਾਰਨ ਦਾ ਸੁਭਾਗ ਤਾਂ ਲੱਭਾ ਹੀ, ਉਹਨਾਂ ਨੇ ਸੰਸਾਰ ਦੇ ਹੋਰ ਪ੍ਰਮੁਖ ਧਰਮਾਂ ਦਾ ਡੂੰਘਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ। ਉਨ੍ਹਾਂ ਨੂੰ ਜੰਮੂ, ਆਗਰਾ ਆਦਿ ਦੂਰ ਦੁਰਾਡੇ ਖੇਤਰਾਂ ਵਿਚ ਸਤਿਸੰਗ ਲਈ ਭੇਜਿਆ ਜਾਂਦਾ ਸੀ ਜਿਸ ਨਾਲ ਜਨ-ਸਾਧਾਰਨ ਨੂੰ ਆਪ ਦੀ ਵਿਦਵਤਾ ਤੋਂ ਲਾਭ ਉਠਾਉਣ ਦਾ ਮੌਕਾ ਮਿਲਿਆ।

ਭਾਈ ਸਾਹਿਬ ਦੀ ਜਿਸ ਪ੍ਰਾਪਤੀ ਨੇ ਸਭ ਤੋਂ ਵੱਧ ਨਾਮਣਾ ਖੱਟਿਆ, ਉਹ ਹੈ ਉਹਨਾਂ ਦੀ ਆਪਣੀ ਰਚੀ ਬਾਣੀ—ਪੌਣੇ ਸੱਤ ਸੌ ਕਬਿੱਤ ਸਵੱਯੇ ਤੇ ਚਾਲੀ ਵਾਰਾਂ। ਕਬਿੱਤ ਸਵੈਯਾਂ ਦੀ ਬੋਲੀ ਬ੍ਰਜ ਭਾਸ਼ਾ ਹੈ, ਵਾਰਾਂ ਦੀ ਸਰਲ ਪੰਜਾਬੀ। ਆਪ ਦੀਆਂ ਇਹਨਾਂ ਕਿਰਤਾਂ ਸਦਕਾ ਗੁਰਮਤ ਜਾਂ ਸੰਤਮਤ ਦਾ ਸੰਦੇਸ਼ ਕੇਵਲ ਪੰਜਾਬ ਵਿਚ ਹੀ ਨਹੀਂ, ਉਹਨਾਂ ਸਾਰੇ ਇਲਾਕਿਆਂ ਵਿਚ ਜਿਥੇ ਹਿੰਦੀ ਪੜ੍ਹੀ ਜਾਂਦੀ ਸੀ, ਆਸਾਨੀ ਨਾਲ ਪਹੁੰਚਣਾ ਸ਼ੁਰੂ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਬਾਣੀ ਵਿਚ ਕਈ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਨਾਲ ਸੰਤਾਂ ਦੇ ਉਪਦੇਸ਼ ਨੂੰ ਵਧ ਤੋਂ ਵਧ ਲੋਕਾਂ ਤਕ ਪਹੁੰਚਾਣ ਵਿਚ ਸਹਾਇਤਾ ਮਿਲੀ ਹੈ। ਗੁਰੂ ਸਾਹਿਬਾਨ ਦੀ ਇਹ ਬਾਣੀ ਨਿਰੀ ਕਾਵਿ ਰਚਨਾ ਨਹੀਂ, ਬਲਕਿ ਅਨੁਭਵੀ ਅਤੇ ਰਸਾਈ ਪ੍ਰਾਪਤ ਮਹਾਂਪੁਰਸ਼ਾਂ ਦੇ ਨਿਜੀ ਅਨੁਭਵਾਂ ਦਾ ਸਾਰ ਹੈ। ਭਾਸ਼ਾ ਦੀ ਵੰਨਸੁਵੰਨਤਾ, ਵਿਚਾਰਾਂ ਦੇ ਭਾਵਪੂਰਨ ਪ੍ਰਗਟਾਅ ਦੀ ਅਦੁਤੀ ਸੁੰਦਰਤਾ ਅਤੇ ਸੰਤਾਂ ਦੇ ਆਪਣੇ ਰੂਹਾਨੀ ਤਜਰਬੇ ਉੱਤੇ ਆਧਾਰਿਤ ਹੋਣ ਕਾਰਣ ਇਹ ਬਾਣੀ ਪੱਥਰ ਜਿਹੇ ਕਠੋਰ



Sri Satguru Jagjit Singh Ji eLibrary NamdhariElibrary@gmail.com

ਹਿਰਦਿਆਂ ਨੂੰ ਵੀ ਆਪਣੀ ਛੋਹ ਨਾਲ ਕੋਮਲ ਬਣਾ ਕੇ ਆਪਣੇ ਵੱਲ ਖਿੱਚਣ ਦੀ ਚੁੰਬਕੀ ਸ਼ਕਤੀ ਰੱਖਦੀ ਹੈ।

ਜਿਥੋਂ ਤਕ ਵਸਤੂ ਦਾ ਸੰਬੰਧ ਹੈ ਆਤਮ ਮਾਰਗੀਆਂ ਦੀ ਅਗਵਾਈ ਲਈ ਜੋ ਕੁਝ ਦੱਸਿਆ ਜਾਣਾ ਲੋੜੀਂਦਾ ਸੀ, ਉਹ ਸਭ ਇਸ ਵਿਚ ਪੂਰਨ ਰੂਪ ਵਿਚ ਮੌਜੂਦ ਹੈ। ਇਸ ਦਿਸ਼ਾ ਵਿਚ ਕਿਸੇ ਹੋਰ ਦੇ ਕਰਨ ਜੋਗਾ ਕੁਝ ਵੀ ਬਾਕੀ ਨਹੀਂ ਸੀ ਰਹਿ ਗਿਆ, ਪਰ ਬਲਿਹਾਰ ਜਾਈਏ ਭਾਈ ਸਾਹਿਬ ਦੀ ਪ੍ਰਤਿਭਾ ਦੇ, ਜਿਸ ਦਾ ਸਦਕਾ, ਇਸ ਸਭ ਕੁਝ ਦੇ ਹੁੰਦੇ ਆਪ ਦੇ ਯੋਗਦਾਨ ਲਈ ਰਾਹ ਨਿਕਲ ਆਇਆ। ਉਹ ਇੰਝ ਕਿ ਭਾਈ ਸਾਹਿਬ ਆਪਣੇ ਪੂਜਯ ਪੁਰਸ਼ਾਂ/ਗੁਰੂ ਸਾਹਿਬਾਨ ਦੇ ਪ੍ਰਸਤੁਤ ਕੀਤੇ ਵਿਚਾਰਾਂ ਨੂੰ ਬੜੇ ਹੀ ਢੁਕਵੇਂ, ਕਲਾਮਈ, ਤੇ ਪ੍ਰਭਾਵਸ਼ਾਲੀ ਸ਼ਬਦ ਚਿੱਤਰਾਂ ਵਿਚ ਮੂਰਤੀਮਾਨ ਕਰਨ ਲਗ ਗਏ। ਉਹਨਾਂ ਦਾ ਇਹ ਜਤਨ ਇਸ ਹੱਦ ਤਕ ਸਫਲ ਹੋਇਆ ਕਿ ਉਹਨਾਂ ਦੀ ਰਚਨਾ ਇਸ ਸ਼੍ਰੇਣੀ ਦੀ ਕਿਸੇ ਵੀ ਹੋਰ ਕਾਵਿ ਕਿਰਤ ਤੋਂ ਵਧ ਚਾਹ ਤੇ ਸਤਿਕਾਰ ਨਾਲ ਪੜ੍ਹੀ ਜਾਂਦੀ ਹੈ ਤੇ ਉਸ ਨੂੰ ਬਿਨਾਂ ਵਿਵਾਦ ਗੁਰਬਾਣੀ ਦੇ ਟੀਕੇ ਅਤੇ ਵਿਆਖਿਆ ਵਜੋਂ ਸਤਿਕਾਰ ਮਿਲਦਾ ਹੈ। ਦੇਸ਼ ਦੇ ਮੰਨੇ-ਪ੍ਰਮੰਨੇ ਵਿਦਵਾਨਾਂ, ਖੋਜੀਆਂ ਵਲੋਂ ਉਹਦੀ ਪਰਸੰਸਾ ਵਿਚ ਲਿਖੇ ਗਏ ਦਰਜਣਾਂ ਗ੍ਰੰਥ ਇਸ ਰਚਨਾ ਦੀ ਸ੍ਰੇਸ਼ਟਤਾ ਦਾ ਅਕੱਟ ਸਬੂਤ ਹਨ।

ਭਾਈ ਸਾਹਿਬ ਦੀ ਬਾਣੀ ਨੂੰ ਜਾਚਣ ਪਰਖਣ ਵਾਲੇ ਵਿਚਾਰਵਾਨਾਂ ਦੀ ਦ੍ਰਿਸ਼ਟੀ ਵਿਸ਼ੇਸ਼ ਕਰਕੇ ਉਹਦੀ ਸਾਹਿਤਕ, ਤਕਨੀਕੀ ਉਤਮਤਾ ਤਕ ਹੀ ਸੀਮਿਤ ਰਹੀ ਹੈ, ਤੇ ਇਹਦੇ ਫਲ ਸਰੂਪ ਬਾਣੀ ਦੀ ਅਸਲ ਦੇਣ, ਪਰਮਾਰਥ ਲਈ ਅਗਵਾਈ, ਅਣਗੌਲੀ ਰਹਿ ਗਈ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਸਾਡਾ ਇਕੋ ਜਤਨ ਹੋਵੇਗਾ, ਇਹ ਦਰਸਾਉਣਾ ਕਿ ਭਾਈ ਸਾਹਿਬ ਦੀ ਰਚਨਾ ਦਾ ਉਦੇਸ਼ ਇਕ ਸ਼ਕਤੀਸ਼ਾਲੀ ਚਾਨਣ ਮੁਨਾਰੇ ਦਾ ਕਾਰਜ ਪਾਲਣਾ ਸੀ। ਉਹਨਾਂ ਦੀ ਬਾਣੀ ਨੂੰ ਕੇਵਲ ਕਵਿਤਾ ਸਮਝ ਕੇ ਪੜ੍ਹ ਜਾਣਾ ਉਹਨਾਂ ਦੀ ਘਾਲ ਨਾਲ ਘੋਰ ਅਨਿਆਂ ਹੋਵੇਗਾ।

ਇਹ ਛੋਟੀ ਜਿਹੀ ਪੁਸਤਕ ਲਿਖਣ ਦੀ ਪ੍ਰੇਰਨਾ ਮੈਨੂੰ ਹਜ਼ੂਰ ਮਹਾਰਾਜ ਚਰਨ ਸਿੰਘ ਜੀ ਤੋਂ ਮਿਲੀ ਤੇ ਇਸ ਨੂੰ ਅੰਤਮ ਰੂਪ ਦੇਣ ਲਈ ਵਡਮੁੱਲੀ ਅਗਵਾਈ ਸ੍ਰ. ਕਿਰਪਾਲ ਸਿੰਘ ਨਾਰੰਗ (ਰੀਟਾਇਰਡ ਵਾਈਸ ਚਾਂਸਲਰ) ਜੀ ਤੋਂ। ਇਹਦੀ ਸੁਧਾਈ ਲਈ ਡਾਕਟਰ ਕਿਰਪਾਲ ਸਿੰਘ ਖ਼ਾਕ ਨੇ ਭਰਪੂਰ ਸਹਿਯੋਗ ਦਿੱਤਾ ਹੈ ਤੇ ਸ੍ਰੀ ਪ੍ਰਿਤਪਾਲ ਸਿੰਘ ਮਾਨ ਤੇ ਭੈਣ ਜਨਕ ਗੋਰਵਾਨੀ ਨੇ ਕੀਮਤੀ ਸੁਝਾਉ। ਸ੍ਰ. ਦਰਸ਼ਨ ਸਿੰਘ ਨੇ ਇਸ ਨੂੰ ਨੀਝ ਨਾਲ ਟਾਈਪ ਕਰ ਕੇ ਛਪਣ ਯੋਗ ਬਣਾਇਆ ਹੈ। ਮੈਂ ਇਹਨਾਂ ਸਾਰਿਆਂ ਦਾ ਸੱਚੇ ਦਿਲੋਂ ਧੰਨਵਾਦੀ ਹਾਂ।

**ਮਹਿੰਦਰ ਸਿੰਘ ਜੋਸ਼ੀ**

Sri Satguru Jagjit Singh Ji eLibrary NamdhariElibrary@gmail.com

# ਭਾਈ ਗੁਰਦਾਸ

***ਜੀਵਨ ਯਾਤਰਾ***

ਇਕ ਜਗਤ ਪ੍ਰਸਿੱਧ ਅਖਾਉਤ ਹੈ, ਕਥਾ ਸਾਹਿਤ ਵਿਚ ਸਭ ਕੁਝ ਯਥਾਰਥ ਹੁੰਦਾ ਹੈ, ਬਿਨਾਂ ਨਾਵਾਂ ਤੇ ਤਰੀਕਾਂ ਤੋਂ, ਤੇ ਇਹਦੇ ਉਲਟ ਇਤਿਹਾਸ ਵਿਚ ਤਰੀਕਾਂ ਤੇ ਨਾਵਾਂ ਤੋਂ ਬਗ਼ੈਰ ਸਭ ਕੁਝ ਇਕ ਸਿਰਿਓਂ ਗ਼ਲਤ। ਪਰ ਹੈਰਾਨੀ ਦੀ ਗੱਲ ਹੈ ਕਿ ਜਦ ਭਾਈ ਗੁਰਦਾਸ ਦਾ ਜੀਵਨ ਇਤਿਹਾਸ ਵਿਚਾਰੀਦਾ ਹੈ ਤਾਂ ਪਤਾ ਲਗਦਾ ਹੈ ਕਿ ਉਸ ਦੀਆਂ ਪ੍ਰਮੁੱਖ ਘਟਨਾਵਾਂ ਬਾਰੇ ਕੋਈ ਵਿਸ਼ੇਸ਼ ਵਿਵਾਦ ਨਹੀਂ ਉਠਦਾ ਅਤੇ ਤਰੀਕਾਂ ਤੇ ਨਾਵਾਂ ਬਾਰੇ ਜਤਨ ਕੀਤਿਆਂ ਵੀ ਇਕ ਰਾਇ ਨਹੀਂ ਬਣਦੀ।

ਉਦਾਹਰਣ ਵਜੋਂ ਡਾਕਟਰ ਗੰਡਾ ਸਿੰਘ ਦੀ ਖੋਜ ਮੁਤਾਬਕ ਆਪ ਦਾਤਾਰ ਚੰਦ ਤੇ ਸੁਖਦੇਈ ਦੇ ਸਪੁੱਤਰ ਸਨ। ਡਾਕਟਰ ਸਰਦੂਲ ਸਿੰਘ ਦਾ ਮਤ ਹੈ ਕਿ ਆਪ ਦਾ ਪਿਤਾ ਦਾਤਾਰ ਚੰਦ ਸੀ ਤੇ ਮਾਤਾ ਜੀਵਣੀ। ਜਦ ਕਿ ਕੇਸਰ ਸਿੰਘ ਛਿੱਬਰ ਨੇ ਆਪ ਨੂੰ ਈਸ਼ਰ ਦਾਸ ਭੱਲੇ ਦੀ ਸੰਤਾਨ ਹੋਣਾ ਬਿਆਨ ਕੀਤਾ ਹੈ। ਪ੍ਰੋਫ਼ੈਸਰ ਸੰਤ ਸਿੰਘ ਸੇਖੋਂ ਉਹਨਾਂ ਦੀ ਜਨਮ ਭੂਮੀ ਹੋਣ ਦਾ ਮਾਣ ਗਿਲਵਾਲੀ ਨਾਉਂ ਦੇ ਪਿੰਡ ਨੂੰ ਦਿੰਦੇ ਹਨ, ਪਰ ਭਾਈ ਰਣਧੀਰ ਸਿੰਘ ਤੇ ਹੋਰ ਕਈ ਵਿਦਵਾਨਾਂ ਅਨੁਸਾਰ ਉਕਤ ਸਥਾਨ ਗੋਇੰਦਵਾਲ ਸੀ।

ਭਾਈ ਵੀਰ ਸਿੰਘ ਜੀ ਦੀ ਮੰਨੀਏ ਤਾਂ ਉਹਨਾਂ ਦੀ ਪੈਦਾਇਸ਼ ਸੰਮਤ 1600 ਵਿਚ ਹੋਣੀ ਸੰਭਵ ਹੈ, ਇਹਦੇ ਵਿਰੁੱਧ ਪ੍ਰੋਫ਼ੈਸਰ ਸਰਦੂਲ ਸਿੰਘ ਉਸ ਦਾ ਸਾਲ ਸੰਮਤ 1615 ਮਿਥਦੇ ਹਨ, ਪੰਦਰਾਂ ਸਾਲ ਦਾ ਅੰਤਰ। ਡਾਕਟਰ ਰਤਨ ਸਿੰਘ ਜੱਗੀ ਦੇ ਖ਼ਿਆਲ ਵਿਚ ਭਾਈ ਰਣਧੀਰ ਸਿੰਘ ਦਾ ਮਿਥਿਆ ਸਾਲ; ਸੰ: 1608 ਵਧੇਰੇ ਮੰਨਣ ਯੋਗ ਹੈ। ਦੂਜੇ ਵੰਨੇ ਗਿਆਨੀ ਗਿਆਨ ਸਿੰਘ ਦਸਦੇ ਹਨ, ਉਹਨਾਂ ਦਾ ਦੇਹਾਂਤ 1686 ਬਿਕ੍ਰਮੀ ਵਿਚ ਹੋਇਆ, ਜਦ ਕਿ ਪ੍ਰੋਫ਼ੈਸਰ ਸਰਦੂਲ ਸਿੰਘ ਨੇ ਉਸ ਦਾ ਵਰ੍ਹਾ 1696 ਬਿਕ੍ਰਮੀ ਦਸਿਆ ਹੈ। ਭਾਈ ਕਾਨ੍ਹ ਸਿੰਘ ਤੇ ਭਾਈ ਰਣਧੀਰ ਸਿੰਘ ਸੰ: 1694 ਦੇ ਹੱਕ ਵਿਚ ਹਨ।



Sri Satguru Jagjit Singh Ji eLibrary NamdhariElibrary@gmail.com

ਖੁਸ਼ਕਿਸਮਤੀ ਨਾਲ ਇਹ ਤੱਥ ਬਹਿਸ ਦਾ ਵਿਸ਼ਾ ਨਹੀਂ ਬਣਿਆ ਕਿ ਬਾਸਰਕੇ ਦਾ ਹਰਿ ਜੀ ਬਿਸ਼ਨ ਦਾਸ ਭੱਲੇ ਦਾ ਬੇਟਾ ਸੀ ਤੇ ਅੱਗੇ ਉਹਦੇ ਤਿੰਨ ਪੁੱਤਰ ਸਨ, ਤੇਜ ਭਾਨ, ਭਾਨ ਚੰਦ ਤੇ ਚੰਦਰ ਭਾਨ। ਸਭ ਤੋਂ ਵੱਡੇ ਤੇਜ ਭਾਨ ਦੇ ਘਰ ਗੁਰੂ ਅਮਰਦਾਸ ਜੀ ਨੇ ਜਨਮ ਲਿਆ ਤੇ ਚੰਦਰ ਭਾਨ ਦੇ ਘਰ ਦਾਤਾਰ ਚੰਦ ਤੇ ਈਸ਼ਰਦਾਸ ਨੇ। ਸੋ ਭਾਈ ਗੁਰਦਾਸ ਭਾਵੇਂ ਦਾਤਾਰ ਚੰਦ ਦੇ ਨੌ-ਨਿਹਾਲ ਹੋਣ, ਤੇ ਭਾਵੇਂ ਈਸ਼ਰ ਦਾਸ ਦੇ ਹਰ ਸੂਰਤ ਉਹ ਤੀਸਰੇ ਪਾਤਸ਼ਾਹ ਦੇ ਪਿਤਾ ਦੇ ਪੋਤਰੇ ਭਾਵ ਭਤੀਜੇ ਸਨ। ਸਾਡੇ ਪ੍ਰਯੋਜਨ ਲਈ ਉਕਤ ਸਾਕਾ-ਦਾਰੀ ਹੀ ਸੁਸੰਗਤ ਹੈ, ਉਹਨਾਂ ਦੇ ਮਾਪਿਆਂ ਦੇ ਨਾਉਂ ਪੱਕੀ ਤਰ੍ਹਾਂ ਠੀਕ ਹੋਣਾ ਨਹੀਂ।

ਜਿਥੋਂ ਤਕ ਤਿਥਾਂ ਦਾ ਸੰਬੰਧ ਹੈ, ਡਾਕਟਰ ਗੰਡਾ ਸਿੰਘ, ਭਾਈ ਰਣਧੀਰ ਸਿੰਘ, ਪ੍ਰੋਫ਼ੈਸਰ ਸੰਤ ਸਿੰਘ ਸੇਖੋਂ ਤੇ ਡਾਕਟਰ ਰਤਨ ਸਿੰਘ ਜੱਗੀ, ਭਾਈ ਸਾਹਿਬ ਦੇ ਆਗਮਨ ਦਾ ਸਾਲ 1608 ਬਿਕ੍ਰਮੀ ਹੋਣ ਬਾਰੇ ਸਹਿਮਤ ਹਨ, ਤੇ ਇਸ ਸਿੱਟੇ ਤੇ ਅਪੜਨ ਲਈ ਉਹਨਾਂ ਨੇ ਭਾਈ ਵੀਰ ਸਿੰਘ ਦੀ ਪੜਤਾਲ ਤੋਂ ਛੁੱਟ ਕਈ ਹੋਰ ਨਿੱਗਰ ਉਕਤੀਆਂ ਦਾ ਸਹਾਰਾ ਲਿਆ ਹੈ। ਮੈਂ ਸਮਝਦਾ ਹਾਂ ਕਿ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖਦੇ ਹੋਏ ਸੰਮਤ 1608 ਨੂੰ ਹੀ ਸਹੀ ਸਵੀਕਾਰ ਕਰ ਲੈਣਾ ਉਚਿਤ ਹੈ। ਡਾਕਟਰ ਦਰਸ਼ਨ ਸਿੰਘ ਹੋਰ ਕਈ ਰਾਵਾਂ ਤੇ ਭੱਟ-ਵਹੀ (ਤਲੌਂਡਾ ਪਰਗਨਾ, ਜੀਂਦ) ਦੀ ਗਵਾਹੀ ਨੂੰ ਪਹਿਲ ਦੇ ਕੇ ਭਾਈ ਸਾਹਿਬ ਦਾ ਦੇਹਾਂਤ ਭਾਦੋਂ ਸ਼ੁਦੀ ਪੰਚਮੀ ਸੰ: 1693 ਨੂੰ ਹੋਣਾ ਤੈਅ ਕਰਦੇ ਹਨ। ਮੇਰੀ ਜਾਚੇ ਉਹਨਾਂ ਦਾ ਇਹ ਨਿਰਣਾ ਗ਼ਲਤ ਨਹੀਂ।

ਗੁਰੂ ਅਮਰਦਾਸ ਜੀ ਦਾ ਜਨਮ ਸੰ: 1536 ਵਿਚ ਹੋਇਆ। ਆਪ ਸੰ: 1597 ਵਿਚ ਗੁਰੂ ਅੰਗਦ ਮਹਾਰਾਜ ਜੀ ਦੀ ਸੰਗਤ ਵਿਚ ਸ਼ਾਮਲ ਹੋਏ ਤੇ ਬਾਰਾਂ ਵਰ੍ਹਿਆਂ ਦੀ ਅਦੁੱਤੀ ਸ਼ਰਧਾ ਭਰੀ ਸੇਵਾ ਤੇ ਸਿੱਖੀ ਦੀ ਬਦੌਲਤ ਸੰ: 1609 ਵਿਚ ਗੁਰ-ਗੱਦੀ ਦੇ ਅਧਿਕਾਰੀ ਥਾਪੇ ਗਏ। ਮੁਢਲੇ ਵਰ੍ਹਿਆਂ ਦੇ ਸੰਪਰਕ ਦੌਰਾਨ ਆਪ ਆਪਣੇ ਸਤਿਗੁਰੂ ਦੇ ਅਜਿਹੇ ਵਿਸ਼ਵਾਸਪਾਤਰ ਬਣ ਚੁੱਕੇ ਸਨ ਕਿ ਸੰਮਤ 1603 ਵਿਚ ਆਪ ਨੂੰ ਗੋਇੰਦਵਾਲ ਆਬਾਦ ਕਰਨ ਦੀ ਆਗਿਆ ਹੋਈ। ਇਸ ਸਥਿਤੀ ਵਿਚ ਕੁਦਰਤੀ ਹੀ ਹੋ ਗਿਆ ਕਿ ਆਪ ਦਾ ਸਮੁੱਚਾ ਪਰਿਵਾਰ (ਭਰਾਵਾਂ ਸਮੇਤ) ਆਪ ਦੇ ਨਾਲ ਗੋਇੰਦਵਾਲ ਜਾ ਵੱਸੇ। ਭਾਈ ਗੁਰਦਾਸ ਦੇ ਪੂਰਵਜਾਂ ਦੁਆਰਾ ਗੁਰੂ-ਘਰ ਦੀ ਨਿਕਟਤਾ ਤੋਂ ਕਬੂਲੇ ਪ੍ਰਭਾਵ ਦੀ ਗਵਾਹੀ ਆਪ ਨੂੰ ਦਿੱਤੇ ਗਏ ਨਾਉਂ, ਗੁਰ-ਦਾਸ, ਤੋਂ ਭਲੀ-ਭਾਂਤ ਮਿਲ ਜਾਂਦੀ ਹੈ।

ਜਿਵੇਂ ਕਿ ਇਤਿਹਾਸਕਾਰ ਦੱਸਦੇ ਹਨ, ਭੈਣ ਭਰਾ ਤਾਂ ਭਾਈ ਸਾਹਿਬ ਦੇ

Sri Satguru Jagjit Singh Ji eLibrary NamdhariElibrary@gmail.com

ਸਨ ਕੋਈ ਨਹੀਂ, ਮਾਤਾ ਦੀ ਛਾਂ ਆਪ ਦੇ ਸਿਰੋਂ ਤਿੰਨ ਸਾਲ ਦੀ ਬਾਲ-ਵਰੇਸ ਵਿਚ ਉਠ ਗਈ ਤੇ ਬਾਰਾਂ ਵਰ੍ਹਿਆਂ ਨੂੰ ਪਹੁੰਚਦਿਆਂ ਆਪ ਦੇ ਪਿਤਾ ਜੀ ਵੀ ਅਕਾਲ ਚਲਾਣਾ ਕਰ ਗਏ। ਮਾਪਿਆਂ ਦਾ ਇਹ ਬੇ-ਵਕਤਾ ਵਿਗੋਚਾ ਦੁਖਦਾਈ ਤਾਂ ਜ਼ਰੂਰ ਰਿਹਾ ਹੋਵੇਗਾ, ਪਰ ਇਹ ਉਹਨਾਂ ਦੇ ਮਾਨਸਿਕ ਤੇ ਆਤਮਿਕ ਵਿਕਾਸ ਦੇ ਰਾਹ ਦਾ ਰੋੜਾ ਨਾ ਬਣ ਸਕਿਆ।

ਗੋਇੰਦਵਾਲ ਸ਼ੇਰਸ਼ਾਹ ਸੂਰੀ ਦੇ ਪੱਕੇ ਕੀਤੇ ਸ਼ਾਹਰਾਹ ਦੀ ਪੱਤਣ ਤੇ ਵਸ਼ਿਆ ਹੋਇਆ ਸੀ, ਤੇ ਗੁਰੂ ਅਮਰਦਾਸ ਜੀ ਦੀ ਬਖਸ਼ਿਸ਼ ਨਾਲ ਇਹ ਸਿੱਖ ਸੰਗਤਾਂ ਤੋਂ ਇਲਾਵਾ ਹੋਰ ਮਤਾਂ ਦੇ ਅਨੁਯਾਈਆਂ ਲਈ ਵੀ ਦਿਲਚਸਪੀ ਦਾ ਕੇਂਦਰ ਬਣ ਗਿਆ। ਅਜਿਹੀ ਥਾਂ ਗੁਣਵਾਨਾਂ ਦਾ ਆਉਣਾ ਤੇ ਬਿਰਾਜਣਾ ਸੁਭਾਵਿਕ ਸੀ, ਤੇ ਉਹਨਾਂ ਦੇ ਸਹਿਯੋਗ ਕਾਰਨ ਬਹੁ-ਪੱਖੀ ਵਿਦਿਆ, ਸਿਖਿਆ ਦੇ ਸਾਧਨਾਂ ਦਾ ਸੁਲਭ ਹੋਣਾ ਵੀ। ਭਾਈ ਗੁਰਦਾਸ ਜੀ ਨੇ ਇਸ ਮੁੱਲਵਾਨ ਸੁਵਿਧਾ ਦਾ ਪੂਰਾ ਫਾਇਦਾ ਉਠਾਇਆ ਤੇ ਉਹ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਆਦਿ ਭਾਸ਼ਾਵਾਂ ਵਿਚ ਹੀ ਨਿਪੁੰਨ ਨਾ ਹੋਏ, ਉਹਨਾਂ ਨੇ ਵੱਖ-ਵੱਖ ਧਰਮਾਂ, ਸੰਪ੍ਰਦਾਵਾਂ ਦੇ ਗ੍ਰੰਥਾਂ-ਸ਼ਾਸਤਰਾਂ ਦਾ ਵੀ ਭਰਪੂਰ ਅਧਿਐਨ ਕਰ ਲਿਆ।

ਭਾਈ ਗੁਰਦਾਸ ਨੇ ਮਹਿਸੂਸ ਕੀਤਾ ਪਰਮ ਤਿਆਗੀ ਗੁਰੂ ਅਰਜਨ ਤਾਂ ਹਰ ਪਲ ਅਕਾਲਪੁਰਖ ਵਿਚ ਲਿਵ ਜੋੜੀ ਰਖਦੇ ਹਨ, ਤੇ ਪਿਰਥੀ ਚੰਦ ਦੀ ਪਾਈ ਧਾਂਦਲੀ ਵੱਲ ਉਹਨਾਂ ਦਾ ਧਿਆਨ ਹੀ ਨਹੀਂ ਜਾਂਦਾ, ਪਰ ਜੇ ਇਸ ਵੱਲੇ ਕੋਈ ਉਪਾਉ ਨਾ ਕੀਤਾ ਗਿਆ ਤਾਂ ਸੰਗਤਾਂ ਦੇ ਗੁਮਰਾਹ ਹੋਣ ਦਾ ਬੜਾ ਭਾਰੀ ਖ਼ਤਰਾ ਪੈਦਾ ਹੋ ਜਾਵੇਗਾ ਤੇ ਸਿੱਖੀ ਨੂੰ ਅਣਚਿਤਵੀ ਢਾਹ ਵਜੇਗੀ। ਸੋ ਆਪ ਨੇ ਬਾਬਾ ਬੁੱਢਾ ਜਿਹੇ ਪ੍ਰਮੁੱਖ ਸਿੱਖਾਂ ਨਾਲ ਸਲਾਹ ਮਸ਼ਵਰਾ ਕਰਕੇ ਸ਼ਰਾਰਤੀ ਅਨਸਰਾਂ ਦੇ ਕੁਜਤਨਾਂ ਨੂੰ ਨਿਸ਼ਫਲ ਬਣਾਉਣ ਦਾ ਬੀੜਾ ਚੁੱਕ ਲਿਆ। ਆਪ ਨੇ ਥਾਉਂ ਥਾਈਂ ਪਹੁੰਚ ਕੇ ਭੰਬਲ-ਭੂਸਿਆਂ ਵਿਚ ਪਏ ਸਿਦਕਵਾਨ ਜੀਵਾਂ ਨੂੰ ਦਰੁਸਤ ਹਾਲਾਤ ਤੋਂ ਜਾਣੂੰ ਕਰਵਾਇਆ ਤੇ ਉਹਨਾਂ ਨੂੰ ਆਪਣੀ ਦਸਾਂ ਨੌਹਾਂ ਦੀ ਸੁੱਚੀ ਕਮਾਈ ਦਾ ਦਸਵਾਂ ਭਾਗ ਗੁਰੂ ਗੋਲਕ ਨੂੰ ਸਮਰਪਣ ਕਰਨ ਲਈ ਪਰੇਰਿਆ। ਇਸ ਦਸਵੰਧ ਦੀ ਰਾਸ਼ੀ ਨੂੰ ਇਕੱਤਰ ਕਰ ਕੇ ਅੰਮ੍ਰਿਤਸਰ ਪਹੁੰਚਾਉਣ ਲਈ ਉਹਨਾਂ ਨੇ ਵੱਖ-ਵੱਖ ਖੇਤਰਾਂ ਲਈ ਅੱਡ-ਅੱਡ ਮਸੰਦ ਨਿਯੁਕਤ ਕੀਤੇ। ਸਿੱਟੇ ਵਜੋਂ ਪ੍ਰਿਥਵੀ ਚੰਦ ਦੀਆਂ ਜਿਆਦਤੀਆਂ ਹੱਥੋਂ ਵਿਗੜੀ ਲੰਗਰ ਦੀ ਸਥਿੱਤੀ ਵਿੱਚ ਹੀ ਪ੍ਰਸ਼ੰਸਨੀਯ ਸੁਧਾਰ ਨ ਹੋਇਆ, ਉਸਾਰੀ ਜਿਹੇ ਕਾਰਜਾਂ ਲਈ ਵੀ ਮਾਇਆ ਦੀ ਕਮੀ ਨਾ ਰਹੀ। ਪਿਰਥੀ ਚੰਦ ਦੇ ਵਿਰੋਧ ਦਾ ਅੰਤ ਕਰਨ ਦੇ

ਮਨੋਰਥ ਨਾਲ ਉਹਨੂੰ ਗੁਰੂ ਕੇ ਬਾਜ਼ਾਰ ਦੇ ਕਿਰਾਏ ਤੇ ਟੈਕਸ ਦਾ ਹੱਕਦਾਰ ਬਣਵਾ ਦਿੱਤਾ ਤੇ ਗੁਰੂ ਸਾਹਿਬ ਦੇ ਮੰਝਲੇ ਭਰਾ ਮਹਾਂਦੇਵ ਨੂੰ ਚੌਕ ਪਾਸੀਆਂ ਵਾਲੀ ਸੰਪਤੀ ਦਾ। ਇਹ ਵਖਰੀ ਗੱਲ ਹੈ ਕਿ ਰੱਬ ਦੀ ਦਰਗਾਹੋਂ ਫਿਟਕਾਰੇ ਗਏ ਸਾਕਤ ਸਿੱਧੇ ਰਾਹ ਕਿਸੇ ਹਾਲ ਨਹੀਂ ਪਿਆ ਕਰਦੇ ਸੋ ਪਿਰਥੀ ਚੰਦ ਨੇ ਆਪਣੀਆਂ ਕਾਲੀਆਂ ਕਰਤੂਤਾਂ ਅੱਗੇ ਵਾਂਗ ਹੀ ਜਾਰੀ ਰੱਖੀਆਂ। ਲੰਮੀ ਸੋਚ ਕੇ ਭਾਈ ਸਾਹਿਬ ਉਹਨੂੰ ਉਹਦੀ ਭੁੱਲ ਜਤਾਉਣ ਆਪ ਉਹਦੇ ਕੋਲ ਚੱਲ ਕੇ ਗਏ ਤਾਂ ਉਹ ਉਲਟਾ ਆਪ ਦਾ ਅਪਮਾਨ ਕਰਨ ਤੇ ਉਤਰ ਆਇਆ।

ਜਦ ਪਿਰਥੀ ਚੰਦ ਨੇ ਗੁਰੂ ਅਰਜਨ ਸਾਹਿਬ ਦੇ ਮੁਕਾਬਲੇ ਤੇ ਵਖਰੀ ਗੱਦੀ ਕਾਇਮ ਕਰ ਲਈ ਤਾਂ ਉਹਨੂੰ ਇਹ ਵੀ ਜ਼ਰੂਰੀ ਪ੍ਰਤੀਤ ਹੋਣ ਲੱਗਾ ਕਿ ਉਹਦੇ ਕੋਲ ਵੀ ਆਪਣੇ ਹਮਾਇਤੀਆਂ ਨੂੰ ਵਖਾਉਣ ਲਈ ਗੁਰੂ ਸਾਹਿਬ ਜਿਹੀ ਬਾਣੀ ਦੀ ਪੁਸਤਕ ਹੋਣੀ ਚਾਹੀਦੀ ਹੈ। ਹੋ ਚੁੱਕੇ ਸਤਿਗੁਰੂਆਂ ਦੀ ਬਾਣੀ ਦੀ ਨਕਲ ਕਿਸੇ ਹਦ ਤਕ ਉਹਨੇ ਏਧਰੋਂ ਪ੍ਰਾਪਤ ਕਰ ਲਈ ਤੇ ਜਿਹੜਾ ਘਾਟਾ ਗੁਰੂ ਅਰਜਨ ਸਾਹਿਬ ਦੇ ਖ਼ੁਦ ਬਾਣੀ ਉਚਾਰਨ ਦੇ ਪਖੋਂ ਪੈਂਦਾ ਸੀ, ਉਹ ਉਹਦਾ ਪੁੱਤਰ ਮਿਹਰਬਾਨ ਪੂਰਾ ਕਰਨ ਲੱਗਾ। ਉਹ ਆਮ ਧਾਰਮਿਕ ਕਿਸਮ ਦੀ ਕੋਈ ਛੰਦ ਰਚਨਾ ਕਰਦਾ ਤੇ ਉਸ ਵਿਚ ਢੁਕਦੀ ਥਾਂ ਤੇ ਲੇਖਕ ਵਜੋਂ 'ਨਾਨਕ' ਦਾ ਵੇਰਵਾ ਪਾ ਦਿੰਦਾ। ਨਾਵਾਕਫ਼ ਲੋਕ ਅਜਿਹੀ ਕੋਈ ਰਚਨਾ ਗਾਈ, ਪੜ੍ਹੀ ਸੁਣਦੇ ਤਾਂ ਉਸ ਦੇ ਮੂਲ ਦੀ ਅਸਲੀਅਤ ਦਾ ਨਿਰਣਾ ਕਰਨ ਵਿਚ ਔਖ ਮਹਿਸੂਸ ਕਰਦੇ। ਵੈਸੇ ਵੀ ਬਹੁਤ ਜ਼ਰੂਰੀ ਸੀ ਕਿ ਗੁਰੂ ਨਾਨਕ ਸਾਹਿਬ ਤੇ ਉਹਨਾਂ ਦੇ ਉਤਰ-ਅਧਿਕਾਰੀਆਂ ਦੇ ਬਚਨ, ਜਿਹਨਾਂ ਨੇ ਅਨੰਤ ਕਾਲ ਤਕ ਪਰਮਾਰਥ ਦੇ ਜਗਿਆਸੂਆਂ ਲਈ ਚਾਨਣ ਮੁਨਾਰੇ ਵਾਂਗ ਪਥ ਪਰਦਰਸ਼ਨ ਕਰਨਾ ਸੀ ਬਿਨਾਂ ਹੋਰ ਢਿਲ ਕੀਤੇ ਸੰਭਾਲ ਲਏ ਜਾਣ। ਇਹਨਾਂ ਹਾਲਾਤ ਵਿਚ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ, ਬਾਬਾ ਬੁਢਾ ਤੇ ਕੁਝ ਹੋਰ ਸੂਝਵਾਨ ਸਿੱਖਾਂ ਨੂੰ ਉਕਤ ਬਾਣੀ ਹਰ ਸੰਭਵ ਥਾਂ ਤੋਂ ਇਕੱਤਰ ਕਰਨ ਦਾ ਹੁਕਮ ਦਿੱਤਾ। ਜਦ ਉਹ ਭਰਪੂਰ ਪਰਿਸ਼ਰਮ ਬਾਦ ਇਕੱਠੀ ਹੋ ਗਈ ਤਾਂ ਉਸ ਦਾ ਖਰੜਾ ਚਾਰ ਚੋਣਵੇਂ ਲਿਖਾਰੀਆਂ ਤੋਂ ਤਿਆਰ ਕਰਵਾਇਆ ਤੇ ਫੇਰ ਉਸ ਨੂੰ ਸੋਧ ਲੈਣ ਬਾਅਦ ਪ੍ਰਵਾਨ ਹੋਏ ਸੰਤਾਂ ਦੇ ਬਚਨਾਂ ਤੇ ਪੰਚਮ ਪਾਤਸ਼ਾਹ ਦੀ ਆਪਣੀ ਬਾਣੀ ਸਮੇਤ ਰਾਗਾਂ ਅਨੁਸਾਰ ਉਚਿਤ ਤਰਤੀਬ ਦੇ ਕੇ ਰਾਮਸਰ ਵਾਲੇ ਸਥਾਨ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਅੰਤਮ ਰੂਪ ਵਿਚ ਤਿਆਰੀ ਆਰੰਭ ਹੋਈ। ਬਾਣੀ ਲਿਖਦੇ ਸਨ ਭਾਈ ਗੁਰਦਾਸ, ਲਿਖਵਾਉਂਦੇ ਸਨ, ਆਪਣੇ ਮੁਖਾਰਬਿੰਦ ਤੋਂ ਖ਼ੁਦ ਗੁਰੂ ਅਰਜਨ

Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਮਹਾਰਾਜ। ਇਹ ਕਾਰਜ ਭਾਈ ਸਾਹਿਬ ਦੀ ਆਪਣੀ ਕੀਤੀ ਤਸਦੀਕ ਅਨੁਸਾਰ ਸੰਮਤ 1661 ਬਿਕਰਮੀ ਵਿਚ ਸੰਪੂਰਨ ਹੋਇਆ।

ਏਥੇ ਇਕ ਤੱਥ ਖਾਸ ਤੌਰ ਤੇ ਜ਼ਿਕਰ ਕਰਨ ਵਾਲਾ ਹੈ। ਭਾਈ ਗੁਰਦਾਸ ਮਹਾਨ ਵਿਦਵਾਨ ਹੀ ਨਹੀਂ, ਪ੍ਰਤਿਭਾਸ਼ੀਲ ਕਵੀ ਵੀ ਸਨ। ਉਹਨਾਂ ਨੂੰ ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਦੀ ਅਣਮੁੱਲੀ ਸੰਗਤ ਪ੍ਰਾਪਤ ਰਹੀ ਸੀ। ਉਹਨਾਂ ਨੇ ਇਹਨਾਂ ਮਹਾਂਪੁਰਸ਼ਾਂ ਦਾ ਉਪਦੇਸ਼ ਸੁਣਿਆ ਹੀ ਨਹੀਂ, ਆਪਣੇ ਲੂੰ-ਲੂੰ ਵਿਚ ਰਚਾਇਆ ਤੇ ਪਲ-ਪਲ ਹੰਢਾਇਆ ਵੀ ਸੀ। ਇਸ ਲਈ ਉਹ ਉਕਤ ਉਪਦੇਸ਼ ਦੀ ਪ੍ਰਮਾਣੀਕ ਤੇ ਸ਼ਕਤੀਸ਼ਾਲੀ ਵਿਆਖਿਆ ਕਰਨ ਦੇ ਪੂਰੀ ਤਰ੍ਹਾਂ ਯੋਗ ਸਨ। ਗੁਰੂ ਸਾਹਿਬ ਦੇ ਉਚਾਰੇ ਸ਼ਬਦ, ਕੀ ਚੌਪਦੇ, ਕੀ ਅਸ਼ਟਪਦੀਆਂ, ਅਕਸਰ ਆਪਣੇ ਆਪ ਵਿਚ ਇਕ ਪੂਰਾ ਸਤਿਸੰਗ ਹੁੰਦੇ ਸਨ, ਕੁੱਜੀ ਵਿਚ ਬੰਦ ਕੀਤੇ ਸਮੁੰਦਰ ਵਾਂਗ ਸੰਤ-ਮਤ ਦਾ ਸਮੁੱਚਾ ਫ਼ਲਸਫ਼ਾ। ਇਸ ਕਾਰਣ ਉਹਨਾਂ ਦੀ ਬਾਣੀ ਬਹੁਤ ਕਰ ਕੇ ਸੂਤ੍ਰਿਕ ਹੁੰਦੀ ਸੀ। ਘੱਟ ਸੂਝ ਵਾਲੇ ਪਾਠਕਾਂ, ਸਰੋਤਿਆਂ ਦੀ ਸੂਰਤ ਵਿਚ ਉਹਨਾਂ ਦੇ ਅੰਤਰੀ ਭਾਵ ਤਕ ਪਹੁੰਚਣ ਲਈ ਉਹਨਾਂ ਨੂੰ ਸਰਲ ਬਣਾਉਣ ਦੀ ਲੋੜ ਮਹਿਸੂਸ ਹੁੰਦੀ ਸੀ। ਭਾਈ ਗੁਰਦਾਸ ਨੇ ਵਾਰਾਂ ਲਿਖੀਆਂ, ਕਬਿੱਤ ਸਵੱਯੇ ਰਚੇ ਤੇ ਇਸ ਤਰ੍ਹਾਂ ਪੰਜਾਬੀ, ਹਿੰਦੀ ਜਾਣਨ ਵਾਲੇ ਜਗਿਆਸੂਆਂ ਲਈ ਗੁਰੂ ਸਾਹਿਬਾਨ ਦੀ ਸਿਖਿਆ ਦੀ ਰਮਜ਼, ਰਹੱਸ ਨੂੰ ਜਾਣਨਾ, ਬੁੱਝਣਾ ਆਸਾਨ ਹੀ ਨਾ ਕਰ ਦਿੱਤਾ, ਆਪਣੀਆਂ ਦਲੀਲਾਂ, ਆਪਣੇ ਅਲੰਕਾਰਾਂ ਉਪਮਾਵਾਂ ਆਦਿ ਦੀ ਸਹਾਇਤਾ ਨਾਲ, ਉਸ ਨੂੰ ਵਧੇਰੇ ਪ੍ਰਭਾਵਸ਼ਾਲੀ ਵੀ ਬਣਾ ਦਿੱਤਾ।

ਗੁਰੂ ਅਰਜਨ ਸਾਹਿਬ ਨੂੰ ਗਿਆਨ ਸੀ ਕਿ ਭਾਈ ਗੁਰਦਾਸ ਜੀ ਉਚ-ਕੋਟੀ ਦੀ ਬਾਣੀ ਰਚਦੇ ਹਨ। ਆਪ ਨੇ ਭਾਈ ਸਾਹਿਬ ਤੋਂ ਮੰਗਵਾ ਕੇ ਉਹ ਬਾਣੀ ਸੁਣੀ, ਉਸ ਦੀ ਸਲਾਹੁਤਾ ਕੀਤੀ ਤੇ ਉਸ ਨੂੰ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਦਾ ਆਦੇਸ਼ ਦਿੱਤਾ। ਪਰ ਭਾਈ ਸਾਹਿਬ ਦੀ ਸ਼ਰਧਾ ਤੇ ਗੁਰੂ ਭਗਤੀ ਆਦਰਸ਼ਕ ਸੀ ਤੇ ਉਹਨਾਂ ਦੀ ਹਲੀਮੀ ਬੇ-ਮਿਸਾਲ। ਉਹਨਾਂ ਨੇ ਜਵਾਬ ਵਿਚ ਅਰਜ਼ ਕੀਤੀ, ਸੱਚੇ ਪਾਤਸ਼ਾਹ ਕੋਈ ਗੁਲਾਮ ਆਪਣੇ ਮਾਲਕ ਦੇ ਬਰਾਬਰ ਕਿਵੇਂ ਸਥਾਨ ਗ੍ਰਹਿਣ ਕਰ ਸਕਦਾ ਹੈ। ਕਿਥੇ ਇਕ ਨਾਚੀਜ਼ ਜੁਗਨੂੰ, ਕਿਥੇ ਤੇਜ ਦਾ ਪਰਮ ਪੁੰਜ ਸੂਰਜ। ਗੁਰੂ ਅਰਜਨ ਭਾਈ ਗੁਰਦਾਸ ਦੀ ਇਸ ਨਿਮਰਤਾ ਤੇ ਬਹੁਤ ਪ੍ਰਸੰਨ ਹੋਏ, ਤੇ ਉਹਨਾਂ ਦੀ ਬਾਣੀ ਨੂੰ ਅਨੇਕ ਗੁਣਾਂ ਦੀ ਖਾਨ ਆਖ ਕੇ ਵਡਿਆਇਆ।

Sri Satguru Jagjit Singh Ji eLibrary NamdhariElibrary@gmail.com

ਤਵਾਰੀਖ ਗੁਰੂ ਖਾਲਸਾ ਤੇ ਹੋਰ ਵਿਸ਼ਵਾਸਯੋਗ ਇਤਿਹਾਸਿਕ ਸਰੋਤਾਂ ਅਨੁਸਾਰ ਅਕਬਰ ਬਾਦਸ਼ਾਹ ਪੰਜਾਬ ਵਿਚ ਆਇਆ ਤਾਂ ਗੁਰੂ ਘਰ ਦੇ ਦੋਖੀਆਂ ਨੇ ਉਹਦੇ ਕੰਨ ਭਰ ਦਿੱਤੇ ਕਿ ਪੰਚਮ ਪਾਤਸ਼ਾਹ ਦੇ ਤਿਆਰ ਕੀਤੇ ਧਾਰਮਿਕ ਗ੍ਰੰਥ ਵਿਚ ਹਜ਼ਰਤ ਮੁਹੰਮਦ ਤੇ ਉਹਨਾਂ ਦੇ ਪਰਚਾਰੇ ਇਸਲਾਮ ਪ੍ਰਤੀ ਅਪਮਾਨਜਨਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਸੁਣ ਕੇ ਉਹਨੇ ਗੁਰੂ ਸਾਹਿਬ ਨੂੰ ਉਕਤ ਆਰੋਪ ਬਾਰੇ ਸਫਾਈ ਪੇਸ਼ ਕਰਨ ਲਈ ਬਟਾਲੇ ਸੱਦ ਘੱਲਿਆ।

ਗੁਰੂ ਮਹਾਰਾਜ ਖ਼ੁਦ ਤਾਂ ਉੱਥੇ ਨਾ ਗਏ, ਆਪਣੀ ਥਾਂ ਭਾਈ ਗੁਰਦਾਸ ਤੇ ਬਾਬਾ ਬੁੱਢਾ ਜਿਹੇ ਕੁਝ ਦਾਨੇ ਸਿੱਖਾਂ ਨੂੰ ਭੇਜ ਦਿੱਤਾ। ਅਕਬਰ ਨੇ ਆਪਣੇ ਰੂ-ਬ-ਰੂ ਭਾਈ ਸਾਹਿਬ ਕੋਲੋਂ ਵੱਖ-ਵੱਖ ਥਾਵਾਂ ਤੋਂ ਬਾਣੀ ਪੜ੍ਹਵਾਈ ਤਾਂ 'ਖ਼ਾਕ ਨੂਰ ਕਰਦੰ ਆਲਮ ਦੁਨੀਆਇ। ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ' (ਆਦਿ ਗ੍ਰੰਥ ਪੰ. 723 ਤਿਲੰਗ ਮਹਲਾ 5), ਤੇ 'ਅਲਹ ਅਗਮ ਖੁਦਾਈ ਬੰਦੇ। ਛੋਡਿ ਖਿਆਲ ਦੁਨੀਆ ਕੇ ਧੰਦੇ', (ਆਦਿ ਗ੍ਰੰਥ, ਪੰ. 1083 ਮਾਰੂ ਮਹਲਾ 5) ਜਿਹੇ ਸ਼ਬਦ ਸੁਣਨ ਨੂੰ ਮਿਲੇ। ਇਸ ਪਰਤੱਖ ਸਬੂਤ ਦੇ ਸਨਮੁਖ ਉਹਨੂੰ ਗੁਰੂ ਅਰਜਨ ਤੇ ਲਾਈ ਗਈ ਤੁਹਮਤ ਦੇ ਮੂਲੋਂ ਬੇ-ਬੁਨਿਆਦ ਹੋਣ ਦਾ ਪੂਰਾ ਯਕੀਨ ਹੋ ਗਿਆ ਤੇ ਉਹਨੇ ਭਾਈ ਸਾਹਿਬ, ਬਾਬਾ ਬੁੱਢਾ ਤੇ ਉਹਨਾਂ ਦੇ ਸਾਥੀਆਂ ਨੂੰ ਹੀ ਦੋਸ਼ਾਲੇ ਪਹਿਨਾ ਕੇ ਨਾ ਸਤਕਾਰਿਆ ਉਕਤ ਪਾਵਨ ਗ੍ਰੰਥ ਲਈ 51 ਮੋਹਰਾਂ ਤੇ ਗੁਰੂ ਸਾਹਿਬ ਲਈ ਖ਼ਿੱਲਤ ਦੀ ਨਜ਼ਰ ਵੀ ਭੇਟ ਕੀਤੀ।

ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦੇ ਕਰੀਬੀ ਰਿਸ਼ਤੇਦਾਰ ਸਨ, ਤੇ ਆਪ ਨੂੰ ਗੁਰੂ ਅਮਰਦਾਸ ਜੀ ਤੋਂ ਦੀਖਿਆ ਦੀ ਬਖਸ਼ਿਸ਼ ਮਿਲੀ ਸੀ। ਉਹ ਇਹਨਾਂ ਦੋਹਾਂ ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਅਰਜਨ ਸਾਹਿਬ ਦੀ ਗੁਰਿਆਈ ਦੇ ਸੰਪੂਰਨ ਕਾਲ ਦੇ ਦੌਰਾਨ ਉਹਨਾਂ ਦੀ ਸੰਗਤ ਵਿਚ ਰਹੇ ਸਨ, ਤੇ ਉਹਨਾਂ ਦੇ ਅਜਿਹੇ ਵਿਸ਼ਵਾਸਪਾਤਰ ਬਣ ਗਏ ਸਨ, ਕਿ ਉਹਨਾਂ ਨੇ ਇਹਨਾਂ ਨੂੰ ਸ੍ਰੀ ਆਦਿ ਗ੍ਰੰਥ ਨੂੰ ਕਲਮ-ਬੰਦ ਕਰਨ ਲਈ ਚੁਣਿਆ ਤੇ ਫੇਰ ਬਾਲ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਸੌਂਪੀ। ਉਹ ਪ੍ਰਚਲਤ ਧਰਮਾਂ ਦੇ ਸਾਹਿਤ ਨੂੰ ਭਲੀ ਪ੍ਰਕਾਰ ਪੜ੍ਹ ਚੁੱਕੇ ਸਨ ਤੇ ਵੱਖ-ਵੱਖ ਗੁਰੂ ਸਾਹਿਬਾਨ ਦੀ ਆਗਿਆ ਅਧੀਨ ਨੇੜੇ ਦੂਰ ਅਨੇਕ ਥਾਈਂ ਗੁਰਮਤ ਦੇ ਪ੍ਰਚਾਰ ਲਈ ਭੇਜੇ ਜਾਂਦੇ ਰਹੇ ਸਨ। ਉਹਨਾਂ ਦੀ ਆਪਣੀ ਰਚੀ ਬਾਣੀ, ਜਿਸ ਨੂੰ ਪੰਚਮ ਪਾਤਸ਼ਾਹ ਆਦਿ ਗ੍ਰੰਥ ਸਾਹਿਬ ਤਕ ਦਾ ਭਾਗ ਬਣਾਉਣਾ ਚਾਹੁੰਦੇ ਸਨ; ਆਪ ਦੇ ਆਦਰਸ਼ ਗੁਣੀ ਗਿਆਨੀ ਹੋਣ ਦੇ ਸਬੂਤ ਵਜੋਂ ਮੌਜੂਦ ਸੀ। ਅਜਿਹੀ ਪਿੱਠ-ਭੂਮੀ ਵਿਚ ਕੋਈ ਅਸਚਰਜ ਦੀ ਗੱਲ ਨਹੀਂ ਕਿ ਆਪ ਨੂੰ ਯਕੀਨ ਹੋ ਗਿਆ, ਮੈਂ ਇਕ ਸੱਚਾ ਸੁੱਚਾ

Sri Satguru Jagjit Singh Ji eLibrary NamdhariElibrary@gmail.com

ਸਿੱਖ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹਾਂ, ਤੇ ਜੇ ਕਦੇ ਮੇਰੇ ਸਿਦਕ ਦੀ ਪ੍ਰੀਖਿਆ ਲਈ ਜਾਵੇ ਤਾਂ ਮੈਂ ਉਸ ਵਿਚ ਅਵੱਸ਼ ਪੂਰਾ ਉਤਰਾਂਗਾ।

ਏਸ ਆਤਮ-ਵਿਸ਼ਵਾਸ਼ ਨੇ, ਜਿਸ ਨੂੰ ਨਿਰਾਧਾਰ ਕਦਾਚਿਤ ਨਹੀਂ ਆਖਿਆ ਜਾ ਸਕਦਾ, ਆਪ ਤੋਂ ਨਿਮਨ ਲਿਖਤ ਪਉੜੀ ਲਿਖਵਾ ਦਿੱਤੀ, ਜਿਸ ਵਿਚ ਉਹਨਾਂ ਨੇ ਗੁਰੂ ਘਰ ਦੇ ਅਨੁਯਾਈਆਂ ਨੂੰ ਬੜੇ ਜ਼ੋਰ ਨਾਲ ਤਾਕੀਦ ਕੀਤੀ ਸੀ ਕਿ ਉਹ ਆਪਣਾ ਸਿਦਕ ਹਰ ਹਾਲਤ ਵਿਚ ਪੱਕਾ ਰੱਖਣ, ਉਸ ਵਿਚ ਕਦਾਚਿਤ ਨਾ ਡੋਲਣ :

ਜੇ ਮਾਂ ਹੋਵੈ ਜਾਰਨੀ[1] ਕਿਉ ਪੁਤ ਪਤਾਰੇ[2]।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ।
ਅਮਰ[3] ਚਲਾਵੈ ਚੰਮ ਦੇ ਚਾਕਰ ਵੇਚਾਰੇ।
ਜੇ ਮਦੁ[4] ਪੀਤਾ ਬਾਮਣੀ ਲੋਇ[5] ਲੁਝਣਿ ਸਾਰੇ।
ਜੇ ਗੁਰ ਸਾਂਗਿ ਵਰਤਦਾ ਸਿਖ ਸਿਦਕੁ ਨ ਹਾਰੇ।

(ਵ. 35, ਪੌ. 20)*

ਅਜਿਹਾ ਕਰਦਿਆਂ ਬਦ-ਕਿਸਮਤੀ ਨਾਲ ਉਹਨਾਂ ਤੋਂ ਇਕ ਭੁੱਲ ਹੋ ਗਈ, ਉਕਤ ਸਵੈ-ਭਰੋਸੇ ਦੀ ਅੱਤ ਦੇ ਪ੍ਰਭਾਵ ਅਧੀਨ ਉਹਨਾਂ ਨੇ ਆਪਣੀ ਜ਼ਿਕਰ ਕੀਤੀ ਪ੍ਰੀਖਿਆ ਦਾ ਘੇਰਾ ਕੁਝ ਜ਼ਿਆਦਾ ਹੀ ਵਿਸ਼ਾਲ ਕਰ ਲਿਆ। ਉਹ ਜਾਣੋਂ ਇਕ ਵੱਡੇ ਬੋਲ ਦੇ ਰੂਪ ਵਿਚ ਇਹ ਵੀ ਕਹਿ ਗਏ ਕਿ ਆਪਣੇ ਸਿਦਕ ਨੂੰ, ਜੇ ਉਹਨੂੰ ਝੰਜੋੜਨ ਲਈ ਖ਼ੁਦ ਸਤਿਗੁਰੂ ਵੀ ਕੋਈ ਚੋਜ ਵਰਤਾ ਰਿਹਾ ਹੋਵੇ, ਅਡੋਲ ਰੱਖੇ। ਇਹਦਾ ਭਾਵ ਹੋ ਗਿਆ, ਗੁਰੂ ਦੀ ਰਚਾਈ ਖੇਡ ਵਿਚ ਉਹਦਾ ਮੁਕਾਬਲਾ ਕਰਨਾ ਹੈ, ਤੇ ਉਹਦੇ ਕੋਲੋਂ ਹਾਰ ਨਹੀਂ ਜਾਣਾ।

ਭਾਈ ਸਾਹਿਬ ਦੇ ਇਸ ਕਥਨ ਵਿਚ ਹਉਂ ਦੀ ਝਲਕ ਲਭਦੀ ਹੈ ਤੇ ਹਉਂ ਉਚ ਤੋਂ ਉਚ ਕੋਟੀ ਦੇ ਪਰਮਾਰਥੀਆਂ ਨੂੰ ਵੀ ਪਥ-ਭ੍ਰਸ਼ਟ ਕਰ ਦਿੰਦੀ ਹੈ।

ਦੂਜੇ ਪਾਸੇ ਇਹ ਵੀ ਯਥਾਰਥ ਹੈ ਕਿ ਸਤਿਗੁਰੂ ਸਿੱਖ ਦੀ ਬਾਂਹ ਉਹਨੂੰ ਮੰਝਧਾਰ ਵਿਚ ਛੱਡ ਦੇਣ ਲਈ ਨਹੀਂ ਫੜਦੇ। ਉਹਨਾਂ ਨੇ ਉਸ ਦੀਆਂ ਹਰ ਤਰ੍ਹਾਂ

---

1. ਵਿਭਚਾਰ ਕਰੇ 2. ਨਿੰਦਾ ਨਾ ਕਰੇ, 3. ਸ਼ਰਾਬ 5. ਲੋਕ

* ਪੁਸਤਕ ਵਿਚ ਭਾਈ ਗੁਰਦਾਸ ਦੀ ਬਾਣੀ ਦੇ ਹਵਾਲਿਆਂ ਵਿਚ ਵਾਰ ਨੂੰ ਸੰਖੇਪ ਰੂਪ ਵਿਚ 'ਵ.' ਅਤੇ ਪੌੜੀ ਨੂੰ 'ਪੌ.' ਲਿਖਿਆ ਹੈ। ਇਸੇ ਤਰ੍ਹਾਂ ਕਬਿਤ ਸਵੱਯੇ ਲਈ ਕ. ਸ. ਸੰਖੇਪ ਵਰਤਿਆ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਦੀਆਂ ਮਲੀਣਤਾਵਾਂ ਕੱਟ ਕੇ, ਉਹਨੂੰ ਬਾਰਾਂ ਵੰਨੀ ਦਾ ਸੋਨਾ ਬਣਾ ਦੇਣਾ ਹੁੰਦਾ ਹੈ। ਭਾਈ ਗੁਰਦਾਸ ਤਾਂ ਆਪ ਸਾਧਾਰਨ ਜੀਵਾਂ ਲਈ ਮਿਸਾਲ ਵਜੋਂ ਪੇਸ਼ ਕੀਤੇ ਜਾਣ ਜੋਗੇ ਸਿੱਖ ਸਨ। ਸੋ ਉਹਨਾਂ ਦੇ ਉਜਲੇ ਦਾਮਨ ਤੇ ਆ ਪਿਆ ਅਹੰ ਦੀ ਮੈਲ ਦਾ ਸੂਖਮ ਧੱਬਾ ਧੋ ਸੁਟਣ ਲਈ ਗੁਰੂ ਸਾਹਿਬ ਨੇ ਇਕ ਕੌਤਕ ਦੀ ਵਿਉਂਤ ਬਣਾਈ ਤੇ ਉਹਨਾਂ ਨੂੰ ਕਾਬਲ ਤੋਂ ਘੋੜੇ ਖ਼ਰੀਦ ਲਿਆਉਣ ਲਈ ਤੋਰ ਦਿੱਤਾ। ਉਹਨਾਂ ਨੇ ਆਪਣੇ ਪਸੰਦ ਕੀਤੇ ਘੋੜੇ ਅੰਮ੍ਰਿਤਸਰ ਭੇਜਣੇ ਸਨ, ਤੇ ਗੁਰੂ ਸਾਹਿਬ ਵਲੋਂ ਇਸ ਖ਼ਰੀਦ ਦੀ ਪ੍ਰਵਾਨਗੀ ਦਾ ਸੰਦੇਸ਼ ਪਹੁੰਚਣ ਤੇ ਘੋੜਿਆਂ ਦੇ ਮਾਲਕਾਂ ਨੂੰ ਉਹਨਾਂ ਦੀ ਕੀਮਤ ਅਦਾ ਕੀਤੀ ਜਾਣੀ ਸੀ।

ਭਾਈ ਸਾਹਿਬ ਨੇ ਘੋੜੇ ਅੰਮ੍ਰਿਤਸਰ ਘੱਲ ਦਿੱਤੇ ਤੇ ਉਹਨਾਂ ਨੂੰ ਘੋੜਿਆਂ ਦੇ ਤਸੱਲੀਬਖਸ਼ ਹੋਣ ਦੀ ਸੂਚਨਾ ਵੀ ਗੁਰੂ ਸਾਹਿਬ ਵਲੋਂ ਪ੍ਰਾਪਤ ਹੋ ਗਈ। ਜਦ ਭਾਈ ਸਾਹਿਬ ਨੇ ਪਠਾਣਾਂ ਨੂੰ ਰਕਮ ਚੁਕਾਉਣ ਲਈ ਤੰਬੂ ਵਿਚ ਪ੍ਰਵੇਸ਼ ਕਰ ਕੇ ਥੈਲੀਆਂ ਖੋਲ੍ਹੀਆਂ ਤਾਂ ਉਹਨਾਂ ਵਿਚ ਸਿੱਕਿਆਂ ਦੀ ਥਾਂ ਠੀਕਰੀਆਂ ਭਰੀਆਂ ਮਿਲੀਆਂ। ਐਉਂ ਮਾਇਆ ਨੂੰ ਮਿੱਟੀ ਵਿਚ ਵਟਿਆ ਵੇਖ ਕੇ ਉਹਨਾਂ ਦੀਆਂ ਸੱਤੋਂ ਸੁੱਧਾਂ ਵਿਸਰ ਗਈਆਂ। ਉਹਨਾਂ ਨੇ ਸੋਚਿਆ, ਗੁਰੂ ਸਾਹਿਬ ਇਸ ਦੁਰਘਟਨਾ ਲਈ ਮੈਨੂੰ ਹੀ ਗ਼ਬਨ ਦਾ ਦੋਸ਼ੀ ਠਹਿਰਾਉਣਗੇ। ਓਧਰ ਪਠਾਣ ਬੜੇ ਤੇਜ਼ ਮਿਜ਼ਾਜ ਕਿਸਮ ਦੇ ਵਪਾਰੀ ਹੁੰਦੇ ਹਨ। ਹੁਣ ਜਦ ਉਹਨਾਂ ਦਾ ਮਾਲ ਖਰੀਦਿਆ ਜਾ ਕੇ ਅੰਮ੍ਰਿਤਸਰ ਵੀ ਪਹੁੰਚ ਚੁੱਕਾ ਹੈ ਉਹਨਾਂ ਨੇ ਆਪਣੀ ਵਸੂਲੀ ਲਮਕਾਈ ਜਾਣ ਲਈ ਕੋਈ ਉਜ਼ਰ ਸਹਿਨ ਨਹੀਂ ਕਰਨਾ ਤੇ ਤੈਸ਼ ਵਿਚ ਆਏ ਉਹ ਭਾਵੇਂ ਕੁਝ ਵੀ ਕਰ ਗੁਜ਼ਰਨ। ਉਹ ਪਠਾਣਾਂ ਨੂੰ ਮੂੰਹ ਵਖਾਉਣ ਦੀ ਜੁਰੱਤ ਨਾ ਕਰ ਸਕੇ, ਤੇ ਤੰਬੂ ਦੇ ਪਿਛਲੇ ਪਾਸਿਓਂ ਪੱਲਾ ਚੁੱਕ ਕੇ ਚੰਪਤ ਹੋ ਗਏ। ਬਿਲਕੁਲ ਨਿਰਦੋਸ਼ ਹੁੰਦਿਆਂ ਵੀ ਉਹਨਾਂ ਨੂੰ ਗੁਰੂ ਦੀ ਸ਼ਰਣ ਤੱਕਣ ਦੀ ਨਾ ਸੁੱਝੀ, ਉਹਦੇ ਕਰਣ-ਕਾਰਣ ਹੋਣ ਦਾ ਖ਼ਿਆਲ ਨਾ ਆਇਆ। ਉਹ ਨੱਸੇ ਤਾਂ ਐਸੇ ਕਿ ਸੈਂਕੜੇ ਕੋਹਾਂ ਤੇ ਕਾਸ਼ੀ ਜਾ ਕੇ ਸਾਹ ਲਿਆ।

ਜਦ ਭਾਈ ਸਾਹਿਬ ਤੰਬੂ ਤੋਂ ਬਾਹਰ ਹੀ ਨਾ ਨਿਕਲੇ, ਆਪ ਦੇ ਸੰਗੀ ਸਿੱਖ ਅੰਦਰ ਗਏ ਤੇ ਦੇਖਿਆ ਕਿ ਅੰਮ੍ਰਿਤਸਰੋਂ ਖੜੀਆਂ ਥੈਲੀਆਂ ਦੇ ਮੂੰਹ ਖੁਲ੍ਹੇ ਹੋਏ ਹਨ, ਮਾਇਆ ਸੁੰਞੇ ਤੰਬੂ ਵਿਚ ਅਣਸਾਂਭੀ ਪਈ ਹੈ ਤੇ ਭਾਈ ਗੁਰਦਾਸ ਦਾ ਕਿਤੇ ਨਾਮੋ-ਨਿਸ਼ਾਨ ਤਕ ਨਜ਼ਰ ਨਹੀਂ ਆਉਂਦਾ। ਉਹਨਾਂ ਨੇ ਘੋੜਿਆਂ ਦੇ ਮਾਲਕਾਂ ਦੀ ਰਕਮ ਚੁਕਾਈ ਤੇ ਵਾਪਸ ਜਾ ਕੇ ਗੁਰੂ ਸਾਹਿਬ ਨੂੰ ਭਾਈ ਸਾਹਿਬ ਦੇ ਬਿਨ ਦੱਸੇ ਪੁਛੇ ਅਲੋਪ ਹੋ ਜਾਣ ਦਾ ਸਮਾਚਾਰ ਕਹਿ ਸੁਣਾਇਆ। ਗੁਰੂ ਸਾਹਿਬ ਪਹਿਲਾਂ ਹੀ ਸਭ ਕੁਝ ਜਾਣਦੇ ਸਨ। ਉਹ ਮੁਸਕਰਾ ਕੇ ਚੁੱਪ ਹੋ ਰਹੇ।

Sri Satguru Jagjit Singh Ji eLibrary NamdhariElibrary@gmail.com

ਹੀਰੇ ਨੂੰ ਕਿਸੇ ਕੋਠੜੀ ਵਿਚ ਰਖ ਦਿਉ, ਜਾਂ ਕਿਸੇ ਚੌਕ ਵਿਚ, ਉਹਨੇ ਤਾਂ ਲਿਸ਼ਕੀ ਹੀ ਜਾਣਾ ਹੁੰਦਾ ਹੈ। ਭਾਈ ਗੁਰਦਾਸ ਨਿਸ਼ਚਾਵਾਨ ਸਿੱਖ ਸਨ, ਉਹਨਾਂ ਨੇ ਪ੍ਰਭੂ ਦੀ ਯਾਦ ਤੇ ਗੁਰੂ ਦੇ ਜਸ ਤੋਂ ਬਿਨਾਂ ਹੋਰ ਕੀ ਕਰਨਾ ਕਹਿਣਾ ਸੀ। ਆਹਿਸਤਾ-ਆਹਿਸਤਾ ਉਹਨਾਂ ਦੀ ਗੁਰਮੁਖਤਾ ਦੀ ਸ਼ੋਭਾ ਕਾਸ਼ੀ ਦੇ ਗਲੀਆਂ ਮੁਹੱਲਿਆਂ ਵਿਚ ਫੈਲਣ ਲੱਗੀ ਤੇ ਉਸ ਤੋਂ ਪ੍ਰਭਾਵਿਤ ਹੋਏ ਜਗਿਆਸੂ ਵਹੀਰਾਂ ਘੱਤ ਕੇ ਪੁੱਜਣ ਲੱਗੇ, ਏਥੋਂ ਤਕ ਕਿ ਕਾਸ਼ੀ ਦਾ ਰਾਜਾ ਵੀ ਨਾਨਕ—ਘਰ ਦਾ ਸ਼ਰਧਾਵਾਨ ਬਣ ਗਿਆ।

ਭਾਈ ਗੁਰਦਾਸ ਦੇ ਹਿਰਦੇ ਤੇ ਪਿਆ ਹੰਕਾਰ ਦਾ ਪਰਛਾਵਾਂ ਨਾਂ-ਮਾਤਰ ਸੀ। ਗੁਰੂ ਦੀ ਦਇਆ ਮਿਹਰ ਨਾਲ ਉਹ ਝੱਟ ਹੀ ਅਲੋਪ ਹੋ ਗਿਆ। ਕਿਹਾ ਜਾਂਦਾ ਹੈ ਕਿ ਬਿਰਹਾ ਨਾਲ ਬਿਹਬਲ ਹੋਏ ਭਾਈ ਸਾਹਿਬ ਨੇ ਗੁਰੂ ਸਾਹਿਬ ਨੂੰ ਖ਼ਤ ਲਿਖਿਆ ਤੇ ਉਹਦੇ ਪਹੁੰਚਦਿਆਂ ਹੀ ਗੁਰੂ ਸਾਹਿਬ ਨੇ ਜਿਹੜੇ ਕਿ ਗੁਰਦਾਸ ਜੀ ਦੀਆਂ ਗਤੀ ਵਿਧੀਆਂ ਤੋਂ ਪਹਿਲੋਂ ਹੀ ਜਾਣੂੰ ਸਨ, ਭਾਈ ਜੇਠਾ ਜੀ ਉਹਨਾਂ ਨੂੰ ਮੋੜ ਲਿਆਉਣ ਲਈ ਘੱਲ ਦਿੱਤੇ।

ਭਾਈ ਸਾਹਿਬ ਉਹਨੀਂ ਦਿਨੀਂ ਜਪੁਜੀ ਸਾਹਿਬ ਦੀ ਵਿਆਖਿਆ ਕੀਤਾ ਕਰਦੇ ਸਨ, ਤੇ ਆਪ ਦੇ ਸਰੋਤਿਆਂ ਵਿਚ ਸਥਾਨਕ ਰਾਜਾ ਵੀ ਸ਼ਾਮਲ ਹੁੰਦਾ ਸੀ। ਭਾਈ ਜੇਠਾ ਨੇ ਉਹਦੇ ਨਾਉਂ ਲਿਖਿਆ ਗੁਰੂ ਮਹਾਰਾਜ ਦਾ ਹੁਕਮਨਾਮਾ ਭਰੀ ਸਭਾ ਵਿਚ ਰਾਜਾ ਦੇ ਹੱਥ ਜਾ ਫੜਾਇਆ। ਉਸ ਵਿਚ ਤਾਕੀਦ ਕੀਤੀ ਗਈ ਸੀ, ਜਿਹੜਾ ਸਾਡਾ ਚੋਰ ਏਥੇ ਛੁਪਿਆ ਹੋਇਆ ਹੈ, ਉਸ ਨੂੰ ਮੁਸ਼ਕਾਂ ਬੰਨ੍ਹ ਕੇ ਵਾਪਸ ਭੇਜਿਆ ਜਾਵੇ। ਇਹ ਉਹ ਦਿਨ ਸੀ ਜਿਸ ਦਿਨ ਜਪੁਜੀ ਸਾਹਿਬ ਦੀ ਅੰਤਮ ਪਉੜੀ ਦੀ ਵਿਆਖਿਆ ਕੀਤੀ ਗਈ ਸੀ।

ਹੁਕਮਨਾਮਾ ਬੋਲ ਕੇ ਪੜ੍ਹਿਆ ਗਿਆ। ਉਸ ਨੂੰ ਗੁਰੂ ਇੱਛਾ ਜਾਣ ਕੇ ਭਾਈ ਗੁਰਦਾਸ ਆਪਣੇ ਆਸਣ ਤੋਂ ਉਠ ਖੜੋਤੇ ਤੇ ਨਿਮ੍ਰਤਾ ਨਾਲ ਬੇਨਤੀ ਕੀਤੀ, ਮੈਨੂੰ ਮੁਸ਼ਕਾਂ ਬੰਨ੍ਹੀਆਂ ਜਾਣ ਕਿਉਂਕਿ ਸਤਿਗੁਰੂ ਦਾ ਬੁਲਵਾ ਭੇਜਿਆ ਚੋਰ ਕੋਈ ਹੋਰ ਨਹੀਂ, ਮੈਂ ਹੀ ਹਾਂ। ਭਾਈ ਗੁਰਦਾਸ ਤੇ ਚੋਰ, ਇਸ ਦਾ ਯਕੀਨ ਕੀਹਨੂੰ ਆਵੇ। ਪਰ ਉਹ ਪ੍ਰਾਪਤ ਹੋਏ ਆਦੇਸ਼ ਦੀ ਪਾਲਣਾ ਇੰਨ-ਬਿੰਨ ਕੀਤੇ ਜਾਣ ਤੇ ਅੜੇ ਰਹੇ, ਤੇ ਮੁਸ਼ਕਾਂ ਸਮੇਤ ਹੀ ਗੁਰੂ ਹਜ਼ੂਰੀ ਵਿਚ ਪ੍ਰਵੇਸ਼ ਕੀਤਾ। ਕਾਸ਼ੀ ਵਿਖੇ ਆਪ ਦੇ ਬਚਨ ਉਪਦੇਸ਼ ਸੁਣ ਕੇ ਅਨੇਕਾਂ ਪ੍ਰਾਣੀ ਗੁਰੂ-ਸੰਗਤ ਵਿਚ ਸ਼ਾਮਲ ਹੋ ਗਏ ਸਨ। ਉਹਨਾਂ ਵਿਚੋਂ 700 ਨੇ ਕਿੰਨਾ ਕੁਝ ਸਮਝਾਉਣ ਵਰਜਣ ਦੇ ਬਾਵਜੂਦ ਅੰਮ੍ਰਿਤਸਰ ਤਕ ਆਪ ਦਾ ਸਾਥ ਦਿੱਤਾ।

ਸਦ-ਬਖ਼ਸ਼ਿੰਦ ਸਤਿਗੁਰੂ ਨੇ ਮੁੜ ਰਾਸਤੀ ਤੇ ਆਏ ਭਾਈ ਗੁਰਦਾਸ ਦੀਆਂ ਮੁਸ਼ਕਾਂ ਖੋਲ੍ਹੀਆਂ ਤੇ ਗਦ ਗਦ ਹੋ ਕੇ ਉਹਨੂੰ ਛਾਤੀ ਨਾਲ ਲਾ ਲਿਆ। ਭਾਈ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਨੇ ਗੁਰੂ ਦੇ 'ਸਾਂਗ' ਵਾਲੀ ਪੌੜੀ ਲਈ ਖ਼ਿਮਾ ਯਾਚਨਾ ਕੀਤੀ ਤੇ ਉਸ ਸੰਬੰਧ ਵਿਚ ਯਥਾਰਥ ਦਾ ਗਿਆਨ ਹੋ ਜਾਣ ਦੀ ਸ਼ਹਾਦਤ ਵਜੋਂ ਤਿੰਨ ਪੌੜੀਆਂ ਉਚਾਰੀਆਂ।

ਪਹਿਲੀ ਪੌੜੀ ਵਿਚ ਆਪ ਨੇ ਕਿਹਾ ਜਦ ਭੂਚਾਲ ਆਉਂਦਾ ਹੈ, ਤਾਂ ਧਰਤੀ ਤੇ ਉਸਰੇ ਬੜੇ-ਬੜੇ ਕਿਲ੍ਹੇ ਤਕ ਕੰਬ ਉਠਦੇ ਹਨ, ਜਦ ਕਿਧਰੇ ਝੱਖੜ ਝੁੱਲੇ, ਉਹ ਹਰ ਛੋਟੇ-ਵੱਡੇ ਬਿਰਛ ਨੂੰ ਜੜ੍ਹਾਂ ਤੋਂ ਹਲੂਣ ਸੁਟਦਾ ਹੈ, ਜੰਗਲ ਵਿਚ ਅੱਗ ਲਗਣ ਤੇ ਕੋਈ ਵੀ ਘਾਹ ਬਰੂਟ ਸੁਆਹ ਹੋਣ ਤੋਂ ਨਹੀਂ ਬਚਦਾ, ਦਰਿਆ ਦੇ ਵੇਗ ਨਾਲ ਵਗ ਤੁਰਿਆ ਹੜ੍ਹ ਕਿਸੇ ਵੀ ਵਿਅਕਤੀ ਦਾ ਥੰਮ੍ਹਿਆ ਨਹੀਂ ਰੁਕਦਾ, ਉਸੇ ਤਰ੍ਹਾਂ ਜਦ ਸਤਿਗੁਰੂ ਪ੍ਰੀਖਿਆ ਲੈ ਰਹੇ ਹੋਣ ਸ਼ਾਇਦ ਹੀ ਕੋਈ ਵਿਰਲਾ ਸਿੱਖ ਉਸ ਵਿਚ ਪੂਰਾ ਉਤਰ ਪਾਉਂਦਾ ਹੋਵੇ :

ਧਰਤੀ ਉਪਰਿ ਕੋਟ ਗੜ ਭੁਇਚਾਲ ਕਮੰਦੇ।
ਝਖੜਿ ਆਏ ਤਰੁਵਰਾ ਸਰਬਤ ਹਲੰਦੇ।
ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।
ਹੜ੍ਹ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।
ਅੰਬਰਿ ਪਾਟੇ ਥਿਗਲੀ[1] ਕੂੜਿਆਰਿ ਕਰੰਦੇ।
ਸਾਂਗੈ ਅੰਦਰ ਸਾਬਤੇ ਸੇ ਵਿਰਲੇ ਬੰਦੇ।

(ਵ. 35, ਪੌ. 21)

ਪਰ ਪ੍ਰਤੀਤ ਹੁੰਦਾ ਹੈ ਏਨਾ ਕੁਝ ਕਹਿ ਲੈਣ ਨਾਲ ਆਪ ਦੀ ਤਸੱਲੀ ਨਾ ਹੋਈ, ਤੇ ਗੁਰੂ ਦੀ ਰਜ਼ਾ ਦੀ ਪ੍ਰਬਲਤਾ ਦੇ ਵਿਰੁੱਧ ਆਪਣੀ ਬੇਬਸੀ ਦਾ ਵਿਸ਼ਲੇਸ਼ਣ ਕਰਨ ਦੇ ਪ੍ਰਯੋਜਨ ਨਾਲ ਆਪ ਨੇ ਕਿਹਾ :

ਜੇ ਮਾਉ ਪੁਤੈ ਵਿਸ਼ ਦੇ ਤਿਸ ਤੇ ਕਿਸ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣ ਰਖਣਹਾਰਾ।
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ ਪਵੈ ਕਿਸ ਕਰੇ ਪੁਕਾਰਾ।
ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।

(ਵ. 35, ਪੌ. 22)

1. ਟਾਕੀ।

Sri Satguru Jagjit Singh Ji eLibrary NamdhariElibrary@gmail.com

ਤੇ ਇਸ ਤੋਂ ਅਗਲੀ ਪੌੜੀ (23) ਵਿਚ ਕੁਝ ਹੋਰ ਉਦਾਹਰਣਾਂ ਦੁਆਰਾ ਆਪਣਾ ਭਾਵ ਵਧੇਰੇ ਸਪਸ਼ਟ ਕਰਦਿਆਂ ਦਸਿਆ ਜਿਸ ਸਾਂਗ ਵਿਚ ਅਡੋਲ ਰਹਿਣ ਵਾਲੇ ਵਿਰਲੇ ਸਿੱਖ ਦਾ ਜ਼ਿਕਰ ਪਹਿਲੋਂ ਆ ਚੁੱਕੀ ਪੌੜੀ ਵਿਚ ਕੀਤਾ ਗਿਆ ਹੈ, ਉਹ ਕੇਵਲ ਉਹੋ ਹੋ ਸਕਦਾ ਹੈ ਜਿਸ ਨੂੰ ਖ਼ੁਦ ਗੁਰੂ ਹੀ ਸਾਬਤ ਕਦਮ ਰਖੇ, (ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਰਹਾਏ।) ਉਹਦੀ ਆਪਣੀ ਕੋਈ ਹਿਕਮਤ ਅਮਲੀ ਕਾਰਗਰ ਨਹੀਂ ਹੁੰਦੀ।

ਗੁਰੂ ਸਾਹਿਬ ਇਸ ਨਿਮਰਤਾ ਤੇ ਅਤਿ ਪ੍ਰਸੰਨ ਹੋਏ ਤੇ ਫ਼ਰਮਾਇਆ ਭਾਈ ਗੁਰਦਾਸ ਤੇਰਾ ਸਿਦਕ ਧੰਨ ਹੈ, (ਧੰਨ ਤੋਹਿ ਗੁਰ ਸਿਦਕ ਕਮਾਯੋ); ਤੂੰ ਮੈਨੂੰ ਬੜਾ ਹੀ ਪਿਆਰਾ ਹੈਂ (ਤੂ ਮਮ ਪਯਾਰੋ ਅਤਿ ਅਨੁਰਾਗੀ)।

ਗੁਰੂ ਅਰਜਨ ਸਾਹਿਬ ਦੇ ਮਨੁੱਖੀ ਚੋਲਾ ਛੱਡਣ ਸਮੇਂ ਗੁਰੂ ਹਰਗੋਬਿੰਦ ਸਾਹਿਬ ਦੀ ਉਮਰ ਬਹੁਤ ਛੋਟੀ ਸੀ, ਕੇਵਲ ਗਿਆਰਾਂ ਸਾਲ। ਪਰ ਉਹ ਆਪਣੇ ਰੱਬ-ਰੂਪ ਪਿਤਾ ਵਾਂਗ ਹੀ ਰੱਬ-ਰੂਪ ਸਨ। ਉਹ ਖ਼ੁਦ ਆਪਣੀ ਸਿੱਖ-ਸੰਗਤ ਦੀ ਸੰਭਾਲ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਸਨ। ਸੋ ਉਹਨਾਂ ਨੇ ਕਿਸੇ ਸਾਧਾਰਨ ਇਨਸਾਨ ਸਰਪਰਸਤ ਦੀ ਰਖਵਾਲੀ ਕਾਹਦੇ ਲਈ ਲੋੜਨੀ ਸੀ। ਤਾਂ ਵੀ ਜਗਤ ਵਖਾਵੇ ਲਈ, ਬਾਹਰਮੁਖੀ ਓਹਲਾ ਕਾਇਮ ਰੱਖਣ ਖ਼ਾਤਰ, ਪੰਚਮ ਪਾਤਸ਼ਾਹ ਸ਼ਹਾਦਤ ਲਈ ਲਾਹੌਰ ਨੂੰ ਪਿਆਨ ਕਰਨ ਸਮੇਂ ਉਹਨਾਂ ਦੀ ਬਾਂਹ ਭਾਈ ਗੁਰਦਾਸ ਤੇ ਬਾਬਾ ਬੁੱਢਾ ਨੂੰ ਫੜਾ ਗਏ ਤੇ ਫ਼ਰਮਾਇਆ, ਇਹ ਅਜੇ ਬਾਲਕ ਹਨ, ਇਹਨਾਂ ਦਾ ਖ਼ਿਆਲ ਰਖਣਾ ਤੇ ਭਾਈ ਗੁਰਦਾਸ ਆਪਣੇ ਅੰਤਮ ਸੁਆਸ ਤਕ ਗੁਰੂ ਹਰਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਰਹਿ ਕੇ ਗੁਰੂ-ਘਰ ਦੇ ਸਲਾਹਕਾਰ ਸੇਵਾਦਾਰ ਦੇ ਫ਼ਰਜ਼ ਨਿਭਾਉਂਦੇ ਰਹੇ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਆਪ ਲਗ-ਪਗ 85 ਵਰ੍ਹੇ ਦੀ ਉਮਰ ਭੋਗ ਕੇ ਸਚਖੰਡ ਸਿਧਾਰੇ। ਆਪ ਦੀ ਚਿਤਾ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ, ਉਨ੍ਹਾਂ ਦੀ ਇੱਛਾ ਦਾ ਸਨਮਾਨ ਕਰਦਿਆਂ, ਆਪਣੇ ਕਰ-ਕੰਵਲਾਂ ਨਾਲ ਅਗਨ ਭੇਟ ਕੀਤਾ।

### *ਕਵੀ*

ਭਾਈ ਗੁਰਦਾਸ ਨੇ ਜਿਹੜੇ ਵਿਸ਼ੇ ਛੋਹੇ ਉਹ ਆਪਣੇ ਆਪ ਵਿਚ ਏਨੇ ਮਹੱਤਵਪੂਰਨ ਸਨ ਕਿ ਉਹਨਾਂ ਦੇ ਕਥਨ ਦੀ ਕਦਰ ਪੈਣੀ ਹੀ ਪੈਣੀ ਸੀ, ਪਰ ਉਹਨਾਂ ਨੇ ਆਪਣੀ ਗੱਲ ਆਖੀ ਵੀ ਐਸੇ ਸੁੰਦਰ ਅੰਦਾਜ਼ ਵਿਚ ਕਿ ਉਹ ਇਕ ਯਾਦਗਾਰੀ ਚੀਜ਼ ਬਣ ਗਈ।

ਉਹਨਾਂ ਦੀ ਤੁਕ ਤੁਕ ਵਿਚ ਪਰੋਏ ਵੰਨ ਸੁਵੰਨੇ ਅਲੰਕਾਰ ਉਹਨਾਂ ਦੀ ਰਚਨਾਂ ਨੂੰ ਇਕ ਵਿਲੱਖਣ ਅਮੀਰੀ ਪ੍ਰਦਾਨ ਕਰਦੇ ਹਨ ਤੇ ਜਿਸ ਇਕ ਗੁਣ

Sri Satguru Jagjit Singh Ji eLibrary NamdhariElibrary@gmail.com

ਵਿਚ ਸ਼ਾਇਦ ਕੋਈ ਵੀ ਹੋਰ ਕਵੀ ਉਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ ਉਹ ਪ੍ਰਤੀਕਾਂ, ਉਪਮਾਵਾਂ ਦੀ ਕਲਾਮਈ ਵਰਤੋਂ ਹੈ।

ਵਿਚਾਰ-ਅਧੀਨ ਨੁਕਤੇ ਤੇ ਉਹ ਅੱਧੀ ਦਰਜਣ ਜਾਂ ਉਸ ਤੋਂ ਵੱਧ ਢੁਕਵੇਂ ਤੇ ਅਸਰ-ਭਰਪੂਰ ਦ੍ਰਿਸ਼ਟਾਂਤਾਂ ਦੇ ਚਾਨਣ ਦਾ ਅਜਿਹਾ ਹੜ੍ਹ ਵਗਾਉਂਦੇ ਹਨ ਕਿ ਸ਼ੱਕ ਸੁਬ੍ਹੇ ਦੇ ਤਿਲ ਜਿੰਨੇ ਹਨੇਰੇ ਲਈ ਵੀ ਕਿਧਰੇ ਥਾਂ ਨਹੀਂ ਬਚਦੀ, ਤੇ ਆਪ ਦੀ ਪੇਸ਼ ਕੀਤੀ ਦਲੀਲ ਸਹਜੇ ਹੀ ਦਿਲ ਵਿਚ ਉਤਰ ਜਾਂਦੀ ਹੈ। ਇਸ ਤਰ੍ਹਾਂ ਉਹਨਾਂ ਦੀ ਕਿਰਤ ਆਤਮਿਕ ਉੱਧਾਰ ਦੇ ਮਨੋਰਥ ਨਾਲ ਇਕ ਗੁਰਮੁਖ ਦੀ ਸਿਰਜੀ ਬਾਣੀ ਤੋਂ ਬਿਨਾਂ ਅਤਿ ਉਚੀ ਪੱਧਰ ਦੀ ਕਵਿਤਾ ਵਜੋਂ ਸਨਮਾਨ ਪਾਉਣ ਦੀ ਹੱਕਦਾਰ ਬਣ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

# ਆਦਿ ਪੁਰਖ

*ਜਾਣ ਪਛਾਣ*

ਪ੍ਰਭੂ ਪਰਮੇਸ਼ਰ ਤੋਂ ਬਿਨਾਂ ਜੋ ਕੁਝ ਹੈ ਸਭ ਉਸ ਦਾ ਪੈਦਾ ਕੀਤਾ ਹੋਇਆ ਹੈ, ਤੇ ਪ੍ਰਭੂ ਨੂੰ ਬਣਾਉਣ ਦਾ ਦਾਅਵਾ ਕਰਨ ਵਾਲਾ ਕੋਈ ਨਹੀਂ। ਫੇਰ ਕੌਣ ਆਖੇ ਉਹ ਇਸ ਸਮੇਂ ਤੋਂ ਹੈ, ਉਸ ਤੋਂ ਪਹਿਲਾਂ ਨਹੀਂ ਸੀ। ਸੋ ਉਸ ਨੂੰ ਠੀਕ ਹੀ ਆਦਿ ਪੁਰਖ ਆਖਿਆ ਜਾਂਦਾ ਹੈ, ਤੇ ਖ਼ੁਦ ਦਾ ਕਰਤਾ ਵੀ।

ਉਹ ਸਦਾ-ਸਦਾ ਤੋਂ ਆਪਣੇ ਵਿਲੱਖਣ ਅਰੂਪ ਰੂਪ ਵਿਚ ਮੌਜੂਦ ਹੈ। ਨਾ ਉਹ ਬੁੱਢਾ, ਪੁਰਾਣਾ ਹੁੰਦਾ ਹੈ, ਨਾ ਘਟਦਾ, ਕਮਜ਼ੋਰ ਪੈਂਦਾ ਹੈ, ਨਾ ਕਿਸੇ ਬੀਮਾਰੀ, ਦੁਖ, ਦੋਸ਼ ਦਾ ਸ਼ਿਕਾਰ ਹੁੰਦਾ ਹੈ। ਜਿਹੜਾ ਅਲੱਖ ਅਗੰਮ ਹੈ, ਉਸ ਨੂੰ ਮਿਟਾਇਗਾ ਕੌਣ ? ਉਹਦੇ ਅੰਤ ਜਾਂ ਵਿਨਾਸ਼ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।*

ਉਸ ਦਾ ਆਕਾਰ ਕਿਡਾ ਕੁ ਹੈ, ਇਹ ਵੀ ਉਹ ਹੀ ਜਾਣੇ। ਉਹਦੀ ਉਪਾਈ ਸ੍ਰਿਸ਼ਟੀ ਦੇ ਹੱਦਾਂ ਬੰਨੇ ਵੀ ਅੱਜ ਤਕ ਕਿਸੇ ਲੇਖੇ ਹਿਸਾਬ ਵਿਚ ਨਹੀਂ ਲਿਆਂਦੇ ਜਾ ਸਕੇ। ਜਦ ਕਿਸੇ ਨਵੇਂ, ਪਹਿਲਿਆਂ ਨਾਲੋਂ ਬਿਹਤਰ, ਸਮਰਥਾਵਾਨ, ਉਪਕਰਣ ਜਾਂ ਜੰਤਰ ਦਾ ਆਵਿਸ਼ਕਾਰ ਹੁੰਦਾ ਹੈ ਤਾਂ ਪਤਾ ਲਗਦਾ ਹੈ ਜਿੰਨੀ ਕੁ ਕਾਇਨਾਤ ਹੁਣ ਤਕ ਭਾਲੀ ਦੇਖੀ ਗਈ ਸੀ ਉਸ ਤੋਂ ਅੱਗੇ ਬਹੁਤ ਸਾਰੀ ਹੋਰ ਵੀ ਹੈ, ਨਾ ਜਾਣੇ ਕਿੰਨੀ। ਉਹ ਆਪਣੀ ਰਚਨਾ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ, (ਪੂਰਨ ਪੂਰਿ ਰਹਿਓ ਸਰਬ ਮਹਿ। (ਮ: 5, ਪੰ. 617) ਤੇ ਇਹਦੇ ਬਾਵਜੂਦ ਉਹਦੀ ਸੰਪੂਰਨਤਾ ਵਿਚ ਬੋੜ ਨਹੀਂ ਪੈਂਦਾ। ਇਸ ਭਾਂਤ ਉਹ ਆਪਣੀ ਵਿਸ਼ਾਲਤਾ ਦੇ ਪਖੋਂ ਬੇਅੰਤ ਹੈ, ਤਦੇ ਇਹ ਸੰਭਵ ਹੈ ਕਿ ਉਹ ਜਦ ਕਿਸੇ ਮਦਾਰੀ ਵਾਂਗ ਆਪਣੀ ਖੇਡ ਨੂੰ ਸਮੇਟਦਾ ਹੈ, ਉਹਦਾ ਉਪਰ ਦੱਸਿਆ ਸ੍ਰਿਸ਼ਟੀ ਰੂਪ ਅਸੀਮ ਵਿਸਤਾਰ ਕਿਧਰੇ ਹੋਰ ਨਹੀਂ ਜਾਂਦਾ, ਉਹਦੇ ਆਪਣੇ ਹੀ ਅਸੀਮ ਵਿਚ ਸਮਾ ਜਾਂਦਾ ਹੈ।

---

* ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। (ਜਪੁਜੀ)



Sri Satguru Jagjit Singh Ji eLibrary NamdhariElibrary@gmail.com

*ਉਸ ਦਾ ਵਿਸਥਾਰ*

ਜੋ ਕੁਝ ਸਾਡੀਆਂ ਅੱਖਾਂ ਆਪਣੇ ਆਲੇ-ਦੁਆਲੇ ਫੈਲਿਆ ਦੇਖਦੀਆਂ ਹਨ, ਇਹ ਸਾਰਾ ਉਸੇ ਦਾ ਵਿਸਥਾਰ ਹੈ, ਜਿਵੇਂ ਕਿ ਉਦਾਹਰਣ ਵਜੋਂ ਧਰਤੀ ਵਿਚੋਂ ਉਗੀ ਸ੍ਰਿਸ਼ਟੀ। ਇਸ ਬਨਾਸਪਤੀ ਵਿਚ ਦਰਖ਼ਤ, ਪੌਦੇ, ਵੇਲਾਂ, ਬੂਟੀਆਂ, ਘਾਸ ਆਦਿ ਸ਼ਾਮਲ ਹਨ, ਆਪਣੀ ਆਪਣੀ ਵਾਰੀ ਸਭ ਦੇ ਸਭ ਅਣਗਿਣਤ। ਉਸ ਇਕ ਇਕੱਲੇ ਲਈ ਏਨਾ ਕੁਝ ਬਣ ਜਾਣਾ ਸੰਭਵ ਹੋ ਗਿਆ, ਇਹ ਸ਼ਾਇਦ ਹਰ ਕਿਸੇ ਦੀ ਸਮਝ ਵਿਚ ਨਾ ਆਵੇ। ਅਜਿਹੇ ਸ਼ੰਕਾਵਾਦੀਆਂ ਦੀ ਭਰਮ-ਨਵਿਰਤੀ ਲਈ ਭਾਈ ਗੁਰਦਾਸ ਬਿਰਛ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ :

ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।
ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
ਪਤ ਫੁਲ ਫਲ ਫਲੀ ਦਾ ਰਸ ਰੰਗ ਸਵਾਰਾ।
ਵਾਸ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।
ਫਲ ਵਿਚ ਬੀਉ ਸੰਜੀਉ ਹੋਇ ਫਲ ਫਲੇ ਹਜਾਰਾ।

(ਵ. 2, ਪੌ. 9)

ਇਕ ਨਿੱਕਾ ਜਿਹਾ ਬੀਜ ਜ਼ਮੀਨ ਵਿਚ ਪੁੰਗਰਦਾ ਹੈ, ਜੜ ਦੇ ਰੂਪ ਵਿਚ ਉਹ ਹੇਠਾਂ, ਹੋਰ ਹੇਠਾਂ ਮੋਟੇ ਬਰੀਕ ਤਣਿਆਂ ਦੀ ਸੂਰਤ ਵਿਚ ਫੈਲੀ ਜਾਂਦਾ ਹੈ ਤੇ ਜ਼ਮੀਨ ਤੋਂ ਬਾਹਰ ਟਾਹਣੇ, ਟਾਹਣੀਆਂ ਵਜੋਂ। ਪਤਲੀਆਂ ਟਾਹਣੀਆਂ ਉੱਤੇ ਪੱਤੇ ਉਗਦੇ ਹਨ, ਤੇ ਫੁੱਲ, ਅਗੇ ਫੁੱਲਾਂ ਦੇ ਫਲ ਫਲੀਆਂ ਬਣ ਜਾਂਦੇ ਹਨ। ਇਹਨਾਂ ਸਾਰਿਆਂ ਵਿਚ ਰਸ ਭਰਦਾ ਹੈ, ਰੰਗ ਉਘੜਦਾ ਹੈ। ਫੁੱਲਾਂ ਫਲਾਂ ਵਿਚ ਸੁਗੰਧ ਦਾ ਜਨਮ ਹੁੰਦਾ ਹੈ ਤੇ ਉਹ ਚਾਰ ਚੁਫੇਰੇ ਮਹਿਕਾਂ ਖਿਲਾਰ ਦਿੰਦੀ ਹੈ। ਫਲਾਂ ਫਲੀਆਂ ਵਿਚ ਬੀਜ ਪਕਦੇ ਹਨ ਤੇ ਉਹ ਅਗੇ ਬਿਰਛ ਜਿਹੇ ਅਨੇਕ ਬਿਰਛਾਂ ਦੀ ਪੈਦਾਇਸ਼ ਦਾ ਕਾਰਣ ਬਣ ਜਾਂਦੇ ਹਨ। ਏਹੋ ਚਮਤਕਾਰ ਪਰਮੇਸ਼ਰ ਨੇ ਕਰ ਵਖਾਇਆ ਹੈ, ਵੱਡੇ, ਬਹੁਤ ਵੱਡੇ ਪੈਮਾਨੇ ਤੇ।

*ਉਹਦਾ ਹੁਕਮ ਤੇ ਭੈ*

ਪੰਜੇ ਤੱਤ, ਪਉਣ ਪਾਣੀ ਆਦਿ, ਇਕ ਦੂਜੇ ਦੇ ਦੁਸ਼ਮਣ ਹਨ, ਤਾਂ ਵੀ ਉਹ ਪੂਰੇ ਆਪਸੀ ਮਿਲਵਰਤਣ ਨਾਲ ਆਪਣੇ ਕਾਰਜ ਨਜਿਠਦੇ ਰਹਿੰਦੇ ਹਨ। ਪ੍ਰਕਿਰਤੀ ਦਾ ਸਾਧਾਰਨ ਨਿਯਮ ਹੈ ਕਿ ਪਾਣੀ ਮਿੱਟੀ ਨੂੰ ਖੋਰ ਦਿੰਦਾ ਹੈ, ਪਰ ਅਸੀਂ ਦੇਖਦੇ ਹਾਂ ਕਿ ਧਰਤੀ ਸਾਗਰਾਂ, ਸਮੁੰਦਰਾਂ ਦੇ ਵਿਚ ਵਿਚਾਲੇ ਟਿਕੀ ਹੋਈ

Sri Satguru Jagjit Singh Ji eLibrary NamdhariElibrary@gmail.com

ਹੈ, ਅਣਜਾਣੇ ਸਮੇਂ ਤੋਂ, ਤਾਂ ਵੀ ਉਹਦੀ ਹੋਂਦ ਨੂੰ ਕਦੇ ਕੋਈ ਖ਼ਤਰਾ ਪੈਦਾ ਨਹੀਂ ਹੋਇਆ। ਅਗਨੀ ਦਾ ਲੱਕੜੀ ਨਾਲ ਵੈਰ ਹੈ, ਪਰ ਹਰ ਬਿਰਛ ਬੂਟੇ ਦੇ ਅੰਦਰ ਅੱਗ ਦੇ ਮੌਜੂਦ ਹੁੰਦਿਆਂ ਵੀ ਉਹ ਨਿਰੰਤਰ ਫੁਲਦੇ ਫਲਦੇ ਰਹਿੰਦੇ ਹਨ। ਸਹਾਰੇ ਬਿਨਾਂ ਕੋਈ ਚੀਜ਼ ਕਿਸੇ ਸੂਰਤ ਆਪਣੇ ਟਿਕਾਣੇ ਤੇ ਕਾਇਮ ਨਹੀਂ ਰਹਿ ਸਕਦੀ, ਫੇਰ ਵੀ ਆਕਾਸ਼ ਵਿਚ ਵਿਚਰਦੇ ਲੱਖਾਂ ਗ੍ਰਹਿ ਉਪਗ੍ਰਹਿ ਆਪਣੇ ਨਿਰਧਾਰਤ ਸਥਾਨਾਂ ਤੋਂ ਨਹੀਂ ਭਟਕਦੇ, ਰਾਹ ਛੱਡ ਕੇ ਕੁਰਾਹ ਨਹੀਂ ਤੁਰ ਜਾਂਦੇ। ਇਹ ਸਭ ਇਸ ਲਈ ਕਿ ਕਰਤਾਪੁਰਖ ਦੀ ਰਜ਼ਾ ਏਵੇਂ ਹੈ, ਕਿਸੇ ਦੀ ਕੀ ਮਜਾਲ ਉਹਦੇ ਹੁਕਮ ਦੀ ਉਲੰਘਣਾ ਕਰ ਜਾਇ :

ਭੈ ਵਿਚਿ ਧਰਤਿ ਆਗਾਸ ਹੈ ਨਿਰਾਧਾਰ ਭੈ ਭਾਰ ਧਰਾਇਆ।
ਪਉਣ ਪਾਣੀ ਬੈਸੰਤਰੋ ਭੈ ਵਿਚਿ ਰਖੈ ਮੇਲਿ ਮੇਲਾਇਆ।
ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਹਾ ਆਗਾਸ ਰਹਾਇਆ।
ਕਾਠੈ ਅੰਦਰਿ ਅਗਨਿ ਧਰਿ ਕਰ ਪਰਫੁਲਤੁ ਸਫਲੁ ਫਲਾਇਆ।

(ਵ. 18, ਪੌ. 5)

### *ਪਰਵਰਦਿਗਾਰ*

ਕਰਤਾਪੁਰਖ ਵੰਨ ਸੁਵੰਨੀਆਂ ਭਾਂਤਾਂ ਦੇ ਅਨੇਕਾਂ ਜੀਵ ਜੰਤ ਪੈਦਾ ਕਰਦਾ ਹੈ, ਤੇ ਪੈਦਾ ਕਰ ਕੇ ਉਹਨਾਂ ਨੂੰ ਭੁਲਾ ਨਹੀਂ ਦਿੰਦਾ, ਉਹਨਾਂ ਦੀ ਪਰਵਰਿਸ਼ ਵੀ ਕਰਦਾ ਹੈ। ਉਹ ਇਕ-ਇਕ ਪ੍ਰਾਣੀ ਨੂੰ ਰਿਜ਼ਕ ਪਹੁੰਚਾਉਂਦਾ ਹੈ, ਤੇ ਉਹ ਵੀ ਉਸ ਲਈ ਹੱਥ ਅੱਡੇ ਬਗ਼ੈਰ, ਭਾਵੇਂ ਉਹਨਾਂ ਵਿਚੋਂ ਕੋਈ ਜ਼ਮੀਨ ਵਿਚ ਛੁਪ ਕੇ ਬੈਠਾ ਹੋਵੇ, ਜਾਂ ਪਰਬਤਾਂ ਜਾਂ ਸਮੁੰਦਰ ਦੀਆਂ ਡੂੰਘਾਣਾਂ ਅੰਦਰ। ਉਹਨਾਂ ਦੀ ਖ਼ੁਰਾਕ ਚੁੱਕੀ, ਉਹ ਜਿੱਥੇ ਵੀ ਹੋਣ, ਓਥੇ ਹੀ ਪਹੁੰਚ ਜਾਂਦਾ ਹੈ :

ਪਰਵਦਗਾਰ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।
ਰਾਜਕੁ ਰਿਜਕੁ ਸੰਬਾਹਿਦਾ ਸਭਨਾ ਦਾਤਿ ਕਰੇ ਅਨ-ਮੰਗੀ।

(ਵ. 18, ਪੌ. 10)

### *ਅਲੱਖ, ਅਗੰਮ*

ਅਨੇਕਾਂ ਹੀ ਬ੍ਰਹਮਾ ਅਣਗਿਣਤ ਵੇਦ ਪੜ੍ਹਦੇ-ਪੜ੍ਹਦੇ ਥੱਕ ਗਏ ਪਰ ਉਹਨਾਂ ਨੂੰ ਸਤਿਪੁਰਸ਼ ਦਾ ਭੇਦ ਨਾ ਲੱਭਾ। ਅਨੇਕਾਂ ਅਵਤਾਰਾਂ ਨੇ ਭਾਂਤ-ਭਾਂਤ ਦੇ ਜੋਗ ਤੇ ਧਿਆਨ ਦੇ ਅਭਿਆਸ ਦੁਆਰਾ ਉਹਨੂੰ ਪਾਉਣ ਦਾ ਜਤਨ ਕੀਤਾ ਤਾਂ ਵੀ ਉਹਦੀ ਸੂਹ ਨਾ ਲੱਗੀ। ਸ਼ੇਸ਼ਨਾਗ ਨੇ ਆਪਣੀ ਵਾਰੀ ਉਹਨੂੰ ਲੱਖਾਂ ਨਵੇਂ-ਨਵੇਂ ਨਾਵਾਂ ਨਾਲ ਸਿਮਰਨ ਦੀ ਜੁਗਤ ਅਪਣਾਈ ਪਰ ਉਸ ਦਾ ਗਿਆਨ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਨਾ ਕਰ ਸਕਿਆ, ਜੋ ਕੁਝ ਜਾਣਨ ਜੋਗਾ ਸੀ ਉਸ ਤੋਂ ਨਿਪਟ ਕੋਰਾ ਹੀ ਰਿਹਾ। ਹੋਰ ਬੇਅੰਤ ਲੋਕਾਂ ਨੇ ਆਪਣੀਆਂ ਡਾਢੀਆਂ ਲੰਮੀਆਂ ਉਮਰਾਂ ਵੱਖ-ਵੱਖ ਦਰਸ਼ਨਾਂ, ਮਾਰਗਾਂ ਦੀ ਅਨੁਸਾਰਤਾ ਵਿਚ ਸਾਧਨਾ ਕਰਦਿਆਂ ਗਵਾ ਲਈਆਂ ਪਰ ਸ਼ਬਦ ਨਾਲ ਮਿਲਾਪ ਹੋਣਾ ਉਹਨਾਂ ਦੇ ਹਿਸੇ ਨਾ ਆਇਆ। ਬਦਕਿਸਮਤੀ ਇਹ ਰਹੀ ਕਿ ਇਹਨਾਂ ਸਭਨਾਂ ਨੂੰ ਪ੍ਰਭੂ ਤੋਂ ਮਿਲੀਆਂ ਦਾਤਾਂ ਏਨੀਆਂ ਮਨਮੋਹਣੀਆਂ ਲੱਗੀਆਂ ਕਿ ਉਹ ਉਹਨਾਂ ਦੇ ਰਸਾਂ ਸੁਆਦਾਂ ਵਿਚ ਹੀ ਡੁੱਬੇ ਰਹੇ ਤੇ ਉਕਤ ਦਾਤਾਂ ਬਖਸ਼ਣ ਵਾਲਾ ਪਰਮੇਸ਼ਰ ਉਕਾ ਚੇਤੇ ਨਾ ਆਇਆ :

ਲਖ ਲਖ ਬ੍ਰਹਮੇ ਵੇਦ ਪੜਿ ਇਕਸ ਅਖਰ ਭੇਦੁ ਨਾ ਜਾਤਾ।
ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨ ਭੇਖ ਪਛਾਤਾ।
ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ।
ਲਖ ਲਖ ਨਉਤਨ ਨਾਉਂ ਲੈ ਲਖ ਲਖ ਸੇਖ ਵਿਸੇਖ ਨ ਤਾਤਾ।
ਚਿਰੁ ਜੀਵਨੁ ਬਹੁ ਹੰਢਣੇ ਦਰਸਨ ਪੰਥ ਨ ਸਬਦੁ ਸਿਵਾਤਾ।
ਦਾਤਿ ਲੁਭਾਇ ਵਿਸਾਰਨਿ ਦਾਤਾ[1]। (ਵ. 18, ਪੌ. 15)

ਇਨਸਾਨ ਬਣਿਆ ਫਿਰੇ ਬੇਸ਼ੱਕ ਅਸ਼ਰਫ਼-ਉਲ-ਮਖ਼ਲੂਕਾਤ, ਸ੍ਰਿਸ਼ਟੀ ਦਾ ਸੁਲਤਾਨ, ਸ਼ਹਿਨਸ਼ਾਹ ਜੋ ਉਹਦਾ ਮਨ ਮੰਨੇ, ਪਰ ਸਭ ਲੈ ਦੇ ਕੇ, ਯਥਾਰਥ ਵਿਚ ਹੈ ਤਾਂ ਉਹ ਇਕ ਨਿਗੂਣਾ ਛਿਨ-ਭੰਗਰ ਜੀਵ ਹੀ। ਦੂਜੇ ਵੰਨੇ ਜੇ ਉਹਦਾ ਸਿਰਜਕ, ਕਰਤਾ ਪੁਰਖ, ਆਪਣੀ ਇਸ ਤੁੱਛ ਮਖਲੂਕ ਦੀ ਅਣਹੋਈ ਬੁੱਧੀ ਦੀ ਗ੍ਰਿਫ਼ਤ ਵਿਚ ਆ ਜਾਇ, ਤਾਂ ਉਹਨੂੰ ਪਾਰਬ੍ਰਹਮ ਪਰਮੇਸ਼ਰ ਕੌਣ ਕਹੇ। ਕਿੱਡੇ-ਕਿੱਡੇ ਮਹਾਨ ਫ਼ਿਲਾਸਫ਼ਰ, ਕਿੱਡੇ-ਕਿੱਡੇ ਮਹਾਨ ਸਾਇੰਸਦਾਨ ਬੀਤ ਗਈਆਂ ਸਦੀਆਂ ਵਿਚ ਹੋ ਗੁਜ਼ਰੇ ਹਨ, ਵਰਤੀਂਦੇ-ਵਰਤੀਂਦੇ ਉਹਨਾਂ ਸਭ ਦੇ ਮਾਪਦੰਡ ਟੁੱਟ ਭੱਜ ਗਏ, ਤਾਂ ਵੀ ਉਹਨਾਂ ਨੂੰ ਉਹਦੀ ਵਡਿੱਤਣ, ਉਹਦੇ ਕੱਦ-ਕਾਠ ਦੀ ਜ਼ਰਾ ਜਿੰਨੀ ਸੂਹ ਨਹੀਂ ਲੱਭੀ। ਆਪਣੀ ਪੂਰੀ ਵਾਹ ਲਾਉਣ ਬਾਅਦ ਹਰ ਖੋਜੀ ਉਹਨੂੰ ਅਗੰਮ ਅਗੋਚਰ ਹੀ ਸ੍ਵੀਕਾਰਦਾ ਰਿਹਾ, ਤੇ ਭਾਈ ਗੁਰਦਾਸ ਦਾ ਵਿਚਾਰ ਆਪ ਦੇ ਪੂਰਬਵਰਤੀ ਮਹਾਂਪੁਰਸ਼ਾਂ ਤੋਂ ਵੱਖ ਨਹੀਂ :

ਬ੍ਰਹਮਾਦਿਕ ਵੇਦਾ ਸਣੇ ਨੇਤਿ ਨੇਤਿ ਕਰਿ ਭੇਦੁ ਨ ਪਾਇਆ।
ਮਹਾਦੇਵ ਅਵਧੂਤ ਹੋਇ ਨਮੋ ਨਮੋ ਕਰਿ ਧਿਆਨੁ ਨ ਆਇਆ।
ਦਸ ਅਵਤਾਰ ਅਕਾਰੁ ਕਰਿ ਏਕੰਕਾਰ ਨ ਅਲਖੁ ਲਖਾਇਆ।
ਰਿਧਿ ਸਿਧਿ ਨਿਧਿ ਲੈ ਨਾਥ ਨਉ ਆਦਿ ਪੁਰਖੁ ਆਦੇਸ ਕਰਾਇਆ।
ਸਹਸ ਨਾਵ ਲੈ ਸਹਸ ਮੁਖ ਸਿਮਰਣਿ ਸੰਖ ਨ ਨਾਉ ਧਿਆਇਆ।

1. ਦਾਤਿ ਪਿਆਰੀ ਵਿਸਰਿਆ ਦਾਤਾਰਾ (ਮ : 5, ਅ : ਗ. ਪੰ. 676)

Sri Satguru Jagjit Singh Ji eLibrary NamdhariElibrary@gmail.com

ਲੋਮਸ[1] ਤਪੁ ਸਾਧਨਾ ਹਉਮੈ ਸਾਧਿ ਨ ਸਾਧੁ ਸਦਾਇਆ।
ਚਿਰ ਜੀਵਣੁ ਬਹੁ ਹੰਢਣਾਂ ਗੁਰਮੁਖਿ ਸੁਖ ਫਲੁ ਪਲ ਨ ਚਖਾਇਆ।
ਕੁਦਰਤਿ ਅੰਦਰਿ ਭਰਮਿ ਭੁਲਾਇਆ। (ਵ. 16, ਪੌ. 14)

ਭਾਂਤ-ਭਾਂਤ ਦੇ ਅਵਤਾਰਾਂ ਦੀ ਅਸਫਲਤਾ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ। ਨੌਂ ਨਾਥਾਂ ਨੇ ਰਿਧੀਆਂ, ਸਿਧੀਆਂ ਆਦਿ ਕਰਾਮਾਤੀ ਸ਼ਕਤੀਆਂ ਦੀ ਸਹਾਇਤਾ ਨਾਲ ਖੋਜ ਕੀਤੀ ਤਾਂ ਵੀ ਪ੍ਰਭੂ ਭੇਦ ਲੱਭਣ ਵਿਚ ਕਾਮਯਾਬ ਨਾ ਹੋਏ। ਸ਼ੇਸ਼ਨਾਗ ਨੇ ਹਜ਼ਾਰ ਮੂੰਹਾਂ ਨਾਲ ਉਹਦੇ ਹਜ਼ਾਰ ਹਜ਼ਾਰ ਨਾਉਂ ਰੋਜ਼ ਜਪੇ ਤੇ ਫੇਰ ਵੀ ਉਹ ਮੁੱਕੇ ਨਾ। ਲੋਮਸ ਜਿਹੜਾ ਲੰਮੀ ਉਮਰ ਦੇ' ਪਖੋਂ ਲੇਖੇ ਨਾਲ ਅਮਰ ਹੀ ਸੀ, ਰੱਬ ਦੇ ਰਾਹ ਤੁਰਿਆ, ਆਪਣੀ ਹਉਂ ਨੂੰ ਕਾਬੂ ਨਾ ਕਰ ਸਕਣ ਕਾਰਨ, ਤ੍ਰਿਕੁਟੀ ਤੋਂ ਪਾਰ ਸਾਧ ਪਦ ਤਕ ਵੀ ਨਾ ਅੱਪੜ ਪਾਇਆ, ਨਾ ਚਿਰ-ਜੀਵੀ ਮਾਰਕੰਡੇ ਨੂੰ ਗੁਰਮੁਖਤਾਈ ਦਾ ਸੁਖ-ਫਲ ਚੱਖਣ ਨੂੰ ਲੱਭਾ। ਇਹਨਾਂ ਸਭਨਾਂ ਵਿਚੋਂ ਕਿਸੇ ਨੂੰ ਵੀ ਕਾਦਰ ਦਾ ਦੀਦਾਰ ਨਾ ਹੋਇਆ, ਸਾਰੇ ਦੇ ਸਾਰੇ ਕੁਦਰਤ ਦੇ ਮੋਹ ਜਾਲ ਵਿਚ ਹੀ ਉਲਝੇ ਰਹੇ।

ਇਸੇ ਭਾਵ ਨੂੰ ਉਪਰੋਕਤ ਵਾਰ ਦੀ ਹੀ ਸਤਾਰ੍ਹਵੀਂ ਪਉੜੀ ਵਿਚ ਇਸ ਪ੍ਰਕਾਰ ਪ੍ਰਗਟ ਕੀਤਾ ਗਿਆ ਹੈ :

ਅਗਮਹੁ ਅਗਮੁ ਅਗੰਮੁ ਹੈ ਅਗਮੁ ਅਗਮੁ ਅਤਿ ਅਗਮੁ ਸੁਣਾਏ।
ਅਲਖਹੁ ਅਲਖੁ ਅਲਖੁ ਹੈ ਅਲਖੁ ਅਲਖੁ ਲਖ ਅਲਖੁ ਧਿਆਏ।
ਅਪਰੰਪਰੁ ਅਪਰੰਪਰਹੁ ਅਪਰੰਪਰੁ ਅਪਰੰਪਰੁ ਭਾਏ।
ਆਗੋਚਰੁ ਆਗੋਚਰਹੁ ਆਗੋਚਰੁ ਆਗੋਚਰਿ ਜਾਏ। (ਵ. 16, ਪੌ. 17)

ਜਿਹੜਾ ਅਗੰਮਾਂ ਲਈ ਵੀ ਅਗੰਮ, ਅਲਖਾਂ ਲਈ ਵੀ ਅਲਖ, ਅਪਰੰਪਰਾਂ ਲਈ ਅਪਰੰਪਰ ਤੇ ਅਗੋਚਰਾਂ ਲਈ ਵੀ ਅਗੋਚਰ ਹੈ, ਅਸੀਂ ਨਿਮਾਣੇ ਨਿਤਾਣੇ ਜੀਵ ਉਹਦੀ ਕੀ ਥਾਹ ਪਾ ਸਕਦੇ ਹਾਂ। ਹਾਥੀ ਦਾ ਨਾਪ ਲੈਣਾ ਕਿਸੇ ਵੀ ਕੀੜੀ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ, ਤੇ ਹਥਲਾ ਕੰਮ ਤਾਂ ਹੋਰ ਵੀ ਟੇਢਾ ਹੈ :

ਰੋਮ ਰੋਮ ਵਿਚ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇਆ।
(ਵ. 16, ਪੌ. 15)

ਉਹਦੇ ਇਕ ਇਕ ਲੂੰ ਵਿਚ ਸਿਰਜ ਕੇ ਸਮੇਟ ਰਖੇ ਕਰੋੜਾਂ ਬ੍ਰਹਿਮੰਡ ਕਿਹੜਾ ਕੰਪਿਊਟਰ ਗਿਣੇਗਾ ?

---

1. ਇਕ ਪੌਰਾਣਿਕ ਰਿਸ਼ੀ ਜਿਸ ਦੀ ਉਮਰ ਬ੍ਰਹਮਾ ਦੀ ਉਮਰ ਤੋਂ ਵੀ ਲੱਖਾਂ ਗੁਣਾ ਲੰਮੀ ਦੱਸੀ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

*ਚਿਤਰ ਵਿਚ ਚਿਤੇਰਾ*

ਜੇ ਅਕਾਲ ਪੁਰਖ ਨੂੰ ਮਿਲਣਾ, ਉਸ ਵਿਚ ਸਮਾਉਣਾ ਹੀ ਮਨੁੱਖਾ ਜਨਮ ਦਾ ਇਕੋ ਇਕ ਉਦੇਸ਼ ਹੋਵੇ ਤੇ ਉਹ ਅਗੇ ਅਗੰਮੋਂ ਅਗੰਮ, ਅਲਖੋਂ ਅਲਖ, ਅਪਰੰਪਰੋਂ ਅਪਰੰਪਰ ਤੇ ਅਗੋਚਰੋਂ ਅਗੋਚਰ ਹੋਵੇ, ਫੇਰ ਤਾਂ ਉਸ ਉਦੇਸ਼ ਦਾ ਕਦੇ ਕੁਝ ਬਣੇ ਹੀ ਨਾ। ਖ਼ੁਸ਼ਕਿਸਮਤੀ ਨਾਲ ਸਥਿੱਤੀ ਇਸ ਤਰ੍ਹਾਂ ਦੀ ਨਿਰਾਸ਼ਾ-ਜਨਕ ਨਹੀਂ, ਉਹ ਇਸ ਲਈ ਕਿ ਜਿੱਥੇ ਇਹ ਹਕੀਕਤ ਹੈ ਕਿ ਪਰਮਾਤਮਾ ਵਿਚ ਮਿਲ ਕੇ ਆਪਣਾ ਆਪ ਗਵਾਏ ਬਿਨਾਂ ਜੀਵ ਦਾ ਬਾਰ ਬਾਰ ਜੰਮਣਾ ਮਰਨਾ ਤੇ ਦੁਖ ਭੋਗਣਾ ਸਮਾਪਤ ਨਹੀਂ ਹੁੰਦਾ, ਓਥੇ ਇਹ ਵੀ ਸੌ ਫ਼ੀ ਸਦੀ ਸੱਚ ਹੈ ਕਿ ਜਿਵੇਂ ਕੁਦਰਤ ਕਾਦਰ ਵਿਚ ਸਮਾਈ ਹੋਈ ਹੈ, ਉਹ ਆਪ ਵੀ ਆਪਣੀ ਕੁਦਰਤ ਵਿਚ ਰਚਿਆ ਮਿਚਿਆ ਹੋਇਆ ਹੈ :

ਬ੍ਰਹਮ ਮਈ ਹੈ ਮਾਇਆ ਮਾਇਆ ਮਈ ਹੈ ਬ੍ਰਹਮ
ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ।
(ਕ. ਸ. 280)

ਤਥਾ :

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ
ਚਿਤ੍ਰ ਮੈ ਚਿਤੇਰਾ ਕੋ ਬਸੇਰਾ ਸਤਿ ਸਤਿ ਹੈ।
(ਕ. ਸ. 282)

ਕਿਹਾ ਜਾਂਦਾ ਹੈ ਕਿ ਸਮੁੰਦਰ ਦੇ ਪਾਣੀਆਂ ਥੱਲੇ ਰੇਤਾ ਵਿਚ ਬੇਅੰਤ ਸੋਨਾ ਬਿਖਰਿਆ ਪਿਆ ਹੈ ਪਰ ਅਸੀਂ ਉਸ ਸੋਨੇ ਦੀਆਂ ਮੁੱਠੀਆਂ ਭਰ ਕੇ ਨਹੀਂ ਲਿਆ ਸਕਦੇ, ਉਸੇ ਭਾਂਤ ਸਾਡੇ ਆਲੇ-ਦੁਆਲੇ ਫੈਲੀ ਹਵਾ ਵਿਚ ਔਕਸੀਜਨ ਦਾ ਪਾਰਾਵਾਰ ਨਹੀਂ ਪਰ ਕਦੇ ਦਮ ਘੁਟਣ ਲੱਗ ਪਵੇ ਤਾਂ ਉਸ ਔਕਸੀਜਨ ਦਾ ਹਿੱਕ-ਭਰਵਾਂ ਸਾਹ ਨਹੀਂ ਲਿਆ ਜਾ ਸਕਦਾ। ਪਰ ਪਰਮੇਸ਼ਰ ਉਕਤ ਸੋਨੇ, ਔਕਸੀਜਨ ਵਾਂਗ ਵਿਆਪਕ ਹੋਣ ਦੇ ਬਾਵਜੂਦ, ਸਾਡੀ ਪਹੁੰਚ ਤੋਂ ਪਰੇ ਨਹੀਂ, ਕਿਉਂਕਿ ਉਹ ਸਾਡੇ ਅੰਦਰ ਵੀ ਹੈ, ਸਾਡੇ ਹਿਰਦੇ ਵਿਚ :

ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦ ਜਲ ਵਿਚਿ ਭਾਲੈ।
(ਵ. 9, ਪੌ. 6)

ਉਹ ਇਕ ਵੀ ਹੈ ਤੇ ਹਰ ਇਕ ਦੇ ਅੰਦਰ ਵੀ, ਓਵੇਂ ਜਿਵੇਂ ਪਾਣੀ ਦੇ ਭਰੇ ਹਜ਼ਾਰ ਘੜਿਆਂ ਵਿਚ ਝਾਤ ਪਾਈ ਜਾਵੇ ਤਾਂ ਚੰਦਰਮਾ ਹਰ ਇਕ ਵਿਚ ਮੌਜੂਦ ਮਿਲੇਗਾ। ਤਦੇ ਉਹਦੀ ਤਲਾਸ਼ ਲਈ ਪਰਬਤਾਂ, ਜੰਗਲਾਂ, ਤੀਰਥਾਂ, ਧਾਮਾਂ ਤੇ

Sri Satguru Jagjit Singh Ji eLibrary NamdhariElibrary@gmail.com

ਭਟਕਣ ਦੀ ਲੋੜ ਨਹੀਂ ਹੁੰਦੀ, ਉਹ ਆਪਣੀ ਕਾਇਆ ਅੰਦਰੋਂ ਹੀ ਲੱਭ ਪੈਂਦਾ ਹੈ :

ਅੰਤਰਿ ਨਿਰੰਤਰਿ ਅੰਤਰ ਪਦ ਘਟਿ ਗਏ
ਅੰਤਰਜਾਮੀ ਅੰਤਰਗਤਿ ਉਨਮਾਨੀਐ।
(ਕ. ਸ. 280)

*ਨਿਕਟ ਸੰਬੰਧੀ*

ਕਿਉਂਕਿ ਉਹਦਾ ਆਪਣਾ ਕੋਈ ਵਰਣ ਨਹੀਂ, ਚਿਹਨ ਚੱਕਰ ਨਹੀਂ, ਇਸ ਲਈ ਜਾਤ ਗੋਤ ਜਾਂ ਸ਼ਕਲ ਸੂਰਤ ਦੇ ਵਖਰੇਵੇਂ ਕਾਰਣ ਉਹ ਕਿਸੇ ਦਾ ਦੋਖੀ ਨਹੀਂ ਹੋ ਸਕਦਾ ਤੇ ਉਹਦੇ ਲਈ ਬ੍ਰਾਹਮਣ, ਸੂਦਰ, ਚਿੱਟੇ, ਕਾਲੇ ਸਭ ਇਕ ਸਮਾਨ ਹਨ। ਮਾਂ, ਬਾਪ, ਭੈਣ, ਭਰਾ ਆਦਿ ਕਿਸੇ ਦੇ ਵੀ ਮੁਕਾਬਲੇ ਉਹ ਸਾਡਾ ਸਭ ਤੋਂ ਵਧ ਪ੍ਰਿਯ ਨਜ਼ਦੀਕੀ ਹੈ, ਕਿਉਂਕਿ ਇਹ ਉਹ ਹੀ ਹੈ, ਜਿਹੜਾ ਸਾਡੇ ਅੰਦਰ ਵਸਦਾ ਹੈ, ਹੋਰ ਕੋਈ ਨਹੀਂ।

ਵਰਨਾ ਚਿਹਨਾ ਬਾਹਰਾ ਸਭਨਾ ਅੰਦਰਿ ਹੈ ਸਰਬੰਗੀ।
(ਵ. 18, ਪੌ. 10)

ਇਸ ਲਈ ਭਾਈ ਸਾਹਿਬ ਹਦਾਇਤ ਕਰਦੇ ਹਨ :

ਚਿਤੈ ਅੰਦਰਿ ਚੇਤ ਚਿਤੇਰੇ। (ਵ. 37, ਪੌ. 17)

*ਮਿਲਾਪ ਉਹਦੀ ਦਇਆ ਸਦਕਾ*

ਭਾਵੇਂ ਪ੍ਰਭੂ ਆਤਮਾ ਦੇ ਬੇਹੱਦ ਕਰੀਬ ਵਸਦਾ ਹੈ ਉਹ ਪ੍ਰਭੂ ਨੂੰ ਮਿਲ ਪਾਉਂਦੀ ਹੈ, ਉਹਦੀ ਦਇਆ ਦੀ ਬਦੌਲਤ ਹੀ :

ਜੋਈ ਪ੍ਰਭੁ ਭਾਵੈ ਤਾਹਿ ਸੋਵਤ ਜਗਾਵੈ ਜਾਇ
ਜਾਗਤ ਬਿਹਾਵੈ ਜਾਹਿ ਤਾਹਿ ਨ ਬੁਲਾਵਈ।
ਜੋਈ ਪ੍ਰਭੁ ਭਾਵੈ ਤਾਹਿ ਮਾਨਨਿ ਮਨਾਵੈ ਧਾਤਿ।
ਸੇਵਕ ਸਰੂਪ ਸੇਵਾ ਕਰਤ ਨ ਭਾਵਈ।
ਜੋਈ ਪ੍ਰਭੁ ਭਾਵੈ ਤਾਹਿ ਰੀਝ ਕੈ ਰਿਝਾਵੈ ਆਪਿ
ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ।
ਜੋਈ ਪ੍ਰਭੁ ਭਾਵੈ ਤਾਹਿ ਸਬੈ ਬਨ ਆਵੈ
ਤਾਕੀ ਮਹਿਮਾ ਅਪਾਰ ਨ ਕਰਤ ਬਨ ਆਵਈ।
(ਕ. ਸ. 594)

Sri Satguru Jagjit Singh Ji eLibrary NamdhariElibrary@gmail.com

ਜੋ ਜੀਵਾਤਮਾ ਸੰਸਾਰ ਵਲੋਂ ਜਾਗਰਿਤ ਅਤੇ ਪ੍ਰਭੂ ਵਲੋਂ ਸੌਂ ਰਹੀ ਹੈ, ਉਸ ਨੂੰ ਉਹ ਆਪਣੇ ਪਾਸ ਨਹੀਂ ਬੁਲਾਉਂਦਾ ਪ੍ਰੰਤੂ ਜੋ ਜੀਵਾਤਮਾ ਪ੍ਰਭੂ ਦੇ ਪ੍ਰਤੀ ਜਾਗਰਿਤ ਹੈ, ਅਰਥਾਤ ਪ੍ਰਭੂ ਦੇ ਖਿਆਲ ਵਿਚ ਡੁੱਬੀ ਰਹਿੰਦੀ ਹੈ, ਜੇ ਉਹ ਪ੍ਰਭੂ ਤੋਂ ਰੁਸ ਵੀ ਜਾਂਦੀ ਹੈ (ਕਿਸੇ ਛਿਣ ਉਸਨੂੰ ਭੁਲ ਵੀ ਜਾਂਦੀ ਹੈ) ਤਾਂ ਵੀ ਉਹ ਉਸਨੂੰ ਪ੍ਰੇਮ ਪੂਰਵਕ ਮਨਾਉਣ (ਖਿਮਾ ਕਰਨ) ਵਿਚ ਸੰਕੋਚ ਨਹੀਂ ਕਰਦਾ। ਇਸਦੇ ਉਲਟ, ਜੋ ਪ੍ਰਭੂ ਦੀ ਬਾਹਰਮੁਖੀ ਸੇਵਾ-ਪੂਜਾ, ਪਾਠ, ਤੀਰਥ, ਵਰਤ ਆਦਿ ਵਿਚ ਲਗਾਤਾਰ ਲੱਗੀ ਰਹਿੰਦੀ ਹੈ, ਉਸਨੂੰ ਉਹ ਪੁੱਛਦਾ ਵੀ ਨਹੀਂ।

ਜੋ ਗੁਰਮੁਖ ਆਤਮਾ ਆਪਣੀ ਭਗਤੀ ਦੁਆਰਾ ਪਰਮਾਤਮਾ ਨੂੰ ਪ੍ਰਸੰਨ ਕਰ ਲੈਂਦੀ ਹੈ, ਉਹ ਉਸ ਪ੍ਰੀਤਮ ਦੀ ਪ੍ਰੇਮ-ਪੂਰਣ ਕਿਰਪਾ ਦੀ ਪਾਤਰ ਬਣ ਜਾਂਦੀ ਹੈ। ਪਰ ਜੋ ਜੀਵਾਤਮਾ ਸੱਜ-ਧੱਜ ਕੇ (ਬਾਹਰੀ ਭੇਸ ਆਦਿ ਧਾਰਨ ਕਰਕੇ) ਉਸਨੂੰ ਰਿਝਾਉਣਾ ਚਾਹੁੰਦੀ ਹੈ, ਉਸਨੂੰ ਉਹ ਆਪਣੇ ਚਰਨਾਂ ਤੋਂ ਦੂਰ ਰਖਦਾ ਹੈ।

ਜੋ ਭਾਗਾਂ ਵਾਲੀ ਆਤਮਾ ਪ੍ਰਭੂ ਦੇ ਪ੍ਰੇਮ ਵਿਚ ਰੰਗੀ ਰਹਿੰਦੀ ਹੈ, ਜਿਸਦਾ ਹਰ ਕਾਰਜ ਆਪਣੇ ਪ੍ਰੀਤਮ ਦੀ ਪ੍ਰਸੰਨਤਾ ਲਈ ਹੁੰਦਾ ਹੈ, ਉਸਨੂੰ ਹਰ ਭੇਸ ਜਚਦਾ ਹੈ—ਸਾਦਗੀ, ਦੀਨਤਾ, ਗਰੀਬੀ, ਕੁੱਛ ਵੀ—"ਸੋ ਰਾਣੀ ਜੋ ਖਸਮੇ ਭਾਣੀ।" ਉਸ ਦੀ ਸ਼ੋਭਾ ਦਾ ਵਰਣਨ ਕਰ ਸਕਣਾ ਸੰਭਵ ਨਹੀਂ।

ਉਕਤ ਕਾਮਿਨੀ ਦੀ ਪ੍ਰੇਮ ਕਹਾਣੀ ਉਹਦੇ ਕੰਤ ਨੂੰ ਭਾਅ ਜਾਣ ਤੇ ਹੀ ਨਹੀਂ ਮੁੱਕ ਜਾਂਦੀ, ਉਸ ਤੋਂ ਅੱਗੇ ਬੜਾ ਕੁਝ ਮਨ-ਚਾਹਿਆ ਵਾਪਰਨਾ ਹੁੰਦਾ ਹੈ:

ਜੋਈ ਪ੍ਰਿਅ ਭਾਵੈ ਤਾਹਿ ਦੇਖਿ ਅਉ ਦਿਖਾਵੈ ਆਪ<br>
ਦ੍ਰਿਸ਼ਟਿ ਦਰਸ ਮਿਲਿ ਸੋਭਾ ਦੈ ਸੁਹਾਵਈ।<br>
ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ<br>
ਸ਼ਬਦ ਸੁਰਤਿ ਗੁਰ ਗਿਆਨ ਉਪਜਾਵਈ।<br>
ਜੋਈ ਪ੍ਰਿਅ ਭਾਵੈ ਦਹ ਦਿਸਿ ਪ੍ਰਗਟਾਵੈ ਤਾਹਿ<br>
ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ।<br>
ਜੋਈ ਪ੍ਰਿਅ ਭਾਵੈ ਸਿਹਜਾਸਨ ਮਿਲਾਵੈ ਤਾਹਿ<br>
ਪ੍ਰੇਮ ਰਸ ਬਸਿ ਕਰਿ ਅਪਿਉ ਪੀਆਵਈ।

(ਕ. ਸ. 208)

ਜਿਹੜੀ ਜੀਵ-ਆਤਮਾ ਪ੍ਰਭੂ-ਪ੍ਰੀਤਮ ਨੂੰ ਪਸੰਦ ਆ ਜਾਏ ਉਹਦੇ ਤੇ (ਗੁਰੂ ਦੇ ਰੂਪ ਵਿਚ) ਆਪਣੀ ਕਿਰਪਾ ਦ੍ਰਿਸ਼ਟੀ ਪਾਉਂਦਾ ਹੈ, ਤੇ ਆਪਣਾ

Sri Satguru Jagjit Singh Ji eLibrary NamdhariElibrary@gmail.com

ਦੀਦਾਰ ਬਖਸ਼ਦਾ ਹੈ, ਇਸ ਦ੍ਰਿਸ਼ਟੀ ਤੇ ਦਰਸ਼ਨ ਦੇ ਸੁਮੇਲ ਨਾਲ ਉਹ ਨਿਹਾਲ ਹੋ ਜਾਂਦੀ ਹੈ ਤੇ ਉਹਦੀ ਸ਼ੋਭਾ ਨੂੰ ਚਾਰ ਚੰਦ ਲਗ ਜਾਂਦੇ ਹਨ।

ਉਹ ਇਸ ਜਗਿਆਸੂ ਕਾਮਿਨੀ ਨੂੰ (ਗੁਰੂ ਦੁਆਰਾ) ਦੀਖਿਅਤ ਕਰਦਾ ਹੈ ਤੇ ਉਹ ਉਹਦੇ ਉਕਤ ਉਪਦੇਸ਼ ਅਨੁਸਾਰ ਸ਼ਬਦ ਵਿਚ ਸੁਰਤਿ ਜੋੜ ਕੇ ਅੰਦਰ ਪਰਦਾ ਖੋਲ੍ਹ ਲੈਂਦੀ ਹੈ।

ਪ੍ਰਭੂ ਦੀ ਦਇਆ ਤੇ ਸੁਰਤਿ ਸ਼ਬਦ ਦੇ ਅਭਿਆਸ ਰਾਹੀਂ ਲੱਭੀ ਦਿੱਬ-ਦ੍ਰਿਸ਼ਟੀ ਕਾਰਨ ਉਹਨੂੰ ਦਸੋ ਦਿਸ਼ਾਵਾਂ ਕੀ, ਤਿੰਨਾਂ ਲੋਕਾਂ, ਸਾਰੇ ਖੰਡਾਂ-ਬ੍ਰਹਿਮੰਡਾਂ ਦੀ ਗੰਮਤਾ ਪ੍ਰਾਪਤ ਹੋ ਜਾਂਦੀ ਹੈ, ਤੇ ਉਹ ਇਸ ਸਾਰੀ ਦਿਸਦੀ ਵਸਦੀ ਦੁਨੀਆ ਦੇ ਸੁਆਮੀ, ਪ੍ਰਭੂ ਪ੍ਰੀਤਮ, ਦੀ ਨਾਇਕਾ ਅਖਵਾਉਣ ਦੀ ਅਧਿਕਾਰੀ ਬਣ ਜਾਂਦੀ ਹੈ।

ਪ੍ਰਭੂ ਉਹਦੇ ਅੰਤਹਕਰਣ ਦੀ ਸੇਜ ਤੇ ਪਧਾਰ ਕੇ ਉਹਨੂੰ ਗਲ ਲਾ ਲੈਂਦਾ ਹੈ, ਤੇ ਉਹਦੇ ਅੰਗ ਸੰਗ ਰਹਿੰਦਾ ਹੈ, ਉਹਨੂੰ ਅਗੰਮੀ ਪਿਰਮ ਰਸ ਰੂਪੀ ਅੰਮ੍ਰਿਤ ਨਾਲ ਤ੍ਰਿਪਤ ਕਰ ਦਿੰਦਾ ਹੈ।

*ਗੁਰੂ ਦੀ ਲੋੜ*

ਭਾਈ ਸਾਹਿਬ ਨੂੰ ਅਹਿਸਾਸ ਸੀ ਕੇਵਲ ਜਾਣ ਲੈਣ ਨਾਲ ਕਿ ਪਰਮੇਸ਼ਰ ਸਾਡੇ ਹਰ ਪਾਸੇ ਕਣ-ਕਣ ਵਿਚ ਵੱਸਦਾ ਹੈ, ਸਾਡੇ ਅੰਦਰ ਵੀ, ਉਹਦਾ ਦੀਦਾਰ ਨਹੀਂ ਹੋ ਜਾਣ ਲੱਗਾ, ਇਸ ਲਈ ਸਪਸ਼ਟ ਕਰ ਦਿੱਤਾ, ਉਹ ਮਨੋਰਥ ਪੂਰਾ ਹੋਵੇਗਾ, ਸਤਿਗੁਰੂ ਦੀ ਸਹਾਇਤਾ ਦੁਆਰਾ। ਪ੍ਰਭੂ ਦੀ ਦਇਆ, ਗੁਰੂ ਰਾਹੀਂ ਵਰਤਦੀ ਹੈ :

ਆਪੇ ਆਪ ਵਰਤੰਦਾ ਗੁਰਮੁਖਿ ਨਿਸਤਾਰਾ। (ਵ. 2, ਪੌ. 9)

ਬੇਸ਼ਕ ਪਤਾ ਹੁੰਦਾ ਹੈ ਖੂਹ ਵਿਚ ਪਾਣੀ ਹੈ, ਉਹ ਬੁਲ੍ਹਾਂ ਤਕ ਪਹੁੰਚਦਾ ਹੈ, ਲੱਜ, ਡੋਲ ਦੇ ਵਸੀਲੇ ਨਾਲ ਹੀ।

*ਜਨਮ ਸਫਲ*

ਜਿਸ ਪ੍ਰਤਿਪਾਲਕ ਪਿਤਾ ਨੇ ਜਨਮ ਤੋਂ ਮੌਤ ਤਕ ਸਾਥ ਦਿੱਤਾ ਤੇ ਦੇਣਾ ਹੈ, ਜੇ ਉਹਦੇ ਵਿਚ ਰਚ ਜਾਂ ਸਮਾ ਜਾਈਏ, ਤਾਹੀਓਂ ਸਾਡਾ ਸੰਸਾਰ ਵਿਚ ਆਉਣਾ ਸਫਲ ਹੋਵੇਗਾ :

ਜਨਮ ਜੀਵਨ ਅੰਤ ਕਾਲ ਕੇ ਸੰਗਾਤੀ ਰਾਚਹੁ
ਸਫਲ ਅਉਸਰ ਜਗ ਤਬ ਹੀ ਤਉ ਆਇਆ ਕੋ।
(ਕ. ਸ. 592)

Sri Satguru Jagjit Singh Ji eLibrary NamdhariElibrary@gmail.com

# ਗੁਰਦੇਵ

***ਗੁਰੂ ਪ੍ਰਭੂ ਰੂਪ***

ਗੁਰਦੇਵ ਕਿਹੋ ਜਿਹਾ ਹੁੰਦਾ ਹੈ? ਭਾਈ ਗੁਰਦਾਸ ਅਨੁਸਾਰ ਹੇਠ ਦੱਸੇ ਗੁਣਾਂ ਵਾਲੇ ਪ੍ਰਭੂ ਪਰਮੇਸ਼ਰ ਦਾ ਆਪਣਾ ਪ੍ਰਤੱਖ ਰੂਪ :

ਨਿਰੰਕਾਰ ਨਿਰਾਧਾਰ ਨਿਰਾਹਾਰ ਨਿਰਬਿਕਾਰ
ਅਜੋਨੀ ਅਕਾਲ ਅਪਰੰਪਰ ਅਭੇਵ[1] ਹੈ।
ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ
ਨਿਰਭੈ ਨਿਰੰਜਨ ਅਤਹ[2] ਪਰ ਅਤੇਵ[3] ਹੈ।
ਅਬਿਗਤਿ[4] ਅਗਮ ਅਗੋਚਰ ਅਗਾਧਿ ਬੋਧਿ
ਅਚੁਤ[5] ਅਲਖ ਅਤਿ ਅਛਲ ਅਛੇਵ[6] ਹੈ।
ਬਿਸਮੈ ਬਿਸਮ ਅਸਚਰਜੈ ਅਸਚਰਜ ਮੈ
ਅਦਭੁਤ ਪਰਮਦਭੁਤ ਗੁਰਦੇਵ ਹੈ।

(ਕ. ਸ. 344)

ਜਿਸ ਭਾਂਤ ਦੇ ਵਿਅਕਤੀ ਨਾਲ ਸਾਡਾ ਵਾਹ ਪਵੇ ਉਹਦੇ ਨਾਲ ਉਸੇ ਤਰ੍ਹਾਂ ਦਾ ਸਲੂਕ ਕਰਨਾ ਹੁੰਦਾ ਹੈ ਤੇ ਮਾਨ ਮਰਿਆਦਾ ਵਲੋਂ ਸਾਵਾਂ ਉੱਤਰਨ ਲਈ ਜ਼ਰੂਰੀ ਹੈ ਕਿ ਉਸ ਵਿਅਕਤੀ ਨੂੰ ਭਲੀ-ਭਾਂਤ ਜਾਣ ਲਿਆ ਜਾਵੇ। ਸ਼ਹਿਨਸ਼ਾਹਾਂ ਨਾਲ ਰਾਜਦੂਤਾਂ ਵਰਗਾ ਵਿਹਾਰ ਨਹੀਂ ਕੀਤਾ ਜਾਂਦਾ ਨਾ ਸ਼ਾਹੂਕਾਰ ਤੇ ਭਿਖਾਰੀ ਇਕੋ ਰੱਸੇ ਬੰਨ੍ਹੇ ਜਾ ਸਕਦੇ ਹਨ। ਜਿਸ ਸਤਿਗੁਰੂ ਬਾਰੇ ਅਸੀਂ ਚਰਚਾ ਕਰਨ ਲੱਗੇ ਹੋਏ ਹਾਂ, ਉਹਦਾ ਕੀ ਮਰਤਬਾ ਹੈ, ਇਹ ਭਾਈ ਗੁਰਦਾਸ ਤੋਂ ਬਿਹਤਰ ਕੌਣ ਦੱਸੇਗਾ :

ਪਾਰਬ੍ਰਹਮ ਪੂਰਨ ਬ੍ਰਹਮੁ ਆਦਿਪੁਰਖ ਹੈ ਸਤਿਗੁਰ ਸੋਈ।

(ਵ. 29, ਪੌ. 17)

---

1. ਭੇਦ ਤੋਂ ਰਹਿਤ 2. ਮਹਾਨ, 3. ਬਹੁਤ ਹੀ ਮਹਾਨ 4. ਪਹੁੰਚ ਤੋਂ ਪਰ੍ਹੇ, 5. ਅਟਲ 6. ਬਿਨਾਂ ਛਿਦ੍ਰ।



Sri Satguru Jagjit Singh Ji eLibrary NamdhariElibrary@gmail.com

ਜਿਵੇਂ ਨਿਰਗੁਣ ਬ੍ਰਹਮ ਤੇ ਸਰਗੁਣ ਬ੍ਰਹਮ ਇਕੋ ਹਸਤੀ ਦੇ ਦੋ ਵੱਖਰੇ-ਵੱਖਰੇ ਨਾਉਂ ਹਨ, ਓਵੇਂ ਆਦਿ ਪੁਰਖ ਤੇ ਸਤਿਗੁਰੂ ਵਿਚ ਕੋਈ ਅੰਤਰ ਨਹੀਂ। ਜਦੋਂ ਸਿੱਖ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਗੁਰੂ ਤੇ ਪਰਮੇਸ਼ਰ ਇਕੋ ਹਨ, ਦੋ ਨਹੀਂ, ਉਹ ਦਵੈਤ ਭਾਵ ਤੋਂ ਮੁਕਤ ਹੋ ਜਾਂਦਾ ਹੈ :

ਗੁਰੁ ਪਰਮੇਸਰ ਏਕ ਜਾਣਿ ਦੂਜਾ ਭਾਉ ਮਿਟਾਇ ਉਪਾਧੇ।

(ਵ. 29, ਪੌ. 3)

ਤਥਾ :

ਗੁਰ ਪਰਮੇਸਰ ਇਕ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ।

(ਵ. 29 ਪੌ. 14)

ਸਤਿਗੁਰੂ ਹੀ ਪੂਰਨ ਬ੍ਰਹਮ ਦਾ ਸੱਚਾ ਰੂਪ ਹੈ, ਇਸ ਕਾਰਣ ਸਤਿਗੁਰੂ ਦਾ ਧਿਆਨ ਕਰਨਾ ਪੂਰਨ ਬ੍ਰਹਮ ਦਾ ਧਿਆਨ ਧਰਨਾ ਹੈ। ਸੱਚੇ ਨਾਮ ਦਾ ਗੁਰਮੰਤਰ ਜਿਹੜਾ ਸਤਿਗੁਰੂ ਤੋਂ ਮਿਲਦਾ ਹੈ ਉਹ ਸੱਚਾ ਪਾਰਬ੍ਰਹਮ ਹੀ ਹੁੰਦਾ ਹੈ :

ਸਤਿ ਰੂਪ ਸਤਿਗੁਰੁ ਪੂਰਨ ਬ੍ਰਹਮ ਧਿਆਨ
ਸਤਿਨਾਮੁ ਸਤਿਗੁਰ ਸਤਿ ਪਾਰਬ੍ਰਹਮ ਹੈ।

(ਕ. ਸ. 343)

ਗੁਰਸਿਖ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਪ੍ਰਤੱਖ ਦੇਹ-ਸਰੂਪ, ਪੂਰਨ ਬ੍ਰਹਮ ਸਵੀਕਾਰ ਕਰ ਕੇ ਹੀ ਸ਼ਬਦ ਵਿਚ ਸੁਰਤਿ ਦੁਆਰਾ ਲਿਵ ਲਾਉਂਦਾ ਹੈ :

ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨਿ
ਗੁਰ ਸਿਖ ਸ਼ਬਦ ਸੁਰਤਿ ਲਿਵ ਲਾਵਹੀ।

(ਕ. ਸ. 341)

ਜਿਹੜਾ ਪਰਮੇਸ਼ਰ ਮੁੱਢ ਵਿਚ ਸੀ, ਤੇ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਸ਼ੁਰੂਆਤ ਹੋਈ ਓਹੀਓ, ਸੱਚਾ, ਅਬਿਚਲ, ਅਟਲ ਪਰਮੇਸ਼ਰ ਸਤਿਗੁਰੂ ਦਾ ਵੇਸ ਧਾਰ ਕੇ ਜਗਤ ਵਿਚ ਆਉਂਦਾ ਹੈ, ਪਰ ਸਤਿਗੁਰੂ ਰੂਪ ਵਿਚ ਉਹਦੀ ਸ਼ਨਾਖਤ, ਪਰਤੀਤੀ, ਸ਼ਬਦ ਦੀ ਕਮਾਈ ਦੁਆਰਾ ਕੀਤੀ ਜਾ ਸਕਦੀ ਹੈ, ਐਵੇਂ ਨਹੀਂ। ਸਗੋਂ ਸਤਿਗੁਰੂ ਦੀ ਸਿੱਖਿਆ ਅਨੁਸਾਰ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਤਾਂ ਉਹਦੇ ਵਿਚ ਸਮਾਇਆ, ਉਹਦੇ ਨਾਲ ਸਮਰੂਪ ਵੀ ਹੋਇਆ ਜਾ ਸਕਦਾ ਹੈ :

ਆਦਿ ਪੁਰਖ ਆਦੇਸ ਆਦਿ ਵਖਾਣਿਆ।
ਸੋ ਸਤਿਗੁਰ ਸਚਾ ਵੇਸੁ ਸਬਦਿ ਸਿਞਾਣਿਆ।
ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ।

(ਵ. 3, ਪੌ. 1)

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਉਸੇ ਪ੍ਰਕਾਰ ਜਨਮ ਲੈਂਦੇ ਪ੍ਰਤੀਤ ਹੁੰਦੇ ਹਨ, ਜਿਸ ਤਰ੍ਹਾਂ ਹੋਰ ਬਾਲ। ਉਹਨਾਂ ਦਾ ਬਾਹਰਮੁਖੀ ਆਕਾਰ ਓਵੇਂ ਹੀ ਪਰਵਰਿਸ਼ ਦੁਆਰਾ ਵਿਕਸਿਤ ਹੁੰਦਾ, ਸਮੇਂ ਦੀ ਤੋਰ ਨਾਲ ਢਲਦਾ, ਕਮਜ਼ੋਰ ਪੈਂਦਾ, ਤੇ ਅੰਤ ਵਿਚ ਨਿਸ਼ਪ੍ਰਾਣ ਹੋ ਕੇ ਮਿੱਟੀ ਵਿਚ ਮਿਲ ਜਾਂਦਾ ਹੈ, ਜਿਵੇਂ ਹੋਰ ਵਿਅਕਤੀਆਂ ਦਾ ਪੰਜ-ਭੌਤਿਕ ਆਕਾਰ। ਪਰ ਇਹ ਸਾਰੀ ਖੇਡ ਕੇਵਲ ਸੰਸਾਰੀ ਨਜ਼ਰਾਂ ਲਈ ਹੁੰਦੀ ਹੈ, ਐਵੇਂ ਭਰਮ ਭੁਲੇਵਾਂ। ਅਸਲ ਵਿਚ :

ਪੁਰਖ ਪੁਰਾਤਨੁ ਸਤਿਗੁਰੂ ਓਤਿ ਪੋਤਿ ਇਕ ਸੂਤ੍ਰ ਬਣਾਇਆ।

(ਵ. 39, ਪੌ. 13)

ਸਤਿਗੁਰੂ ਤਾਂ ਸਨਾਤਨ ਪੁਰਸ਼ ਹੁੰਦੇ ਹਨ, ਉਹਨਾਂ ਦਾ ਯਥਾਰਥਕ ਵਜੂਦ ਸ਼ਬਦ ਹੁੰਦਾ ਹੈ, ਉਹਨਾਂ ਦੀ ਸਥੂਲ ਦੇਹਿ ਨਹੀਂ, ਤੇ ਉਹਨਾਂ ਦਾ ਉਪਰ ਦਸਿਆ ਸ਼ਬਦ ਸਰੂਪ, ਕਪੜੇ ਦੇ ਤਾਣੇ-ਪੇਟੇ ਵਾਂਗ, ਪਰਮੇਸ਼ਰ ਨਾਲ ਘੁਲਿਆ ਮਿਲਿਆ ਹੁੰਦਾ ਹੈ।

ਸਤਿਗੁਰੂ ਬਾਰੇ ਜਾਣਕਾਰੀ ਦਿੰਦਿਆਂ ਭਾਈ ਸਾਹਿਬ ਲਿਖਦੇ ਹਨ :

ਦਰਸ ਬ੍ਰਹਮ ਧਿਆਨ ਸ਼ਬਦ ਬ੍ਰਹਮ ਗਿਆਨ
ਸੰਗਤਿ ਬ੍ਰਹਮ ਥਾਨ ਪ੍ਰੇਮਿ ਪਹਿਚਾਨੀਐ।

(ਕ. ਸ. 151)

ਅੰਦਰ ਉਹਦਾ ਦਰਸ਼ਨ ਕੀਤਾ ਤਾਂ ਸਮਝੋ ਪ੍ਰਭੂ ਦਾ ਧਿਆਨ ਧਰਿਆ ਗਿਆ, ਉਹਦਾ ਸ਼ਬਦ ਸੁਣਨ ਨਾਲ ਬ੍ਰਹਮ ਦੀ ਪਰਾਪਤੀ ਹੋ ਗਈ, ਜਿੰਨਾ ਚਿਰ ਉਹਦੀ ਸੰਗਤ ਵਿਚ ਬੈਠਣਾ ਜੁੜਿਆ, ਜਾਣੋਂ ਸਚਖੰਡ ਵਿਚ ਜਾ ਬਿਰਾਜੇ। ਇਹ ਹਕੀਕਤ ਪ੍ਰਗਟ ਹੁੰਦੀ ਹੈ, ਪ੍ਰੀਤਵਾਨ ਵਿਅਕਤੀਆਂ ਉੱਤੇ ਹੀ।

ਅੰਬ ਦਾ ਬਿਰਛ ਕਿੱਡਾ ਵੱਡਾ ਹੁੰਦਾ ਹੈ, ਜੜ, ਤਣਾ, ਟਾਹਣੇ, ਟਾਹਣੀਆਂ, ਪੱਤੇ ਪਰ ਖਾਣ ਦੇ ਕੰਮ ਉਹਦਾ ਰਸਮਈ ਤੇ ਸੁਗੰਧਿਤ ਫਲ ਹੀ ਆਉਂਦਾ ਹੈ। ਓਵੇਂ ਹੀ ਪਰਮੇਸ਼ਰ ਬੇਸ਼ੱਕ ਸਰਬ-ਸਮਰੱਥ ਹੈ ਤੇ ਖੰਡਾਂ ਬ੍ਰਹਿਮੰਡਾਂ ਦੇ ਕਣ-ਕਣ ਵਿਚ ਸਮਾਇਆ ਹੋਇਆ ਵੀ, ਉਹਦੀ ਇਸ ਵਿਆਪਕ ਤੇ ਸ਼ਕਤੀਵਾਨ ਹੋਂਦ ਤੋਂ ਸਾਨੂੰ ਆਤਮ-ਆਨੰਦ ਜਿਹੇ ਕਿਸੇ ਲਾਭ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਕਤ ਪ੍ਰਾਪਤੀ ਦਾ ਮਾਧਿਅਮ ਸਤਿਗੁਰੂ ਹੀ ਹੈ। ਜੋ ਕੁਝ ਪਰਮੇਸ਼ਰ ਤੋਂ ਲੈਣ ਜੋਗਾ ਹੈ ਉਹ ਸਤਿਗੁਰੂ ਦੀ ਦਇਆ ਨਾਲ ਉਹਦੇ ਰਾਹੀਂ ਹਾਸਲ ਹੁੰਦਾ ਹੈ। ਇਸ ਲਈ ਭਾਈ ਸਾਹਿਬ ਸਤਿਗੁਰੂ ਨੂੰ ਪਾਰਬ੍ਰਹਮ ਬਿਰਛ ਦਾ ਸੁਖ-ਫਲ ਕਹਿੰਦੇ ਹਨ :

Sri Satguru Jagjit Singh Ji eLibrary NamdhariElibrary@gmail.com

ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧ ਸੰਜਾਰੀ।
ਪੂਰਨ ਬ੍ਰਹਮ ਜਗਤ ਵਿਚ ਗੁਰਮੁਖ ਸਾਧ ਸੰਗਤਿ ਨਿਰੰਕਾਰੀ।
ਗੁਰਮੁਖਿ ਸੁਖ ਫਲ ਅਪਰ ਅਪਾਰੀ। (ਵ. 7, ਪੌ. 17)

### *ਪ੍ਰਭੂ ਪ੍ਰਾਪਤੀ ਦਾ ਵਸੀਲਾ*

ਸੰਸਾਰ ਵਿਚ ਜੋ ਕੁਝ ਵਾਪਰਦਾ ਹੈ, ਪ੍ਰਭੂ ਦਾ ਕੀਤਾ ਵਾਪਰਦਾ ਹੈ- ਕਰਨ ਕਰਾਵਨ ਆਪੇ ਆਪਿ। (ਮ : 5, ਅ : ਗ. ਪੰ. 279)। ਪਰ ਕੁੱਲਮ-ਕੁੱਲ, ਸਰਬ-ਸ਼ਕਤੀਮਾਨ ਹੋਣ ਦੇ ਬਾਵਜੂਦ ਅਗੰਮਤਾ, ਅਗੋਚਰਤਾ ਜਿਹੀਆਂ ਉਹਦੀਆਂ ਕੁਛ ਮਜਬੂਰੀਆਂ ਵੀ ਹਨ। ਇਸ ਲਈ ਉਹਨੂੰ ਕਈ ਥਾਈਂ ਕੋਈ ਓਹਲਾ ਵਰਤਣਾ ਪੈਂਦਾ ਹੈ। ਜਦ ਚੁਰਾਸੀ ਦੇ ਕੋਹਲੂ ਵਿਚ ਪੀੜੀ ਜਾ ਰਹੀ ਮਨੁੱਖ ਜਾਤੀ ਦੇ ਉੱਧਾਰ ਦੀ ਦਿਸ਼ਾ ਵਿਚ ਕੁਝ ਕਰਨਾ ਹੋਵੇ ਤਾਂ ਉਹ ਖ਼ੁਦ ਸਨਮੁਖ ਨਾ ਹੋ ਕੇ ਸੰਤਾਂ ਸਤਿਗੁਰੂਆਂ ਦਾ ਮਾਧਿਅਮ ਅਪਣਾਉਂਦਾ ਹੈ :

ਆਪੇ ਆਪਿ ਵਰਤਦਾ ਗੁਰਮੁਖਿ ਨਿਰਧਾਰਾ।
(ਵ. 2, ਪੌ. 19)

ਆਪੇ ਆਪਿ ਵਰਤਦਾ ਗੁਰਮੁਖਿ ਪਰਵਾਣਾ।
(ਵ. 2, ਪੌ. 20)

### *ਸਤਿਗੁਰੂ ਸ਼ਬਦ ਸਰੂਪੀ*

ਸਤਿਗੁਰੂ ਸਾਧਾਰਨ ਮਨੁੱਖ ਨਹੀਂ ਹੁੰਦਾ। ਭਾਵੇਂ ਕਿ ਉਹਨੇ ਜਾਮਾ ਮਨੁੱਖਾਂ ਵਾਲਾ ਹੀ ਪਹਿਨਿਆ ਹੁੰਦਾ ਹੈ, ਉਹਦਾ ਅਸਲੀ ਰੂਪ ਹੁੰਦਾ ਹੈ ਸ਼ਬਦ। ਜਦੋਂ ਧਿਆਨ ਵਿਚੋਂ ਦੀ ਹੋ ਕੇ ਗਿਆਨ ਦੀ ਅਵਸਥਾ ਪ੍ਰਾਪਤ ਹੋ ਜਾਵੇ ਤਾਂ ਨਿਸ਼ਚੇ ਹੀ ਸਮਝ ਪੈ ਜਾਂਦੀ ਹੈ ਕਿ ਸਤਿਗੁਰੂ ਸ਼ਬਦ ਵਿਚ ਸਮਾਇਆ ਹੋਇਆ ਹੈ। ਸ਼ਬਦ ਤੇ ਸਤਿਗੁਰੂ, ਉਹਨਾਂ ਨੂੰ ਵੱਖ-ਵੱਖ ਆਖਣ ਲਈ, ਓਵੇਂ ਲਕੀਰ ਨਹੀਂ ਖਿੱਚੀ ਜਾ ਸਕਦੀ ਜਿਵੇਂ ਬ੍ਰਹਮ ਨੂੰ ਨਿਰਗੁਣ ਤੇ ਸਰਗੁਣ ਦੀਆਂ ਸੰਗਿਆਵਾਂ ਦੁਆਰਾ ਦੋ ਨਹੀਂ ਮੰਨਿਆ ਜਾ ਸਕਦਾ :

ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ
ਨਿਰਗੁਨ ਸਗੁਨ ਗਿਆਨ ਧਿਆਨ ਸਮਝਾਵੈ ਜੀ।
(ਕ. ਸ. 608)

ਕਈ ਤੱਥ ਆਪਣੇ ਆਪ ਵਿਚ ਏਡੇ ਵਜ਼ਨਦਾਰ ਹੁੰਦੇ ਹਨ ਕਿ ਸੁਣਦੇ-ਸਾਰ ਉਹਨਾਂ ਦਾ ਯਕੀਨ ਆ ਜਾਂਦਾ ਹੈ, ਕੁਝ ਹੋਰਾਂ ਦਾ ਉਕਤੀਆਂ ਦੁਆਰਾ ਸਮਰਥਨ ਕੀਤੇ ਜਾਣ ਤੇ। ਤੇ ਕੁਝ ਅਜਿਹੇ ਵੀ ਹੁੰਦੇ ਹਨ ਕਿ ਉਹਨਾਂ ਨੂੰ ਅਕਲ

Sri Satguru Jagjit Singh Ji eLibrary NamdhariElibrary@gmail.com

ਮੰਨ ਲੈਂਦੀ ਹੈ ਪਰ ਮਨ ਨੂੰ ਪੂਰੀ ਤਰ੍ਹਾਂ ਪਰਤੀਤੀ ਨਹੀਂ ਆਉਂਦੀ, ਉਹ ਸੌ ਫ਼ੀ ਸਦੀ ਕਾਇਲ ਨਹੀਂ ਹੁੰਦਾ। ਇਸ ਭਾਂਤ ਦੀ ਸਥਿਤੀ ਵਿਚ ਸੁਣੇ ਦੀ ਘਾਟ ਨੂੰ ਦੇਖਿਆ ਪੂਰਦਾ ਹੈ, ਉਹ ਸਾਰੇ ਸ਼ੁਬ੍ਹਿਆਂ ਸ਼ੰਕਿਆਂ ਨੂੰ ਸ਼ਾਂਤ ਕਰ ਦਿੰਦਾ ਹੈ। ਸਤਿਗੁਰੂ ਪਰਮੇਸ਼ਰ ਹੀ ਹੁੰਦਾ ਹੈ, ਹਰ ਜਗਿਆਸੂ ਲਈ ਮੰਨ ਲੈਣਾ ਆਸਾਨ ਨਹੀਂ, ਪਰ ਜਦ ਉਹ ਸਤਿਗੁਰੂ ਨੂੰ ਉਹਦੇ ਸ਼ਬਦ (ਨੂਰੀ) ਸਰੂਪ ਵਿਚ ਤੱਕ ਲਵੇ, ਫੇਰ ਵਿਸ਼ਵਾਸ ਦੇ ਡੋਲਣ ਦੀ ਉਕਾ ਗੁੰਜਾਇਸ਼ ਨਹੀਂ ਰਹਿੰਦੀ। ਇਸ ਹਕੀਕਤ ਦੀ ਸਾਖੀ ਭਰਦਿਆਂ ਭਾਈ ਗੁਰਦਾਸ ਫ਼ਰਮਾਉਂਦੇ ਹਨ :

ਆਦਿ ਪੁਰਖ ਆਦੇਸ ਆਦਿ ਵਖਾਣਿਆ।
ਸੋ ਸਤਿਗੁਰ ਸਚਾ ਵੇਸੁ ਸਬਦਿ ਸਿੰਞਾਣਿਆ।

(ਵ. 3, ਪੌ. 1)

ਫਲ ਬਿਰਛ ਤੋਂ ਪੈਦਾ ਹੁੰਦਾ ਹੈ ਕਿ ਬਿਰਛ ਫਲ ਤੋਂ ? ਇਸ ਪ੍ਰਸ਼ਨ ਦਾ ਉੱਤਰ ਦੇਣਾ ਸੌਖਾ ਨਹੀਂ, ਕਿਉਂਕਿ ਫਲ ਬਿਰਛ ਨੂੰ ਹੀ ਲਗਦਾ ਹੈ ਤੇ ਬਿਰਛ ਉਸ ਬੀਜ ਤੋਂ ਜਨਮ ਲੈਂਦਾ ਹੈ, ਜਿਹੜਾ ਫਲ ਦੇ ਅੰਦਰ ਛੁਪਿਆ ਹੁੰਦਾ ਹੈ। ਇਹੋ ਸਮਾਨ ਸਥਿਤੀ ਹੈ ਚੰਦਨ ਤੇ ਉਹਦੀ ਖ਼ੁਸ਼ਬੂ ਦੀ। ਖ਼ੁਸ਼ਬੂ ਚੰਦਨ ਵਿਚ ਵਸਦੀ ਹੈ ਤੇ ਉਹ ਆਪ (ਖ਼ੁਸ਼ਬੂ) ਚੰਦਨ ਤੋਂ ਖਾਲੀ ਨਹੀਂ ਹੁੰਦੀ, ਜਾਂ ਫੇਰ ਲਕੜੀ ਤੇ ਅਗਨੀ ਦੀ। ਉਸੇ ਭਾਂਤ ਸਤਿਗੁਰੂ (ਸਗੁਣ ਬ੍ਰਹਮ) ਤੇ ਸ਼ਬਦ (ਨਿਰਗੁਣ ਬ੍ਰਹਮ) ਇਕ ਦੂਜੇ ਵਿਚ ਸਮਾਏ ਰਹਿੰਦੇ ਹਨ। ਉਹਨਾਂ ਵਿਚਕਾਰ ਦੱਸੀਦਾ ਅੰਤਰ ਕੇਵਲ ਆਖਣ ਮਾਤਰ ਹੈ, ਯਥਾਰਥ ਨਹੀਂ, ਤਦੇ ਸਤਿਗੁਰੂ ਨੂੰ ਸ਼ਬਦ ਸਰੂਪੀ ਆਖ ਲਿਆ ਜਾਂਦਾ ਹੈ ਜਾਂ ਸ਼ਬਦ ਨੂੰ ਗੁਰੂ (ਸਬਦੁ ਗੁਰੂ ਸੁਰਤਿ ਧੁਨਿ ਚੇਲਾ। (ਮ: 1, ਅ: ਗ: ਪੰ. 943)

ਜੈਸੇ ਫਲ ਤੇ ਬ੍ਰਿਖ ਬਿਰਖ ਤੇ ਹੋਤ ਫਲ
ਅਦਭੁਤ ਗਤਿ ਕਛੁ ਕਹਤ ਨ ਆਵੈ ਜੀ।
ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ
ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ।
ਕਾਸਟ ਮੈ ਅਗਨਿ ਅਰੁ ਅਗਨਿ ਮੈ ਕਾਸਟ ਜੈਸੇ
ਅਤਿ ਅਸਚਰਜ ਮੈ ਕੌਤਕ ਕਹਾਵੈ ਜੀ।
ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ
ਨਿਗੁਨ ਸਗੁਨ ਗਿਆਨ ਧਿਆਨ ਸਮਝਾਵੈ ਜੀ।

(ਕ. ਸ. 608)

Sri Satguru Jagjit Singh Ji eLibrary NamdhariElibrary@gmail.com

***ਸਤਿਗੁਰੂ ਸਭ ਤੋਂ ਉੱਚਾ ਹੈ***

ਭਾਵੇਂ ਕਿੰਨੇ ਹੀ ਵੇਦ ਸ਼ਾਸਤਰ ਸਿਮ੍ਰਤੀਆਂ ਤੇ ਮਹਾਂਭਾਰਤ, ਰਾਮਾਇਣ ਜਿਹੇ ਮਹਾਨ ਮੰਨੀਦੇ ਹੋਰ ਗ੍ਰੰਥ ਪੜ੍ਹ ਲਏ ਜਾਣ, ਜੋਤਿਸ਼ ਵਿਗਿਆਨੀਆਂ, ਗਾਇਤ੍ਰੀ, ਭਾਗਵਤ ਆਦਿ ਦੇ ਪਾਠੀਆਂ ਤੇ ਮੰਤਰ-ਵਾਚਕਾਂ ਦੀਆਂ ਸੇਵਾਵਾਂ ਪ੍ਰਾਪਤ ਕਰ ਲਈਆਂ ਜਾਣ, ਕਿੰਨੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ ਸਰੀਖੇ ਅਵਤਾਰਾਂ, ਨਾਰਦ, ਬਿਆਸ, ਸਨਕਾਦਿਕ ਵਰਗੇ ਰਿਸ਼ੀਆਂ, ਗਿਆਨੀਆਂ, ਧਿਆਨੀਆਂ ਤੇ ਭਾਂਤ-ਭਾਂਤ ਦੇ ਮਤਾਂ ਦੇ ਮੁਖੀਆਂ ਦੇ ਫਲਸਫ਼ਿਆਂ ਦੇ ਮਾਹਿਰਾਂ ਨੂੰ ਵੀ ਪਹਿਲਾਂ ਦੱਸੇ ਸਿਰਕੱਢ ਵਿਅਕਤੀਆਂ ਦੀ ਪੰਕਤੀ ਵਿਚ ਲਿਆ ਖਲ੍ਹਾਰਿਆ ਜਾਵੇ ਤਾਂ ਵੀ ਉਹ ਸਾਰੇ ਮਿਲ ਕੇ ਪੂਰੇ ਸਤਿਗੁਰੂ ਦੀ ਤੁਲਨਾ ਵਿਚ ਊਣੇ ਹੀ ਰਹਿਣਗੇ। ਸਤਿਗੁਰੂ ਉਚਿਆਂ ਤੋਂ ਉਚਾ ਹੈ, ਤੇ ਉਹਦੇ ਬਚਨ ਕੁੱਲ ਮੰਤਰਾਂ ਦਾ ਮੂਲ। ਉਹਦੇ ਸ਼ਬਦ ਦੀ ਮਹਿਮਾ ਕਹਿਣ-ਸੁਣਨ ਦੀ ਚੀਜ਼ ਨਹੀਂ, ਉਸ ਤੱਥ ਨੂੰ ਸਵੀਕਾਰ ਕਰਦਿਆਂ ਉਸ ਦੀ ਸ਼ਰਧਾ ਸਹਿਤ ਕਮਾਈ ਦੁਆਰਾ, ਆਨੰਦਿਤ, ਕਿਰਤਾਰਥ ਹੋਣਾ ਉਚਿਤ ਹੈ :

ਸ਼ਾਸਤਰ ਸਿੰਮ੍ਰਿਤਿ ਵੇਦ ਲਖ ਮਹਾਂ ਭਾਰਥ ਰਾਮਾਇਣ ਮੇਲੇ।
ਸਾਰ ਗੀਤਾ ਲਖ ਭਾਗਵਤ ਜੋਤਕ[1] ਵੈਦ ਚਲੰਤੀ ਖੇਲੇ।
ਚਉਦਹ ਵਿਦਿਆ ਸਾਅੰਗੀਤ[2] ਬ੍ਰਹਮੇ ਬਿਸਨ ਮਹੇਸੁਰ ਭੇਲੇ[3]।
ਸਨਕਾਦਿਕ ਲਖ ਨਾਰਦਾ ਸੁਕ ਬਿਆਸ ਲਖ ਸੇਖ[4] ਨਵੇਲੇ।
ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੂ ਬਹੁ ਚੇਲੇ।
ਪੂਰਾ ਸਤਿਗੁਰ ਗੁਰਾਂ ਗੁਰੁ ਮੰਤ੍ਰ ਮੂਲ ਗੁਰਬਚਨ ਸੁਹੇਲੇ।
ਅਕਥ ਕਥਾ ਗੁਰ ਸਬਦੁ ਹੈ ਨੇਤਿ ਨੇਤਿ ਨਮੋ ਨਮੋ ਕੇਲੇ[5]।
ਗੁਰਮੁਖਿ ਸੁਖ ਫਲੁ ਅੰਮ੍ਰਿਤ ਵੇਲੇ। (ਵ. 16, ਪੌ. 20)

ਪੰਜ ਭੌਤਿਕ ਚੋਲਾ ਪਹਿਨ ਲੈਣ ਨਾਲ ਪ੍ਰਭੂ ਪਰਮੇਸ਼ਰ ਦੀਆਂ ਅਪਾਰ ਸ਼ਕਤੀਆਂ ਵਿਚ ਕੋਈ ਕਮੀ ਨਹੀਂ ਆ ਜਾਂਦੀ। ਸਤਿਗੁਰੂ ਰੂਪ ਵਿਚ ਉਹ ਉਤਨਾ ਹੀ ਸਮਰੱਥਾਵਾਨ ਹੁੰਦਾ ਹੈ, ਜਿੰਨਾ ਨਿਰਗੁਣ ਆਪਣੀ ਨਿਰਆਕਾਰਤਾ ਵਿਚ। ਗੁਰੂ ਜੋ ਕੁਝ ਚਾਹੇ ਕਰ ਸਕਦਾ ਹੈ, ਕੁਝ ਵੀ, ਪਰ ਉਹ ਸਿਰਜਣਹਾਰ ਦੀ ਰਜ਼ਾ ਵਿਚ ਜਿਊਣ ਕਾਰਣ ਛੇੜੀ ਕੀਤੇ ਉਸ ਵਿਚ ਦਖਲ-ਅੰਦਾਜ਼ ਨਹੀਂ ਹੁੰਦਾ।

---

1. ਜੋਤਸ਼ ਸ਼ਾਸਤਰ 2. ਰਾਗਵੇਤਾ, ਗਾਇਤ੍ਰੀ, ਪਾਠਕ 3. ਇਕੱਠੇ ਕਰੀਏ 4. ਸ਼ੇਖ ਨਾਗ 5. ਅਨੰਦ ਰੂਪ।

Sri Satguru Jagjit Singh Ji eLibrary NamdhariElibrary@gmail.com

ਕਰਣ ਕਾਰਣ ਸਮਰੱਥ ਹੋਇ ਕਾਰਣੁ ਕਰਣ ਨ ਕਾਰਣ ਕਰਣਾ।

(ਵ. 18, ਪੌ. 16)

ਪਰ ਇਹ ਨਹੀਂ ਕਿ ਸਤਿਗੁਰੂ ਕੁਦਰਤ ਦਾ ਤਮਾਸ਼ਾ ਦੇਖਣ ਵਿਚ ਹੀ ਵਿਅਸਤ ਰਹਿੰਦਾ ਹੈ, ਕਰਦਾ ਕੁਝ ਨਹੀਂ। ਉਹ ਪਥ-ਭ੍ਰਸ਼ਟ ਜੀਵਾਂ ਦੇ ਕਲਿਆਣ ਲਈ ਜਗਤ ਵਿਚ ਆਇਆ ਹੁੰਦਾ ਹੈ, ਆਪਣਾ ਇਹ ਕਰਤੱਵ ਤਾਂ ਉਹਨੇ ਨਿਭਾਉਣਾ ਹੀ ਹੋਇਆ। ਉਹ ਉਹਨਾਂ ਡਿਗੇ ਢੱਠੇ ਲੋਕਾਂ ਦੀ ਧਿਰ ਬਣਦਾ ਹੈ, ਜਿਹੜੇ ਕਿਸੇ ਵੀ ਆਸਰੇ ਤੋਂ ਸੱਖਣੇ ਹੋਣ ਤੇ ਉਹਦੀ ਸ਼ਰਨ ਵਿਚ ਆ ਜਾਣ :

ਪਤਿਤ ਉਧਾਰਣ ਅਸਰਣ ਸਰਣਾ। (ਵ. 18, ਪੌ. 16)

### *ਗੁਰੂ ਦੀ ਲੋੜ*

ਜਿਵੇਂ ਕੋਈ ਇਸਤਰੀ ਭਾਵੇਂ ਕਿੰਨੇ ਹੀ ਮਨ ਮੋਹਣੇ ਹਾਰ ਸ਼ਿੰਗਾਰ ਨਾਲ ਆਪਣੀ ਕਾਇਆ ਨੂੰ ਸਜਾ ਲਵੇ, ਜਦ ਤਕ ਪਤੀ ਦੇ ਸੰਜੋਗ ਦਾ ਅਵਸਰ ਨਾ ਬਣੇ, ਉਹ ਆਪਣੀ ਗੋਦ ਵਿਚ ਆਪਣੀ ਕੁੱਖ ਦਾ ਲਾਲ ਖਿਡਾਉਣ ਦੇ ਯੋਗ ਨਹੀਂ ਹੁੰਦੀ; ਜਿਵੇਂ ਕਿਸੇ ਬਿਰਛ ਨੂੰ ਬੇਸ਼ੱਕ ਕਿੰਨਾ ਵੀ ਬਾਕਾਇਦਗੀ ਨਾਲ ਦਿਨੇ ਰਾਤ ਪਾਣੀ ਦਿੱਤਾ ਜਾਂਦਾ ਰਹੇ, ਉਚਿਤ ਰੁੱਤ ਦੇ ਆਏ ਬਿਨਾਂ ਉਹਨੂੰ ਫੁੱਲ ਫਲ ਨਹੀਂ ਲਗਦੇ; ਜਿਵੇਂ ਕਿਸੇ ਕਿਸਾਨ ਨੇ ਭਾਵੇਂ ਮੁੜ ਮੁੜ ਵਾਹ ਸੁਹਾਗ ਕੇ ਬੀਜ ਪਾਇਆ ਹੋਵੇ ਉਹਦੀ ਜ਼ਮੀਨ ਬਾਰਸ਼ ਆਦਿ ਰਾਹੀਂ ਸਿੰਜੀ ਜਾਣ ਤੋਂ ਬਿਨਾਂ ਕੋਈ ਫ਼ਸਲ ਪੈਦਾ ਨਹੀਂ ਕਰੇਗੀ। ਉਸੇ ਤਰ੍ਹਾਂ ਗੁਰੂ ਤੋਂ ਵਿਹੂਣਾ ਕੋਈ ਜਗਿਆਸੂ ਬੇਸ਼ੱਕ ਇਕ ਤੋਂ ਬਾਅਦ ਇਕ, ਕਿੰਨੇ ਹੀ ਵੇਸ ਅਖ਼ਤਿਆਰ ਕਰ ਕੇ ਜੰਗਲਾਂ, ਪਹਾੜਾਂ, ਤੀਰਥਾਂ, ਧਾਮਾਂ ਆਦਿ ਦਾ ਭ੍ਰਮਣ ਕਰਦਾ ਰਹੇ, ਉਹਦੇ ਅੰਤਹਕਰਣ ਵਿਚ ਗਿਆਨ ਦੀ ਜੋਤ ਨਹੀਂ ਜਗਣ ਲਗੇਗੀ, ਉਸ ਵਿਚ ਅਗਿਆਨ ਦਾ ਅੰਧਕਾਰ ਹੀ ਛਾਇਆ ਰਹੇਗਾ :

ਕੋਟਿ ਪਰਕਾਰ ਨਾਰਿ ਸਾਜੈ ਜਉ ਸਿੰਗਾਰ ਚਾਰੁ
ਬਿਨੁ ਭਰਤਾਰਿ ਭੇਟੈ ਸੁਤ ਨ ਖਿਲਾਇ ਹੈ।
ਸਿੰਚੀਐ ਸਲਿਲ ਨਿਸ ਬਾਸਰੁ ਬਿਰਖ ਮੂਲ
ਫਲ ਨ ਬਸੰਤ ਬਿਨੁ ਤਾਸੁ ਪ੍ਰਗਟਾਇ ਹੈ।
ਸਾਵਨ ਸਮੇਂ ਕ੍ਰਿਸਾਨ ਖੇਤ ਜੋਤ ਬੀਜ ਬੋਵੈ
ਬਰਖਾ ਬਿਹੂਨ ਕਤ ਨਾਜ ਨਿਪਜਾਇ ਹੈ।
ਅਨਿਕ ਪ੍ਰਕਾਰ ਭੇਖ ਧਾਰਿ ਪ੍ਰਾਨੀ ਭ੍ਰਮੈ ਭੂਮਿ
ਬਿਨੁ ਗੁਰ ਉਰਿ ਗਯਾਨ ਦੀਪ ਨ ਜਗਾਇ ਹੈ।

(ਕ. ਸ. 635)

Sri Satguru Jagjit Singh Ji eLibrary NamdhariElibrary@gmail.com

ਗੁਰੂ ਦੀ ਲੋੜ ਦੇ ਪ੍ਰਸੰਗ ਵਿਚ ਭਾਈ ਗੁਰਦਾਸ ਡਾਢੇ ਬਲ ਨਾਲ ਦ੍ਰਿੜ੍ਹ ਕਰਵਾਉਂਦੇ ਹਨ ਕਿ ਚੰਬੇ ਦੀ ਬੇਲ ਭਾਵੇਂ ਕਿੰਨੀ ਹੀ ਦੂਰੀ ਤਕ, ਸੰਘਣੀ ਹੋ ਹੋ ਕੇ ਫੈਲ ਜਾਇ, ਫੁੱਲ ਪੈਣ ਤੋਂ ਅਗੋਂ ਉਸ ਵਿਚੋਂ ਜ਼ਰਾ ਜਿੰਨੀ ਵੀ ਸੁਗੰਧੀ ਨਹੀਂ ਆਉਂਦੀ; ਅੰਬ, ਜਾਮਣ ਜਿਹਾ ਕੋਈ ਬਿਰਛ ਬੇਸ਼ੱਕ ਕਿੱਡਾ ਵੀ ਕੱਦਾਵਰ ਹੋ ਲਵੇ, ਉਹਦੇ ਕੋਲੋਂ ਕਿਸੇ ਰਸ ਸੁਆਦ ਦੀ ਆਸ ਨਹੀਂ ਰੱਖੀ ਜਾ ਸਕਦੀ, ਜਦ ਤਕ ਉਸ ਨੂੰ ਫਲ ਨਾ ਲੱਗਣ; ਗੁਰੂ ਤੋਂ ਸਿੱਖਿਆ ਲੈ ਕੇ ਸ਼ਬਦ ਅਭਿਆਸ ਦੀ ਵਿਧੀ ਖੂਬ ਪੱਕੀ ਤਰ੍ਹਾਂ ਚੇਤੇ ਕਰ ਲਈ ਜਾਵੇ, ਪਰ ਜਿੰਨਾ ਚਿਰ ਸਿਮਰਨ ਦੁਆਰਾ ਉਸ ਦੀ ਕਮਾਈ ਨਹੀਂ ਕੀਤੀ ਜਾਂਦੀ ਨਾ ਅੰਤਹਕਰਣ ਵਿਚ ਜੋਤ ਜਗਦੀ ਹੈ ਨਾ ਸ਼ਬਦ ਪ੍ਰਗਟ ਹੁੰਦਾ ਹੈ; ਉਸੇ ਤਰ੍ਹਾਂ ਭਾਵੇਂ ਕਿ ਪਰਮੇਸ਼ਰ ਹਰ ਪ੍ਰਾਣੀ ਦੇ ਹਿਰਦੇ ਵਿਚ ਵਸਦਾ ਹੈ, ਉਹਦਾ ਦੀਦਾਰ ਪੂਰੇ ਗੁਰੂ ਦੀ ਦਇਆਮਈ ਸਹਾਇਤਾ ਬਿਨਾਂ ਨਹੀਂ ਹੋ ਸਕਦਾ :

ਜੈਸੇ ਤਉ ਚੰਪਕ[1] ਬੇਲਿ ਬਿਬਿਧਿ ਬਿਥਾਰ ਚਾਰੁ  
ਬਾਸਨਾ ਪ੍ਰਗਟਿ ਹੋਤੁ ਫੂਲ ਹੀ ਮੈ ਜਾਇ ਕੈ।  
ਜੈਸੇ ਦ੍ਰੁਮ[2] ਦੀਰਘ[3] ਸਰੂਪ ਦੇਖੀਐ ਪ੍ਰਸਿਧਿ  
ਸ੍ਵਾਦ ਰਸ ਹੋਤ ਫਲ ਹੀ ਮੈ ਪੁਨਿ ਆਇ ਕੈ।  
ਜੈਸੇ ਗੁਰ ਗਿਆਨ ਰਾਗ ਨਾਦ ਹਿਰਦੈ ਬਸਤ  
ਕਰਤ ਪ੍ਰਕਾਸ ਤਾਸ ਰਸਨਾ ਰਸਾਇ ਕੈ।  
ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ  
ਜਾਨੀਐ ਪ੍ਰਤਛ ਮਹਾਪੁਰਖ ਮਨਾਇਕੈ।

(ਕ. ਸ. 586)

ਜਿੱਦਾਂ ਸ਼ੁਰੂ ਵਿਚ ਵਪਾਰ ਲਈ ਥੋੜ੍ਹਾ ਬਹੁਤ ਧਨ ਖਰਚ ਕੀਤਾ ਜਾਂਦਾ ਹੈ ਤੇ ਫੇਰ ਵਿਕਰੀ ਹੋਣ ਤੇ ਉਹ ਧਨ ਹੀ ਨਹੀਂ ਮੁੜ ਆਉਂਦਾ, ਕਿੰਨਾ ਸਾਰਾ ਮੁਨਾਫ਼ਾ ਵੀ ਖੱਟ ਲਈਦਾ ਹੈ, ਜਾਂ ਜਿਵੇਂ ਪਹਿਲਾਂ ਗਊ ਨੂੰ ਇਨਸਾਨਾਂ ਦੇ ਖ਼ੁਦ ਨਾ ਖਾਣ ਜੋਗੀਆਂ ਤੂੜੀ, ਚਾਰਾ ਆਦਿ ਚੀਜ਼ਾਂ ਖਵਾਈਆਂ ਜਾਂਦੀਆਂ ਹਨ, ਤੇ ਝੱਟ ਹੀ ਪਿਛੋਂ ਉਸ ਤੋਂ ਦੁੱਧ ਲੱਭ ਪੈਂਦਾ ਹੈ, ਜਿਹੜਾ ਪੀਣ ਦੇ ਹੀ ਕੰਮ ਨਹੀਂ ਆਉਂਦਾ, ਉਸ ਤੋਂ ਅਗੇ ਹੋਰ ਅਨੇਕ ਸੁਆਦਲੇ ਪਦਾਰਥ ਤਿਆਰ ਹੋ ਜਾਂਦੇ ਹਨ; ਓਵੇਂ ਹੀ ਆਪਣਾ ਤਨ, ਮਨ ਤੇ ਧਨ ਗੁਰੂ ਨੂੰ ਅਰਪਣ ਕਰ ਕੇ ਉਸ ਤੋਂ ਨਾਮ ਦੀ ਬਖਸ਼ਿਸ਼ ਪ੍ਰਾਪਤ ਕੀਤੀ ਜਾਂਦੀ ਹੈ ਤੇ ਇਸ ਤਰ੍ਹਾਂ ਹਮੇਸ਼ਾ-ਹਮੇਸ਼ਾ ਜੀਵਿਤ ਰਹਿਣ ਲਈ ਅਮਰ ਪਦ ਦੇ ਅਧਿਕਾਰੀ ਬਣ ਜਾਈਦਾ ਹੈ :

---

1. ਚੰਬਾ 2. ਬ੍ਰਿਛ 3. ਵੱਡਾ।

Sri Satguru Jagjit Singh Ji eLibrary NamdhariElibrary@gmail.com

ਜੈਸੇ ਦਾਮ ਲਾਈਅਤ ਪ੍ਰਿਥਮ ਬਨਜ ਬਿਖੈ
ਪਾਛੈ ਲਾਭ ਹੇਤੁ ਮਨ ਸਕੁਚ[1] ਨ ਕੀਜੀਐ।
ਜੈਸੇ ਗਊ ਸੇਵਾ ਕੈ ਸਹੇਤ[2] ਪ੍ਰਤਿਪਾਲੀਅਤ
ਸਕਲ ਅਖਾਦ[3] ਵਾਕੋ ਦੂਧ ਦੁਹਿ ਪੀਜੀਐ।
ਤੈਸੇ ਤਨ ਮਨ ਧਨ ਅਰਪ ਸਰਨਿ ਗੁਰ
ਦੀਖਿਆ ਦਾਨ ਲੈ ਅਮਰ ਪਦ ਸਦ ਜੀਜੀਐ[4]।

(ਕ. ਸ. 584)

ਬੱਚੇ ਨੂੰ ਪੈਦਾ ਹੋਣ ਦੇ ਦਿਨ ਤੋਂ ਮਾਂ ਦੀ ਛਾਤੀ ਰਾਹੀਂ ਦੁੱਧ ਪੀ ਕੇ ਆਪਣੀ ਉਦਰ ਪੂਰਤੀ ਕਰਨ ਦਾ ਸੁਭਾਓ ਪਿਆ ਹੁੰਦਾ ਹੈ, ਤੇ ਉਹ ਵੱਡਾ ਹੋ ਕੇ ਕਹੇ ਸੁਣੇ ਤੋਂ ਵੀ ਇਹ ਆਦਤ ਤਿਆਗਣ ਲਈ ਤਿਆਰ ਨਹੀਂ ਹੁੰਦਾ। ਤਾਂ ਤੇ ਮਾਂ ਕੀ ਕਰਦੀ ਹੈ, ਉਹਨੂੰ ਦੁੱਧ ਨਾਲੋਂ ਵੀ ਮਿੱਠੀ ਕਿਸੇ ਚੀਜ਼ ਦਾ ਸੁਆਦ ਚਖਾ ਦਿੰਦੀ ਹੈ ਤੇ ਇਸ ਤਰ੍ਹਾਂ ਉਹ ਸੌਖਾ ਹੀ ਮਾਂ ਦੇ ਦੁੱਧ ਦਾ ਖਹਿੜਾ ਛੱਡ ਜਾਂਦਾ ਹੈ। ਵੈਦ ਨੂੰ ਪਤਾ ਹੁੰਦਾ ਹੈ ਮੇਰੀ ਦਵਾ ਕੌੜੀ ਜਾਂ ਬਕਬਕੀ ਹੈ, ਰੋਗੀ ਉਸ ਨੂੰ ਮੂੰਹ ਪਾਉਣਾ ਪਸੰਦ ਨਹੀਂ ਕਰੇਗਾ। ਇਸ ਲਈ ਉਹ ਉਹਦੇ ਵਿਚ ਸ਼ਹਿਦ, ਮਿਸ਼ਰੀ ਜਿਹੀ ਕੋਈ ਚੀਜ਼ ਮਿਲਾ ਕੇ ਖਾਣ ਪੀਣ ਯੋਗ ਬਣਾ ਦਿੰਦਾ ਹੈ। ਓਵੇਂ ਸਿੱਖ ਦੀ ਕਾਮਨਾ ਅਨਉਚਿਤ ਨਾ ਹੋਵੇ ਤਾਂ ਸਤਿਗੁਰੂ ਉਸ ਨੂੰ ਪੂਰੀ ਵੀ ਕਰ ਦਿੰਦੇ ਹਨ, ਨਹੀਂ ਤਾਂ ਆਪਣੀ ਮੌਜ ਵਿਚ ਉਹਦੇ ਵਲੋਂ ਅਰੁਚੀ ਪੈਦਾ ਕਰ ਦਿੰਦੇ ਹਨ। ਉਹ ਕਾਮਨਾ ਮਿਟਾ ਦਿੱਤੀ ਜਾਂਦੀ ਹੈ ਹਰ ਹਾਲ। ਤਦੇ ਉਹ ਸਭ ਪਾਸਿਆਂ ਤੋਂ ਹਟ ਕੇ ਨਿਜ ਪਦ ਦੀ ਪ੍ਰਾਪਤੀ ਲਈ ਇਕ ਚਿਤ ਸਿਮਰਨ ਭਜਨ ਵਿਚ ਲਗ ਪਾਉਂਦਾ ਹੈ।

ਇਕ ਵਾਰ ਸਤਿਗੁਰੂ ਦੇ ਸਚੇ ਸਰੂਪ ਦਾ ਦੀਦਾਰ ਹੋ ਜਾਏ, ਪ੍ਰੇਮ ਰਸ ਚਖਣ ਨੂੰ ਮਿਲ ਜਾਏ, ਫਿਰ ਸ਼ਿਸ਼ ਦੇ ਗੁਮਰਾਹ ਹੋਣ ਦਾ ਕੋਈ ਭੈ ਨਹੀਂ ਰਹਿੰਦਾ। ਅੰਮ੍ਰਿਤ ਤੋਂ ਵਧ ਸੁਆਦੀ ਤੇ ਕਲਿਆਣਕਾਰੀ ਹੋਰ ਕਿਹੜਾ ਪਦਾਰਥ ਹੋ ਸਕਦਾ ਹੈ। ਸਤਿਗੁਰੂ ਆਪਣੇ ਸ਼ਿਸ਼ ਉੱਤੇ ਕਿਵੇਂ ਕਿਰਪਾ ਕਰਦਾ ਹੈ, ਭਾਈ ਗੁਰਦਾਸ ਜੀ ਕਹਿੰਦੇ ਹਨ :

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ
ਪਰਮਦਭੁਤ ਗਤਿ ਆਤਮ ਤਰੰਗ ਹੈ।
ਇਤ ਤੇ ਦ੍ਰਿਸਟਿ ਸੁਰਤਿ ਸ਼ਬਦ ਬਿਸਰਜਤ
ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ।

---

1. ਸੰਕੋਚ 2. ਪ੍ਰੇਮ ਨਾਲ 3. ਨਾ ਖਾਣ ਯੋਗ 4. ਸਦਾ ਜੀਵੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਦੇਖੈ ਜੋ ਦਿਖਾਵੈ ਕੈਸੇ ਸੁਨੈ ਸੁ ਸੁਨਾਵੈ ਕੈਸੇ
ਚਾਖੈ ਸு ਬਤਾਵੈ ਕੈਸੇ ਰਾਗ ਰਸ ਰੰਗ ਹੈ।
ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹੋਇ
ਹੈਰਤ ਹਿਰਾਨੀ ਬੂੰਦ ਸਾਗਰ ਪ੍ਰਸੰਗ ਹੈ।

(ਕ. ਸ. 62)

ਸਤਿਗੁਰੂ ਅੰਮ੍ਰਿਤ ਦਾ ਸਰੋਤ ਹੁੰਦੇ ਹਨ। ਜਦੋਂ ਉਹ ਆਪਣੇ ਸਿੱਖ ਨੂੰ ਆਪਣੇ ਪ੍ਰੇਮ ਦਾ ਰਸ ਚਖਾਉਂਦੇ ਹਨ, ਤਾਂ ਉਹਨੂੰ ਆਪਣੀਆਂ ਊਣਤਾਈਆਂ, ਕਮਜ਼ੋਰੀਆਂ ਤੋਂ ਉੱਚਾ ਉਠ ਕੇ ਇਕ ਅਜੀਬ ਪੂਰਨਤਾ ਦਾ ਅਨੁਭਵ ਹੁੰਦਾ ਹੈ, ਤੇ ਅਜਿਹੇ ਪਰਮ ਆਨੰਦ ਦਾ, ਜਿਹੜਾ ਕਥਨ ਕਰਨਾ ਸੰਭਵ ਨਹੀਂ। ਉਹਦੀ ਸੁਰਤਿ ਨੌ-ਦੁਆਰਿਆਂ ਵਿਚੋਂ ਸਿਮਟ ਕੇ ਸ਼ਬਦ ਵਿਚ ਜੁੜਦੀ ਹੈ ਤਾਂ ਉਸ ਨੂੰ ਉਪਰਲੇ ਮੰਡਲਾਂ ਦੇ ਬੜੇ ਹੀ ਅਨੂਪਮ ਦ੍ਰਿਸ਼ ਤੱਕਣ ਨੂੰ ਮਿਲਦੇ ਹਨ। ਜੋ ਕੁਝ ਉਹ ਵੇਖਦਾ ਹੈ, ਸੁਣਦਾ ਹੈ, ਚਖਦਾ ਮਾਣਦਾ ਹੈ ਉਹ ਉਹਦੇ ਆਪਣੇ ਜੀਵਨ ਵਿਚ ਵੇਖੇ ਸੁਣੇ, ਖਾਧੇ ਪੀਤੇ ਤੋਂ ਏਨਾ ਵੱਖਰਾ ਹੁੰਦਾ ਹੈ ਤੇ ਅਜਿਹਾ ਵਿਸਮਾਦਜਨਕ ਕਿ ਉਹ ਉਸ ਦਾ ਕਿਸੇ ਹੋਰ ਨੂੰ ਰਤੀ ਜਿੰਨਾ ਵੀ ਅਹਿਸਾਸ ਨਹੀਂ ਕਰਵਾ ਸਕਦਾ।

ਉਹਦਾ ਰੋਮ-ਰੋਮ ਸੁਆਦ ਨਾਲ ਨਸ਼ਿਆ ਜਾਂਦਾ ਹੈ, ਉਹਦੀਆਂ ਗਿਆਨ ਇੰਦ੍ਰੀਆਂ ਜਾਣੋਂ ਅਨੰਦ ਉਲਾਸ ਦੀ ਅਧਿਕਤਾ ਨਾਲ ਮੂਰਛਿਤ ਹੋ ਜਾਂਦੀਆਂ ਹਨ ਤੇ ਉਹ ਅਜਿਹੇ ਵਿਸਮਾਦ ਵਿਚ ਗੜੂੰਦ ਹੋ ਜਾਂਦਾ ਹੈ, ਜਿਵੇਂ ਕੋਈ ਬੂੰਦ ਆਪਣੇ ਸ਼ਹੁ ਸਾਗਰ ਨਾਲ ਗਲਵਕੜੀ ਪਾ ਲਵੇ।

ਪੰਚਮ ਪਾਤਸ਼ਾਹ ਨੇ ਸਪਸ਼ਟ ਕੀਤਾ ਹੈ 'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ। (ਆ. ਗ. ਪੰ. 577) ਜਿਹੜੇ ਨੇਤਰਾਂ ਨਾਲ ਪਰਮੇਸ਼ਰ ਦਾ ਦਰਸ਼ਨ ਕੀਤਾ ਜਾ ਸਕਦਾ ਹੈ ਉਹ ਸਾਡੀਆਂ ਬਾਹਰੀ ਅੱਖਾਂ ਨਹੀਂ, ਇਹਨਾਂ ਤੋਂ ਵਖਰੀਆਂ ਹਨ ਤੇ ਜੇ ਸਰੀਰਕ ਅੱਖਾਂ ਉਹਨੂੰ ਤੱਕਣ ਲਈ ਲਾਹੇਵੰਦ ਨਹੀਂ ਹੁੰਦੀਆਂ ਤਾਂ ਉਹ ਚਾਨਣ ਜਿਹੜਾ ਇਹਨਾਂ ਅੱਖਾਂ ਨੂੰ ਆਪਣਾ ਕਾਰਜ ਨਿਭਾਉਣ ਲਈ ਦਰਕਾਰ ਹੁੰਦਾ ਹੈ, ਉਸ ਸਾਖਿਆਤਕਾਰ ਲਈ ਕਿਸ ਕੰਮ ਆਵੇਗਾ? ਕੀ ਧਰਤੀ ਤੇ ਬਾਲੀਦੇ ਦੀਵੇ-ਬੱਤੀਆਂ, ਕੀ ਅਕਾਸ਼ਾਂ ਵਿਚ ਚੜ੍ਹਦੇ ਲਹਿੰਦੇ ਤਾਰੇ, ਚੰਦ, ਸੂਰਜ, ਸਭ ਦੇ ਸਭ ਜੜ੍ਹ-ਚਾਨਣ ਉਤਪੰਨ ਕਰਦੇ ਹਨ, ਜਦ ਕਿ ਅੰਦਰਲੀ ਅੱਖ ਨੂੰ ਚੇਤਨ ਚਾਨਣ ਚਾਹੀਦਾ ਹੁੰਦਾ ਹੈ ਅਤੇ ਉਹ ਚਾਨਣ ਗੁਰੂ ਦੀ ਸਿੱਖਿਆ ਤੇ ਉਸ ਸਿੱਖਿਆ ਦੀ ਕਮਾਈ ਦੁਆਰਾ ਸੁਲਭ ਹੁੰਦਾ ਹੈ। ਜੇ ਸਾਡੇ ਘਟ, ਅੰਤਹਕਰਣ ਜਾਂ 'ਤਿਲ' ਤੇ ਅੰਧਕਾਰ ਛਾਇਆ ਰਹੇ, ਓਥੇ

Sri Satguru Jagjit Singh Ji eLibrary NamdhariElibrary@gmail.com

ਜਿਥੇ ਪ੍ਰਭੂ ਦਾ ਨਿਵਾਸ ਹੈ, ਜਿਥੇ ਮਨ ਆਤਮਾ ਨੇ ਉਹਦੀ ਖੋਜ ਕਰਨੀ ਹੈ ਤਾਂ ਦਿਸੇਗਾ ਕੀ ? ਬਾਹਰਲੇ ਪ੍ਰਕਾਸ਼ ਨਾਲ ਤਾਂ ਜੋ ਕੁਝ ਨਜ਼ਰ ਆਉਂਦਾ ਹੈ, ਉਹ ਕਲਿਆਨਕਾਰੀ ਨਹੀਂ; ਮਾਇਆ ਹੈ, ਜੀਵ ਆਤਮਾ ਨੂੰ ਸਦਾ ਸਦਾ ਅਗਿਆਨ ਵਿਚ ਉਲਝਾਈ ਰੱਖਣ ਵਾਲਾ ਮਿਰਗ-ਜਲ, ਹਰਿ-ਚੰਦਉਰੀ :

ਲਖ ਸੂਰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰ ਮਤੀ।

(ਵ. 40. ਪੌ.14)

ਭਾਈ ਸਾਹਿਬ ਦਾ ਭਾਵ ਹੈ ਸਾਡੀ ਸੁਰਤਿ ਜਾਂ ਆਤਮਾ ਨੂੰ ਪਰਮਾਰਥ ਦੇ ਔਖੇ ਰਾਹ ਉੱਤੇ ਤੋਰ ਕੇ ਉਹਦੇ ਟਿਕਾਣੇ ਪਹੁੰਚਾ ਦੇਣ ਦੇ ਸਮਰੱਥ ਇਕੋ ਗੁਰੂ ਹੈ, ਸ਼ਬਦ। ਇਹ ਉਪਕਾਰ ਕਰਨ ਵਾਲਾ ਉਹ ਗੁਰੂ (ਸ਼ਬਦ) ਧੰਨ ਹੈ ; ਉਸ ਗੁਰੂ ਨੂੰ ਗੁਰਮੁਖ ਜਾਂ ਦੇਹਧਾਰੀ ਗੁਰੂ ਦੁਆਰਾ ਖੋਜਿਆ, ਪਾਇਆ ਜਾ ਸਕਦਾ ਹੈ। ਸ਼ਬਦ ਦੀ ਕਮਾਈ ਕਰਨ ਤੇ ਚੇਲਾ, ਸੁਰਤਿ, ਉਸ ਗੁਰੂ (ਸ਼ਬਦ) ਵਿਚ ਸਮਾ ਜਾਂਦੀ ਹੈ, ਉਸਦੇ ਨਾਲ ਸਮਰੂਪ ਹੋ ਜਾਂਦੀ ਹੈ, ਇਸ ਤਰ੍ਹਾਂ ਅਲੱਖ ਪਾਰਬ੍ਰਹਮ ਨੂੰ ਲਖ ਲੈਂਦੀ ਹੈ, ਕਿਉਂਕਿ ਸ਼ਬਦ ਨਿਰਗੁਣ ਬ੍ਰਹਮ ਦਾ ਹੀ ਰੂਪ ਹੈ, ਉਸ ਤੋਂ ਭਿੰਨ ਨਹੀਂ।

ਇਸ ਪਰਥਾਇ ਭਾਈ ਗੁਰਦਾਸ ਫ਼ਰਮਾਉਂਦੇ ਹਨ :

ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।

ਸ਼ਬਦ ਸੁਰਤਿ ਲਿਵ ਲੀਣੁ ਹੋਇ ਉਹ ਆਪ ਗਵਾਵੈ।

(ਵ. 9. ਪੌ. 22)

ਜਦੋਂ ਸਤਿਸੰਗੀ ਆਪਣੀ ਸੁਰਤਿ ਨੂੰ ਸ਼ਬਦ ਵਿਚ ਇਸ ਹੱਦ ਤਕ ਲੀਨ ਕਰ ਦਿੰਦਾ ਹੈ ਕਿ ਉਸ ਦਾ ਆਪਾ, ਉਸ ਦੀ ਅਹੰ, ਖ਼ੁਦੀ, ਖ਼ਤਮ ਹੋ ਜਾਂਦੀ ਹੈ ਤਾਂ ਉਹ ਗੁਰੂ ਵਿਚ ਉਸ ਤਰ੍ਹਾਂ ਸਮਾ ਜਾਂਦਾ ਹੈ ਜਿਵੇਂ ਗੋਰ ਜਾਂ ਕਬਰ ਵਿਚ ਮੁਰਦਾ। ਇਸ ਤਰ੍ਹਾਂ ਉਹਦਾ ਸ਼ਬਦ ਜਾਂ ਗੁਰੂ ਵਿਚ ਸਮਾਉਣਾ ਪ੍ਰਭੂ ਵਿਚ ਸਮਾਉਣਾ ਹੋ ਨਿਬੜਦਾ ਹੈ। ਜਾਂ ਐਉਂ ਸਮਝ ਲਵੋ :

ਸੁਰਸੁਰੀ ਸੰਗਮ ਹੋਇ ਪ੍ਰਬਲ ਪ੍ਰਵਾਹ ਲਿਵ

ਸਾਗਰ ਅਥਾਹ ਸਤਿਗੁਰ ਸੰਗਿ ਸੰਗ ਹੈ।

(ਕ. ਸ. 54)

ਜਿਸ ਪ੍ਰਕਾਰ ਪਹਾੜਾਂ ਤੋਂ ਵੇਗ ਨਾਲ ਵਗ ਕੇ ਤੁਰਿਆ ਆਉਂਦਾ ਪਾਣੀ ਗੰਗਾ ਨਾਲ ਮਿਲ਼ ਜਾਣ ਤੇ ਅਗੇ ਬੇਥਾਹ ਸਮੁੰਦਰ ਵਿਚ ਜਾ ਰਲਦਾ ਹੈ, ਉਸੇ ਤਰ੍ਹਾਂ ਗੁਰੂ ਵਿਚ ਲੀਨ ਹੋ ਜਾਣ ਵਾਲਾ ਸਿੱਖ ਪ੍ਰਭੂ ਪਰਮੇਸ਼ਰ ਨਾਲ ਅਭੇਦ ਹੋ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

*ਕ੍ਰਿਪਾ ਨਿਧਾਨ*

ਜੇ ਕਿਸੇ ਸਮੁੰਦਰ ਵਿਚ ਗੋਤੇ ਖਾਂਦੇ ਵਿਅਕਤੀ ਨੂੰ ਜਹਾਜ਼ ਵਿਚ ਚੜ੍ਹ ਬੈਠਣ ਦਾ ਅਵਸਰ ਲਭਦਾ ਹੋਵੇ ਪਰ ਉਹ ਸਵਾਰ ਹੋਣ ਦੀ ਬਜਾਇ ਉਸ ਤੋਂ ਪਾਸੇ ਰਹਿ ਕੇ ਹੀ ਹੱਥ ਪੈਰ ਮਾਰੀ ਜਾਵੇ ਤਾਂ ਉਹ ਬਦਕਿਸਮਤ ਅੰਤ ਡੁੱਬ ਕੇ ਪ੍ਰਾਣ ਗਵਾ ਲੈਂਦਾ ਹੈ ਜਦ ਕਿ ਜਹਾਜ਼ ਵਿਚ ਪ੍ਰਵੇਸ਼ ਕਰ ਲੈਣ ਵਾਲਾ ਨਿਸ਼ਚਿੰਤ ਸਫ਼ਰ ਕਰਦਾ ਪਾਰ ਜਾ ਲਗਦਾ ਹੈ। ਚੰਦਨ ਨੂੰ ਛੋਹ ਕੇ ਸੁਗੰਧਿਤ ਹੋਈ ਹਵਾ ਦੂਰ ਪਰੇ ਉੱਗੇ ਬਿਰਛ ਤਕ ਨਹੀਂ ਪਹੁੰਚਦੀ, ਤੇ ਉਹ ਉਸ ਦੀ ਖੁਸ਼ਬੂ ਤੋਂ ਬਿਰਵਾ ਰਹਿ ਜਾਂਦਾ ਹੈ ਜਦ ਕਿ ਨਿਕਟ ਖੜੋਤਾ ਬਦਬੂਦਾਰ ਦਰਖ਼ਤ ਆਪ ਉਸੇ ਜਿਹਾ ਚੰਦਨ ਬਣ ਜਾਂਦਾ ਹੈ। ਜਿਹੜੀ ਮੰਦਭਾਗੀ ਇਸਤਰੀ ਦਾ ਪਤੀ ਪਰਦੇਸ਼ ਬੈਠਾ ਹੋਵੇ ਉਹਦੀ ਕੁਲ ਅਗੇ ਨਹੀਂ ਤੁਰਦੀ, ਉਹਦੇ ਵਿਪ੍ਰੀਤ ਆਪਣੇ ਸੁਆਮੀ ਦੇ ਨਾਲ ਵਸਦੀ ਕਾਮਿਨੀ ਉਹਦੇ ਗਲ ਲੱਗਣ ਦਾ ਸੁਭਾਗ ਮਾਣਦੀ ਹੈ। ਉਸੇ ਭਾਂਤ ਕ੍ਰਿਪਾ ਪੁੰਜ ਸਤਿਗੁਰੂ, ਪ੍ਰੇਮ ਸਹਿਤ ਉਹਦੇ ਸ਼ਬਦ ਦਾ ਅਭਿਆਸ ਕਰਨ ਵਾਲੇ ਆਪਣੇ ਸਿੱਖ ਨੂੰ ਪਲਾਂ ਵਿਚ ਹੀ ਸੁਖ ਫਲ ਨਾਲ ਕ੍ਰਿਤਾਰਥ ਕਰ ਦਿੰਦਾ ਹੈ :

ਬੋਹਿਥ[1] ਪ੍ਰਵੇਸ[2] ਭਏ ਨਿਰਭੈ ਹੁਇ ਪਾਰਗ੍ਰਾਮੀ[3]
ਬੋਹਿਥ ਸਮੀਪ[4] ਬੂਡ ਮਰਤ ਅਭਾਗੇ ਹੈ।
ਚੰਦਨ ਸਮੀਪ ਦੁਰਗੰਧ ਸੋ ਸੁਗੰਧ ਹੋਇ
ਦੂਰੰਤਰ ਤਰੁ[5] ਗੰਧ ਮਾਰੁਤ[6] ਨ ਲਾਗੇ ਹੈ।
ਸਿਹਜਾ ਸੰਜੋਗ ਭੋਗ ਨਾਰਿ ਗਰ ਹਾਰ ਹੋਤ
ਪੁਰਖ ਬਿਦੇਸ ਕੁਲ ਦੀਪਕ ਨ ਜਾਗੇ ਹੈ।
ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਯਾਨ ਧਯਾਨ
ਗੁਰਮੁਖਿ ਸੁਖ ਫਲ ਪਲ ਅਨੁਰਾਗੇ ਹੈ।

(ਕ. ਸ. 45)

ਸਤਿਗੁਰੂ ਕਿੰਨੇ ਦਿਆਲੂ ਹਨ, ਕੇਹੇ ਪ੍ਰੇਮ-ਮੂਰਤਿ, ਕਿੱਡੇ ਵਿਸ਼ਾਲ ਹਿਰਦੇ ਵਾਲੇ, ਇਹ ਬਿਆਨ ਕਰਨ ਨਹੀਂ ਹੁੰਦਾ। ਇਸ ਪੱਖੋਂ ਉਹਨਾਂ ਦੀ ਮਹਿਮਾ ਅਪਰੰਪਾਰ ਹੈ। ਜੇਕਰ ਉਹਨਾਂ ਦੇ ਚਰਨਾਂ ਦੀ ਸ਼ਰਣ ਦਾ ਕੋਈ ਇਛੁੱਕ ਉਹਨਾਂ ਦੀ ਦਿਸ਼ਾ ਵਿਚ ਇਕ ਕਦਮ ਪੁਟਦਾ ਹੈ ਤਾਂ ਉਹ ਉਹਦੇ ਸੁਆਗਤ ਲਈ ਕਈ ਕਰੋੜ ਕਦਮ ਚੱਲ ਕੇ ਖ਼ੁਦ ਉਹਦੇ ਕੋਲ ਪਹੁੰਚ ਜਾਂਦੇ ਹਨ। ਜਦ ਕੋਈ ਜਗਿਆਸੂ ਉਹਨਾਂ ਦਾ ਬਖਸ਼ਿਆ ਹੋਇਆ ਮੰਤਰ ਇਕ ਵਾਰ ਜਪਣ ਦਾ ਕਸ਼ਟ

---

1. ਜਹਾਜ਼ 2. ਵੜ ਕੇ 3. ਪਾਰ ਪਹੁੰਚ ਜਾਂਦਾ ਹੈ 4. ਨੇੜੇ 5. ਰੁੱਖ 6. ਹਵਾ।

Sri Satguru Jagjit Singh Ji eLibrary NamdhariElibrary@gmail.com

ਉਠਾਵੇ, ਬਦਲੇ ਵਿਚ ਉਹ ਉਹਨੂੰ ਬਾਰ-ਬਾਰ ਪ੍ਰੇਮ ਸਹਿਤ ਯਾਦ ਕਰਦੇ ਹਨ। ਉਨ੍ਹਾਂ ਨੂੰ ਆਪਣੀ ਨਿਜੀ ਵਰਤੋਂ ਲਈ ਕਿਸੇ ਦੂਸਰੇ ਤੋਂ ਧਨ-ਦੌਲਤ ਦੀ ਲੋੜ ਨਹੀਂ ਹੁੰਦੀ ਅਤੇ ਨਾ ਹੀ ਉਹ ਆਪਣੇ ਨਿਜੀ ਲਾਭ ਲਈ ਕੋਈ ਸੇਵਾ-ਭੇਟਾ ਪਰਵਾਨ ਕਰਦੇ ਹਨ, ਪਰ ਜੇ ਕੋਈ ਸੇਵਕ ਸੰਗਤ ਦੀ ਸੇਵਾ-ਹਿਤ ਕੋਈ ਭੇਟਾ ਲਿਆਉਂਦਾ ਹੈ ਤਾਂ ਸਤਿਗੁਰੂ ਉਸ ਨੂੰ ਸੰਗਤ ਉੱਤੇ ਹੀ ਖ਼ਰਚ ਕਰ ਦਿੰਦੇ ਹਨ ਅਤੇ ਸੇਵਾ ਲਿਆਉਣ ਵਾਲੇ ਨੂੰ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਨਿਹਾਲ ਕਰ ਦਿੰਦੇ ਹਨ :

ਚਰਨ ਸਰਨ ਗੁਰ ਏਕ ਪੈਂਡ ਜਾਇ ਚਲਿ
ਸਤਿਗੁਰੁ ਕੋਟਿ ਪੈਂਡ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰੁ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਹਿ ਬਾਰੰਬਾਰ ਗੁਰੁ ਹੇਤ ਹੈ।
ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ
ਤਾਹੇ ਗੁਰ ਸਰਬ ਨਿਧਾਨ[1] ਦਾਨ ਦੇਤ ਹੈ।
ਸਤਿਗੁਰੁ ਦਇਆ ਨਿਧਿ ਮਹਿਮਾ ਅਗਾਧਿ ਬੋਧਿ
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।

(ਕ. ਸ. 77)

ਦੁਨੀਆਂ ਦੇ ਲੋਕ ਬਹੁਤ ਨਿਕੀਆਂ ਨਿਕੀਆਂ ਚੀਜ਼ਾਂ ਦੀਆਂ ਕਾਮਨਾਵਾਂ ਮਨ ਵਿਚ ਰਖ ਕੇ ਵਖ-ਵਖ ਦਿਹਲੀਆਂ ਤੇ ਮੱਥੇ ਰਗੜਦੇ ਫਿਰਦੇ ਹਨ, ਤੇ ਜਿਸ ਦਰੋਂ ਕੁਛ ਵੀ ਪ੍ਰਾਪਤ ਹੋ ਜਾਏ ਉਸ ਨੂੰ ਸਭ ਕੁਝ ਮੰਨ ਬਹਿੰਦੇ ਹਨ। ਆਮ ਵਿਸ਼ਵਾਸ਼ ਹੈ ਕਿ ਕਾਮਧੇਨ ਗਊ ਜਾਂ ਕਲਪ ਬਿਰਛ ਤੋਂ ਕੋਈ ਵੀ ਮੁਰਾਦ ਹਾਸਲ ਕੀਤੀ ਜਾ ਸਕਦੀ ਹੈ, ਤੇ ਕੇਵਲ ਇਕ ਨਹੀਂ ਜ਼ਿਆਦਾ ਵੀ। ਸੁਭਾਵਿਕ ਹੀ ਹੈ ਕਿ ਅਜਿਹੀ ਸੋਚਣੀ ਵਾਲੇ ਵਿਅਕਤੀਆਂ ਲਈ ਉਕਤ ਗਊ ਤੇ ਬਿਰਛ ਵਿਸ਼ੇਸ਼ ਆਦਰ ਸਤਿਕਾਰ ਦੇ ਅਧਿਕਾਰੀ ਬਣ ਜਾਂਦੇ ਹਨ। ਪਰ ਇਸ ਤੱਥ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ ਕਿ ਉਪਰੋਕਤ ਸ਼ਕਤੀਆਂ ਦੁਆਰਾ ਸੰਸਾਰ ਨਾਲ ਸੰਬੰਧਿਤ ਇਛਾਵਾਂ ਹੀ ਪੂਰਨ ਕੀਤੀਆਂ ਜਾ ਸਕਦੀਆਂ ਹਨ, ਤੇ ਸੰਸਾਰ ਤੋਂ ਖੱਟਿਆ-ਭਾਵੇਂ ਉਹ ਕੁਝ ਵੀ ਹੋਵੇ, ਸਭ, ਸੰਤਾਨ, ਸੰਪਤੀ, ਮਾਨ ਵਡਿਆਈ ਏਥੇ ਹੀ ਧਰਿਆ ਰਹਿ ਜਾਂਦਾ ਹੈ। ਜੋ ਕੁਝ ਅਮਰ, ਅਬਦੀ, ਅਬਿਨਾਸ਼ੀ ਹੈ, ਉਹ ਕਾਮਧੇਨ ਤੇ ਕਲਪਤਰੁ ਮਿਲ ਕੇ ਜ਼ੋਰ ਮਾਰਨ ਤਾਂ ਵੀ ਨਹੀਂ ਦੇ ਸਕਦੇ। ਜਦ ਕਿ

1. ਖਜ਼ਾਨਾ।

Sri Satguru Jagjit Singh Ji eLibrary NamdhariElibrary@gmail.com

ਸੰਤਾਂ ਸਤਿਗੁਰੂਆਂ ਤੋਂ ਉਹ ਉਹਨਾਂ ਦੀ ਰਤਾ ਜਿੰਨੀ ਦਇਆ ਦ੍ਰਿਸ਼ਟੀ ਤੋਂ ਹੀ ਲੱਭ ਪੈਂਦਾ ਹੈ। ਇਸ ਪਰਿਪੇਖ ਵਿਚ ਭਾਈ ਗੁਰਦਾਸ ਦਾ ਤੁਲਨਾਤਮਕ ਨਿਰਣਾ ਸੁਣੋ :

ਕੋਟਿਨਿ ਕੋਟਾਨਿ ਕਾਮਧੇਨੁ ਅਉ ਕਲਪਤਰੁ
ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ।

(ਕ. ਸ. 96)

ਸਤਿਗੁਰੂ ਦੀ ਰਤਾ ਜਿੰਨੀ ਮਿਹਰ ਭਰੀ ਨਜ਼ਰ ਨਾਲ ਸਿੱਖ ਦੀ ਦੇਹਿ ਪਵਿੱਤਰ ਹੋ ਜਾਂਦੀ ਹੈ, ਉਹਦੀ ਦ੍ਰਿਸ਼ਟੀ ਅਗੰਮੀ ਕੌਤਕ ਵੇਖਣ ਦੇ ਸਮਰੱਥ ਹੋ ਜਾਂਦੀ ਹੈ ਤੇ ਉਹਦੀ ਵਖਾਈ ਦਿਬ ਜੋਤਿ ਦਾ ਧਿਆਨ ਕੀਤਿਆਂ ਹਰ ਪ੍ਰਾਣੀ ਵਿੱਚ ਪ੍ਰਭੂ ਦਾ ਹੀ ਰੂਪ ਦਿੱਸਣ ਲੱਗ ਪੈਂਦਾ ਹੈ :

ਕਿੰਚਤ[1] ਕਟਾਛ[2] ਦਿਬਿ ਦੇਹ ਦਿਬ ਦ੍ਰਿਸ਼ਟਿ ਹੁਇ
ਦਿਬਿ ਜੋਤਿ ਕੋ ਧਿਆਨ ਦਿਬਿ ਦ੍ਰਿਸ਼ਟਾਂਤ ਕੈ।

(ਕ. ਸ. 9)

ਮਹਾਂਪੁਰਸ਼ ਦਸਦੇ ਆਏ ਹਨ ਨਿਰਗੁਣ ਪਰਮੇਸ਼ਰ ਨਾਲ ਪਿਆਰ ਉਤਪੰਨ ਹੋਣਾ ਡਾਢਾ ਕਠਿਨ ਹੈ, ਪਰ ਉਹ ਉਸ ਦੇ ਸਰਗੁਣ ਰੂਪ, ਸਤਿਗੁਰੂ, ਨਾਲ ਬੜੀ ਸੌਖਿਆਈ ਨਾਲ ਪੈ ਜਾਂਦਾ ਹੈ। ਇਹਦੇ ਕਾਰਣ ਹਨ :

ਜੇ ਬੇ-ਸਮਝ ਬਾਲ ਉਹਦੇ ਕੋਲੋਂ ਲੰਘੇ ਜਾਂਦੇ ਜ਼ਹਿਰੀਲੇ ਸੱਪ ਦੀ ਖ਼ੂਬਸੂਰਤੀ ਤੇ ਮੋਹਿਤ ਹੋ ਕੇ ਉਹਨੂੰ ਹੱਥੀਂ ਫੜਨ ਚਲਿਆ ਹੋਵੇ ਮਾਂ ਇਸ ਕੁਬੁੱਧੀ ਲਈ ਉਹਨੂੰ ਸੋਟੀ ਚੁੱਕ ਕੇ ਮਾਰਨ ਨਹੀਂ ਲੱਗ ਪੈਂਦੀ, ਸਗੋਂ ਮਿੱਠੇ ਬੋਲ ਨਾਲ ਪੁਚਕਾਰ ਕੇ ਉਹਦਾ ਧਿਆਨ ਆਪਣੇ ਵੱਲ ਮੋੜਦੀ ਹੈ ਤੇ ਉਹਨੂੰ ਹਿੱਕ ਨਾਲ ਘੁੱਟ ਲੈਂਦੀ ਹੈ। ਜਦੋਂ ਕਿਸੇ ਗੰਭੀਰ ਰੋਗ ਨਾਲ ਪੀੜਿਤ ਕੋਈ ਵਿਅਕਤੀ ਕਿਸੇ ਵੈਦ ਜਾਂ ਹਕੀਮ ਕੋਲ ਆਉਂਦਾ ਹੈ ਉਹ ਉਸ ਨੂੰ ਉਹਦੀ ਬੀਮਾਰੀ ਦੀ ਭਿਆਨਕਤਾ ਦੇ ਵੇਰਵੇ ਸੁਣਾ ਕੇ ਉਹਦੇ ਪ੍ਰਾਣ ਨਹੀਂ ਸੁਕਾ ਦਿੰਦਾ, ਸਗੋਂ ਉਹਨੂੰ ਧਰਵਾਸ ਦੇ ਕੇ ਦਵਾ ਤੇ ਪਰਹੇਜ਼ ਦੁਆਰਾ ਮੁੜ ਤਗੜਾ ਕਰ ਲੈਂਦਾ ਹੈ। ਦਾਨੇ ਅਧਿਆਪਕ ਨੂੰ ਪਤਾ ਹੁੰਦਾ ਹੈ, ਜਦ ਕੋਈ ਵਿਦਿਆਰਥੀ ਪੜ੍ਹਨਾ ਸ਼ੁਰੂ ਕਰਦਾ ਹੈ ਉਹਦੇ ਕੋਲੋਂ ਭੁੱਲਾਂ ਹੋ ਹੀ ਜਾਂਦੀਆਂ ਹਨ, ਇਸ ਲਈ ਉਹ ਉਹਦੀਆਂ ਗ਼ਲਤੀਆਂ ਨੂੰ ਨਜ਼ਰ-ਅੰਦਾਜ਼ ਕਰਕੇ, ਸਮਝਾ ਬੁਝਾ ਕੇ, ਉਹਨੂੰ ਵਿਦਵਾਨਾਂ ਦੀ ਪੰਗਤ ਵਿਚ ਲਿਆ ਬੈਠਾਉਂਦਾ ਹੈ। ਓਵੇਂ ਹੀ ਸਤਿਗੁਰੂ ਜਦ ਆਪਣੇ ਸਿੱਖ ਵਿਚ ਕੋਈ ਦੋਸ਼, ਕੋਈ

1. ਰਤਾ ਜਿੰਨੀ 2. ਅੱਖ।

Sri Satguru Jagjit Singh Ji eLibrary NamdhariElibrary@gmail.com

ਐਬ ਦੇਖਦਾ ਹੈ, ਉਹ ਆਮ ਇਨਸਾਨਾਂ ਵਾਂਗ ਉਹਦੀ ਇਸ ਕਮਜ਼ੋਰੀ ਲਈ ਉਹਦੀ ਗ਼ੈਰਾਂ ਬੇਗਾਨਿਆਂ ਕੋਲ ਹਾਸੀ ਨਹੀਂ ਉਡਾਉਂਦਾ, ਉਲਟਾ ਪਿਆਰ ਭਰੀ ਸੁਮਤਿ ਦੁਆਰਾ ਉਹਨੂੰ ਉਹਦੀਆਂ ਸਭ ਬੁਰਿਆਈਆਂ ਤੋਂ ਮੁਕਤ ਕਰ ਦਿੰਦਾ ਹੈ :

ਜੈਸੇ ਕਰ ਗਹਤ ਸਰਪ ਸੁਤ[1] ਪੇਖਿ ਮਾਤਾ
ਕਹੈ ਨ ਪੁਕਾਰ ਫੁਸਲਾਇ ਉਰ ਮੰਡ ਹੈ।
ਜੈਸੇ ਬੈਦ ਰੋਗੀ ਪ੍ਰਤਿ ਕਹੇ ਨ ਬਿਥਾਰ ਬ੍ਰਿਥਾ
ਸੰਜਮ ਕੈ ਅਉਖਦਿ ਖੁਵਾਇ ਰੋਗ ਡੰਡ ਹੈ।
ਜੈਸੇ ਭੂਲਿ ਚੂਕਿ ਚਟੀਆ[2] ਕੀ ਨ ਬੀਚਾਰੈ ਪਾਂਧਾ
ਕਹਿ ਕਹਿ ਸਿਖਿਆ ਮੂਰਖਤਿ ਮਤਿ ਖੰਡ ਹੈ।
ਤੈਸੇ ਪੇਖਿ ਅਉਗਨ ਕਹੈ ਨ ਸਤਿਗੁਰ ਕਾਹੂ
ਪੂਰਨ ਬਿਬੇਕ ਸਮਝਾਵਤ ਪਰਚੰਡ ਹੈ।

(ਕ. ਸ. 356)

ਭਾਈ ਸਾਹਿਬ ਨੂੰ ਸਤਿਗੁਰੂ ਦੀ ਕ੍ਰਿਪਾਲਤਾ, ਦਰਿਆ-ਦਿਲੀ, ਬਖ਼ਸ਼ਿੰਦਗੀ ਦੇ ਵਿਸ਼ੇਸ਼ ਗੁਣਾਂ ਦੀ ਸਲਾਹੁਤਾ ਕਰਦਿਆਂ ਜਾਣੋਂ ਰੱਜ ਨਹੀਂ ਆਉਂਦਾ। ਆਪ ਦਾ 379 ਵੇਂ ਅੰਕ ਤੇ ਦਰਜ ਕਬਿੱਤ ਇਸ ਪ੍ਰਕਾਰ ਹੈ :

ਜੈਸੇ ਤਉ ਕਰਤ ਸੁਤ ਅਨਿਕ ਇਆਨਪਨ
ਤਊ ਨ ਜਨਨੀ ਅਉਗੁਨ ਉਰਿ ਧਾਰਿਓ ਹੈ।
ਜੈਸੇ ਤਉ ਸਰਨਿ ਸੂਰਿ ਪੂਰਨ ਪ੍ਰਤਿਗਿਆ ਰਾਖੈ
ਅਨਿਕ ਅਵਗਿਆ ਕੀਏ ਮਾਰ ਨ ਬਿਡਾਰਿਓ ਹੈ।
ਜੈਸੇ ਤਉ ਸਰਿਤਾ[3] ਜਲੁ ਕਾਸਟਹਿ[4] ਨ ਬੋਰਤ[5]
ਕਰਤ ਚਿਤ ਲਾਜ ਅਪਨੋਈ ਪ੍ਰਤਿਪਾਰਿਓ ਹੈ।
ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ
ਸਿਖਨ ਕੋ ਕਿਰਤੁ ਕਰਮੁ ਨ ਬੀਚਾਰਿਓ ਹੈ।

(ਕ. ਸ. 379)

ਉਹਦਾ ਪੁੱਤਰ ਉਹਦੇ ਸਾਹਮਣੇ ਭਾਵੇਂ ਕਿੰਨੀਆਂ ਵੀ ਗ਼ਲਤ ਹਰਕਤਾਂ ਕਰੀ ਜਾਵੇ ਤਾਂ ਵੀ ਮਾਂ ਉਹਦੇ ਹਰ ਕੀਤੇ ਨੂੰ ਅਣ-ਦੇਖਿਆ ਕਰ ਦਿੰਦੀ ਹੈ। ਜਦ ਕੋਈ ਸੂਰਬੀਰ ਇਕ ਵਾਰ ਕਿਸੇ ਨਿਤਾਣੇ ਨਿਧਿਰੇ ਨੂੰ ਆਪਣੀ ਓਟ ਵਿਚ

---

1. ਪੁੱਤਰ 2. ਵਿਦਿਆਰਥੀ 3. ਨਦੀ 4. ਲੱਕੜ 5. ਨਹੀਂ ਡੋਬਦਾ।

Sri Satguru Jagjit Singh Ji eLibrary NamdhariElibrary@gmail.com

ਲੈ ਲਵੇ, ਉਹ ਉਹਦੀਆਂ ਲੱਖ ਅਵੱਗਿਆਵਾਂ ਦੇ ਬਾਵਜੂਦ ਉਹਨੂੰ ਧਤਕਾਰ ਕੇ ਨਿਆਸਰਾ ਨਹੀਂ ਛੱਡ ਦਿੰਦਾ ਕਿਉਂਕਿ ਲਕੜੀ ਨੂੰ ਪਾਣੀ ਨੇ ਮੁੱਢ ਤੋਂ ਪਾਲ ਕੇ ਵੱਡਾ ਕੀਤਾ ਹੁੰਦਾ ਹੈ, ਉਹ ਕਦੇ ਨਦੀ ਵਿਚ ਆ ਡਿੱਗੇ ਤਾਂ ਉਹ ਆਪਣੇ ਬਿਰਦ ਨੂੰ ਵਿਚਾਰ ਕੇ ਉਹਨੂੰ ਡੋਬਦੀ ਨਹੀਂ। ਏਹੋ ਰਵਈਆ ਕ੍ਰਿਪਾ-ਪੁੰਜ ਸਤਿਗੁਰੂ ਅਖ਼ਤਿਆਰ ਕਰਦਾ ਹੈ। ਉਸ ਪਰਮ ਪਾਰਸ ਨੇ ਆਪਣੇ ਸੰਪਰਕ ਵਿਚ ਆਈ ਨਿਕੰਮੀ ਧਾਤ ਨੂੰ ਸੋਨਾ ਬਣਾ ਦੇਣਾ ਹੁੰਦਾ ਹੈ, ਭਾਵੇਂ ਉਹ ਧੁਰ ਸਿਰ ਖੋਟਾਂ ਨਾਲ ਭਰੀ ਹੋਵੇ। ਓਵੇਂ ਹੀ ਆਪਣੀ ਬਖ਼ਸ਼ਿਸ਼ ਦੇ ਦਰ ਖੋਲ੍ਹਣ ਲੱਗਿਆਂ ਪੂਰਾ ਗੁਰੂ ਸਿੱਖ ਦੇ ਕਿਰਤ ਕਰਮਾਂ ਵੱਲ ਵੇਂਹਦਾ ਤਕ ਨਹੀਂ।

ਜਿਵੇਂ ਕਿ ਪਿੱਛੇ ਕਿਹਾ ਜਾ ਚੁੱਕਾ ਹੈ ਕਿ ਪਾਣੀ ਨੇ ਬਿਰਛ ਨੂੰ ਸਿੰਜ ਕੇ ਵੱਡਾ ਕੀਤਾ ਹੁੰਦਾ ਹੈ, ਇਸ ਕਾਰਣ ਉਹ ਆਪਣੀ ਇਸ ਪਾਲਣਾ ਦੀ ਲਾਜ ਨਿਭਾਉਂਦਿਆਂ ਉਹਨੂੰ ਬਿਰਛ ਦੇ ਲਕੜੀ ਵਜੋਂ ਖ਼ੁਦ ਵਿਚ ਆ ਡਿੱਗੇ ਨੂੰ ਡੋਬਦਾ ਨਹੀਂ। ਓਹੀਓ ਬਿਰਛ ਜਦ ਕਿਸ਼ਤੀ ਜਾਂ ਜਹਾਜ਼ ਦੇ ਰੂਪ ਵਿਚ ਆਪਣੀਆਂ ਕਿੱਲਾਂ ਪੱਤੀਆਂ ਨਾਲ ਪਾਣੀ ਨੂੰ ਚੀਰ ਰਿਹਾ ਹੁੰਦਾ ਹੈ, ਤਾਂ ਉਹ ਜਾਣੋਂ ਉਹਨੂੰ ਦੁਫਾੜ ਕਰਨ ਵਾਲਾ ਕਰਵੱਤ ਬਣ ਜਾਂਦਾ ਹੈ, ਪਾਣੀ ਫੇਰ ਵੀ ਆਪਣਾ ਰਵਈਆ ਨਹੀਂ ਬਦਲਦਾ, ਉਹਦੀ ਸੰਭਾਲ ਤੋਂ ਮੂੰਹ ਨਹੀਂ ਮੋੜਦਾ। ਉਸੇ ਪ੍ਰਕਾਰ ਸਤਿਗੁਰੂ ਆਪਣੀ ਸ਼ਰਨ ਆਏ ਸਿੱਖ ਦੇ ਅੰਗ ਸੰਗ ਰਹਿੰਦਾ ਹੈ, ਉਹਦੇ ਅਉਗਣ, ਊਣਤਾਈਆਂ ਦੇਖ ਕੇ ਵੀ ਉਹਨੂੰ ਧੱਕਾ ਨਹੀਂ ਦਿੰਦਾ, ਉਹਦਾ ਪੱਲਾ ਨਹੀਂ ਛਡਦਾ :

ਪਾਣੀ ਕਾਠ ਨ ਡੋਬਈ ਪਾਲੇ ਦੀ ਲੱਜੈ।
ਸਿਰਿ ਕਲਵਤ੍ਰ ਧਰਾਇ ਕੈ ਸਿਰਿ ਚੜ੍ਹਿਆ ਭੱਜੈ।

(ਵ. 13, ਪੌ. 15)

ਜਿਹੜੀ ਮੁਹੱਬਤ, ਅਪਣੱਤ, ਨਿੱਘ, ਦਿਲਬਰੀ, ਰੱਖਿਆ, ਸਹਾਇਤਾ, ਬਿਨਾਂ ਕਿਸੇ ਗਰਜ਼, ਲੋਭ, ਬਦਲ ਦੇ ਸਤਿਗੁਰੂ ਤੋਂ ਗੱਵਿਆਂ ਵਿਚ ਮਿਲਦੀ ਹੈ, ਉਹ ਕਿਸੇ ਹੋਰ ਸਕੇ ਸ਼ਰੀਕੇਦਾਰ ਤੋਂ ਹਾਸਲ ਨਹੀਂ ਹੋ ਸਕਦੀ। ਤੁਸੀਂ ਦੇਖਿਆ ਹੈ ਸ਼ਤਰੰਜ ਦੀ ਖੇਡ ਵਿਚ ਰੁਖ਼ (ਹਾਥੀ) ਬੜਾ ਮੁੱਲਵਾਨ ਮੋਹਰਾ ਮੰਨਿਆ ਜਾਂਦਾ ਹੈ ਕਿਉਂਕਿ ਉਹ ਸਿੱਧੀ ਤੋਰ ਕੋਨੇ ਤੋਂ ਕੋਨੇ ਤਕ ਪੱਟੀ ਦਾ ਸਾਰਾ ਪੈਂਡਾ ਤੈਅ ਕਰ ਲੈਂਦਾ ਹੈ, ਤੇ ਫ਼ੀਲਾ ਵੀ ਉਤਨਾ ਹੀ ਫ਼ਾਸਲਾ ਟੇਢੇ ਦਾਅ ਮੁਕਾ ਲੈਣ ਕਾਰਣ। ਤਾਂ ਵੀ ਇਹਨਾਂ ਮੋਹਰਿਆਂ ਦੀ ਵਜ਼ੀਰ ਦੇ ਮੁਕਾਬਲੇ ਬੜੀ ਘੱਟ ਕਦਰ ਪੈਂਦੀ ਹੈ ਕਿਉਂਕਿ ਉਹ ਤਾਂ ਇਕੱਲਾ ਹੀ ਸਿੱਧੀਆਂ ਤੇ ਟੇਢੀਆਂ, ਪੱਟੀਆਂ ਸਾਂਭ ਲੈਂਦਾ ਹੈ। ਪਰ ਸਤਿਗੁਰੂ ਕੇਵਲ ਦੋ ਰਿਸ਼ਤੇਦਾਰਾਂ ਦੇ ਪੱਲੇ ਦਾ ਹੀ ਇਕ ਰਿਸ਼ਤੇਦਾਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਹੁੰਦਾ। ਜਿਹੜਾ ਪਣ ਉਹ ਪਾਲਦਾ ਹੈ ਸਾਡੇ ਸਮੁੱਚੇ ਸੰਬੰਧੀ ਮਿੱਤਰ ਮਿਲ ਕੇ ਨਹੀਂ ਪਾਲ ਸਕਦੇ। ਸੰਸਾਰ ਦਾ ਕੋਈ ਹਿਤਕਾਰੀ ਕੀ ਉਹਦੇ ਸਾਹਮਣੇ ਤਾਂ ਅਨੇਕ ਸ਼ਕਤੀਆਂ ਦੇ ਧਨੀ, ਦੇਵੀ-ਦੇਵਤਾ ਵੀ ਤੁੱਛ ਹਨ, ਇਸ ਲਈ ਕਿ ਉਹ ਹੋਰ ਜੀਵਾਂ ਜਿਹੇ ਹੀ ਜੀਵ ਹੁੰਦੇ ਹਨ ਤੇ ਸਤਿਗੁਰੂ ਖ਼ੁਦ ਪਰਮੇਸ਼ਰ ਦਾ ਪਰਤੱਖ ਰੂਪ। ਤਦੇ ਭਾਈ ਗੁਰਦਾਸ ਨੂੰ ਇਹ ਕਹਿੰਦਿਆਂ ਸੰਕੋਚ ਨਾ ਹੋਇਆ :

ਸਤਿਗੁਰੂ ਤੁਲਿ ਨ ਮਿਹਰਵਾਨ ਮਾਤਾ ਪਿਤਾ ਨ ਦੇਵ ਸਬਾਏ।

(ਵ. 39, ਪੌ. 20)

ਇਹ ਕਥਨ ਕੋਈ ਸੁਣੀ ਸੁਣਾਈ ਮੱਖੀ ਤੇ ਮੱਖੀ ਮਾਰਨ ਜਿਹੀ ਗੱਲੀ ਨਹੀਂ ਸੀ, ਪੂਰੀ ਅਜ਼ਮਾਇਸ਼ ਬਾਅਦ ਆਪਣੇ ਨਿੱਜੀ ਅਨੁਭਵ ਦੇ ਆਧਾਰ ਤੇ ਭਰੀ ਗਵਾਹੀ ਸੀ

ਡਿਠੇ ਸਭੇ ਠੋਕਿ ਵਜਾਏ। (ਵ. 39, ਪੌ. 20)

ਸਤਿਗੁਰੂ ਕਿਸੇ ਦੀ ਬਾਂਹ ਫੜ ਲੈਣ ਫੇਰ ਉਸ ਨੂੰ ਛੱਡਦੇ ਨਹੀਂ। ਉਹਨਾਂ ਦੀ ਅਪਣੱਤ, ਸਰਪ੍ਰਸਤੀ, ਪੱਥਰ ਤੇ ਉਕਰੀ ਲਿਖਤ ਜਿਹੀ ਸਥਾਈ ਹੁੰਦੀ ਹੈ। ਉਹਨਾਂ ਨੂੰ ਪਤਾ ਹੁੰਦਾ ਹੈ, ਭੁੱਲਾਂ ਕਰਨਾ ਇਨਸਾਨ ਦੀ ਕਮਜ਼ੋਰੀ ਹੈ ਤੇ ਸਿੱਖ ਵੀ ਆਖ਼ਰ ਇਨਸਾਨ ਹੀ ਹੁੰਦੇ ਹਨ। ਇਸ ਲਈ ਉਹਨਾਂ ਨੂੰ ਕ੍ਰੋਧ ਨਹੀਂ ਚੜ੍ਹਦਾ। ਐਵੇਂ ਵੀ ਉਹਨਾਂ ਦੀ ਖ਼ਿਮਾ ਦੀ ਖ਼ਾਸੀਅਤ ਉਹਨਾਂ ਦੀ ਨਾਰਾਜ਼ਗੀ ਨੂੰ ਪਾਣੀ ਤੇ ਵਾਹੀ ਲੀਕ ਬਣਾ ਦਿੰਦੀ ਹੈ। ਉਹਨਾਂ ਕੋਲੋਂ ਬੁਰਾ ਤਾਂ ਵੈਰੀ ਦਾ ਵੀ ਨਹੀਂ ਹੁੰਦਾ।

ਸਾਧ ਕੀ ਸਜਨਤਾਈ ਪਾਹਨ[1] ਕੀ ਰੇਖ ਪ੍ਰੀਤ
ਬੈਰ ਜਲ ਰੇਖ ਹੁਇ ਬਿਸੇਖ ਸਾਧ ਸੰਗ ਮੈ।

(ਕ. ਸ. 297)

ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਸੀ :

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।

(ਆਦਿ ਗ੍ਰੰਥ, ਪੰ. 168)

ਆਪਣੀ ਸੰਤਾਨ ਸਾਰੇ ਹੀ ਮਾਪਿਆਂ ਨੂੰ ਪਿਆਰੀ ਹੁੰਦੀ ਹੈ, ਤੇ ਉਹ ਆਪਣੇ ਵਲੋਂ ਉਹਦੀ ਸੰਭਾਲ ਵਿਚ ਕੋਈ ਕਸਰ ਨਹੀਂ ਰਖਦੇ, ਪਰ ਉਹਨਾਂ ਦੇ ਉਦਮ ਦੀ ਸਮਰੱਥਾ ਸੀਮਿਤ ਹੁੰਦੀ ਹੈ, ਬੱਸ ਉਤਨੀ ਕੁ ਜਿੰਨੀ ਆਪਣੇ ਚੂਚਿਆਂ

1. ਪੱਥਰ।

Sri Satguru Jagjit Singh Ji eLibrary NamdhariElibrary@gmail.com

ਦੀ ਪਰਵਰਿਸ਼ ਲਈ ਕਿਸੇ ਕੁੱਕੜੀ ਦੇ ਪੱਲੇ ਹੁੰਦੀ ਹੈ। ਕੁੱਕੜੀ ਉਸੇ ਆਂਡੇ ਨੂੰ ਸੇਅ ਸਕਦੀ ਹੈ ਜਿਹੜਾ ਉਹਦੇ ਖੰਭਾਂ ਹੇਠ ਛੁਪ ਜਾਏ, ਜ਼ਰਾ ਕੁ ਜਿੰਨਾ ਪਾਸੇ ਰਹਿ ਗਏ ਆਂਡੇ ਲਈ ਵੀ ਉਹਨਾਂ ਦਾ ਨਿੱਘ ਲਾਭਕਾਰੀ ਨਹੀਂ ਹੁੰਦਾ। ਇਹਦੇ ਵਿਰੁੱਧ ਕਛੂਵੀ ਜਾਂ ਕੁੰਮੀ (ਮਦੀਨ ਕੱਛੂ) ਛੱਪੜ ਕੰਢੇ ਰੇਤ ਵਿਚ ਆਂਡੇ ਦੇ ਕੇ ਪਾਣੀ ਵਿਚ ਆ ਰਹਿੰਦੀ ਹੈ ਤੇ ਆਪਣੇ ਧਿਆਨ ਮਾਤਰ ਨਾਲ ਉਹਨਾਂ ਵਿਚੋਂ ਬੱਚੇ ਕੱਢ ਲੈਂਦੀ ਹੈ। ਕਛੂਵੀ ਦੇ ਆਂਡੇ ਉਸ ਤੋਂ ਬਹੁਤ ਦੂਰ ਨਹੀਂ ਹੁੰਦੇ, ਉਹ ਚਾਹੇ ਤਾਂ ਦਿਨ ਵਿਚ ਕਈ ਵਾਰ ਉਹਨਾਂ ਕੋਲ ਜਾ ਕੇ ਉਹਨਾਂ ਦੇ ਸਹੀ ਸਲਾਮਤ ਹੋਣ ਬਾਰੇ ਤਸੱਲੀ ਕਰ ਸਕਦੀ ਹੈ, ਜਦ ਕਿ ਕੂੰਜ ਨੇ ਰੁੱਤਾਂ ਦੇ ਹਿਸਾਬ ਆਪਣੇ ਬੱਚਿਆਂ ਨੂੰ ਪਿੱਛੇ ਛੱਡ ਕੇ ਕਈ ਕਈ ਮਹੀਨਿਆਂ ਲਈ ਹਜ਼ਾਰਾਂ ਮੀਲਾਂ ਦੇ ਸਫ਼ਰ ਤੇ ਤੁਰ ਜਾਣਾ ਹੁੰਦਾ ਹੈ। ਤਦ ਵੀ ਓਥੇ ਦੇਸ਼ਾਂ ਵਿਦੇਸ਼ਾਂ ਵਿਚ ਉਹਦਾ ਧਿਆਨ ਆਪਣੇ ਬੱਚਿਆਂ ਤੇ ਕੇਂਦ੍ਰਿਤ ਰਹਿੰਦਾ ਹੈ ਤੇ ਉਸ ਧਿਆਨ ਦਾ ਸਦਕਾ ਉਹ ਆਪਣੀ ਮਾਂ ਦੀ ਅਦਮ-ਮੌਜੂਦਗੀ ਵਿਚ ਭਲੀ-ਭਾਂਤ ਪਲਦੇ ਰਹਿੰਦੇ ਹਨ। ਸਾਡੇ ਮਾਤਾ-ਪਿਤਾ ਦੇ ਪਾਲਣ ਪੋਸਣ ਤੇ ਸਤਿਗੁਰੂ ਦੀ ਸਾਂਭ-ਸੰਭਾਲ ਵਿਚ ਵੀ ਕੁੱਕੜੀ ਤੇ ਕੂੰਜ ਵਾਲਾ ਅੰਤਰ ਹੈ। ਸਤਿਗੁਰੂ ਦਾ ਸਿੱਖ ਉਸ ਤੋਂ ਭਾਵੇਂ ਕਿੰਨੀਆਂ ਹੀ ਲੰਮੀਆਂ ਵਿੱਥਾਂ ਤੇ ਵੱਸਦਾ ਹੋਵੇ, ਉਹ ਉਹਨੂੰ ਡਿੱਗਣ ਡੋਲਣ ਨਹੀਂ ਦਿੰਦਾ, ਉਹਨੂੰ ਹਰ ਤੱਤੀ ਵਾਅ ਤੋਂ ਬਚਾਈ ਰਖਦਾ ਹੈ। ਭਾਈ ਗੁਰਦਾਸ ਇਸ ਵਿਚਾਰ ਨੂੰ ਨਿਮਨ ਲਿਖਤ ਸ਼ਬਦਾਂ ਵਿਚ ਪ੍ਰਗਟ ਕਰਦੇ ਹਨ :

ਕਛੂ ਆਂਡਾ ਧਿਆਨ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ।
ਕੂੰਜ ਰਿਦੈ ਸਿਮਰਣੁ ਕਰੈ ਲੈ ਬਚਾ ਉਡਦੀ ਅਸਮਾਣੈ।
. . . . . . . . . . . . . . . . . . . . . . . . . . . . . . . . . . . .
ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰ ਸਿਖ ਰਖੈ ਨਿਰਬਾਣੈ।

(ਵ. 11, ਪੌ. 9)

ਹਕੀਕਤ ਇਹ ਹੈ ਕਿ ਜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੀਆਂ ਵਿਰੋਧੀ ਤਾਕਤਾਂ ਦੇ ਕਟਕ ਚੜ੍ਹ ਕੇ ਆ ਜਾਣ, ਜਿਹੜੇ ਰੂਪ, ਬਲ, ਸੁਖ, ਸੰਪਤੀ ਆਦਿ ਸਭ ਕਾਸੇ ਦਾ ਮਲੀਆ ਮੇਟ ਕਰ ਦਿੰਦੇ ਹੁੰਦੇ ਹਨ, ਤਾਂ ਵੀ ਉਹ ਉਸ ਸਿੱਖ ਦਾ ਵਾਲ ਵਿੰਗਾ ਨਹੀਂ ਕਰ ਪਾਉਣਗੇ, ਜਿਸ ਨੇ ਪੂਰੇ ਗੁਰੂ ਦੇ ਉਪਦੇਸ਼ ਦਾ ਸ਼ਸਤਰ ਧਾਰਨ ਕੀਤਾ ਹੋਵੇ ਤੇ ਉਹਦੇ ਧਿਆਨ ਦੀ ਸੰਜੋਅ ਪਹਿਨੀ ਰਖਦਾ ਹੋਵੇ :

ਕੋਟਿਨ ਕੋਟਾਨਿ ਕਾਮ ਕਟਕ ਹੋਇ ਕਾਮਾਰਥੀ
ਕੋਟਿਨ ਕੋਟਾਨਿ ਕ੍ਰੋਧੁ ਕ੍ਰੋਧੀ ਵੈਤ ਆਹਿ ਜੀ।

Sri Satguru Jagjit Singh Ji eLibrary NamdhariElibrary@gmail.com

ਕੋਟਿਨ ਕੋਟਾਨਿ ਲੋਭੀ ਲੋਭਿ ਹੁਇ ਲਾਲਚ ਕਰੈ
ਕੋਟਿਨ ਕੋਟਾਨਿ ਮੋਹ ਮੋਹ ਅਵਗਾਹਿ ਜੀ।
ਕੋਟਿਨ ਕੋਟਾਨਿ ਅਹੰਕਾਰ ਅਹੰਕਾਰੀ ਹੁਇ
ਰੂਪ ਰਿਪੁ[1] ਸੰਪੈ ਸੁਖ ਬਲ ਛਲ ਚਾਹਿ ਜੀ।
ਸਤਿਗੁਰੂ ਸਿਖਨ ਕੇ ਰੋਮਹਿ ਨ ਚਾਂਪ ਸਕੈ
ਜਾਂ ਮੈਂ ਗੁਰ ਗਿਆਨ ਧਿਆਨ ਸ਼ਸਤ੍ਰ ਸਨਾਹਿ[2] ਜੀ।

(ਕ. ਸ. 359)

*ਪਰ–ਉਪਕਾਰੀ*

ਗੁਰੂ ਅਰਜਨ ਸਾਹਿਬ ਦਾ ਵਾਕ ਹੈ, 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ' (ਆ. ਗ. ਪੰ. 749)। ਏਹੋ ਕੁਝ ਭਾਈ ਗੁਰਦਾਸ ਨੇ ਇਸ ਨਾਲ ਮਿਲਦੇ–ਜੁਲਦੇ ਸ਼ਬਦਾਂ ਵਿਚ ਆਖਿਆ ਹੈ :

ਜੰਮਣ ਮਰਣਹੁੰ ਬਾਹਰੇ ਪਰਉਪਕਾਰੀ ਜਗ ਵਿਚ ਆਏ।

(ਵ. 12, ਪੌ. 18)

ਸਤਿਗੁਰੂ ਕੋਈ ਸਾਧਾਰਨ ਬੰਦਿਆਂ ਵਰਗਾ ਬੰਦਾ ਨਹੀਂ ਹੁੰਦਾ। ਉਹ ਤਾਂ ਦਇਆਲ ਹੁੰਦਾ ਹੈ, ਸਤਿਪੁਰਸ਼ ਖ਼ੁਦ, ਜੀਵਾਂ ਤੇ ਤਰਸਵਾਨ ਹੋ ਕੇ ਉਹਨਾਂ ਦੇ ਉਧਾਰ ਲਈ ਸਚਖੰਡੋਂ ਚੱਲ ਕੇ ਪ੍ਰਿਥਵੀ ਤੇ ਉਤਰ ਆਇਆ ਹੋਇਆ। ਉਹਦਾ ਸਰੂਪ ਨਿਰੰਕਾਰ ਦਾ ਅਖ਼ਤਿਆਰ ਕੀਤਾ ਆਕਾਰ ਹੁੰਦਾ ਹੈ, ਤੇ ਉਹਦੇ ਜਨਮ ਧਾਰਨ ਦੀ ਅਵੱਸ਼ਕਤਾ ਇਸ ਲਈ ਪੈਂਦਾ ਹੁੰਦੀ ਹੈ ਕਿ ਅਜਿਹਾ ਕੀਤੇ ਬਿਨਾਂ ਸ਼ਬਦ, ਜਿਹੜਾ ਉਹਦਾ (ਪ੍ਰਭੂ ਦਾ) ਸੱਚਾ ਨਾਮ ਹੈ, ਜਗਤ ਦੇ ਜੀਵਾਂ ਲਈ ਪ੍ਰਗਟ ਨਹੀਂ ਕੀਤਾ ਜਾ ਸਕਦਾ, ਸੁਣਾਇਆ ਨਹੀਂ ਜਾ ਸਕਦਾ :

ਸਤਿਗੁਰ ਪੁਰਖ ਦਇਆਲ ਦਇਆ ਕਰਿ ਆਇਆ।
ਨਿਰੰਕਾਰ ਆਕਾਰ ਸਬਦ ਸੁਣਾਇਆ।

(ਵ. 20, ਪੌ. 9)

ਬੱਦਲ ਕਾਲੀਆਂ ਘਟਾਂ ਦੇ ਰੂਪ ਵਿਚ ਚੜ੍ਹ ਕੇ ਆਉਂਦੇ ਹਨ। ਉਹਨਾਂ ਦੀ ਘਨਘੋਰ ਕੰਨਾਂ ਵਿਚ ਗੂੰਜਦੀ ਹੈ ਤੇ ਉਹਨਾਂ ਦੀ ਚੰਚਲ ਬਿਜਲੀ ਦੇ ਲਿਸ਼ਕਾਰੇ ਦੂਰ–ਦੂਰ ਤਕ ਵਿਖਾਈ ਪੈਂਦੇ ਹਨ। ਫੇਰ ਉਹਨਾਂ ਵਿਚੋਂ ਅੰਮ੍ਰਿਤ–ਮਈ ਜਲ ਬਰਸਦਾ ਹੈ, ਜਿਸ ਦੀ ਕ੍ਰਿਪਾ ਨਾਲ ਮੁਕਤਾ, ਕਪੂਰ ਆਦਿ ਅਨੇਕ ਕੁਸ਼ਲਕਾਰਕ ਦਵਾਵਾਂ ਤੇ ਕਿੰਨਾ ਕੁਝ ਹੋਰ ਉਤਪੰਨ ਹੁੰਦਾ ਹੈ। ਉਕਤ ਬੱਦਲ ਨੇ

1. ਨੁਕਸਾਨ ਪਹੁੰਚਾਉਣਾ 2. ਚੰਗੀ ਤਰ੍ਹਾਂ ਬੰਨ੍ਹਿਆ ਹੋਇਆ।

Sri Satguru Jagjit Singh Ji eLibrary NamdhariElibrary@gmail.com

ਕਿਸੇ ਦੇ ਅਹਿਸਾਨਾਂ ਦਾ ਕਰਜ਼ ਨਹੀਂ ਚੁਕਾਉਣਾ ਹੁੰਦਾ। ਉਹ ਆਪਣਾ ਸਾਰਾ ਉਦਮ ਲੋਕ-ਹਿਤ ਦੀ ਦ੍ਰਿਸ਼ਟੀ ਨਾਲ ਕਰਦਾ ਹੈ। ਉਸੇ ਤਰ੍ਹਾਂ ਸੰਤਾਂ ਸਤਿਗੁਰੂਆਂ ਨੇ ਪਿਛਲੇ ਕਰਮਾਂ ਦੀ ਫ਼ਸਲ ਨਹੀਂ ਵੱਢਣੀ ਹੁੰਦੀ, ਉਹਨਾਂ ਦਾ ਜਨਮ ਕਿਸੇ ਕੀਤੇ ਦਾ ਬਦਲਾ ਚੁਕਾਉਣ ਮਾਤਰ ਨਹੀਂ ਹੁੰਦਾ, ਉਹ ਕੇਵਲ ਪਰਉਪਕਾਰ ਦੇ ਪ੍ਰਯੋਜਨ ਨਾਲ ਦਿਬ ਦੇਹਿ ਧਾਰਨ ਕਰਕੇ ਪ੍ਰਗਟ ਹੁੰਦੇ ਹਨ :

ਜੈਸੇ ਤਉ ਅਕਸਮਾਤ ਬਾਦਰ ਉਦੋਤ ਹੋਤ
ਗਗਨ ਘਟਾ ਘਮੰਡ ਕਰਤ ਬਿਥਾਰ ਜੀ।
ਤਾਹੀ ਤੇ ਸ਼ਬਦ ਧੁਨਿ ਘਨ ਗਰਜਤ ਅਤਿ
ਚੰਚਲ ਚਰਿਤ੍ਰ ਦਾਮਨੀ[1] ਚਮਤਕਾਰ ਜੀ।
ਬਰਖਾ ਅੰਮ੍ਰਿਤ ਜਲ ਮੁਕਤਾ ਕਪੂਰ ਤਾਂ ਤੇ
ਅਉਖਧੀ ਉਪਾਰਜਨਾ ਅਨਿਕ ਪ੍ਰਕਾਰ ਜੀ।
ਦਿਬ ਦੇਹ ਸਾਧ ਜਨਮ ਮਰਨ ਰਹਿਤ
ਜਗਿ ਪ੍ਰਗਟਤ ਕਰਬੇ ਕਉ ਪਰਉਪਕਾਰ ਜੀ।

(ਕ. ਸ. 325)

ਸਤਿਗੁਰੂ ਆਪਣੇ ਸਿੱਖ ਲਈ ਕੀ ਕੁਛ ਕਰਨ ਦੇ ਸਮਰੱਥ ਹੁੰਦਾ ਹੈ, ਭਾਈ ਸਾਹਿਬ ਇਕ ਵਾਰ ਫੇਰ ਬੜੇ ਢੁਕਵੇਂ ਸ਼ਬਦਾਂ ਵਿਚ ਦਰਸਾਉਣ ਦਾ ਜਤਨ ਕਰਦੇ ਹਨ : ਆਪ ਦੱਸਦੇ ਹਨ ਕਿ ਦੁਨੀਆਂ ਵਿਚ ਜਿਹੜੀ ਇਕੋ-ਇਕ ਵਸਤੂ ਖਰੀਦਣ ਜੋਗ ਹੈ, ਸ਼ਬਦ (ਨਾਮ), ਉਹ ਸਤਿਗੁਰੂ ਰੂਪੀ ਸ਼ਾਹ ਦੀ ਦੁਕਾਨ ਤੋਂ ਹੀ ਮਿਲਦੀ ਹੈ, ਉਹ ਹੋਰ ਕਿਸੇ ਮੰਡੀ ਜਾਂ ਬਾਜ਼ਾਰ ਵਿਚ ਸੁਲਭ ਨਹੀਂ। ਜੇ ਉਹਨੇ ਇਕ ਵਾਰ ਇਹ ਵਸਤੂ ਤੁਹਾਡੀ ਝੋਲੀ ਪਾਉਣ ਲਈ 'ਹਾਂ' ਕਰ ਲਈ ਤਾਂ ਉਹ ਬਾਅਦ ਵਿਚ ਇਸ ਗਲੋਂ ਮੁੱਕਰਨ ਨਹੀਂ ਲੱਗਾ ਕਿ ਤੁਹਾਡੇ ਕੋਲ ਉਸ ਦੀ ਕੀਮਤ ਚੁਕਾਉਣ ਲਈ ਕੋਈ ਉਚਿਤ ਬਦਲ ਨਹੀਂ। ਉਹ ਤਾਂ ਦੋਸ਼ਾਂ ਪਾਪਾਂ ਦੇ ਕੰਕਰ ਵਸੂਲ ਕਰ ਕੇ ਵੱਟੇ ਵਿਚ ਸ਼ੁਭ ਗੁਣਾਂ ਦੇ ਹੀਰੇ, ਰਤਨ ਲੁਟਾ ਦਿੰਦਾ ਹੈ। ਜੇ ਤੁਸੀਂ ਸਿਮਲ ਬਿਰਛ ਜਿਹੀ ਸਦਾ ਬਾਂਝ ਰਹਿਣ ਵਾਲੀ ਕੋਈ ਚੀਜ਼ ਹੋਵੋ ਤਾਂ ਵੀ ਉਹ ਤੁਹਾਨੂੰ ਮਿਠੇ ਫਲਾਂ ਨਾਲ ਲੱਦ ਦੇਵੇਗਾ, ਤੇ ਜੇ ਤੁਸੀਂ ਅਨੇਕ ਜਨਮਾਂ ਵਿਚ ਕੀਤੇ ਕੁਕਰਮਾਂ ਕਾਰਣ ਗਲ ਸੜ ਕੇ ਕੱਚੇ ਲੋਹੇ ਤੋਂ ਨਿਰਾ ਮਨੂਰ, ਆਪਣੇ ਮੂਲ ਦੀ ਮੈਲ, ਬਣ ਗਏ ਹੋ, ਤਾਂ ਵੀ ਉਹਦੀ ਪਾਰਸ ਛੋਹ ਤੁਹਾਨੂੰ ਪਾਸੇ ਦੇ ਸੋਨੇ ਵਿਚ ਤਬਦੀਲ ਕਰ ਦੇਵੇਗੀ। ਉਹ ਚਾਹਵੇ ਤਾਂ ਕਿਸੇ ਬਾਂਸ ਜਿਹੇ ਹੰਕਾਰੇ

1. ਬਿਜਲੀ

Sri Satguru Jagjit Singh Ji eLibrary NamdhariElibrary@gmail.com

ਸੁਆਰਥੀ ਜੀਵ ਨੂੰ ਹਰ ਵੰਨੇ ਸੁਗੰਧਾਂ ਖਿਲਾਰਦਾ ਪਰਉਪਕਾਰੀ ਚੰਦਨ ਬਣਾ ਦੇਵੇ, ਤੇ ਕਾਂ ਵਰਗੇ ਕਾਲੇ ਮਨ ਵਾਲੇ ਤੋਂ ਹੰਸਾਂ ਜਿਹੇ ਸੱਜਣ ਪੁਰਸ਼ਾਂ ਦੀ ਬਰਾਬਰੀ ਕਰਵਾ ਦੇਵੇ। ਉਹਦੀ ਸੰਗਤ ਵਿਚ ਸਮਝ ਸੂਝ ਤੋਂ ਸੱਖਣੇ ਉਲੂ ਐਉਂ ਗਿਆਨਵਾਨ ਬਣ ਜਾਂਦੇ ਹਨ ਜਿਵੇਂ ਸਿੱਪ ਵਿਚ ਪੈ ਕੇ ਧੂੜ ਦੇ ਕਿਣਕਿਆਂ ਨੇ ਅਣਮੁੱਲੇ ਮੋਤੀਆਂ ਦਾ ਰੂਪ ਧਾਰ ਲਿਆ ਹੋਵੇ। ਹੋਰ ਤਾਂ ਹੋਰ ਜਿਸ ਪਰਮੇਸ਼ਰ ਦੀ ਕਿਸੇ ਵੀ ਵੇਦ ਸ਼ਾਸਤਰ, ਗ੍ਰੰਥ, ਪੁਸਤਕ ਪੜ੍ਹਿਆਂ ਰਤੀ ਜਿੰਨੀ ਸੂਹ ਨਹੀਂ ਲਭਦੀ, ਸਤਿਗੁਰੂ ਸ਼ਬਦ ਦੇ ਅਭਿਆਸ ਰਾਹੀਂ ਉਸ ਨੂੰ ਪਰਤੱਖ ਵਖਾ ਦਿੰਦਾ ਹੈ, ਉਹਦਾ ਮਿਲਾਪ ਕਰਵਾ ਦਿੰਦਾ ਹੈ :

ਸਉਦਾ ਇਕਤੁ ਹਟਿ[1] ਹੈ ਸਾਹੁ ਸਤਿਗੁਰੁ ਪੂਰਾ।
ਅਉਗੁਣ ਲੈ ਗੁਣ ਵਿਕਣੈ[2] ਵਚਨੈ ਕਾ ਸੂਰਾ।
ਸਫਲ ਕਰੈ ਸਿੰਮਲ ਬਿਰਖੁ ਸੋਵਰਨੁ ਮਨੂਰਾ।
ਵਾਸੁ ਸੁਵਾਸੁ ਨਿਵਾਸੁ ਕਰਿ ਕਾਉਂ ਹੰਸ ਨ ਊਰਾ[3]।
ਘੁਘੂ[4] ਸੁਝ ਸੁਝਾਇਦਾ ਸੰਖ ਮੋਤੀ ਚੂਰਾ[5]।
ਵੇਦ ਕਤੇਬਹੁ ਬਾਹਰਾ ਗੁਰ ਸਬਦੁ ਹਜੂਰਾ।

(ਵ. 13, ਪੌ. 21)

ਦੁਨੀਆ ਦੇ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਵੇਚਣ ਲਈ ਥਾਉਂ-ਥਾਈਂ ਬਾਜ਼ਾਰ ਖੁਲ੍ਹੇ ਹੋਏ ਹਨ। ਲੀੜਾ-ਲੱਤਾ, ਸਾਬਣ-ਤੇਲ ਆਦਿ ਲਈ ਤਾਂ ਕਈ ਕਈ ਹੱਟੀਆਂ ਹੋਣੀਆਂ ਹੀ ਸਨ, ਹੀਰਿਆਂ ਜਿਹੀਆਂ ਬਹੁਮੁੱਲੀਆਂ ਵਸਤਾਂ ਦੀ ਖ਼ਰੀਦ ਖ਼ਾਤਰ ਵੀ ਕਿਸੇ ਖ਼ਾਸ ਦੁਕਾਨ ਤੇ ਜਾਣ ਦੀ ਮਜਬੂਰੀ ਨਹੀਂ ਹੁੰਦੀ। ਪਰ ਨਾਮ ਦੀ ਵੱਖਰ ਕੇਵਲ ਇਕੋ ਸੌਦਾਗਰ ਤੋਂ ਮਿਲਦੀ ਹੈ- ਪੂਰੇ ਗੁਰੂ ਤੋਂ। ਇਹਦੀ ਪ੍ਰਾਪਤੀ ਦਾ ਸਾਧਨ ਹੈ, ਉਹਦਾ ਉਪਦੇਸ਼। ਕਿਉਂਕਿ ਸਤਿਗੁਰੂ ਆਪ ਸਰਬ-ਗੁਣ ਸੰਪੰਨ ਹੈ, ਉਹਦੀ ਬਖਸ਼ੀ ਦਾਤ ਵੀ ਸਭ ਪੱਖਾਂ ਤੋਂ ਪੂਰੀ ਹੁੰਦੀ ਹੈ, ਬੇਮਿਸਾਲ। ਉਹਦੀ ਜਿੰਨੀ ਉਸਤਤੀ ਕੀਤੀ ਜਾਵੇ, ਉਤਨੀ ਥੋੜ੍ਹੀ :

ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।
ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ। (ਵ. 3, ਪੌ. 6)

ਨਾਮ ਦੀ ਵਡਮੁੱਲੀ ਵਸਤੂ ਸਿਰਫ਼ ਸਤਿਗੁਰੂ ਦੀ ਹੱਟੀ ਤੋਂ ਲੱਭਦੀ ਹੈ, ਇਹ ਉਹਦਾ ਇਕ ਖ਼ਾਸ ਵਸਫ਼ ਹੈ। ਇਹਦੇ ਜਿਹਾ ਹੀ ਇਕ-ਦਮ ਅਨੂਠਾ ਹੈ ਉਹਦਾ ਦਰਿਆ-ਦਿਲ ਵਿਹਾਰ। ਆਪਾਂ ਜਾਣਦੇ ਹਾਂ ਪਿੰਡਾਂ ਦੇ ਮਰਦ ਦਿਨ

1. ਭਾਵ ਸਾਧ ਸੰਗਤ 2. ਵੇਚਦਾ 3. ਘੱਟ 4. ਉਲੂ 5. ਧੂੜੀ (ਮੋਤੀ ਚੂਰ)।

Sri Satguru Jagjit Singh Ji eLibrary NamdhariElibrary@gmail.com

ਚੜ੍ਹਦੇ ਹੀ ਜ਼ਮੀਨਾਂ ਵਾਹੁਣ, ਕਪਾਹਾਂ ਗੋਡਣ, ਕਮਾਦ ਆਦਿ ਸਿੰਜਣ ਜਿਹੇ ਆਪਣੇ ਸੁਭਾਵਿਕ ਕੰਮਾਂ ਲਈ ਖੇਤਾਂ ਨੂੰ ਤੁਰ ਜਾਂਦੇ ਹਨ, ਤੇ ਪਿਛੋਂ ਘਰ ਦੀ ਜ਼ਨਾਨੀ ਨੂੰ ਕਿਸੇ ਨਾ ਕਿਸੇ ਜ਼ਰੂਰੀ ਚੀਜ਼ ਦੀ ਲੋੜ ਵਜਦੀ ਰਹਿੰਦੀ ਹੈ। ਅਚਣਚੇਤ ਆ ਟਪਕੇ ਮਹਿਮਾਨ ਲਈ ਚਾਹ ਦੀ ਪੁੜੀ, ਜਵਾਈ ਭਾਈ ਲਈ ਬੂਰੇ ਦੀ ਲੱਪ। ਇਹਦੇ ਲਈ ਉਹ ਕਿਸੇ ਬੋਰੀ, ਗੱਟੇ ਵਿਚੋਂ ਕਣਕ, ਮੱਕੀ ਜਵਾਰ ਦੀ ਝੋਲੀ ਭਰ ਕੇ ਲੈ ਜਾਂਦੀ ਹੈ।

ਹਟਵਾਣੀਆਂ ਉਹਦੀ ਰੁਪਈਏ ਦੀ ਜਿਣਸ ਦਾ ਅੱਸੀ ਪੈਸੇ ਮੁੱਲ ਪਾਉਂਦਾ ਹੈ, ਤੇ ਆਪਣੀ ਸੱਠ ਪੈਸੇ ਦੀ ਚਾਹ, ਬੂਰਾ ਅੱਸੀ ਪੈਸਿਆਂ ਦਾ ਬਣਾ ਕੇ ਵੇਚ ਦਿੰਦਾ ਹੈ। ਇਸ ਪ੍ਰਕਾਰ ਦੀਆਂ ਹੱਟਾਂ ਤੇ ਗਿਆ ਕੋਈ ਗਾਹਕ ਕਦੇ ਕੁਛ ਖੱਟ ਕੇ ਨਹੀਂ ਮੁੜਿਆ, ਉਹ ਹਮੇਸ਼ਾ ਗਵਾਉਂਦਾ ਹੀ ਗਵਾਉਂਦਾ ਹੈ। ਜਿਵੇਂ ਕਾਠ ਦੀ ਹਾਂਡੀ ਦੀ ਔਕਾਤ ਇਕੋ ਵਾਰ ਚੁਲ੍ਹੇ ਚੜ੍ਹਨ ਤੇ ਮਾਲੂਮ ਹੋ ਜਾਂਦੀ ਹੈ, ਇਹਨਾਂ ਦੁਕਾਨਾਂ ਦੇ ਬਹੁਤੇ ਚੱਕਰ ਮਾਰਨ ਤੋਂ ਪਹਿਲਾਂ ਹੀ ਗਿਆਨ ਹੋ ਜਾਂਦਾ ਹੈ ਕਿ ਏਥੇ ਠੱਗੀਆਂ ਮਾਰੀਦੀਆਂ ਹਨ, ਇਹਨਾਂ ਅੱਗਿਉਂ ਪਾਸਾ ਵੱਟ ਕੇ ਲੰਘ ਜਾਣ ਵਿਚ ਹੀ ਭਲਾਈ ਹੈ। ਉਸ ਵੰਨਗੀ ਦੇ ਕੱਚੇ ਗੁਰੂਆਂ ਦੇ ਮੁਕਾਬਲੇ ਪੂਰਾ ਗੁਰੂ ਆਪਣੇ ਦਰ ਆਏ ਜਗਿਆਸੂਆਂ ਦੇ ਐਬ, ਪਾਪ ਆਪਣੇ ਗੱਲੇ ਵਿਚ ਪਾਉਂਦਾ ਤੇ ਵੱਟੇ ਵਿਚ ਉਹਨਾਂ ਦੀਆਂ ਝੋਲੀਆਂ ਰਹਿਮਤਾਂ ਨਾਲ ਭਰ ਦਿੰਦਾ ਹੈ। ਏਹੋ ਕਾਰਨ ਹੈ ਕਿ ਉਹਦੀ ਸ਼ੋਭਾ ਚਾਰ ਚੁਫੇਰੇ ਦੂਰ ਦੂਰ ਤਕ ਫੈਲ ਜਾਂਦੀ ਹੈ, ਤੇ ਨਿੱਤ ਨਵੇਂ ਸ਼ਰਧਾਵਾਨ ਵਹੀਰਾਂ ਘੱਤ ਕੇ ਉਹਦੀ ਸ਼ਰਨ ਵਿਚ ਤੁਰੇ ਆਉਂਦੇ ਹਨ :

ਆਨ ਹਾਟ ਕੇ ਹਟੂਆ[1] ਲੇਤ ਹੈਂ ਘਟਾਇ ਮੋਲ  
ਦੇਤ ਹੈ ਚੜ੍ਹਾਇ ਡਹਕਤ[2] ਜੋਈ ਆਵੈ ਜੀ।  
ਤਿਨ ਸੈ ਬਨਜ ਕੀਏ ਬਿੜਤਾ[3] ਨ ਪਾਵੈ ਕੋਊ  
ਟੋਟਾ[4] ਕੋ ਬਨਜ ਪੇਖਿ ਪੇਖਿ ਪਛੁਤਾਵੈ ਜੀ।  
ਕਾਠ ਕੀ ਹਾਂਡੀ ਜੈਸੇ ਚਢੈ ਏਕਾ ਬਾਰ ਕੋਊ  
ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੀ।  
ਸਤਿਗੁਰ ਸਾਹ ਗੁਨਿ ਬੇਚਿ ਅਵਗੁਨ ਲੇਤ  
ਸੁਨਿ ਸੁਨਿ ਸੁਜਸੁ ਜਗਤ ਉਠਿ ਧਾਵੈ ਜੀ।

(ਕ. ਸ. 461)

ਇਕ [illegible] ਹੁੰਦੀ ਹੈ। ਕਿੰਨੇ ਹੀ ਛੋਟੇ ਛੋਟੇ ਵਪਾਰੀ ਉਸ ਤੋਂ ਮਾਲ ਖਰੀਦ [illegible] ਬਦਲੇ ਤੇ ਉਧਾਰ ਵੀ। ਤੇ ਉਹ

1. [illegible] 2. [illegible] 3. [illegible] 4. ਘਾਟੇ ਵੈਦਾ।

Sri Satguru Jagjit Singh Ji eLibrary NamdhariElibrary@gmail.com

ਮਾਲ ਅਗੋ ਜਗ੍ਹਾ-ਬ-ਜਗ੍ਹਾ ਵੇਚ ਕੇ ਖ਼ੂਬ ਧਨਵਾਨ ਬਣ ਜਾਂਦੇ ਹਨ। ਓਵੇਂ ਜਿਸ ਕਿਸੇ ਨੇ ਪਰਮਾਰਥ ਦੀ ਦੋਲਤ ਕਮਾਉਣੀ ਹੁੰਦੀ ਹੈ ਉਹ ਪੂਰੇ ਗੁਰੂ ਦੀ ਸੰਗਤ ਵਿਚ ਆਉਂਦਾ ਹੈ ਤੇ ਉਸ ਤੋਂ ਨਾਮ ਦੀ ਵੱਖਰ ਪ੍ਰਾਪਤ ਕਰ ਕੇ ਜਗਤ ਤੇ ਦਰਗਾਹ ਵਿਚ ਮਾਨ ਪਾਉਂਦਾ ਹੈ। ਗੁਰੂ-ਹੱਟ ਦਾ ਗਾਹਕ ਬਣੇ ਬਿਨਾਂ ਨਾ ਕਿਸੇ ਅਵਤਾਰ ਵਲੀ ਦਾ ਕਾਰੋਬਾਰ ਤੁਰਿਆ ਹੈ, ਨਾ ਰਿਸ਼ੀ-ਮੁਨੀ, ਜੋਗੀ, ਸੰਨਿਆਸੀ, ਸਾਧਕ ਦਾ। ਗੁਰੂ ਸ਼ਾਹ ਦੀ ਇਕ ਅਨੂਪ ਵਿਸ਼ੇਸ਼ਤਾ ਇਹ ਹੈ ਕਿ ਉਸ ਦਾ ਵਿਹਾਰ ਸਿਰਫ਼ ਇਕ ਪਾਸੇ ਜਾਂਦੀ ਗਲੀ ਵਾਂਗ ਹੈ, ਉਹ ਦਿੰਦਾ ਹੀ ਦਿੰਦਾ ਹੈ, ਕਿਸੇ ਤੋਂ ਮੁੜਵਾਉਂਦਾ ਕੁਝ ਨਹੀਂ। ਤਾਂ ਵੀ ਉਹਦੇ ਗੁਦਾਮ ਸਦਾ ਭਰਪੂਰ ਰਹਿੰਦੇ ਹਨ, ਉਹਦੇ ਦਰੋਂ ਕੋਈ ਮਾਯੂਸ ਨਹੀਂ ਮੁੜਦਾ :

ਦਸ ਅਵਤਾਰ ਹਜਾਰ ਨਾਵ ਥਾਨ ਮੁਕਾਮ ਸਭੇ ਵਣਜਾਰੇ
ਇਕਤੁ ਹਟਹੁ ਵਣਜ ਲੈ ਦੇਸ ਦਿਸੰਤਰਿ ਕਰਨ ਪਸਾਰੇ।
ਸਤਿਗੁਰੁ ਪੂਰਾ ਸਾਹੁ ਹੈ ਬੇਪਰਵਾਹੁ ਅਥਾਹ ਭੰਡਾਰੇ।
ਲੈ ਲੈ ਮੁਕਰ ਪਾਨਿ ਸਭ ਸਤਿਗੁਰ ਦੇਹਿ ਨ ਦੇਂਦਾ ਹਾਰੇ।

(ਵ. 40, ਪੌ. 7)

### *ਇੱਛਾ ਪੂਰੀ ਕਰਨ ਵਾਲਾ*

ਵਿਸ਼ਿਆਂ ਦੀ ਅੱਗ, ਲੱਕੜੀ, ਕੈਰੋਸੀਨ ਆਦਿ ਬਾਲਣਾਂ ਦੀ ਅੱਗ ਤੋਂ ਵੱਖਰੀ ਨਹੀਂ ਹੁੰਦੀ। ਉਸ ਨੂੰ ਤ੍ਰਿਪਤ ਕਰਨ ਲਈ ਜਿਉਂ-ਜਿਉਂ ਹੋਰ ਸਮੱਗਰੀ ਭੇਟ ਕੀਤੀ ਜਾਵੇ, ਉਹ ਉਤਨੀ ਹੀ ਜ਼ਿਆਦਾ ਭੜਕਣ ਲੱਗਦੀ ਹੈ। ਉਵੇਂ ਇਕ ਵਾਰ ਪੂਰੀ ਕੀਤੀ ਕਾਮ ਦੀ ਚੇਸ਼ਟਾ ਬਾਰ-ਬਾਰ ਪੂਰੇ ਜਾਣ ਲਈ ਉਤਾਵਲੀ ਹੋ ਜਾਂਦੀ ਹੈ। ਦੌਲਤ ਦੀ ਭੁੱਖ ਵਾਲੇ ਨੂੰ ਲੱਖ ਰੁਪਏ ਲੱਭ ਪੈਣ ਤਾਂ ਉਹ ਕਰੋੜ ਦਾ ਮਾਲਕ ਬਣਨ ਲਈ ਪਾਗਲ ਹੋ ਉਠੇਗਾ। ਮਹਾਂਪੁਰਸ਼ਾਂ ਦੇ ਦੱਸਣ ਅਨੁਸਾਰ ਹਾਨੀਕਾਰਕ ਰਸਾਂ ਦੀ ਤ੍ਰਿਸ਼ਨਾ ਤੋਂ ਬਚਣ ਦਾ ਉਪਚਾਰ ਹੈ ਉਹਨਾਂ ਤੋਂ ਤਕੜੇਰੀ ਖਿੱਚ ਵਾਲੇ ਕਿਸੇ ਸਿਹਤਮੰਦ ਰਸ ਦੀ ਪ੍ਰਾਪਤੀ, ਤੇ ਰਸਾਂ ਵਿਚੋਂ ਸ਼੍ਰੋਮਣੀ ਰਸ ਹੈ ਨਾਮ ਅੰਮ੍ਰਿਤ। ਜਦ ਸਤਿਗੁਰੂ ਸਿੱਖ ਨੂੰ ਇਸ ਰਸ ਦੀ ਚੇਟਕ ਲਾ ਦਿੰਦੇ ਹਨ, ਫੇਰ ਉਹ ਕਿਸੇ ਹੋਰ ਰਸ ਬਾਰੇ ਸੋਚਦਾ ਵੀ ਨਹੀਂ। ਫ਼ਰੀਦ ਸਾਹਿਬ ਨੇ ਠੀਕ ਹੀ ਕਿਹਾ ਸੀ :

ਫਰੀਦਾ ਸਕਰ ਖੰਡੁ ਨਿਵਾਤ[1] ਗੁੜ ਮਾਖਿਉਂ ਮਾਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।

(ਅ. ਗ. ਪੰ. 1379)

---

1. ਮਿਸ਼ਰੀ।

Sri Satguru Jagjit Singh Ji eLibrary NamdhariElibrary@gmail.com

ਆਪਣੇ ਸਿੱਖ ਨੂੰ ਉਹਦੀਆਂ ਕਾਮਨਾਵਾਂ ਤੋਂ ਮੁਕਤ ਕਰਨ ਲਈ ਸਤਿਗੁਰੂ ਕੀ ਜੁਗਤ ਅਪਣਾਉਂਦੇ ਹਨ, ਭਾਈ ਗੁਰਦਾਸ ਜੀ ਤੋਂ ਸੁਣੋ :

ਜੈਸੇ ਮਿਸਟਾਨ ਪਾਨ ਪੋਖਿ ਤੋਖਿ ਬਾਲਕਹਿ
ਅਸਥਨ ਪਾਨ ਬਾਨਿ ਜਨਨੀ ਮਿਟਾਵਈ।
ਮਿਸਰੀ ਮਿਲਾਇ ਜੈਸੇ ਅਉਖਦਿ ਖਵਾਵੈ ਬੈਦਿ
ਮੀਠੋ ਕਰਿ ਖਾਤ ਰੋਗੀ ਰੋਗਹਿ ਘਟਾਵਈ।
ਜੈਸੇ ਜਲੁ ਸੀਚਿ ਸੀਚਿ ਧਾਨਹਿ ਕ੍ਰਿਸਾਨ ਪਾਲੈ
ਪਰਪਕ ਭਏ ਕਟਿ ਘਰ ਮੈ ਲਿਆਵਈ।
ਤੈਸੇ ਗੁਰ ਕਾਮਨਾ ਪੁਜਾਇ ਨਿਹਕਾਮ ਕਰਿ
ਨਿਜ ਪਦ ਨਾਮੁ ਧਾਮ ਸਿਖੈ ਪਹੁਚਾਵਈ।

(ਕ. ਸ. 357)

ਪੰਚਮ ਪਾਤਸ਼ਾਹ ਦਾ ਬਚਨ ਹੈ 'ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰੁ ਪਾਸਿ (ਅ. ਗ. ਪੰ. 52)। ਜੋ ਕੋਈ ਵੀ ਕਾਮਨਾ ਸਿੱਖ ਦੇ ਮਨ ਵਿਚ ਹੋਵੇ ਸਤਿਗੁਰੂ ਉਸ ਨੂੰ ਫਲੀਭੂਤ ਕਰਨ ਦੇ ਸਮਰੱਥ ਹੁੰਦਾ ਹੈ। ਉਸੇ ਤਰ੍ਹਾਂ ਭਾਈ ਗੁਰਦਾਸ ਨੇ ਕਿਹਾ ਹੈ :

ਜੈਸੇ ਜੈਸੋ ਭਾਉ ਕਰਿ ਪੂਜਤ ਪਦਾਰਬਿੰਦ[1]
ਸਕਲ ਸੰਸਾਰ ਕੈ ਮਨੋਰਥ ਪੁਜਾਵਈ।

(ਕ. ਸ. 178)

ਡਾਕਟਰਾਂ, ਵੈਦਾਂ, ਹਕੀਮਾਂ ਕੋਲ ਨਿੱਤ ਦਿਹਾੜੀ, ਕਿੰਨੇ-ਕਿੰਨੇ ਮਰੀਜ਼ ਆਉਂਦੇ ਹਨ। ਕਿਸੇ ਨੂੰ ਕੋਈ ਰੋਗ, ਕਿਸੇ ਨੂੰ ਕੋਈ ਤਕਲੀਫ, ਤੇ ਪੁੱਛ ਪੜਤਾਲ ਤੋਂ ਬਾਅਦ ਉਹਨਾਂ ਵਿਚੋਂ ਹਰ ਕਿਸੇ ਨੂੰ ਉਹਦੇ ਮਤਲਬ ਦੀ ਦਵਾ ਮਿਲ ਜਾਂਦੀ ਹੈ। ਹੁਕਮਰਾਨਾਂ ਦੇ ਦਰਬਾਰ ਵਿਚ ਹਜ਼ਾਰਾਂ ਬੇਰੁਜ਼ਗਾਰ ਕੰਮ ਦੀ ਤਲਾਸ਼ ਵਿਚ ਪਹੁੰਚਦੇ ਹਨ, ਤੇ ਉਹ, ਜੇਹੋ ਜਿਹੀ ਕਿਸੇ ਦੀ ਯੋਗਤਾ ਹੋਵੇ, ਉਹਨੂੰ ਓਹੋ ਜਿਹੇ ਸਥਾਨ ਤੇ ਨਿਯੁਕਤ ਕਰ ਦਿੰਦੇ ਹਨ। ਦਾਨੀ ਪੁਰਸ਼ਾਂ ਦਾ ਲੋੜਵੰਦਾਂ ਨਾਲ ਵਾਹ ਪੈਂਦਾ ਹੈ, ਕੋਈ ਢਿੱਡ ਦਾ ਭੁੱਖਾ, ਕੋਈ ਤਨ ਕੱਜਣ ਵਲੋਂ ਆਤੁਰ, ਤੇ ਉਕਤ ਪਰਉਪਕਾਰੀ ਲੋਕ ਇਹਨਾਂ ਮੁਸੀਬਤ ਦੇ ਮਾਰਿਆਂ ਤੇ ਤਰਸ ਖਾ ਕੇ ਉਹਨਾਂ ਦੀ ਔਕੜ ਦਾ ਨਿਵਾਰਨ ਕਰ ਛਡਦੇ ਹਨ। ਉਸੇ ਭਾਂਤ ਜਦ ਵੀ ਕੋਈ ਜਗਿਆਸੂ ਸਤਿਗੁਰੂ ਦਾ ਲੜ ਆ ਫੜਦਾ ਹੈ, ਇਹ ਕਿਰਪਾ-ਨਿਧਾਨ ਉਸ ਦੀ ਪ੍ਰੇਮ ਭਾਵਨਾ ਦਾ ਲਿਹਾਜ਼ ਕਰਕੇ ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਦਿੰਦੇ

1. ਚਰਨ ਕੰਵਲ।

Sri Satguru Jagjit Singh Ji eLibrary NamdhariElibrary@gmail.com

ਹਨ। ਸਤਿਗੁਰੂ ਵੈਦਾਂ ਵਿਚ ਪਰਮ ਵੈਦ ਹੁੰਦਾ ਹੈ, ਸ਼ਾਹਾਂ ਵਿਚ ਸ਼ਾਹਨਸ਼ਾਹ, ਦਾਤਿਆਂ ਵਿਚ ਮਹਾਂਦਾਤਾ, ਉਹ ਕੀ ਹੈ, ਜੋ ਉਹ ਦੇ ਨਹੀਂ ਸਕਦਾ। ਉਹ ਸਰਬ ਸਮਰੱਥ ਹੈ ਤੇ ਦਰ ਢੱਠਿਆਂ ਦੇ ਗੁਣ ਅਉਗੁਣ ਨਾ ਵਿਚਾਰ ਕੇ, ਉਹਨਾਂ ਨੂੰ ਬੱਸ ਉਹਨਾਂ ਦੇ ਪ੍ਰੇਮ ਭਾਵ ਤੇ ਹੀ ਭਿੱਜ ਕੇ ਨਿਹਾਲ ਕਰ ਦਿੰਦਾ ਹੈ :

ਜੈਸੇ ਤਉ ਅਨੇਕ ਰੋਗੀ ਆਵਤ ਹੈ ਬੈਦ ਗ੍ਰਿਹਿ
ਜੈਸੋ ਜੈਸੋ ਰੋਗ ਤੈਸੋ ਅਉਖਧ ਖਵਾਵਈ।
ਜੈਸੇ ਰਾਜ ਦਵਾਰ ਲੋਗ ਆਵਤ ਸੇਵਾ ਨਮਿਤ
ਜੋਈ ਜਾਹੀਂ ਜੋਗ ਤੈਸੀ ਟਹਿਲ ਬਤਾਵਈ।
ਜੈਸੇ ਦਾਤਾ ਪਾਸ ਜਨ ਅਰਥੀ ਅਨੇਕ ਆਵੈਂ
ਜੋਈ ਜੋਈ ਜਾਚੈ ਦੇ ਦੇ ਦੂਖਨ ਮਿਟਾਵਈ।
ਤੈਸੇ ਗੁਰ ਸਰਨਿ ਆਵਤ ਹੈ ਅਨੇਕ ਸਿਖ
ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ।

(ਕ. ਸ. 674)

### ਚਰਨ ਸ਼ਰਣ

ਜਦੋਂ ਸਿੱਖ ਸ਼ਬਦ ਸੁਰਤਿ ਦਾ ਅਭਿਆਸ ਕਰਦਿਆਂ ਤਾਰਾ ਮੰਡਲ, ਸੂਰਜ ਮੰਡਲ ਤੇ ਚੰਦਰ ਮੰਡਲ ਟੱਪ ਕੇ ਨੂਰੀ ਸਰੂਪ ਸਤਿਗੁਰੂ ਦੇ ਚਰਨ ਕੰਵਲਾਂ ਦੀ ਸ਼ਰਨ ਵਿਚ ਪਹੁੰਚ ਜਾਂਦਾ ਹੈ, ਤਾਂ ਉਸ ਨੂੰ ਅਨੰਤ ਸੁੱਖ ਦੀ ਪ੍ਰਾਪਤੀ ਹੁੰਦੀ ਹੈ :

ਰਵਿ ਸਸਿ ਉਲੰਘਿ ਸ਼ਰਨਿ ਸਤਿਗੁਰ ਗਹੀ
ਚਰਨਿ ਕਮਲ ਸੁਖ ਸੰਪਟ ਮਿਲਾਪ ਹੈ।

(ਕ. ਸ. 266)

ਇਹਨਾਂ ਚਰਨਾਂ ਦੀ ਮਹਿਮਾ ਆਪ ਨੇ ਇਕ ਹੋਰ ਕਬਿੱਤ ਵਿਚ ਗਿਆਨ, ਧਿਆਨ ਤੋਂ ਬਾਹਰ ਦੱਸੀ ਹੈ :

ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ
ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੈ।

(ਕ. ਸ. 217)

ਉਹ ਕਿਹੜਾ ਫਲ, ਕਿਹੜੀ ਦੌਲਤ ਹੈ ਜਿਹੜੀ ਗੁਰੂ ਦੇ ਚਰਨ ਕੰਵਲਾਂ ਤੋਂ ਪ੍ਰਾਪਤ ਨਹੀਂ ਹੋ ਸਕਦੀ :

ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ
ਸਰਬ ਨਿਧਾਨ ਅਉ ਸਕਲ ਫਲਦਾਈ ਹੈ।

(ਕ. ਸ. 337)

ਜਦੋਂ ਸੂਰਜ ਉਦੈ ਹੁੰਦਾ ਹੈ, ਵਾਯੂ-ਮੰਡਲ ਵਿਚ ਲਟਕਦੇ ਗਰਦ ਦੇ ਅਨੇਕਾਂ ਮਹੀਨ ਕਿਣਕੇ ਉਹਦੀ ਰੋਸ਼ਨੀ ਦੇ ਤੇਜ ਵਿਚ ਕਿਧਰੇ ਨਜ਼ਰ ਨਹੀਂ ਆਉਂਦੇ। ਉਸੇ ਭਾਂਤ ਗੁਰੂ ਦੇ ਚਰਨਾਂ ਦੇ ਕੰਵਲ-ਦਲ ਵਿਚ ਅਜਿਹਾ ਅਗੰਮੀ ਪ੍ਰਕਾਸ਼ ਹੁੰਦਾ ਹੈ ਕਿ ਜੇ ਲੱਖ ਸੂਰਜ ਇਕੋ ਵਕਤ ਇਕੱਠੇ ਚੜ੍ਹ ਆਉਣ ਤਾਂ ਵੀ ਉਹ ਉਕਤ ਪ੍ਰਕਾਸ਼ ਵਿਚ ਸਾਧਾਰਨ ਧੂੜ ਵਾਂਗ ਗਵਾਚ ਜਾਣ, ਕਿਧਰੇ ਦ੍ਰਿਸ਼ਟੀਗੋਚਰ ਨਾ ਹੋਣ :

ਚਰਨ ਕੰਵਲ ਦਲ ਜੋਤਿ ਵਿਚ ਲਖ ਸੂਰਜ ਲੁਕ ਜਾਨ ਰਵਾਲੇ[1]।

(ਵ. 11, ਪੌ. 6)

ਇਕ ਵਾਰ ਸਿੱਖ ਤਨੋਂ ਮਨੋਂ ਗੁਰੂ ਦੀ ਸ਼ਰਨ ਵਿਚ ਆ ਜਾਵੇ ਫੇਰ ਉਹ ਉਹਨੂੰ ਕਿਸੇ ਹਾਲ ਜਮਦੂਤਾਂ ਦੇ ਹਵਾਲੇ ਨਹੀਂ ਕਰਦਾ। ਮਾਪੇ ਆਪਣੇ ਕਸੂਰਵਾਰ ਬੱਚੇ ਨੂੰ ਆਪ ਘੂਰ ਲੈਂਦੇ ਹਨ, ਥੱਪੜ ਮੁੱਕਾ ਵੀ ਮਾਰ ਲੈਂਦੇ ਹਨ, ਉਹਨੂੰ ਹਵਾਲਾਤ ਵਿਚ ਨਹੀਂ ਫਸਾ ਆਉਂਦੇ :

ਮਨ ਬਚ ਕ੍ਰਮ ਗੁਰ ਚਰਨਿ ਸਰਨਿ ਸਿਖ
ਤਾਂ ਤੇ ਸਤਿਗੁਰ ਜਮਦੂਤਹਿ ਨ ਦੇਤ ਹੈ।

(ਕ. ਸ. 358)

ਜੇ ਕੋਈ ਪ੍ਰਾਣੀ ਆਕਾਸ਼ ਤੋਂ ਡਿਗਣ ਲੱਗਿਆਂ ਹਵਾ ਨੂੰ ਜੱਫੀ ਪਾ ਕੇ ਬਚਣਾ ਚਾਹੇ ਤਾਂ ਉਹਦਾ ਜਤਨ ਸਫਲ ਨਹੀਂ ਹੋਵੇਗਾ ਤੇ ਅੱਗ ਵਿਚ ਸੜ ਰਿਹਾ ਮੂਰਖਤਾ ਵੱਸ ਧੂੰਏਂ ਦੀ ਬੁੱਕਲ ਮਾਰ ਲਵੇ ਤਾਂ ਉਹਨੂੰ ਲਾਟਾਂ ਤੋਂ ਰਾਹਤ ਨਹੀਂ ਮਿਲੇਗੀ। ਸਮੁੰਦਰ ਦੀਆਂ ਅਥਾਹ ਗਹਿਰਾਈਆਂ ਵਿਚ ਡੁੱਬਣ ਲੱਗਿਆਂ ਝੱਗ ਦੇ ਸਹਾਰੇ ਤਰ ਕੇ ਪਾਰ ਹੋ ਜਾਣ ਦੀ ਆਸ ਰੱਖਣਾ ਵਿਅਰਥ ਹੈ। ਉਸੇ ਤਰ੍ਹਾਂ ਗੁਰੂ ਦੀ ਸ਼ਰਨ ਵਿਚ ਜਾਏ ਬਿਨਾਂ ਦੇਵੀ-ਦੇਵਤਿਆਂ ਦੀ ਸੇਵਾ ਪੂਜਾ ਤੇ ਨਿਰਭਰ ਕਰ ਕੇ ਜੰਮਣਾ-ਮਰਨਾ ਨਹੀਂ ਮੁਕਦਾ, ਮੋਖਸ਼ ਪ੍ਰਾਪਤ ਨਹੀਂ ਹੁੰਦੀ :

ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ
ਜਉ ਗਹੈ ਆਸਰੋ ਪਵਨ ਕਵਨਹਿ ਕਾਜਿ ਹੈ।
ਜਰਤ ਬੈਸੰਤਰ[2] ਜਉ ਧਾਇ ਧਾਇ ਧੂਮ੍[3] ਗਹੈ
ਨਿਕਸਿਓ ਨ ਜਾਇ ਖਲ[4] ਬੁਧਿ ਉਪਰਾਜਿ[5] ਹੈ।
ਸਾਗਰ ਅਪਾਰ ਧਾਰ ਬੂਡਤ ਜਉ ਫੇਨ[6] ਗਹੈ
ਅਨਿਥਾ ਬੀਚਾਰ ਪਾਰ ਜੈਬੋ ਕੋ ਨ ਸਾਜ ਹੈ।

---

1. ਧੂੜ ਵਾਂਗੂੰ 2. ਅੱਗ 3. ਧੂੰਆਂ 4. ਖਲ ਬੁਧਿ = ਮੂਰਖ 5. ਸਮਝਣ ਲਗ ਜਾਂਦਾ ਹੈ 6. ਝੱਗ।

Sri Satguru Jagjit Singh Ji eLibrary NamdhariElibrary@gmail.com

ਤੈਸੇ ਆਵਾਗਵਨ ਦੁਖਤ ਆਨ ਦੇਵ ਸੇਵ
ਬਿਨੁ ਗੁਰ ਸਰਨਿ ਨ ਮੋਖ ਪਦੁ ਰਾਜ ਹੈ।
(ਕ. ਸ. 473)

ਮੁਕਤੀ ਦੇ ਪਦ ਤੇ ਪੁਜਣ ਲਈ ਅਧਿਆਤਮ ਮਾਰਗ ਦਾ ਗਿਆਨ ਹੋਣਾ ਜ਼ਰੂਰੀ ਹੈ, ਧਿਆਨ ਜੋੜਨ ਦੀ ਵਿਧੀ ਜਾਣ ਲਏ ਬਗ਼ੈਰ ਵੀ ਕੰਮ ਨਹੀਂ ਚਲਦਾ ਤੇ ਇਹਨਾਂ ਪ੍ਰਯੋਜਨਾਂ ਦੀ ਸਿੱਧੀ ਲਈ ਗੁਰੂ ਦੀ ਅਗਵਾਈ ਲੋੜੀਂਦੀ ਹੈ। ਏਥੇ ਹੋਰ ਕੋਈ ਸਾਧਨ ਕਾਰਗਰ ਨਹੀਂ ਹੁੰਦਾ। ਹੁਣ ਜੇ ਕੋਈ ਨੇਤਰਹੀਣ ਆਪਣੇ ਜਿਹੇ ਹੀ ਕਿਸੇ ਹੋਰ ਅੰਨ੍ਹੇ ਤੋਂ ਪੁੱਛੇ ਕਿ ਨਰਗਿਸ ਤੇ ਨਿੰਬੂ ਦੇ ਫੁੱਲਾਂ ਦੀਆਂ ਸ਼ਕਲਾਂ ਤੇ ਰੰਗਾਂ ਵਿਚ ਕੀ ਅੰਤਰ ਹੁੰਦਾ ਹੈ ਤਾਂ ਉਹ ਕੀ ਜਵਾਬ ਦੇਵੇਗਾ। ਓਵੇਂ ਇਕ ਬੋਲੇ ਨੂੰ ਦੂਜੇ ਬੋਲੇ ਤੋਂ ਵੱਖ-ਵੱਖ ਰਾਗਾਂ, ਸਾਜਾਂ ਦੀ ਵਿਲੱਖਣਤਾ ਬਾਰੇ ਕੀ ਵਾਕਫ਼ੀ ਮਿਲੇਗੀ, ਜਾਂ ਇਕ ਗੂੰਗਾ ਬੋਲ ਸਕਣ ਵਿਚ ਸਮਰੱਥ ਹੋਣ ਸੰਬੰਧੀ ਕਿਸ ਤਰ੍ਹਾਂ ਪ੍ਰਕਾਸ਼ ਪਾਵੇਗਾ। ਅੰਤਹਕਰਣ ਦਾ ਹਨ੍ਹੇਰਾ ਤਾਂ ਕੇਵਲ ਗੁਰੂ ਦਾ ਹਟਾਇਆ ਹੀ ਹਟਦਾ ਹੈ :

ਜੈਸੇ ਰੂਪ ਰੰਗ ਬਿਧਿ ਪੂਛੈ ਅੰਧੁ ਅੰਧਾ ਪ੍ਰਤਿ
ਆਪ ਹੀ ਨ ਦੇਖੈ ਤਾਹਿ ਕੈਸੇ ਕੈ ਦਿਖਾਵਈ।
ਰਾਗ ਨਾਦ ਬਾਦ ਪੂਛੈ ਬਹਰੋ ਜਉ ਬਹਰਾ ਪੈ
ਸਮਝੈ ਨ ਆਪਿ ਤਾਹਿ ਕੈਸੇ ਸਮਝਾਵਈ।
ਜੈਸੇ ਗੂੰਗਾ ਗੂੰਗ ਪਹਿ ਬਚਨ ਬਿਬੇਕ ਪੂਛੈ
ਚਾਹੈ ਬੋਲਿ ਨ ਸਕਤਿ ਕੈਸੇ ਸਬਦੁ ਸੁਨਾਵਈ।
ਬਿਨੁ ਸਤਿਗੁਰ ਖੋਜੈ ਬ੍ਰਹਮ ਗਿਆਨ ਧਿਆਨ
ਅਨਿਥਾ ਅਗਿਆਨ ਮਤਿ ਆਨ ਪੈ ਨ ਪਾਵਈ।
(ਕ. ਸ. 474)

ਜਦੋਂ ਗੁਰੂ ਸਿੱਖ ਨੂੰ ਆਪਣੀ ਸ਼ਰਨ ਵਿਚ ਲੈ ਲੈਂਦਾ ਹੈ, ਉਹਨੂੰ ਆਪਣਾ ਬਣਾ ਲੈਂਦਾ ਹੈ, ਤਾਂ ਉਹ ਜਾਣੋਂ ਕਿ ਨਿਰਧਨ ਵਿਅਕਤੀ ਤੋਂ ਪਰਮ-ਧਨੀ ਬਣ ਜਾਂਦਾ ਹੈ, ਉਹ ਮਾਇਆਵੀ ਜਗਤ ਦੀ ਹੱਦ ਪਾਰ ਕਰ ਕੇ ਉਚੇਰੇ ਆਤਮਿਕ ਮੰਡਲਾਂ ਵਿਚ ਪ੍ਰਵੇਸ਼ ਪ੍ਰਾਪਤ ਕਰ ਲੈਂਦਾ ਹੈ :

ਗੁਰ ਸਿਖ ਸੰਧਿ ਮਿਲੈ ਬੀਸ ਇਕ ਈਸ ਈਸ
ਇਤ ਤੇ ਉਲੰਘਿ ਉਤ ਜਾਇ ਠਹਿਰਾਵਈ।
(ਕ. ਸ. 11)

Sri Satguru Jagjit Singh Ji eLibrary NamdhariElibrary@gmail.com

ਜਦ ਕਦੇ ਕੋਈ ਪਾਲਤੂ ਕੁੱਤਾ ਕਿਸੇ ਪਾਸੇ ਜਾ ਰਹੇ ਆਪਣੇ ਮਾਲਕ ਨਾਲ ਉਠ ਤੁਰੇ ਤਾਂ ਉਹ ਮਾਲਕ ਵਾਂਗ ਸਿੱਧੇ ਰਾਹ ਨਹੀਂ ਚੱਲਿਆ ਕਰਦਾ । ਉਹ ਕਦੇ ਖੱਬੇ ਵੰਨੇ ਕਿਸੇ ਝਾੜ ਝੜੋਖੇ ਵੱਲ ਦੌੜ ਜਾਏਗਾ, ਕਦੇ ਸੱਜੇ ਪਾਸੇ ਕੂੜੇ ਦੇ ਢੇਰ ਨੂੰ ਫਰੋਲ ਕੇ ਉਸ ਵਿਚੋਂ ਕੋਈ ਅਣੋਖੀ ਚੀਜ਼ ਢੂੰਡ ਕੱਢਣ ਦਾ ਜਤਨ ਛੋਹ ਲਵੇਗਾ। ਪਰ ਕਿਉਂਕਿ ਮਾਲਕ ਆਪ ਦ੍ਰਿੜ੍ਹਤਾ ਨਾਲ ਆਪਣੀ ਨਿਸ਼ਚਿਤ ਦਿਸ਼ਾ ਵੱਲ ਤੁਰਿਆ ਜਾ ਰਿਹਾ ਹੁੰਦਾ ਹੈ ਤੇ ਕੁੱਤੇ ਦੀ ਉਸ ਤੋਂ ਜੁਦਾ ਹੋਣ ਦੀ ਨੀਯਤ ਨਹੀਂ ਹੁੰਦੀ, ਇਸ ਲਈ ਉਹ ਏਧਰ ਓਧਰ ਝਖ ਮਾਰ ਕੇ ਦਰੁਸਤ ਮਾਰਗ ਤੇ ਵਾਪਸ ਆ ਜਾਂਦਾ ਹੈ। ਇਸ ਤੋਂ ਉਲਟ ਆਸ਼ਾ ਤ੍ਰਿਸ਼ਨਾ ਦੁਆਰਾ ਪ੍ਰੇਰਿਆ ਮਨੁੱਖੀ ਮਨ ਭਟਕਦਾ ਤਾਂ ਸਾਧਾਰਨ ਕੁੱਤੇ ਵਾਂਗ ਹੀ ਹੈ, ਸਗੋਂ ਉਸ ਤੋਂ ਕਈ ਗੁਣਾਂ ਵੱਧ, ਪਰ ਕਿਉਂਕਿ ਆਤਮਾ, ਉਹਦੀ ਮਾਲਕ, ਕੁੱਤੇ ਦੇ ਮਾਲਕ ਵਾਂਗ ਮਨ ਤੋਂ ਸੁਤੰਤਰ ਨਹੀਂ, ਉਹਦੇ ਨਾਲ ਬੱਝੀ ਹੋਈ ਹੈ, ਇਸ ਲਈ ਉਹ ਬੇਵੱਸੇ ਉਹਦੇ ਨਾਲ ਹੀ ਖੱਜਲ ਖੁਆਰ ਹੁੰਦੀ ਰਹਿੰਦੀ ਹੈ, ਤੇ ਉਹਦਾ ਜੀਵਨ ਔਝੜਾਂ ਵਿਚ ਹੀ ਗੁਜ਼ਰ ਜਾਂਦਾ ਹੈ, ਉਹਦੇ ਕੋਲੋਂ ਮੰਜ਼ਲ ਵੱਲ ਚਾਰ ਕਦਮ ਨਹੀਂ ਪੁੱਟੇ ਜਾਂਦੇ। ਹਾਂ, ਜੇ ਕਦੇ ਗੁਰੂ ਦੀ ਸ਼ਰਨ ਲੱਭ ਪਵੇ, ਤਾਂ ਉਹਦੀ ਦਇਆ ਨਾਲ ਮਨ ਦੀ ਭਟਕਣ ਮੁੱਕ ਜਾਂਦੀ ਹੈ, ਆਸ਼ਾ ਮਨਸ਼ਾ ਸ਼ਾਂਤ ਹੋ ਜਾਂਦੀਆਂ ਹਨ, ਤੇ ਇਸ ਤਰ੍ਹਾਂ ਉਹਦਾ ਜਨਮ ਸਫਲ ਹੋ ਜਾਂਦਾ ਹੈ :

ਚਰਨ ਸਰਨਿ ਗਹੇ ਧਾਵਤ ਬਰਜ ਰਾਖੇ
ਆਸਾ ਮਨਸਾ ਥਕਤ ਸਫਲ ਜਨਮ ਹੈ।

(ਕ. ਸ. 48-82)

ਇਹ ਫਲ ਹੁੰਦਾ ਹੈ ਬੁੱਧੀ ਦੇ ਟਿਕਾਓ ਵਿਚ ਆ ਜਾਣ ਦਾ, ਆਤਮਾ ਨੂੰ ਸਹਿਜ ਅਵਸਥਾ ਪ੍ਰਾਪਤ ਹੋ ਜਾਣ ਦਾ :

ਚਰਨਿ ਸਰਨਿ ਗੁਰ ਭਈ ਨਿਹਚਲ ਮਤਿ
ਮਨ ਉਨਮਨ ਲਿਵ ਸਹਜ ਸਮਾਏ ਹੈ।

(ਕ. ਸ. 51-85)

ਸਿੱਖ ਨੂੰ ਸਤਿਗੁਰੂ ਦੇ ਚਰਨਾਂ ਵਿਚ ਸ਼ਰਨ ਮਿਲ ਜਾਏ ਤਾਂ ਉਹਨੂੰ ਸਵਰਗ, ਬੈਕੁੰਠ ਜਿਹੇ ਕਿਸੇ ਹੋਰ ਧਾਮ ਦੀ ਕਾਮਨਾ ਨਹੀਂ ਰਹਿੰਦੀ। ਉਹ ਧਾਮ ਹੀ ਅਜਿਹਾ ਹੈ ਕਿ ਓਥੇ ਵਸਦਿਆਂ ਕਿਸੇ ਪ੍ਰਕਾਰ ਦੀਆਂ ਕਾਮਨਾਵਾਂ ਮਨ ਨੂੰ ਵਿਚਲਿਤ ਨਹੀਂ ਕਰਦੀਆਂ, ਓਥੋਂ ਪ੍ਰਾਪਤ ਹੁੰਦੀ ਤ੍ਰਿਪਤੀ ਕੋਈ ਵੀ ਤ੍ਰਿਸ਼ਨਾ ਬਾਕੀ ਨਹੀਂ ਰਹਿਣ ਦਿੰਦੀ। ਉਹਨਾਂ ਚਰਨਾਂ ਦੀ ਸੇਵਾ ਵਿਚ ਲਗਿਆਂ ਕਿਸੇ ਹੋਰ ਇਸ਼ਟ ਲਈ ਸਿਰ ਨੀਵਾਂ ਕਰਨ ਦਾ ਖ਼ਿਆਲ ਨਹੀਂ ਸੁਝਦਾ :

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਚਰਨ ਸਰਨਿ ਨਿਹਕਾਮ ਧਾਮ
ਸੇਵਕੁ ਨ ਆਨ ਦੇਵ ਸੇਵ ਕੀ ਨ ਪ੍ਰੀਤ ਹੈ।

(ਕ. ਸ. 183)

ਕਦੇ ਕੋਈ ਚੀਜ਼ ਸਾਨੂੰ ਬਿਨਾਂ ਕਿਸੇ ਖ਼ਾਸ ਖਰਚ ਖੇਚਲ ਦੇ ਮਿਲ ਜਾਏ ਤਾਂ ਉਹਦੀ ਕੀਮਤ ਦਾ ਅਹਿਸਾਸ ਨਹੀਂ ਹੁੰਦਾ। ਅਸੀਂ ਉਹਦੀ ਹੋਂਦ ਨੂੰ ਵੀ ਨਹੀਂ ਗੌਲਦੇ। ਹੁਣ ਵੇਖੋ ਹਵਾ ਹੈ। ਉਹ ਪੋਹ ਮਾਘ ਵਿਚ ਵਗੇ ਤਾਂ ਅਸੀਂ ਕਹਿਣ ਲਗਦੇ ਹਾਂ, ਇਹ ਤਾਂ ਹੱਡਾਂ ਨੂੰ ਚੀਰਦੀ ਜਾਂਦੀ ਹੈ, ਤੇ ਜੇਠ ਹਾੜ ਵਿਚ ਉਹਦੇ ਲੂ ਬਣ ਕੇ ਲੂਹਣ ਦਾ ਗਿਲਾ ਕਰਨ ਲਗ ਪਵਾਂਗੇ। ਜਦ ਕਿ ਆਮ ਦਿਨੀਂ ਉਹਦਾ ਚੇਤਾ ਵੀ ਨਹੀਂ ਆਉਂਦਾ। ਪਰ ਏਹੀਓ ਹਵਾ ਦੋ ਚਾਰ ਮਿੰਟ ਸਾਹ ਲੈਣ ਨੂੰ ਨਾ ਲੱਭੇ ਤਾਂ ਸਾਡੇ ਪ੍ਰਾਣ ਖ਼ਤਮ ਹੋ ਜਾਣ, ਅਸੀਂ ਲਾਸ਼ ਦਾ ਰੂਪ ਅਖ਼ਤਿਆਰ ਕਰ ਲਈਏ। ਸਤਿਗੁਰੂ ਦੀ ਸ਼ਰਨ ਉਹਦੀ ਦਿੱਤੀ, ਉਹਦੀ ਬਖ਼ਸ਼ੀਸ਼ ਵਜੋਂ ਮਿਲਦੀ ਹੈ, ਉਹ ਬਹੁਤ- ਬਹੁਤ ਸਲਾਹੁਣ ਜੋਗੀ ਦਾਤ ਹੁੰਦੀ ਹੈ, ਪਰ ਉਹਦਾ ਅਸਲ ਮੁੱਲ ਓਦੋਂ ਹੀ ਗਿਆਤ ਹੁੰਦਾ ਹੈ ਜਦ ਕਿਸੇ ਗੱਲੋਂ ਉਸ ਤੋਂ ਵੰਚਿਤ ਹੋ ਜਾਈਏ। ਹੇਠਲੇ ਸ਼ਬਦ ਭਾਈ ਗੁਰਦਾਸ ਦੀ ਆਪ ਬੀਤੀ ਦਾ ਬਿਆਨ ਹੋ ਸਕਦੇ ਹਨ :

ਜੈਸੇ ਜਲ ਮਧਿ ਮੀਨ ਮਹਿਮਾ ਨ ਜਾਨੈ ਪੁਨਿ
ਜਲ ਬਿਨ ਤਲਫ ਤਲਫ ਮਰਿ ਜਾਤ ਹੈ।
ਜੈਸੇ ਬਨ ਬਸਤ ਮਹਾਤਮੈ ਨ ਜਾਨੈ ਪੁਨਿ
ਪਰ ਬਸਿ ਭਏ ਖਗ[1] ਮ੍ਰਿਗ ਅਕੁਲਾਤ ਹੈ
ਜੈਸੇ ਪ੍ਰਿਅ ਸੰਗਮ ਕੈ ਸੁਖਹਿ ਨ ਜਾਨੈ ਤ੍ਰਿਆ
ਬਿਛੁਰਤ ਬਿਰਹ ਬ੍ਰਿਥਾ ਕੈ ਬਿਲਲਾਤ ਹੈ।
ਤੈਸੇ ਗੁਰ ਚਰਨ ਸਰਨਿ ਆਤਮਾ ਅਚੇਤੁ
ਅੰਤਰੁ ਪਰਤ ਸਿਮਰਤ ਪਛੁਤਾਤ ਹੈ।

(ਕ. ਸ. 502)

ਜਦੋਂ ਤਕ ਮੱਛੀ ਪਾਣੀ ਦੇ ਅੰਦਰ ਵਿਚਰ ਰਹੀ ਹੁੰਦੀ ਹੈ ਉਹਨੂੰ ਪਾਣੀ ਦੀ ਮਹੱਤਤਾ ਦੀ ਕੋਈ ਸੂਝ ਨਹੀਂ ਹੁੰਦੀ, ਪਰ ਉਸ ਤੋਂ ਬਾਹਰ ਨਿਕਲਦਿਆਂ ਹੀ ਉਹ ਤੜਪ-ਤੜਪ ਕੇ ਮਰ ਜਾਂਦੀ ਹੈ। ਜੰਗਲ ਵਿਚ ਖੁਲ੍ਹੇ ਉਡਦੇ ਫਿਰਦੇ ਪੰਛੀ ਤੇ ਮਿਰਗ ਆਦਿ ਜਾਨਵਰ ਨਹੀਂ ਜਾਣਦੇ ਹੁੰਦੇ ਉਹਦੇ ਸੰਘਣੇ ਬਿਰਛਾਂ ਦੀ ਓਟ ਦੇ

1. ਪੰਛੀ।

Sri Satguru Jagjit Singh Ji eLibrary NamdhariElibrary@gmail.com

ਕੀ ਅਰਥ ਹਨ। ਪਰ ਜਦ ਕਿਸੇ ਫਾਹੀਵਾਲ ਦੇ ਵੱਸ ਪੈ ਜਾਂਦੇ ਹਨ ਤਾਂ ਡਾਢੇ ਦੁਖੀ ਹੁੰਦੇ ਹਨ। ਪਤੀ ਦਾ ਮਿਲਾਪ ਮਾਣਦੀ ਇਸਤਰੀ ਇਸ ਮਿਲਾਪ ਦੀ ਕੀਮਤ ਤੋਂ ਬੇਖ਼ਬਰ ਰਹੇਗੀ ਪਰ ਵਿਛੋੜਾ ਪੈਣ ਤੇ ਉਸ ਦੀ ਪੀੜ ਨਾਲ ਢਾਹਾਂ ਮਾਰ ਕੇ ਰੋਂਦੀ ਹੈ। ਓਵੇਂ ਗੁਰੂ ਦੀ ਸ਼ਰਨ ਵਿਚ ਜਿਹੜੀ ਮਾਂ ਦੀ ਗੋਦ ਜਿਹੀ ਮਮਤਾ ਤੇ ਸੁਰੱਖਿਆ ਪ੍ਰਾਪਤ ਹੁੰਦੀ ਹੈ, ਸਿੱਖ ਉਸ ਦੇ ਆਨੰਦ ਵਲੋਂ ਅਵੇਸਲਾ ਹੀ ਰਹਿੰਦਾ ਹੈ, ਪਰ ਜਦੋਂ ਉਹ ਗੋਦ ਖੁੱਸ ਜਾਂਦੀ ਹੈ ਤਾਂ ਬੀਤ ਗਏ ਦਿਨਾਂ ਨੂੰ ਯਾਦ ਕਰ ਕੇ ਪਛਤਾਉਂਦਾ ਹੈ, ਕਿ ਓਦੋਂ ਉਸ ਦੀ ਕਿਉਂ ਕਦਰ ਨਾ ਪਾਈ।

ਜਦੋਂ ਸਤਿਗੁਰੂ ਕਿਸੇ ਵਿਅਕਤੀ ਨੂੰ ਆਪਣੀ ਛੱਤਰ-ਛਾਇਆ ਪ੍ਰਦਾਨ ਕਰ ਦਿੰਦਾ ਹੈ, ਫੇਰ ਉਹ ਭਾਵੇਂ ਜੇਹੇ ਕੇਹੇ ਵੀ ਕਰਮ ਓਦੋਂ ਤਕ ਇਕੱਠੇ ਕਰੀ ਬੈਠਾ ਹੋਵੇ, ਧਰਮ ਰਾਜ ਕੋਲ ਹਿਸਾਬਦੇਹ ਨਹੀਂ ਰਹਿੰਦਾ। ਗੁਰਵਾਕ ਹੈ : ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ। (ਮ: 4, ਅ: ਗ: ਪੰ. 698) ਜਦ ਉਹਦਾ ਬਹੀ ਖਾਤਾ ਹੀ ਕੋਈ ਨਾ ਰਿਹਾ, ਜੀਵ ਦੀ ਦੇਣਦਾਰੀ ਕੌਣ ਸਾਬਤ ਕਰੇਗਾ।

### *ਚਰਨ ਸ਼ਰਨ ਵਿਹੂਣੇ*

ਜਿਸ ਪ੍ਰਕਾਰ ਮਾਂਝੀ ਦੀ ਸਹਾਇਤਾ ਬਿਨਾਂ ਜਹਾਜ਼ ਪਾਰਲੇ ਪੱਤਣ ਨਹੀਂ ਪਹੁੰਚ ਸਕਦਾ, ਜਦ ਤਕ ਪਾਰਸ ਦੀ ਛੋਹ ਨਾ ਲੱਭੇ ਘਟੀਆ ਧਾਤ ਸੋਨਾ ਨਹੀਂ ਬਣ ਪਾਉਂਦੀ, ਸਾਧਾਰਨ ਪਾਣੀ ਗੰਗਾ ਵਿਚ ਮਿਲੇ ਬਗ਼ੈਰ ਪਵਿੱਤਰ ਨਹੀਂ ਮੰਨਿਆ ਜਾਂਦਾ, ਪਤੀ ਦਾ ਸੰਜੋਗ ਮਾਣਨ ਵਾਲੀ ਹੀ ਕੋਈ ਇਸਤਰੀ ਬਹੁ-ਪੁੱਤੀ ਅਖਵਾਉਂਦੀ ਹੈ, ਬੀਜ ਬੋਇ ਜਾਣ ਬਾਝੋਂ ਫਸਲ ਨਹੀਂ ਉਗਦੀ ਤੇ ਉਸ ਵਿਚ ਸਵਾਂਤੀ ਬੂੰਦ ਦਾ ਪ੍ਰਵੇਸ਼ ਹੋਣ ਤੋੜੀ ਸਿੱਪੀ ਮੋਤੀ ਤੋਂ ਸੱਖਣੀ ਰਹਿੰਦੀ ਹੈ, ਓਵੇਂ ਗੁਰੂ ਦੇ ਚਰਨਾਂ ਦੀ ਸ਼ਰਨ ਪ੍ਰਾਪਤ ਹੋਏ ਬਗ਼ੈਰ ਗਿਆਨ ਤੋਂ ਕੋਰੇ ਰਹਿ ਜਾਈਦਾ ਹੈ, ਤੇ ਜਨਮ ਮਰਨ ਤੋਂ ਛੁਟਕਾਰਾ ਨਹੀਂ ਪਾ ਸਕੀਦਾ :

ਜੈਸੇ ਮਾਂਝਿ[1] ਬੈਠੇ ਬਿਨੁ ਬੋਹਿਥ[2] ਨ ਪਾਰਿ ਪਰੈ
ਪਾਰਸ ਪਰਸੇ ਬਿਨੁ ਧਾਤੁ ਨ ਕਨਿਕ[3] ਹੈ।
ਜੈਸੇ ਬਿਨੁ ਗੰਗਾ ਨ ਪਾਵਨ ਆਨ ਜਲੁ ਹੈ
ਨਾਰਿ ਨ ਭਤਾਰ ਬਿਨੁ ਸੁਤਨ[4] ਅਨਿਕ ਹੈ।
ਜੈਸੇ ਬਿਨੁ ਬੀਜ ਬੋਏ ਨਿਪਜੈ ਨ ਧਾਨੁ ਧਾਰਾ
ਸੀਪ ਸਵਾਂਤਿ ਬੂੰਦ ਬਿਨੁ ਮੁਕਤਾ ਨ ਮਾਨਿਕ ਹੈ।

1. ਮਲਾਹ 2. ਜਹਾਜ਼ 3. ਸੋਨਾ 4. ਪੁੱਤਰ।

Sri Satguru Jagjit Singh Ji eLibrary NamdhariElibrary@gmail.com

ਤੈਸੇ ਹੀ ਚਰਨ ਸਰਨਿ ਗੁਰ ਭੇਟ ਬਿਨੁ
ਜਨਮ ਮਰਨਿ ਮੇਟਿ ਜਨ ਨ ਜਨਿਕ ਹੈ।

(ਕ. ਸ. 538)

ਦੱਸਿਆ ਜਾਂਦਾ ਹੈ ਪਾਰਸ ਦੀ ਪੱਥਰੀ ਨੂੰ ਲੋਹੇ ਤਾਂਬੇ ਜੇਹੀ ਕੋਈ ਘਟੀਆ ਸਸਤੀ ਧਾਤ ਛੋਹ ਜਾਏ ਤਾਂ ਉਹ ਮੁੱਲਵਾਨ ਸੋਨਾ ਬਣ ਜਾਂਦੀ ਹੈ, ਪਰ ਉਹ ਇਸ ਅਣੋਖੀ ਛੋਹ ਦੁਆਰਾ ਕਿਸੇ ਧਾਤ ਜਾਂ ਹੋਰ ਚੀਜ਼ ਨੂੰ ਆਪਣੇ ਜਿਹਾ ਪਾਰਸ ਨਹੀਂ ਬਣਾ ਸਕਦੀ। ਇਸ ਦੇ ਵਿਪ੍ਰੀਤ ਸੰਤ ਸਤਿਗੁਰੂ ਆਪਣੇ ਉਪਦੇਸ਼ ਤੇ ਅਗਵਾਈ ਨਾਲ ਆਪਣੇ ਸਿੱਖ ਨੂੰ ਇਕ ਬਿਹਤਰ ਵਿਅਕਤੀ ਹੀ ਨਹੀਂ, ਆਪਣੇ ਸਮਾਨ ਗੁਰਮੁਖ ਜਾਂ ਸਤਿਗੁਰੂ ਬਣਾਉਣ ਦੇ ਸਮਰੱਥ ਹੁੰਦੇ ਹਨ :

ਗੁਰਮੁਖਿ ਪਾਰਸ ਪਰਸਿ ਪਾਰਸੁ ਹੋਈਐ।

(ਵ. 19. ਪੌ. 17)

ਜਿਸ ਤਰ੍ਹਾਂ ਪਾਰਸ ਨਾਲ ਛੋਹੀਆਂ ਜਾ ਕੇ ਅਨੇਕ ਧਾਤਾਂ ਕੁੰਦਨ ਬਣ ਜਾਂਦੀਆਂ ਹਨ, ਓਵੇਂ ਗੁਰੂ ਰੂਪ ਪਰਮ ਪਾਰਸ ਦੇ ਸੰਪਰਕ ਵਿਚ ਆ ਕੇ ਸਿੱਖ ਆਪਣੇ ਪਹਿਲੇ ਵਿਅਕਤਿਤਵ ਤੋਂ ਮੁਕਤ ਗੁਰੂ ਦੇ ਹੀ ਗੁਣਾਂ ਵਾਲੀ ਇਕਾਈ ਬਣ ਜਾਂਦਾ ਹੈ :

ਪਰਮ ਪਾਰਸ ਗੁਰ ਪਰਸ ਪਾਰਸਿ ਭਏ
ਕਨਿਕ ਅਨਿਕ ਧਾਤੁ ਆਪਾ ਅਪਰਸ ਹੈ।

(ਕ. ਸ. 32)

ਇਹ ਗੁਰੂ ਦੀ ਇਕ ਵਿਸ਼ੇਸ਼ ਵਡਿਆਈ ਹੈ :

ਪਾਰਸੁ ਹੋਇਆ ਪਾਰਸਹੁ ਗੁਰਮੁਖਿ ਵਡਿਆਈ।

(ਵ. 9. ਪੌ. 9)

### *ਗੁਰੂ ਪਰਮ ਤੀਰਥ*

ਜਿਥੋਂ ਜਿਥੋਂ ਦੀ ਗੰਗਾ ਦੇ ਪਾਣੀ ਲੰਘਦੇ ਗਏ ਹਨ, ਓਥੇ ਓਥੇ ਤੀਰਥ ਸਥਾਪਿਤ ਹੋ ਗਏ ਹਨ। ਏਹੋ ਗੱਲ ਹੀ ਪਵਿੱਤਰ ਮੰਨੀਦੇ ਦਰਿਆਵਾਂ ਦੀ ਹੈ। ਪਰ ਗੁਰੂ ਤਾਂ ਲੱਖ ਅਜਿਹੇ ਦਰਿਆਵਾਂ ਦਾ ਇਕ ਦਰਿਆ ਹੈ, ਜਿਸ ਦੀ ਗਹਿਰਾਈ ਮਿਣਤੀਆਂ ਤੋਂ ਉਪਰ ਹੈ; ਉਹਦੀ ਸ਼ਰਨ ਵਿਚ ਆਇਆਂ ਅਨੇਕ ਅਨੇਕ ਤੀਰਥਾਂ ਦੇ ਪੁੰਨ ਫਲ ਲੱਭ ਪੈਂਦੇ ਹਨ :

ਗੁਰੁ ਦਰੀਆਉ ਅਮਾਉ ਹੈ ਲਖ ਦਰੀਆਉ ਸਮਾਉ ਕਰੰਦਾ।
ਇਕਸ ਇਕਸ ਦਰੀਆਉ ਵਿਚਿ ਲਖ ਤੀਰਥ ਦਰੀਆਉ ਵਹੰਦਾ।

(ਵ. 26, ਪੌ. 13)

Sri Satguru Jagjit Singh Ji eLibrary NamdhariElibrary@gmail.com

ਪ੍ਰਭਾਤੀ ਰਾਗ ਵਿਚ (ਅ. ਗ. ਪੰ. 1329) ਗੁਰੂ ਨਾਨਕ ਸਾਹਿਬ ਦਾ ਬਚਨ ਹੈ :

ਗੁਰ ਦਰਿਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ।

ਜਦੋਂ ਭਾਈ ਗੁਰਦਾਸ 'ਨਾਮ ਦਾਨ ਇਸਨਾਨ ਦ੍ਰਿੜਾਇਆ' ਦਾ ਜ਼ਿਕਰ ਕਰਦੇ ਹਨ ਤਾਂ ਜ਼ਾਹਰ ਹੈ ਆਪ ਦਾ ਇਸ਼ਾਰਾ ਗੁਰੂ ਦਰਿਆਉ ਦੇ ਦਰਸ਼ਨ ਰੂਪ ਇਸ਼ਨਾਨ ਵੱਲ ਹੁੰਦਾ ਹੈ, ਕਿਸੇ ਪਾਣੀ ਦੇ ਭੰਡਾਰ ਤੇ ਪੁੱਜ ਕੇ ਪਿੰਡਾ ਧੋਣ ਤੋਂ ਨਹੀਂ। 'ਵਾਰਾਂ ਭਾਈ ਗੁਰਦਾਸ ਜੀ ਸਟੀਕ' ਵਿਚ 'ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਇ ਨ੍ਹਵੰਦੇ' ਤੇ ਟਿਪਣੀ ਕਰਦਿਆਂ ਭਾਈ ਵੀਰ ਸਿੰਘ ਨੇ ਦਸਿਆ ਹੈ, "ਦਰੀਆਇ ਸ਼ਲੇਖ ਪਦ ਹੈ, ਭਾਵ ਗੁਰੂ ਦਾ ਦਰਸ਼ਨ ਕਰਦੇ ਹਨ।"

ਆਤਮ ਮਾਰਗ ਦੇ ਪਾਂਧੀ ਨੂੰ ਬੜਾ ਲੰਮਾ ਪੈਂਡਾ ਤੈਅ ਕਰਨਾ ਹੁੰਦਾ ਹੈ, ਮੰਜ਼ਲ ਦਰ ਮੰਜ਼ਲ, ਇਹ ਸਫ਼ਰ ਇਕ ਦਿਨ ਵਿਚ ਜਾਂ ਇਕ ਹੰਭਲੇ ਨਾਲ ਨਹੀਂ ਮੁਕਦਾ, ਤੇ ਆਪਣੇ ਆਪ ਵੀ ਨਹੀਂ, ਥਿੰਦੇ-ਝੱਟੇ ਗੁਰੂ ਦੀ ਸਹਾਇਤਾ ਲੋੜੀਂਦੀ ਹੁੰਦੀ ਹੈ।

ਗੁਰੂ ਤੋਂ ਨਾਮ-ਦਾਨ ਪਾਪ੍ਰਤ ਕਰ ਕੇ ਉਹਦੇ ਹੁਕਮ ਅਨੁਸਾਰ ਕਮਾਈ ਕਰਦਾ ਜਗਿਆਸੂ ਕਾਗ ਤੋਂ ਹੰਸ ਬਣ ਜਾਂਦਾ ਹੈ :

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸ ਹੋਹੈ।

(ਮ: 4, ਅ. ਗ. ਪੰ. 493)

ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰ ਕੇ ਹੋਰਾਂ ਨੂੰ ਨਾਮ ਦੀ ਦਾਤ ਬਖਸ਼ਣ ਵਾਲਾ ਪਰਮ-ਹੰਸ ਕੋਈ ਵਿਰਲਾ ਹੀ ਹੋ ਪਾਉਂਦਾ ਹੈ:

ਕਾਗਹੁ ਹੰਸ ਸੁਵੇਸ ਹੋਇ ਹੰਸਹੁ ਪਰਮਹੰਸ ਵਿਰਲੋਈ[2]।

(ਵ. 11. ਪੌ. 11)

### *ਗੁਰੂ ਕਿਵੇਂ ਗੇੜਦਾ ਹੈ*

ਗੁਰੂ ਅਮਰਦਾਸ ਜੀ ਮਹਾਰਾਜ ਨੇ ਦੱਸਿਆ ਸੀ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ" (ਅ. ਗ. ਪੰ. 918)। ਜੇ ਪਰਮੇਸ਼ਰ ਨੂੰ ਮਿਲਣ ਦੀ ਤਮੰਨਾ ਹੋਵੇ ਤਾਂ ਜਗਿਆਸੂ ਨੂੰ ਚਾਹੀਦਾ ਹੈ ਆਪਣੀ ਜਾਨ ਪ੍ਰਾਣ, ਆਪਣੀ ਸੰਪੱਤੀ, ਆਪਣਾ ਮਨ ਬੁੱਧੀ, ਉਸ ਪਰਮੇਸ਼ਰ ਦੇ ਸਰਗੁਣ-ਸਰੂਪ ਸਤਿਗੁਰੂ ਦੀ ਮਲਕੀਅਤ ਸਮਝੇ ਤੇ ਫੇਰ ਪਲ-ਪਲ ਉਹਦੇ ਹੁਕਮ ਵਿਚ ਜੀਵੇ।

---

1. ਮਿਲਣਾ 2. ਕੋਈ ਵਿਰਲਾ।

Sri Satguru Jagjit Singh Ji eLibrary NamdhariElibrary@gmail.com

ਹੁਣ ਇਹਦੇ ਨਾਲ ਜੋੜ ਕੇ ਵਿਚਾਰੋ ਭਾਈ ਗੁਰਦਾਸ ਦਾ ਨਿਮਨ ਲਿਖਤ ਬਚਨ :

ਜੈਸੇ ਫਲ ਫੂਲਹਿ ਲੈ ਜਾਇ ਬਨਰਾਇ ਪ੍ਰਤਿ
ਕਰੈ ਅਭਿਮਾਨੁ ਕਹੋ ਕੈਸੇ ਬਨਿ ਆਵੈ ਜੀ।
ਜੈਸੇ ਮੁਕਤਾਹਲ[1] ਸਮੁੰਦ੍ਰਹਿ ਦਿਖਾਵੈ ਜਾਇ
ਬਾਰ ਬਾਰ ਹੀ ਸਰਾਹੈ ਸੋਭਾ ਤਉ ਨ ਪਾਵੈ ਜੀ।
ਜੈਸੇ ਕਨੀ ਕੰਚਨ ਸੁਮੇਰੁ ਸਨਮੁਖਿ ਰਾਖਿ
ਮਨ ਮੈ ਗਰਬੁ ਕਰੈ ਬਾਵਰੋ ਕਹਾਵੈ ਜੀ।
ਤੈਸੇ ਗਿਆਨ ਧਿਆਨ ਠਾਨਿ ਪ੍ਰਾਨ ਹੈ ਰੀਝਾਇਓ ਚਾਹੈ
ਪ੍ਰਾਨ ਪਤਿ ਸਤਿਗੁਰੁ ਕੈਸੇ ਕੈ ਰੀਝਾਵੈ ਜੀ।

(ਕ. ਸ. 510)

ਜਿਸ ਤਰ੍ਹਾਂ ਕੋਈ ਸੋਹਣੇ ਫੁੱਲ, ਮਿਠੇ ਰਸ ਭਰੇ ਫਲ, ਚੰਗੇਰ ਵਿਚ ਪਾਵੇ ਤੇ ਉਹਨਾਂ ਨੂੰ ਆਕੜ ਕੇ ਬਨਸਪਤੀ ਦੇ ਰਾਜਾ ਦੀ ਭੇਟ ਕਰੇ, ਦੇਖ ਮੈਂ ਤੇਰੇ ਲਈ ਕਿੰਨਾ ਵਧੀਆ ਉਪਹਾਰ ਲਿਆਂਦਾ ਹੈ, ਤਾਂ ਇਹ ਆਕੜ ਕੁਥਾਂ ਹੀ ਮੰਨੀ ਜਾਵੇਗੀ। ਜਾਂ ਫੇਰ ਕੋਈ ਚੋਣਵੇਂ ਮੋਤੀਆਂ ਦੀ ਮਾਲਾ ਪਰੋਵੇ ਤੇ ਸਮੁੰਦਰ ਨੂੰ ਵਖਾ ਕੇ ਆਪਣੀ ਇਸ ਮਲਕੀਅਤ ਦੀ ਸੁੰਦਰਤਾ ਤੇ ਮੁੱਲਵਾਨਤਾ ਦੇ ਸੋਹਲੇ ਗਾਉਣੇ ਸ਼ੁਰੂ ਕਰ ਦੇਵੇ ਤਾਂ ਇਸ ਨਾਲ ਉਹਦਾ ਮਾਨ ਨਹੀਂ ਵਧੇਗਾ। ਜਾਂ ਫੇਰ ਕੋਈ ਕਿਧਰੋਂ ਹੱਥ ਲੱਗੀ ਸੋਨੇ ਦੀ ਮਾਮੂਲੀ ਕਣੀ ਸੁਮੇਰ ਪਰਬਤ ਕੋਲ ਲੈ ਜਾਇ, ਜਿਹੜਾ ਕਿ ਬਣਿਆ ਹੀ ਸੋਨੇ ਦਾ ਸੁਣੀਦਾ ਹੈ, ਤੇ ਐਉਂ ਆਫਰੇ ਜਿਵੇਂ ਇਸ ਤਰ੍ਹਾਂ ਦੀ ਚੀਜ਼ ਅਗੇ ਕਿਸੇ ਨੇ ਤੱਕੀ ਹੀ ਨਹੀਂ ਹੁੰਦੀ, ਇਸ ਤੇ ਲੋਕ ਉਹਨੂੰ ਪਾਗਲ ਨਾ ਆਖਣਗੇ ਤਾਂ ਹੋਰ ਕੀ ਕਰਨਗੇ। ਉਸੇ ਪ੍ਰਕਾਰ ਕੋਈ ਸਾਧਕ ਗਿਆਨ ਪ੍ਰਾਪਤ ਕਰ ਲਵੇ, ਧਿਆਨ ਦਾ ਅਭਿਆਸੀ ਹੋ ਜਾਇ, ਆਪਣੇ ਪ੍ਰਾਣ ਸਤਿਗੁਰੂ ਦੇ ਅਰਪਣ ਕਰ ਦੇਵੇ, ਤੇ ਫੇਰ ਸੋਚੇ ਇਹਦੇ ਨਾਲ ਮੈਂ ਉਸ ਨੂੰ ਪ੍ਰਸੰਨ ਕਰਨ ਵਿਚ ਸਫਲ ਹੋ ਗਿਆ ਹਾਂ ਤਾਂ ਉਕਤ ਧਾਰਨਾ ਉਹਦੀ ਮੂਰਖਤਾ ਦਾ ਪ੍ਰਮਾਣ ਹੋਵੇਗੀ, ਕਿਉਂਕਿ ਉਹਦਾ ਗਿਆਨ, ਧਿਆਨ, ਪ੍ਰਾਣ ਸਭ ਕੁਝ ਉਹਨੂੰ ਸਤਿਗੁਰੂ ਨੇ ਹੀ ਤਾਂ ਦਿੱਤਾ ਹੁੰਦਾ ਹੈ, ਤੇ ਉਸੇ ਦੀ ਦਿਆਲਤਾ ਤੇ ਨਿਰਭਰ ਕਰਦਾ ਹੈ, ਸਿੱਖ ਦੇ ਉਦਮ, ਉਹਦੀ ਕੋਸ਼ਿਸ਼ ਤੇ ਨਹੀਂ, ਉਸ ਨੂੰ ਤਾਂ ਏਹੋ ਕਹਿਣਾ ਸ਼ੋਭਦਾ ਹੈ :

1. ਮੋਤੀਆਂ ਦੀ ਮਾਲਾ।

Sri Satguru Jagjit Singh Ji eLibrary NamdhariElibrary@gmail.com

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ।
(ਕਬੀਰ, ਅ. ਗ. ਪੰ. 1375)

*ਗੁਰੂ ਸਿੱਖ ਨੂੰ ਬੁਲਾਉਂਦਾ ਹੈ*

ਇਹ ਅਸੀਂ ਦੇਖ ਚੁੱਕੇ ਹਾਂ ਕਿ ਸਤਿਗੁਰੂ ਦੀ ਸਿਖਿਆ ਅਤੇ ਸਹਾਇਤਾ ਨਾ ਮਿਲੇ ਤਾਂ ਪ੍ਰਭੂ ਪ੍ਰਾਪਤੀ ਦਾ ਜਤਨ ਹਰਗਿਜ਼ ਸਫਲ ਨਹੀਂ ਹੁੰਦਾ। ਸੋ ਗੁਰੂ ਧਾਰਣ ਕਰਨਾ ਕਿਸੇ ਵੀ ਜਗਿਆਸੂ ਲਈ ਉਸ ਮੰਜ਼ਲ ਵੱਲ ਪੁੱਟਿਆ ਜਾਣ ਵਾਲਾ ਪਹਿਲਾ ਕਦਮ ਹੈ। ਪਰ ਏਥੇ ਇਹ ਵੀ ਸਮਝ ਲੈਣਾ ਅਤਿ ਜ਼ਰੂਰੀ ਹੈ ਕਿ ਪੂਰਾ ਗੁਰੂ ਸਿੱਖ ਦੇ ਤਲਾਸ਼ ਕੀਤਿਆਂ ਨਹੀਂ ਲੱਭ ਪੈਂਦਾ, ਨਾ ਉਹ ਸਿੱਖ ਦੀ ਬੱਸ ਇੱਛਾ ਪ੍ਰਗਟ ਕਰਨ ਤੇ ਹੀ ਉਹਦਾ ਗੁਰੂ ਬਣ ਜਾਂਦਾ ਹੈ। ਉਹ ਖ਼ੁਦ ਹੀ ਤੁੱਠ ਕੇ ਸਿੱਖ ਨੂੰ ਆਪਣੀ ਸੰਗਤ ਦੀ ਬਗਲ ਵਿਚ ਲਿਆਉਂਦਾ ਹੈ, ਉਹਨੂੰ ਦੀਖਿਅਤ ਕਰਦਾ ਹੈ ਤੇ ਫੇਰ ਓਵੇਂ ਜਿਵੇਂ ਕਿਸੇ ਬੱਚੇ ਨੂੰ ਉਂਗਲ਼ ਫੜ ਕੇ ਲਿਖਣਾ ਸਿਖਾਈਦਾ ਹੈ, ਉਹਦੇ ਹਿਰਦੇ ਵਿਚ ਵੱਸ ਕੇ ਉਹਦੇ ਕੋਲੋਂ ਉਚਿਤ ਸਾਧਨਾ ਕਰਵਾਉਂਦਾ ਹੈ। ਉਹਦੇ ਕਦਮ-ਕਦਮ ਤੇ ਸੇਧ ਦਿੱਤੇ ਬਿਨਾਂ ਇਸ ਬਿਖਮ ਮਾਰਗ ਤੇ ਅੱਗੇ ਵਧਣਾ ਸੰਭਵ ਨਹੀਂ ਹੁੰਦਾ :

ਸਤਿਗੁਰ ਸਿਖ ਰਿਦੈ ਪ੍ਰਥਮ ਕ੍ਰਿਪਾ ਕੈ ਬਸੈ
ਤਾ ਪਾਛੈ ਕਰਤ ਆਗਿਆ ਮਇਆ ਕੈ ਮਨਾਵਈ।
(ਕ. ਸ. 178)

*ਅੰਤ ਸਮੇਂ ਗੁਰੂ ਦਾ ਸਹਾਰਾ*

ਪੰਜਾਬੀ ਦਾ ਚੋਖਾ ਪ੍ਰਚਲਤ ਮੁਹਾਵਰਾ ਹੈ, 'ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।' ਇਹਦਾ ਭਾਵ ਲਿਆ ਜਾਂਦਾ ਹੈ, ਅਨੇਕਾਂ ਕੁਕਰਮਾਂ ਬਾਅਦ ਕੀਤੀ ਕੋਈ ਭਲਿਆਈ ਕਿਥੋਂ ਤਾਰੇਗੀ? ਪਰ ਇਹ ਸੋਚ ਦਰੁਸਤ ਨਹੀਂ ਮੰਨੀ ਜਾ ਸਕਦੀ। ਸੁਧਰਨਾ ਤਾਂ ਚੰਗਾ ਹੀ ਚੰਗਾ, ਇਹਦੀ ਪ੍ਰੇਰਨਾ ਬੇਸ਼ਕ ਕਿੰਨੀ ਵੀ ਪਛੜ ਕੇ ਆਵੇ। ਦੇਖੋ ਭਾਈ ਗੁਰਦਾਸ ਇਸ ਪ੍ਰਸੰਗ ਵਿਚ ਕੀ ਕਹਿੰਦੇ ਹਨ :

ਜੈਸੇ ਨਾਉ ਬੂਡਤ ਸੈ ਕੋਊ ਬਚੈ ਸੋਊ ਭਲੋ
ਬੂਡ ਗਏ ਪਾਛੈ ਪਛੁਤਾਇਓ ਰਹਿ ਜਾਤ ਹੈ।
ਜੈਸੇ ਘਰ ਲਾਗੈ ਆਗਿ ਜੋਈ ਬਚੈ ਸੋਈ ਭਲੋ
ਜਰਿ ਬੁਝੇ ਪਾਛੈ ਕਛੁ ਬਸ ਨ ਬਸਾਤ ਹੈ।

ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ
ਸੋਇ ਗਏ ਰੀਤੇ ਘਰ ਦੇਖੈ ਉਠਿ ਪ੍ਰਾਤ ਹੈ।
ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ
ਪਾਵੈ ਮੋਖ ਪਦਵੀ ਨਾਤੁਰ[1] ਬਿਲਲਾਤ[2] ਹੈ।

(ਕ. ਸ. 35)

ਜੇ ਬੇੜੀ ਡੁਬਦੀ ਹੋਵੇ ਉਸ ਵਿਚੋਂ ਜੋ ਕੁਝ ਕੱਢ ਲਿਆ ਜਾਵੇ, ਉਤਨਾ ਹੀ ਅਛਾ, ਨਹੀਂ ਫੇਰ ਭੋਰਾ ਭੋਰਾ ਗਵਾ ਕੇ ਤਾਂ ਪਛੁਤਾਉਣਾ ਹੀ ਹੈ। ਘਰ ਨੂੰ ਅੱਗ ਲਗ ਜਾਏ ਤਾਂ ਉਹਨੂੰ ਸਭ ਕੁਝ ਸਾੜ ਕੇ ਸੁਆਹ ਨਹੀਂ ਕਰ ਦੇਣ ਦੇਈਦਾ, ਲਾਟਾਂ ਤੇ ਕਾਬੂ ਪਾ ਕੇ ਹਾਨੀ ਦੀ ਮਾਤ੍ਰਾ ਜਿੰਨੀ ਵੀ ਘਟ ਕੀਤੀ ਜਾ ਸਕੇ ਉਤਨੀ ਹੀ ਬਿਹਤਰ। ਜੇ ਕਿਸੇ ਨੂੰ ਚੋਰ ਲੁੱਟਣ ਆ ਪੈਣ ਤਾਂ ਜਾਗ ਕੇ ਹਾਲ-ਪਾਹਰਿਆ ਕਰਨਾ ਲਾਹੇਵੰਦ ਰਹਿੰਦਾ ਹੈ, ਜੇ ਉਹ ਨੀਂਦ ਹੀ ਮਾਣਦਾ ਰਹੇ ਤਾਂ ਦਿਨ ਚੜ੍ਹਨ ਤੇ ਸਭ ਕੁਝ ਸਾਫ ਹੋਇਆ ਹੀ ਨਜ਼ਰ ਆਵੇਗਾ। ਉਸੇ ਹਿਸਾਬ ਜੇ ਕੋਈ ਆਪਣੀ ਜ਼ਿੰਦਗੀ ਦੁਨਿਆਵੀ ਧੰਦਿਆਂ ਵਿਚ ਗੁਜ਼ਾਰ ਕੇ ਅਖੀਰਲੇ ਸਮੇਂ ਵੀ ਸਤਿਗੁਰੂ ਦੀ ਸ਼ਰਨ ਵਿਚ ਆ ਜਾਵੇ, ਤਾਂ ਉਹ ਉਸ ਬਖਸ਼ਣਹਾਰ ਦੀ ਦਇਆ ਦਾ ਸਦਕਾ ਮੋਖਸ਼ ਪਦ ਦੀ ਆਸ ਰੱਖ ਸਕਦਾ ਹੈ। ਇਹਦੇ ਉਲਟ ਸਾਕਤ ਪੁਰਸ਼ ਲਈ ਤਾਂ ਰੋਣ ਪਿੱਟਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ।

### *ਗੁਰ ਉਪਦੇਸ਼*

ਇਹ ਗੁਰੂ ਦੇ ਦਿੱਤੇ ਉਪਦੇਸ਼ ਦੀ ਵਡਿਆਈ ਹੈ ਕਿ ਉਸ ਦੀ ਬਖਸ਼ਿਸ਼ ਨਾਲ ਸਿੱਖ ਦਾ ਅਨੁਭਵ ਖੁਲ੍ਹ ਜਾਂਦਾ ਹੈ, ਤੇ ਉਸ ਦੀ ਪ੍ਰਭੂ ਪ੍ਰਤੀ ਪ੍ਰੀਤ ਪੱਕ ਜਾਂਦੀ ਹੈ। ਫੇਰ ਜਦ ਉਹ ਆਪਣੀ ਬਿਰਤੀ ਨੂੰ ਇਕਾਗਰ ਕਰਕੇ ਸ਼ਬਦ ਧੁਨਿ ਵਿਚ ਜੋੜਦਾ ਹੈ ਤਾਂ ਉਹਦੇ ਅਸਤਿਤਵ ਦਾ ਲੂੰ-ਲੂੰ ਆਪਣੇ ਪ੍ਰੀਤਮ ਦੇ ਅਨੁਰਾਗ ਵਿਚ ਭਿੱਜ ਜਾਂਦਾ ਹੈ ਤੇ ਉਹਦੇ ਸਾਹ ਜਿਹੜੇ ਹੁਣ ਤਕ ਕੱਚੀਆਂ ਤੰਦਾਂ ਵਾਂਗ ਵਿਅਰਥ ਹੀ ਟੁਟ-ਟੁਟ ਕੇ ਡਿੱਗੀ ਜਾਂਦੇ ਸਨ, ਇਕ ਅਣਮੁੱਲੇ ਰਤਨਾਂ ਦੀ ਮਾਲਾ ਵਿਚ ਗੁੰਦ ਜਾਂਦੇ ਹਨ :

ਗੁਰ ਉਪਦੇਸ਼ ਅਵੇਸ ਕਰਿ ਅਨਭੈ ਪਿਰਮ ਪਿਰੀ ਅਨੁਰਾਗੈ।
ਸਬਦ ਸੁਰਤਿ ਲਿਵ ਸਾਧ ਸੰਗਿ ਅੰਗਿ ਅੰਗਿ ਇਕ ਰੰਗਿ ਸਮਾਗੈ।
ਰਤਨ ਮਾਲ ਕਰਿ ਕਚੇ ਧਾਗੈ। (ਵ. 6, ਪੌ. 17)

---

1. ਨਹੀਂ ਤਾਂ 2. ਢਾਹਾਂ ਮਾਰਦਾ, ਰੋਂਦਾ।

Sri Satguru Jagjit Singh Ji eLibrary NamdhariElibrary@gmail.com

ਜਿਸ ਵਿਅਕਤੀ ਨੂੰ ਗੁਰੂ ਤੋਂ ਦੀਖਿਅਤ ਹੋਣ ਦਾ ਅਵਸਰ ਨਹੀਂ ਮਿਲਿਆ ਉਹ ਤਾਂ ਸੰਸਾਰ ਤੋਂ ਓਵੇਂ ਪੱਲੇ ਝਾੜ ਕੇ ਖਾਲੀ ਤੁਰ ਜਾਂਦਾ ਹੈ ਜਿਵੇਂ ਸਮੁੰਦਰ ਵਿਚੋਂ ਮੋਤੀਓਂ ਸੱਖਣਾ ਨਿਕਲ ਆਉਂਦਾ ਸੰਖ :

ਸੰਖ ਸਮੁੰਦਰਹ ਸਖਣਾ ਗੁਰਮਤਿ ਹੀਣਾ ਦੇਹ ਵਿਗਾੜੀ।

(ਵ. 32, ਪੌ. 4)

ਜਦ ਸੰਤ ਸਤਿਗੁਰੂ ਪਰਉਪਕਾਰ ਹਿਤ ਸਚਖੰਡ ਛੱਡ ਕੇ ਸੰਸਾਰ ਵਿਚ ਬਿਰਾਜਮਾਨ ਰਹਿੰਦੇ ਹਨ, ਸੰਸਾਰ ਦੇ ਅਭਾਗੇ ਜੀਵ ਉਹਨਾਂ ਦੀ ਸੰਗਤ, ਉਪਦੇਸ਼ ਦਾ ਲਾਭ ਨਹੀਂ ਉਠਾਉਂਦੇ, ਉਹ ਮੁੜ ਜੋਤੀ ਜੋਤਿ ਸਮਾ ਜਾਂਦੇ ਹਨ ਤਾਂ ਪਛਤਾਉਣ ਲਗ ਜਾਂਦੇ ਹਨ, ਹਾਇ, ਅਸੀਂ ਤਾਂ ਬੜਾ ਹੀ ਦੁਰਲਭ ਅਵਸਰ ਹੱਥੋਂ ਗਵਾ ਲਿਆ :

ਜੈਸੇ ਦੀਪ ਦਿਪਤਿ ਮਹਾਤਮੈ ਨ ਜਾਨੈ ਕੋਊ
ਬੂਝਤ ਹੀ ਅੰਧਕਾਰ ਭਟਕਤ ਰਾਤ ਹੈ।
ਜੈਸੇ ਦ੍ਰੁਮ[1] ਆਗਨਿ[2] ਅਛਿਤ ਮਹਿਮਾ ਨ ਜਾਨੈ
ਕਟਿਤ ਹੀ ਛਾਂਹਿ ਬੈਠਬੇ ਕਉ ਬਿਲਲਾਤ[3] ਹੈ।
ਜੈਸੇ ਰਾਜ ਨੀਤਿ ਬਿਖੈ ਚੈਨ ਹੁਇ ਚਤੁਰ ਕੁੰਟ
ਛਤ੍ਰ ਢਾਲਾ ਚਾਲ ਭਏ ਜਤ੍ਰ ਕਤ੍ਰ ਜਾਤ ਹੈ।
ਤੈਸੇ ਗੁਰ ਸਿੱਖ ਸਾਧ ਸੰਗਮ ਜੁਗਤਿ ਜਗਿ
ਅੰਤਿਰੀਛ ਭਏ ਪਾਛੇ ਲੋਗ ਪਛੁਤਾਤ ਹੈ।

(ਕ. ਸ. 351)

ਜਦ ਤਕ ਦੀਵਾ ਬਲਦਾ ਰਹਿੰਦਾ ਹੈ ਉਹਦੇ ਪ੍ਰਕਾਸ਼ ਦਾ ਸੁੱਖ ਮਾਣਦਾ ਕੋਈ ਉਹਦੀ ਮੌਜੂਦਗੀ ਨੂੰ ਧਿਆਨ ਨਹੀਂ ਦਿੰਦਾ, ਉਹ ਬੁਝ ਜਾਂਦਾ ਹੈ ਤਾਂ ਬਾਕੀ ਦੀ ਰਾਤ ਹਨੇਰੇ ਕਾਰਣ ਪਰੇਸ਼ਾਨੀ ਵਿਚ ਬੀਤਦੀ ਹੈ; ਬਿਰਛ ਵਿਹੜੇ ਵਿਚ ਖੜੋਤਾ ਹੁੰਦਾ ਹੈ ਤਾਂ ਉਹਦੀ ਕੱਖ ਕਦਰ ਨਹੀਂ ਪੈਂਦੀ, ਪਰ ਕੱਟੇ ਗਏ ਪਿੱਛੋਂ ਘਰ ਵਾਲੇ ਉਹਦੀ ਛਾਂ ਦੇ ਵਿਗੋਚੇ ਨਾਲ-ਤਰਲੋ ਮੱਛੀ ਹੁੰਦੇ ਰਹਿੰਦੇ ਹਨ। ਰਾਜ ਦਾ ਕਾਰ-ਵਿਹਾਰ ਮਰਿਆਦਾ ਅਨੁਸਾਰ ਠੀਕ ਤੁਰੀ ਜਾਵੇ ਤਾਂ ਹਰ ਪਾਸੇ ਅਮਨ ਸ਼ਾਂਤੀ ਵਿਆਪੀ ਰਹਿੰਦੀ ਹੈ, ਅਫਰਾ-ਤਫਰੀ ਮੱਚ ਜਾਣ ਤੇ ਪਰਜਾ ਨੂੰ ਸਿਰ ਲੁਕਾਉਣ ਲਈ ਥਾਂ ਨਹੀਂ ਲਭਦੀ। ਓਵੇਂ ਸਤਿਗੁਰੂ ਦੀ ਸੰਗਤ, ਉਹਦਾ ਉਪਦੇਸ਼, ਸੁਲਭ ਹੁੰਦਿਆਂ, ਜਗ ਦੇ ਲੋਕਾਂ ਨੂੰ ਉਹਦੇ ਕੋਲੋਂ ਪ੍ਰਭੂ ਨਾਲ ਸਮਰੂਪ ਹੋਣ ਦੀ ਜੁਗਤਿ

1. ਦਰਖਤ 2. ਵੇਹੜਾ 3. ਰੋਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਿਖਣ ਦਾ ਖ਼ਿਆਲ ਨਹੀਂ ਆਉਂਦਾ ਤੇ ਜਦ ਉਹ ਸਚਖੰਡ ਪਧਾਰ ਜਾਂਦੇ ਹਨ ਤਾਂ ਹੱਥ ਮਲਣਾ, ਪਛਤਾਉਣਾ ਹੀ ਉਹਨਾਂ ਦੇ ਪੱਲੇ ਰਹਿ ਜਾਂਦਾ ਹੈ।

ਪਤਨੀ, ਪੁੱਤਰਾਂ, ਪੁੱਤਰੀਆਂ ਦਾ ਪਿਆਰ, ਜ਼ਮੀਨਾਂ, ਜਾਇਦਾਦਾਂ, ਧਨ-ਦੌਲਤ ਦੀ ਭੁੱਖ, ਵੱਖ-ਵੱਖ ਇੰਦਰੀਆਂ ਦੇ ਰਸ ਭੋਗਣ ਦੀ ਹਵਸ, ਮਾਣ-ਵਡਿਆਈ, ਹਕੂਮਤ, ਅਧਿਕਾਰ ਦੀ ਲਾਲਸਾ, ਇਹ ਸਭ ਮਾਇਆ ਦਾ ਮੋਹ ਹੈ, ਤੇ ਜਦ ਤਕ ਮੋਹ ਰੂਪੀ ਨਾਗ ਦਾ ਵਲੇਵਾਂ ਨਾ ਟੁੱਟੇ, ਆਤਮਾ ਨੂੰ ਸੁਖ ਦਾ ਸਾਹ ਨਹੀਂ ਆਉਂਦਾ। ਇਹ ਅਜਿਹੀ ਸਖਤਾਈਆਂ ਭਰੀ ਕੈਦ ਹੈ ਜਿਸ ਦੀ ਮਿਆਦ ਕਿਆਮਤ ਦੇ ਦਿਨ ਵੀ ਨਹੀਂ ਮੁਕਦੀ। ਇਸ ਸੰਬੰਧ ਵਿਚ ਭਾਈ ਸਾਹਿਬ ਦਾ ਨਿਮਨ ਲਿਖਤ ਸ਼ਬਦ ਵਿਚਾਰਨਾ ਲਾਭਕਾਰੀ ਹੋਵੇਗਾ :

ਕੰਚਨ ਅਸੁਧ ਜੈਸੇ ਭ੍ਰਮਤ ਕੁਠਾਲੀ ਬਿਖੈ
ਸੁਧ ਭਏ ਭ੍ਰਮਤ ਨ ਪਾਵਕ[1] ਪ੍ਰਗਾਸ ਹੈ।
ਜੈਸੇ ਕਰ ਕੰਕਨ[2] ਅਨੇਕ ਸੈ ਪ੍ਰਗਟ ਧੁਨਿ
ਏਕੈ ਏਕ ਟੇਕ ਪੁਨਿ ਧੁਨਿ ਕੋ ਬਿਨਾਸ ਹੈ।
ਖੁਧਿਆ[3] ਕੈ ਬਾਲਕ ਬਿਲਲਾਤ ਅਕੁਲਾਤ ਅਤਿ
ਅਸਥਨ ਪਾਨ ਕਰਿ ਸਹਜਿ ਨਿਵਾਸ ਹੈ।
ਤੈਸੇ ਮਾਇਆ ਭ੍ਰਮਤ ਭ੍ਰਮਤ ਚਤੁਰ ਕੁੰਟ ਧਾਵੈ
ਗੁਰ ਉਪਦੇਸ ਨਿਹਚਲ ਗ੍ਰਿਹਿ ਬਾਸ ਹੈ।
(ਕ. ਸ. 349)

ਜਿੰਨਾਂ ਚਿਰ ਸੋਨਾ ਆਪਣੀ ਮੈਲ ਤੋਂ ਮੁਕਤ ਨਹੀਂ ਹੁੰਦਾ, ਉਹ ਕੁਠਾਲੀ ਵਿਚ ਉਬਲ ਕੇ ਘੁਮੇਰੀਆਂ ਖਾਂਦਾ ਰਹਿੰਦਾ ਹੈ, ਇਕ ਵਾਰ ਸ਼ੁੱਧ ਹੋ ਜਾਵੇ ਤਾਂ ਉਹਦੀ ਭਟਕਣਾ ਖ਼ਤਮ ਹੋ ਜਾਂਦੀ ਹੈ, ਤੇ ਉਹਦਾ ਤੇਜ ਉਸੇ ਅੱਗ ਦਾ ਮੁਕਾਬਲਾ ਕਰਨ ਲਗਦਾ ਹੈ ਜਿਹਦੇ ਨਾਲ ਉਹਨੂੰ ਤਾਇਆ ਗਿਆ ਸੀ। ਜੇ ਬਾਂਹ ਵਿਚ ਕਈ ਕਈ ਚੂੜੀਆਂ ਪਹਿਨੀਆਂ ਹੋਣ, ਉਹ ਆਪਸ ਵਿਚ ਟਕਰਾ ਕੇ ਬੇਕਾਰ ਦਾ ਖੜਾਕ ਪੈਦਾ ਕਰਦੀਆਂ ਰਹਿੰਦੀਆਂ ਹਨ, ਪਰ ਜੇ ਚੂੜੀ ਇਕੋ-ਇਕ ਹੋਵੇ ਤਾਂ ਉਕਤ ਸ਼ੋਰ-ਸ਼ਰਾਬੇ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜਦ ਤਕ ਬੱਚੇ ਨੂੰ ਖ਼ੁੱਧਿਆ, ਭੁੱਖ ਸਤਾਉਂਦੀ ਰਹੇ ਉਹ ਰੋਣਾ ਕੁਰਲਾਉਣਾ ਬੰਦ ਨਹੀਂ ਕਰਦਾ, ਮਾਂ ਦਾ ਦੁੱਧ ਮਿਲ ਜਾਣ ਤੇ ਉਹ ਤ੍ਰਿਪਤ ਹੋ ਕੇ ਸੌਂ ਜਾਂਦਾ ਹੈ। ਉਸੇ ਭਾਂਤ ਜਦ ਤੋੜੀ ਜੀਵ ਮਾਇਆ ਦੇ ਚੁੰਗਲ ਵਿਚ ਫਸਿਆ ਰਹੇ, ਉਹ ਉਸ ਨੂੰ ਚੌਹਾਂ ਖਾਣੀਆਂ

1. ਅੱਗ 2. ਚੂੜੀਆਂ 3. ਭੁੱਖ ਕਰ ਕੇ

Sri Satguru Jagjit Singh Ji eLibrary NamdhariElibrary@gmail.com

ਦੀਆਂ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਕੈਦ ਕਰੀ ਰਖਦੀ ਹੈ, ਪਰ ਜੇ ਚੰਗੇ ਭਾਗਾਂ ਨਾਲ ਗੁਰੂ ਸਿੱਖਿਆ ਪ੍ਰਾਪਤ ਹੋ ਜਾਇ ਤਾਂ ਉਹ ਇਕ ਦਿਨ ਨਿਜ ਘਰ ਦੇ ਸਥਾਈ ਆਨੰਦ ਦਾ ਅਧਿਕਾਰੀ ਬਣ ਜਾਂਦਾ ਹੈ।

ਸਤਿਗੁਰੂ ਸੰਜੋਗ ਵੱਸ ਕਿਤੇ ਕੋਲੋਂ ਦੀ ਲੰਘ ਜਾਣ ਜਾਂ ਬੈਠੇ ਦਿੱਸ ਪੈਣ, ਤਾਂ ਹਰ ਕੋਈ ਕਹਿਣ ਲੱਗ ਪੈਂਦਾ ਹੈ ਮੈਂ ਉਹਨਾਂ ਦੇ ਦਰਸ਼ਨ ਕਰ ਲਏ, ਪਰ ਉਹ ਦ੍ਰਿਸ਼ਟੀ ਜਿਹਦੇ ਨਾਲ ਉਹਨਾਂ ਨੂੰ ਤੱਕਿਆਂ, ਉਹਨਾਂ ਦੇ ਸਰੂਪ ਵਿਚ ਸਮਾਇਆ ਜਾ ਸਕਦਾ ਹੈ, ਉਸ ਤੋਂ ਉਹ ਬਿਲਕੁਲ ਬੇਖ਼ਬਰ ਹੁੰਦੇ ਹਨ। ਇਸੇ ਤਰ੍ਹਾਂ ਗੁਰੂ ਦੇ ਬਚਨ ਇਕ ਸ਼ਰੀਰਕ ਕੰਨ ਨਾਲ ਸੁਣੇ, ਦੂਜੇ ਸ਼ਰੀਰਕ ਕੰਨ ਦੁਆਰਾ ਬਾਹਰ ਕੱਢ ਦਿੱਤੇ, ਤੇ ਜੀਅ ਖੁਸ਼ ਕਰ ਲਿਆ ਅਸੀਂ ਸਤਿਸੰਗ ਸੁਣ ਆਏ ਹਾਂ, ਏਹੋ ਜਿਹੇ ਅਖਾਉਤੀ ਸਰੋਤਿਆਂ ਨੂੰ ਉਕਾ ਅਹਿਸਾਸ ਨਹੀਂ ਹੁੰਦਾ ਕਿ ਗੁਰੂ ਦੇ ਉਪਦੇਸ਼ ਦਾ ਸੁਝਾਇਆ ਅਨਹਦ ਸ਼ਬਦ ਸੁਰਤਿ ਦੁਆਰਾ ਸੁਣਿਆ ਜਾਂਦਾ ਤਾਂ ਮਨ ਦੀ ਭਟਕਣਾ ਸਦਾ ਲਈ ਮੁੱਕ ਜਾਂਦੀ।

ਗੁਰ ਮੰਤਰ ਬੜੀ ਅਣਮੁੱਲੀ ਚੀਜ਼ ਹੈ, ਉਹਦਾ ਜਾਪ ਕੀਤਿਆਂ ਕੋਈ ਵੀ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ, ਉਹਦੀ ਜਿੰਨੀ ਉਪਮਾ ਕੀਤੀ ਜਾਵੇ ਓਨੀ ਥੋੜ੍ਹੀ। ਇਸ ਭਾਂਤ ਜ਼ਬਾਨ ਨਾਲ ਉਹਦੀ ਵਡਿਆਈ ਜਣਾ-ਖਣਾ ਕਰੀ ਜਾਂਦਾ ਹੈ ਪ੍ਰੰਤੂ ਜਿਸ ਗੁਰ ਮੰਤਰ ਦਾ ਉਹ ਜ਼ਿਕਰ ਕਰਦੇ ਹਨ, ਜਿਹੜੀ ਜੁਗਤਿ ਨਾਲ ਉਹਦੀ ਕਮਾਈ ਕੀਤਿਆਂ ਆਤਮ ਜੋਤਿ ਦੀ ਲਿਵ ਪਰਮਾਤਮ ਜੋਤਿ ਵਿਚ ਲਗਦੀ ਹੈ, ਉਸ ਦੀ ਉਹਨਾਂ ਨੂੰ ਰਤੀ ਮਾਤਰ ਸੂਹ ਨਹੀਂ ਹੁੰਦੀ। ਨਾ ਉਹਨਾਂ ਦੇ ਪੱਲੇ ਸੱਚੇ ਅਰਥਾਂ ਵਿਚ ਦਰਸ਼ਨ ਕਰਨ ਵਾਲੀ ਦ੍ਰਿਸ਼ਟੀ, ਨਾ ਉਹਨਾਂ ਨੂੰ ਅੰਤ੍ਰੀਵੀ ਸੁਣਨ ਸ਼ਕਤੀ ਨਾਲ ਇਕਾਗਰ ਚਿਤ ਹੋ ਕੇ ਸ਼ਬਦ ਸੁਣਨ ਦੀ ਜਾਚ, ਨਾ ਘਟ-ਘਟ ਵਸਦੇ ਜੋਤੀ ਸਰੂਪ ਪਰਮੇਸ਼ਰ ਵਿਚ ਲਿਵ ਜੋੜਨ ਦੀ ਵਿਧੀ ਦਾ ਗਿਆਨ।

ਭਾਈ ਗੁਰਦਾਸ ਬੇਨਤੀ ਕਰਦੇ ਹਨ ਇੰਝ ਸਾਰੇ ਹੀ ਪੱਖਾਂ ਤੋਂ ਅਪੂਰਨ ਮਤਿ ਵਾਲੇ ਇਹਨਾਂ ਜੀਵਾਂ ਨੂੰ ਪਤਿਤ-ਪਾਵਨ ਸਤਿਗੁਰੂ ਜੀ ਤੁਸੀਂ ਹੀ ਕਿਸੇ ਰਾਹ ਰਸਤੇ ਪਾਉ ਤਾਂ ਹੀ ਪੈਣਗੇ, ਐਵੇਂ ਨਹੀਂ :

ਦਰਸਨੁ ਦੇਖਿਓ ਦੇਖਿਓ ਸਕਲ ਸੰਸਾਰੁ ਕਹੈ
ਕਵਨ ਦ੍ਰਿਸਟਿ ਸਿਉ ਦਰਸਿ ਸਮਾਈਐ।
ਗੁਰੂ ਉਪਦੇਸੁ ਸੁਨਿਓ ਸੁਨਿਓ ਸਭੁ ਕੋਊ ਕਹੈ
ਕਵਨ ਸੁਰਤਿ ਸੁਨਿ ਅਨਤ[1] ਨ ਧਾਈਐ।

---

1. ਹੋਰ ਕਿਤੇ।

Sri Satguru Jagjit Singh Ji eLibrary NamdhariElibrary@gmail.com

ਜੈ ਜੈਕਾਰ ਜਗਤ ਜਗਤ ਗੁਰ ਮੰਤ੍ਰ ਜੀਹ
ਕਵਨ ਜੁਗਤਿ ਜੋਤੀ ਜੋਤਿ ਲਿਵ ਲਾਈਐ।
ਦ੍ਰਿਸ਼ਟਿ ਸੁਰਤਿ ਗਿਆਨ ਧਿਆਨ ਸਰਬੰਗ ਹੀਨ
ਪਤਿਤ ਪਾਵਨ ਗੁਰ ਮੂੜ ਸਮਝਾਈਐ।
(ਕ. ਸ. 541)

ਕਾਲ ਭਗਵਾਨ ਦਾ ਬਣਾਇਆ ਹੋਇਆ ਵਿਧਾਨ ਹੀ ਕੁਝ ਅਜਿਹਾ ਹੈ ਕਿ ਹਰ ਮੰਦੇ ਕਰਮ ਵਿਚੋਂ ਇਕ ਆਪਣੀ ਕਿਸਮ ਦੀ ਵਿਸ਼ੇਸ਼ ਲੱਜ਼ਤ ਲਭਦੀ ਹੈ। ਜਿਵੇਂ ਪਹਿਲੀ ਜਾਂ ਦੂਜੀ ਵਾਰ ਜੂਆ ਖੇਡਿਆਂ ਅਣ-ਕਮਾਏ ਪੈਸੇ ਹੱਥ ਲਗ ਜਾਣ ਤਾਂ ਬਾਅਦ ਵਿਚ ਮਨ ਕਹੇਗਾ ਦੋਬਾਰਾ ਉਸੇ ਵਸੀਲੇ ਨਾਲ ਕਿਉਂ ਨਾ ਧਨ ਕਮਾਇਆ ਜਾਵੇ। ਸ਼ਰਾਬ ਪੀਤਿਆਂ ਘੜੀ ਦੋ ਘੜੀ ਸਰੂਰ ਮਹਿਸੂਸ ਹੋਇਆ ਤਾਂ ਜਦ ਕਿਸੇ ਹੋਰ ਮੌਕੇ ਬੋਤਲ ਦਿੱਸ ਪਵੇ ਜੀਅ ਉਸੇ ਭਾਂਤ ਦੀ ਮਦਹੋਸ਼ੀ ਲਈ ਤਾਂਘੇਗਾ। ਓਹੀਓ ਕਰਮ ਬਾਰ-ਬਾਰ ਦੋਹਰਾਇਆਂ ਉਸ ਦੀ ਆਦਤ ਪੈ ਜਾਂਦੀ ਹੈ, ਉਹਦੇ ਅਨੁਕੂਲ ਸੁਭਾਓ ਬਣ ਜਾਂਦਾ ਹੈ। ਇਸ ਤਰ੍ਹਾਂ ਜਿਵੇਂ ਜੁੜਦੇ ਵਿਆਜ ਨਾਲ ਮੂਲ ਵਧਦਾ ਚਲਾ ਜਾਂਦਾ ਹੈ, ਸੰਚਿਤ ਕਰਮਾਂ ਦੀ ਤਖ਼ਤੀ ਹੋਰ-ਹੋਰ ਕਾਲੀ ਹੋ ਜਾਂਦੀ ਹੈ। ਫਲ ਸਰੂਪ ਜਮਾਂ ਦੇ ਦੰਡ ਸਹਿਣੇ ਪੈਂਦੇ ਹਨ, ਨਰਕਾਂ ਵਿਚ ਸੜਨਾ ਅਵੱਸ਼ਕ ਹੋ ਜਾਂਦਾ ਹੈ। ਕਦੇ ਬਚਾਉ ਹੁੰਦਾ ਹੈ ਤਾਂ ਗੁਰੂ ਦੇ ਚਰਨ ਫੜ ਕੇ, ਉਸ ਤੋਂ ਉਪਦੇਸ਼ ਲੈ ਕੇ :

ਬਢਤਾ ਬਿਆਜ ਕਾਜ ਗਣਤ ਅਵਧ ਬੀਤੀ
ਗੁਰ ਉਪਦੇਸ਼ ਬਿਨੁ ਜਮ ਪੁਰਿ ਜਾਤ ਹੈ।
(ਕ. ਸ. 241)

*ਗੁਰੂ ਦਰਸ਼ਨ*

ਜਿੰਨਾ ਚਿਰ ਰਾਤ ਦਾ ਹਨੇਰਾ ਖ਼ਤਮ ਨਾ ਹੋਵੇ, ਹਰ ਘਰ, ਸਾਰਾ ਪਿੰਡ, ਪੂਰਾ ਸ਼ਹਿਰ ਜਾਣੋਂ ਨਿਸ਼ਪ੍ਰਾਣ ਹੋਇਆ ਰਹਿੰਦਾ ਹੈ, ਉਹਦੀ ਜ਼ਿੰਦਗੀ ਮਫ਼ਲੂਜ, ਲਕਵੇ ਦੀ ਮਾਰੀ। ਸੂਰਜ ਉਦੈ ਹੁੰਦੇ ਸਾਰ ਸਭ ਲੋਕ, ਨਹਾ ਧੋ ਕੇ, ਮੂੰਹ ਮੱਥਾ ਸਵਾਰ ਕੇ, ਸਜ-ਧਜ ਕੇ ਬਾਹਰ ਨਿਕਲ ਆਉਂਦੇ ਹਨ, ਤੇ ਗਲੀਆਂ, ਸੜਕਾਂ ਖੇਤਾਂ, ਬਾਜ਼ਾਰਾਂ ਵਿਚ ਜਗ੍ਹਾ-ਬ-ਜਗ੍ਹਾ ਰੌਣਕਾਂ ਲੱਗ ਜਾਂਦੀਆਂ ਹਨ। ਉਸੇ ਤਰ੍ਹਾਂ ਜਦ ਤਕ ਸਤਿਗੁਰੂ ਨਾਲ ਮਿਲਾਪ ਨਹੀਂ ਹੁੰਦਾ ਜੀਵ-ਆਤਮਾ ਦੇ ਮੁਕੱਦਰ ਨੂੰ ਗ੍ਰਹਿਣ ਲੱਗਾ ਰਹਿੰਦਾ ਹੈ, ਤੇ ਉਹਦੇ ਬੇਮੁੱਲੇ ਸੁਆਸ ਅਜਾਈਂ ਰੁੜ੍ਹਦੇ ਚਲੇ ਜਾਂਦੇ

ਹਨ। ਇਕ ਵਾਰ ਉਸ ਮਹਾਨ ਹਸਤੀ ਦੇ ਦਰਸ਼ਨ ਹੋਏ ਤੇ ਜਾਣੋਂ ਬਲਾ ਸਿਰੋਂ ਲੱਥ ਗਈ, ਤੇ ਭਾਗ ਭਰੇ ਸਮੇਂ ਦਾ ਆਵੇਸ਼ ਹੋ ਗਿਆ :

ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ।

(ਮ: 5, ਅ. ਗ. ਪੰ. 671)

ਚਾਨਣ ਨਾ ਹੋਵੇ ਤਾਂ ਅਣਜਾਣੀਆਂ ਔਝੜ ਜੂਹਾਂ ਵਿਚ ਠੇਡਾ ਖਾਧੇ ਬਿਨਾਂ ਚਾਰ ਕਦਮ ਨਹੀਂ ਚੱਲਿਆ ਜਾ ਸਕਦਾ। ਗੁਰੂ ਦੇ ਦਰਸ਼ਨ ਤੋਂ ਵੰਚਿਤ ਰਿਹਾ ਵਿਅਕਤੀ ਦੁਬਿਧਾ ਦਵੈਤ ਦੇ ਚੰਗੁਲ ਵਿਚ ਗ੍ਰਸਤ ਵਾਅ-ਵਰੋਲੇ ਦੇ ਵੱਸ ਪਏ ਫੂਸ ਦੇ ਤਿਨਕੇ ਵਾਂਗ ਖਲਾਅ ਵਿਚ ਲੁੜ੍ਹਕਦਾ ਰਹਿੰਦਾ ਹੈ। ਉਹਨੂੰ ਕਿਤੇ ਠਾਹਰ ਨਹੀਂ ਮਿਲਦੀ, ਉਹ ਕਿਤੇ ਪੈਰ ਨਹੀਂ ਜਮਾ ਪਾਉਂਦਾ। ਭਾਈ ਗੁਰਦਾਸ ਨੇ ਕਿਹਾ ਹੈ :

ਬਿਨ ਗੁਰੁ ਦਰਸ਼ਣ ਦੇਖਣਾ ਭ੍ਰਮਤਾ ਫਿਰੈ ਠਉਰਿ ਨਹੀਂ ਪਾਏ।

(ਵ. 40, ਪੌ. 22)

ਕਦੇ ਕੁੱਤਾ, ਕਦੇ ਸੂਰ, ਕੰਨ ਖਜੂਰਾ, ਗਿਰਝ, ਕਿਹੜੀ-ਕਿਹੜੀ ਗੰਦਗੀ ਉਹਨੂੰ ਚੌਰਾਸੀ ਦੇ ਤਰੱਕੇ ਚਲ੍ਹੇ, ਮੋਰੀਆਂ, ਹੱਡਾਂ-ਰੋੜੀਆਂ ਖਰੋਲ ਕੇ ਨਹੀਂ ਨਘਾਰਨੀ ਪੈਂਦੀ :

ਬਿਨ ਦਰਸਨ ਗੁਰੁ ਮੂਰਤੋਂ ਭ੍ਰਮਤਿ ਫਿਰੇ ਲਖ ਜੂਨ ਚਉਰਾਸੀ।

(ਵ. 40, ਪੌ. 21)

ਸੋ ਜਦੋਂ ਕੋਈ ਜਗਿਆਸੂ ਸਤਿਗੁਰੂ ਦੇ ਦਰਸ਼ਨ ਕਰਦਾ ਹੈ, ਉਹ ਬਿਨਾਂ ਸ਼ੁਥ੍ਹਾ ਖੁਦ ਪਰਮਾਤਮਾ ਦਾ ਦਰਸ਼ਨ ਕਰ ਰਿਹਾ ਹੁੰਦਾ ਹੈ :

ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ।

(ਵ. 9, ਪੌ. 10)

ਜਦ ਗੁਰੂ ਦਾ ਦਰਸ਼ਨ ਕਰਨ ਉਪ੍ਰੰਤ ਉਹਦਾ ਸਰੂਪ ਧਿਆਨ ਵਿਚ ਉਤਰਦਾ ਹੈ ਉਹ ਪਰਮੇਸ਼ਰ ਦਾ ਸਰਗੁਣ ਰੂਪ ਹੁੰਦਾ ਹੈ ਤੇ ਜਦ ਗੁਰੂ ਦੇ ਸੁਝਾਏ ਸ਼ਬਦ ਦਾ ਅਨੁਭਵ ਹੋਵੇ ਉਹਨੂੰ ਨਿਰਗੁਣ ਪਰਮੇਸ਼ਰ ਦੀ ਪ੍ਰਤਿਮਾ, ਆਕ੍ਰਿਤੀ ਸਮਝ ਲੈਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਦਾ ਦੇਹ-ਸਰੂਪ ਪ੍ਰਭੂ ਦਾ ਸਰਗੁਣ ਤਥਾ ਗੁਰੂ ਦਾ ਸ਼ਬਦ ਸਰੂਪ ਪ੍ਰਭੂ ਦਾ ਨਿਰਗੁਣ ਰੂਪ ਹੁੰਦਾ ਹੈ :

ਦਰਸ ਧਿਆਨ ਗੁਰ ਸ਼ਬਦ ਗਿਆਨ ਗੁਰ
ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ।

(ਕ. ਸ. 21-55)

Sri Satguru Jagjit Singh Ji eLibrary NamdhariElibrary@gmail.com

ਜੋ ਗੁਰਮੁਖ ਸ਼ਿਸ਼ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ, ਉਸ ਦਾ ਜਨਮ ਸਾਰਥਕ ਹੋ ਜਾਂਦਾ ਹੈ। ਇਸ ਲਈ ਸਤਿਗੁਰੂ ਦੇ ਦਰਸ਼ਨ ਨੂੰ ਸਫਲ ਦਰਸ਼ਨ ਕਿਹਾ ਜਾਂਦਾ ਹੈ :

ਗੁਰਮੁਖ ਜਨਮ ਸਕਾਰਥਾ ਗੁਰਸਿਖ ਮਿਲ ਗੁਰ ਸਰਨੀ ਆਇਆ।
ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।
(ਵ. 11, ਪੌ. 3)

ਉਹ ਅੱਖਾਂ ਸੁਭਾਗੀਆਂ ਹਨ ਜਿਹੜੀਆਂ ਸਤਿਗੁਰੂ ਦਾ ਦਰਸ਼ਨ ਕਰਦੀਆਂ ਤੇ ਫੇਰ ਉਹਦੇ ਸਰੂਪ ਦੇ ਧਿਆਨ ਵਿਚ ਜੁੜ ਜਾਂਦੀਆਂ ਹਨ :

ਅਖੀ ਦੁਇ ਨਿਰਮੋਲਕਾ ਸਤਿਗੁਰੁ ਦਰਸ ਧਿਆਨ ਲਿਵ ਲਾਏ।
(ਵ. 15, ਪੌ. 17)

ਸਤਿਗੁਰੂ ਦੇ ਸਨਮੁਖ ਹੋਣ ਦੇ ਲਾਭ ਦਾ ਕੀ ਹਿਸਾਬ? ਜਦੋਂ ਉਸ ਵਿਚ ਲਿਵ ਜੋੜ ਕੇ ਸ਼ਬਦ ਦਾ ਅਭਿਆਸ ਕੀਤਾ ਜਾਂਦਾ ਹੈ ਤਾਂ ਅੰਦਰ ਹਿਰਦੇ ਵਿਚ ਸਤਿਗੁਰੂ ਦੇ ਨੂਰੀ ਸਰੂਪ ਦੇ ਦਰਸ਼ਨ ਕਰਕੇ ਉਹਦੀ ਪਰਮੇਸ਼ਰ ਨਾਲ ਅਭੇਦਤਾ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ :

ਸ਼ਬਦ ਸੁਰਤਿ ਲਿਵਲੀਣ ਹੋਇ ਅੰਤਰਿਗਤਿ ਲੇਖੈ[1]।
(ਵ. 9, ਪੌ. 10)

ਤੇ ਫੇਰ ਦਰਸ਼ਨ ਤੋਂ ਬਾਅਦ?

ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਜੋਤਿ ਸਮਾਵੈ।
(ਵ. 27, ਪੌ. 14)

"(ਗੁਰੂ ਜੀ ਦੇ) ਪ੍ਰਕਾਸ਼ ਰੂਪ ਦਾ ਦਰਸ਼ਨ ਕਰ ਕੇ ਪਤੰਗ ਵਾਂਗ ਉਸ ਦੇ ਦਰਸ਼ਨ ਦੀ ਜੋਤ ਵਿਖੇ (ਸਿਖ) ਸਮਾ ਜਾਂਦਾ ਹੈ (ਭਾਵ ਧਿਆਨ ਕਰਕੇ ਤਦਾਕਾਰ ਹੋ ਜਾਂਦਾ ਹੈ)" (ਭਾਈ ਵੀਰ ਸਿੰਘ, ਵਾਰਾਂ ਭਾਈ ਗੁਰਦਾਸ ਜੀ ਸਟੀਕ, ਪੰ. 456)

ਸਤਿਗੁਰੂ ਜੀ ਦਾ ਦਰਸ਼ਨ ਜੀਅ-ਜਾਨ ਨਾਲ ਕਰਨਾ ਚਾਹੀਦਾ ਹੈ, ਕਿਉਂਕਿ ਜਦ ਉਹ ਮੋੜਵੀਂ ਕ੍ਰਿਪਾ ਦ੍ਰਿਸ਼ਟੀ ਪਾਉਂਦੇ ਹਨ ਤਾਂ ਨਿਹਾਲ ਕਰ ਦਿੰਦੇ ਹਨ :

ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ। (ਵ. 3, ਪੌ. 14)

ਸਤਿਗੁਰੂ ਦੇ ਦਰਸ਼ਨ ਉਪਰੰਤ, ਉਸ ਦੇ ਤੱਕੇ ਸਰੂਪ ਦਾ ਧਿਆਨ ਕੀਤਿਆਂ, ਸਿੱਖ ਦੀ ਦ੍ਰਿਸ਼ਟੀ ਵਿਚ ਇਲਾਹੀ ਪ੍ਰਕਾਸ਼ ਹੋ ਜਾਂਦਾ ਹੈ, ਤੇ ਦੂਜੇ ਵੰਨੇ

1. ਲਖ ਲੈਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਦੀ ਦਇਆਮਈ ਨਜ਼ਰ ਪੈਣ ਨਾਲ ਉਹਦੀ ਦੇਹਿ ਕੀ ਉਹਦਾ ਜਨਮ ਸਫਲ ਹੋ ਜਾਂਦਾ ਹੈ :

ਦਰਸ ਧਿਆਨ ਦਿਬਿ ਦ੍ਰਿਸਟਿ ਪ੍ਰਗਾਸ ਭਈ
ਕਰੁਣਾ ਕਟਾਛ[1] ਦਿਬਿ ਦੇਹ ਪਰਵਾਨ ਹੈ।

(ਕ. ਸ. 18)

ਜਿਹੜਾ ਵਿਅਕਤੀ ਸਤਸੰਗਤ ਵਿਚ ਜਾ ਕੇ ਸਤਿਗੁਰੂ ਦੇ ਦਰਸ਼ਨ ਨਹੀਂ ਕਰਦਾ ਉਹਨੂੰ ਅੰਨ੍ਹਾ ਸਮਝੋ, ਪੰਜਾਂ ਤੱਤਾਂ ਦੇ ਮਲਬੇ ਦਾ ਢੇਰ :

ਸਤਿਗੁਰ ਦਰਸਨੁ ਦੇਖਣਾ ਸਾਧੁ ਸੰਗਤ ਵਿਣੁ ਅੰਨ੍ਹਾ ਖੋਲਾ[2]।

(ਵ. 4, ਪੌ. 17)

ਸ਼ਰੀਰਕ ਤੌਰ ਤੇ ਸਤਿਸੰਗੀ ਸਤਿਗੁਰੂ ਦੇ ਦਰਸ਼ਨ ਕਰਦਾ ਹੈ, ਦੂਜੇ ਵੰਨਿਓਂ ਸਤਿਗੁਰੂ ਉਹਦੇ ਤੇ ਦ੍ਰਿਸ਼ਟੀ ਪਾਉਂਦਾ ਹੈ, ਅੰਦਰਵਾਰ, ਸਤਿਸੰਗੀ ਦੀ ਲਿਵ ਆਪਣੇ ਸ਼ਬਦ ਰੂਪ ਸਤਿਗੁਰੂ ਤੇ ਕੇਂਦ੍ਰਿਤ ਹੋ ਜਾਂਦੀ ਹੈ, ਤੇ ਇਸ ਤਰ੍ਹਾਂ ਇਕ ਵਿਸਮਾਦ ਜਨਕ ਸੰਜੋਗ ਜਾਂ ਸੁਮੇਲ ਬਣ ਜਾਂਦਾ ਹੈ :

ਦਰਸ਼ਨ ਦ੍ਰਿਸਟਿ ਸੰਜੋਗ ਲਖ ਸ਼ਬਦ ਸੁਰਤਿ ਲਿਵ ਲਖ ਹੈਰਾਣੈ[3]।

(ਵ. 18, ਪੌ. 18)

ਜੇ ਕੋਈ ਜਗਿਆਸੂ ਸਤਿਗੁਰੂ ਦਾ ਦਰਸ਼ਨ ਕਰੇ, ਫੇਰ ਆਪਣੇ ਤੱਕੇ ਉਹਦੇ ਸਰੂਪ ਤੇ ਧਿਆਨ ਜੋੜੇ, ਤੇ ਇਸ ਧਿਆਨ ਦੇ ਦੌਰਾਨ ਸਤਿਗੁਰੂ ਦੇ ਨੂਰੀ ਸਰੂਪ ਦਾ ਦੀਦਾਰ ਕਰ ਲਵੇ, ਫੇਰ ਉਹਨੂੰ ਛੇ ਸ਼ਾਸਤਰਾਂ ਜਿਹੇ ਕਿਸੇ ਵਸੀਲੇ ਤੋਂ ਕੋਈ ਗਿਆਨ ਢੂੰਡਣ ਦੀ ਲੋੜ ਨਹੀਂ ਰਹਿੰਦੀ। ਉਹ ਭਾਲ, ਖੋਜ ਦੀ ਸਾਰੀ ਸਿਰਦਰਦੀ ਤੋਂ ਅਤੀਤ ਹੋ ਜਾਂਦਾ ਹੈ :

ਸਤਿਗੁਰ ਦਰਸ ਧਿਆਨ ਅਸਚਰਜ ਮੈ
ਦਰਸ਼ਨੀ ਹੋਤ ਖਟ[4] ਦਰਸ ਅਤੀਤ ਹੈ।

(ਕ. ਸ. 183)

### *ਗੁਰੂ ਦੀ ਸਰੀਰਕ ਨਿਕਟਤਾ ਦਾ ਲੋਭ*

ਇਹ ਸਮਝਣਾ ਕਿ ਸਰੀਰਕ ਤੌਰ ਤੇ ਸਤਿਗੁਰੂ ਦੇ ਬਹੁਤ ਕਰੀਬ ਰਹਿਣ ਬਿਨਾਂ ਕੋਈ ਵਿਸ਼ੇਸ਼ ਅਧਿਆਤਮਕ ਉਨਤੀ ਨਹੀਂ ਹੁੰਦੀ, ਬਹੁਤਾ ਦਰੁਸਤ ਨਹੀਂ। ਪਹਿਲੋਂ ਤੇ ਉਹਦੀ ਹਜ਼ੂਰੀ ਨਸੀਬ ਕਿੰਨਿਆਂ ਕੁ ਨੂੰ ਹੁੰਦੀ ਹੈ ਤੇ ਜੇ ਅਜਿਹਾ ਅਵਸਰ ਮਿਲ ਵੀ ਜਾਵੇ ਤਾਂ ਮਨੁੱਖ ਮਤਿ ਅਧੂਰੀ ਹੋਣ ਕਾਰਣ ਉਹਦੇ ਪ੍ਰਤੀ ਅਭਾਵ ਪੈਦਾ ਹੋਣ ਦਾ ਖ਼ਤਰਾ ਉਠ ਖੜੋਂਦਾ ਹੈ।

---

1. ਔਖ 2. ਅੰਨ੍ਹਾ ਖੋਲਾ = ਅੰਨ੍ਹਾ ਕਾਣਾ 3. ਹੈਰਾਨ ਹੁੰਦੇ ਹਨ 4. ਛੇ।

Sri Satguru Jagjit Singh Ji eLibrary NamdhariElibrary@gmail.com

ਭਾਈ ਗੁਰਦਾਸ ਸਮਝਾਉਂਦੇ ਹਨ, ਹੰਸ ਸਮੁੰਦਰ ਦੇ ਕੰਢੇ ਤੇ ਬੈਠਦੇ ਹਨ ਤਾਂ ਮੋਤੀ ਚੁਗ ਲੈਂਦੇ ਹਨ, ਜੇ ਕੋਈ ਭੁੱਲੜ, ਸਮੁੰਦਰ ਦੇ ਅੰਦਰ ਕੁੱਦ ਪਵੇ ਤਾਂ ਨਾ ਉਹਨੂੰ ਆਪਣੀ ਖੁਰਾਕ ਲਭੇਗੀ ਨਾ ਉਹ ਪਰਲੇ ਪਾਰ ਪਹੁੰਚ ਪਾਵੇਗਾ, ਲਹਿਰਾਂ ਵਿਚ ਹੀ ਡੁੱਬ ਮਰੇਗਾ। ਬਲਦੀ ਅੱਗ ਤੋਂ ਰਤਾ ਹਟ ਕੇ ਖੜੋਤਿਆਂ ਉਹਦੇ ਸੇਕ ਦਾ ਨਿੱਘ ਮਾਣਿਆ ਜਾ ਸਕਦਾ ਹੈ ਤੇ ਅੰਗਿਆਰਾਂ ਦੇ ਉੱਤੇ ਜਾ ਚੜ੍ਹੀਏ ਤਾਂ ਸੜ ਕੇ ਮਰਨ ਦਾ ਪ੍ਰਬੰਧ ਹੋ ਜਾਂਦਾ ਹੈ। ਜਿਹੜਾ ਕੋਈ ਆਪਣੇ ਅੰਤਹਕਰਣ ਵਿਚ ਜਗਦੇ ਸ਼ਬਦ ਦੇ ਦੀਵੇ ਦੀ ਲੋਅ ਵਿਚ ਧਿਆਨ ਜੋੜਦਾ ਹੈ ਉਹਦਾ ਰੂਹਾਨੀ ਸਫਰ ਚਾਈਂ-ਚਾਈਂ ਕਟਦਾ ਚਲਾ ਜਾਂਦਾ ਹੈ, ਪਰ ਜੇ ਉਹ ਕੋਈ ਬਾਹਰਮੁਖੀ ਦੀਵਾ ਹੱਥ ਵਿਚ ਫੜ ਕੇ ਤੁਰਨਾ ਚਾਹੇ, ਤਾਂ ਮਨ ਮਾਇਆ ਦੇ ਪਾਏ ਭਰਮ ਭੁਲੇਖੇ ਉਹਨੂੰ ਸਫਲ ਨਹੀਂ ਹੋਣ ਦੇਣਗੇ। ਗੁਰੂ ਦੀ ਸਿਖਿਆ ਅਨੁਸਾਰ, ਪ੍ਰੇਮ ਪੂਰਵਕ ਉਹਦੇ ਸ਼ਬਦ ਦਾ ਅਭਿਆਸ ਕਰੀਏ ਤਾਂ ਸਚਖੰਡ ਪਹੁੰਚ ਜਾਵਾਂਗੇ, ਕਿਉਂਕਿ ਗੁਰਮੁਖਾਂ ਦਾ ਅਸਲ ਸਰੂਪ 'ਸ਼ਬਦ' ਹੁੰਦਾ ਹੈ, ਇਹਦੇ ਵਿਰੁੱਧ ਦੇਹਿ ਰੂਪ ਵਿਚ ਅਨਉਚਿਤ ਹੱਦ ਤਕ ਉਹਦੀ ਸਰੀਰਕ ਨਿਕਟਤਾ ਪ੍ਰਾਪਤ ਕਰਨ ਦੇ ਲੋਭ ਦਾ ਸ਼ਿਕਾਰ ਹੋਇਆਂ, ਕੀ ਪਤਾ, ਕਦ ਕੋਈ ਗ਼ਲਤ ਫਹਿਮੀ ਪੈਦਾ ਹੋ ਜਾਵੇ, ਆਪਣੀ ਸ਼ਰਧਾ ਗਵਾ ਬਹੀਏ, ਤੇ ਇਸ ਤਰ੍ਹਾਂ ਆਪਣੇ ਪੈਰੀਂ ਆਪ ਕੁਹਾੜੀ ਮਾਰ ਲਈਏ :

ਜੈਸੇ ਦੀਪ ਜੋਤਿ ਲਿਵ ਲਾਗੈ ਚਲੇ ਜਾਤ ਸੁਖ
ਗਹੇ ਕਰ ਦੁਚਿਤੁ ਹੁਇ ਭਟਕਾ ਸੋ ਭੇਟ ਹੈ।
ਜੈਸੇ ਦਧਿ[1] ਕੂਲ[2] ਬੈਠ ਮੁਕਤਾ[3] ਚੁਨਤ ਹੰਸ
ਪੈਰਤ[4] ਨ ਪਾਵੈ ਪਾਰ ਲਹਰ ਲਪੇਟ ਹੈ।
ਜੈਸੇ ਨਿਰਖਿ ਅਗਨਿ ਕੈ ਮਧਿ ਭਾਵ ਸਿਧ ਹੋਤ,
ਨਿਕਟ ਬਿਕਟ[5] ਦੁਖ ਸਹਸਾ ਨ ਮੇਟ ਹੈ।
ਤੈਸੇ ਗੁਰ ਸ਼ਬਦ ਸਨੇਹ ਕੈ ਪਰਮ ਪਦ
ਮੂਰਤਿ ਸਮੀਪ ਸਿੰਘ ਸਾਂਪ ਕੀ ਅਖੇਟ[6] ਹੈ।

(ਕ. ਸ. 565)

ਗੁਰਮੁਖਾਂ ਦੀ ਡਗਰ ਤੇ ਚੱਲਣ ਵਾਲਾ ਸਾਧਕ, ਦੋਹਾਂ ਅੱਖਾਂ ਪਿੱਛੇ ਭਰਵਟਿਆਂ ਵਿਚਕਾਰ ਗੁਰੂ ਦੇ ਸਰੂਪ ਵਿਚ ਧਿਆਨ ਜੋੜੀ ਰਖਦਾ ਹੈ ਤਾਂ ਉਸ ਦਾ ਇਹ ਸਿੱਟਾ ਨਿਕਲਦਾ ਹੈ ਕਿ ਉਹਨੂੰ ਆਪੇ ਦੀ ਪਛਾਣ ਆ ਜਾਂਦੀ ਹੈ ਤੇ ਅੰਤ ਉਹ ਸਹਜ ਪਦ ਵਿਚ ਜਾ ਬਿਰਾਜਦਾ ਹੈ :

---

1. ਸਮੁੰਦਰ 2. ਕੰਢਾ 3. ਮੋਤੀ 4. ਤਰਨਾ 5. ਕਰੜਾ 6. ਸ਼ਿਕਾਰ।

Sri Satguru Jagjit Singh Ji eLibrary NamdhariElibrary@gmail.com

ਗੁਰਮੁਖਿ ਪੰਥ ਗੁਰ ਧਿਆਨ ਸਾਵਧਾਨ ਰਹੈ
ਲਹੈ ਨਿਜੁ ਘਰੁ ਅਰੁ ਸਹਜ ਨਿਵਾਸ ਜੀ।
(ਕ. ਸ. 322)

ਜਦੋਂ ਕੋਈ ਵਿਸ਼ੇਸ਼ ਘਟਨਾ ਸਾਨੂੰ ਚੇਤੇ ਆਉਂਦੀ ਹੈ ਤਾਂ ਉਸਦਾ ਪੂਰਾ ਦ੍ਰਿਸ਼ ਸਾਡੇ ਮਨ ਦੀਆਂ ਅੱਖਾਂ ਅੱਗੇ ਪਸਰ ਜਾਂਦਾ ਹੈ। ਓਵੇਂ ਕਿਸੇ ਖਾਸ ਵਿਅਕਤੀ ਦੀ ਯਾਦ ਆਉਣ ਦੀ ਸੂਰਤ ਵਿਚ ਉਹਦੇ ਮੁਹਾਂਦਰੇ ਦਾ ਚਿੱਤਰ। ਉਕਤ ਦ੍ਰਿਸ਼ ਜਾਂ ਚਿੱਤਰ ਤੋਂ ਬਿਨਾਂ ਸਿਮ੍ਰਤੀ ਦੀ ਪ੍ਰਕਿਰਿਆ ਸੰਪੂਰਨ ਨਹੀਂ ਹੁੰਦੀ। ਸਾਡੀਆਂ ਮਾਨਸਿਕ ਸ਼ਕਤੀਆਂ ਕੁਝ ਇਸੇ ਤਰ੍ਹਾਂ ਹੀ ਕਾਰਜ ਕਰਦੀਆਂ ਹਨ।

ਸੰਤ, ਸਤਿਗੁਰੂ ਸਾਨੂੰ ਦੱਸਦੇ ਨਹੀਂ ਥਕਦੇ ਕਿ ਜਨਮ ਮਰਨ ਦੇ ਗੇੜ ਤੋਂ ਬਚਣ ਦਾ ਇਕੋ ਉਪਾਉ ਪ੍ਰਭੂ ਨੂੰ ਯਾਦ ਕਰਨਾ ਹੈ, ਤੇ ਉਹਦੀ ਯਾਦ ਅਧੂਰੀ ਰਹਿ ਜਾਂਦੀ ਹੈ, ਜੇਕਰ ਪ੍ਰਭੂ ਦਾ ਸਰੂਪ ਵੀ ਉਹਦਾ ਨਾਉਂ ਲੈਣ ਸਮੇਂ ਅਭਿਆਸੀ ਦੇ ਸਨਮੁਖ ਪ੍ਰਗਟ ਨਾ ਹੋਵੇ। ਪਰ ਪ੍ਰਭੂ ਦਿਸਦਾ ਨਹੀਂ, ਨਾ ਕਦੇ ਜ਼ਬਾਨ ਨਾਲ ਬੋਲਦਾ ਸੁਣਦਾ ਹੈ। ਫੇਰ ਉਹਦੇ ਸਰੂਪ ਦਾ ਧਿਆਨ ਕਿਵੇਂ ਕੀਤਾ ਜਾਵੇ ? ਇਹ ਸਮੱਸਿਆ ਸਚਮੁੱਚ ਗੰਭੀਰ ਹੈ, ਪਰ ਇਸ ਦੇ ਸੁਲਝਾਉਣ ਦਾ ਇਕ ਸੁੰਦਰ ਤਰੀਕਾ ਹੈ। ਗੁਰੂ ਦੇ ਧਿਆਨ ਦੁਆਰਾ ਸੁਤੇ ਸਿੱਧ ਹੀ ਪ੍ਰਭੂ ਦਾ ਧਿਆਨ ਹੋ ਜਾਂਦਾ ਹੈ ਕਿਉਂਕਿ ਗੁਰੂ ਪਰਮੇਸ਼ਰ ਹੀ ਤਾਂ ਹੁੰਦਾ ਹੈ :

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ।
(ਮ: 5, ਆ. ਗ. ਪੰ. 710)

ਫੇਰ :

ਗੁਰ ਮੂਰਤਿ ਸਿਉ ਲਾਇ ਧਿਆਨੁ।
ਈਹਾ ਊਹਾ ਪਾਵਹਿ ਮਾਨੁ। (ਮ: 5, ਆ. ਗ. ਪੰ. 192)

ਜੇ ਗੁਰੂ ਦੇ ਸਰੂਪ ਦਾ ਧਿਆਨ ਕੀਤਾ ਜਾਵੇ ਤਾਂ ਲੋਕ ਤੇ ਪਰਲੋਕ ਦੋਹਾਂ ਵਿਚ ਸੁਰਖ਼ਰੂ ਹੋ ਜਾਈਦਾ ਹੈ।

ਤਥਾ :

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ।
(ਮ: 4, ਆ. ਗ. ਪੰ. 303)

ਜਿਹੜਾ ਕੋਈ ਨਿਰਵਿਕਲਪ ਹੋ ਕੇ ਗੁਰੂ ਦੇ ਸਰੂਪ ਦੀ ਆਰਾਧਨਾ ਕਰਦਾ ਹੈ, ਉਹਦੀਆਂ ਸਭ ਕਾਮਨਾਵਾਂ ਫਲੀਭੂਤ ਹੋ ਜਾਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਉਕਤ ਵਿਚਾਰ ਦੀਆਂ ਦੋਹਾਂ ਕੜੀਆਂ ਨੂੰ ਭਾਈ ਗੁਰਦਾਸ ਨਿਮਨ ਲਿਖਤ ਇਕੋ ਤੁਕ ਵਿਚ ਸਮੇਟ ਦਿੰਦੇ ਹਨ :

ਸਤਿਗੁਰ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।

(ਵ. 6, ਪੌ. 19)

ਸਤਿਗੁਰੂ ਪਰਮੇਸ਼ਰ ਦਾ ਹੀ ਰੂਪ ਹੁੰਦਾ ਹੈ, ਇਸ ਲਈ ਉਹਨੂੰ ਯਾਦ ਕਰਨ ਬੈਠੋ ਤਾਂ ਸਤਿਗੁਰੂ ਦੇ ਸਰੂਪ ਤੇ ਧਿਆਨ ਟਿਕਾ ਲਵੋ। ਗੁਰੂ ਦਾ ਧਿਆਨ ਹੀ ਪ੍ਰਭੂ ਦਾ ਧਿਆਨ ਹੈ।

ਇਕ ਨਿਤ ਦਿਹਾੜੀ ਦੀ ਉਦਾਹਰਣ ਨਾਲ ਗੁਰੂ ਸਾਹਿਬਾਨ ਤੇ ਭਾਈ ਗੁਰਦਾਸ ਦਾ ਭਾਵ ਬਹੁਤ ਸੌਖਾ ਸਮਝ ਪੈ ਜਾਵੇਗਾ। ਆਪਾਂ ਰੇਡੀਓ ਦੀ ਸਹਾਇਤਾ ਨਾਲ ਕਿਸੇ ਸੰਗੀਤਕਾਰ ਦਾ ਕੋਈ ਪ੍ਰੋਗਰਾਮ ਸੁਣਦੇ ਹੋਈਏ ਤਾਂ ਉਸ ਨੂੰ ਕੇਵਲ ਕੰਨਾਂ ਦੁਆਰਾ ਹੀ ਮਾਣਦੇ ਹਾਂ। ਇਸ ਦੇ ਵਿਪਰੀਤ ਓਹੀਓ ਪ੍ਰੋਗਰਾਮ ਟੈਲੀਵਿਜ਼ਨ ਤੇ ਆ ਰਿਹਾ ਹੋਵੇ ਤਾਂ ਅਵਾਜ਼ ਤੋਂ ਬਿਨਾਂ ਸਾਨੂੰ ਗਾਉਣ ਵਾਲੇ ਦਾ ਚਿਹਰਾ ਤੇ ਹਾਵ—ਭਾਵ ਅੱਖਾਂ ਦੁਆਰਾ ਨਜ਼ਰ ਆਉਣਗੇ, ਤੇ ਇਸ ਤਰ੍ਹਾਂ ਸਾਡੇ ਮਨੋਰੰਜਨ ਨੂੰ ਚਾਰ ਚੰਦ ਲਗ ਜਾਣਗੇ। ਏਥੇ ਸਵਾਲ ਨਿਰਾ ਸੁਆਦ ਦੇ ਘਟ ਜਾਂ ਵੱਧ ਹੋਣ ਦਾ ਸੀ ਪਰ ਨਾਮ ਅਭਿਆਸ ਵਿਚ ਸਫਲਤਾ ਹੀ ਓਦੋਂ ਨਸੀਬ ਹੁੰਦੀ ਹੈ ਜਦ ਜਗਿਆਸੂ ਦੀ ਇਕਾਗਰਤਾ ਮੁਕੰਮਲ ਹੋਵੇ। ਤੁਸੀਂ ਆਤਸ਼ੀ ਸ਼ੀਸ਼ਾ (magnifying glass) ਦੇਖਿਆ ਹੋਵੇਗਾ, ਜਿਹੜਾ ਨੇੜੇ ਦੀ ਨਜ਼ਰ ਕਮਜ਼ੋਰ ਹੋਣ ਵਾਲੇ ਲੋਕ ਪਹਿਨਦੇ ਹਨ। ਉਕਤ ਸ਼ੀਸ਼ੇ ਦਾ ਵਿਚਕਾਰੋਂ ਮੋਟਾ ਪਾਸਾ ਨੀਚੇ ਰੱਖ ਕੇ ਉਹਨੂੰ ਸੂਰਜ ਦੇ ਸਨਮੁਖ ਕਰੀਏ ਤਾਂ ਰਤਾ ਕੁ ਉਪਰ ਨੀਚੇ ਲੈ ਜਾਣ ਨਾਲ ਉਸ ਵਿਚ ਆਕਾਸ਼ ਵਲੋਂ ਪ੍ਰਵੇਸ਼ ਕਰਦੀਆਂ ਸਾਰੀਆਂ ਕਿਰਨਾਂ ਨਿਚਲੇ ਪਾਸੇ ਇਕ ਇਕਹਰੀ ਕਿਰਨ ਦੇ ਰੂਪ ਵਿਚ ਇਕੱਠੀਆਂ ਡਿਗਣ ਲੱਗ ਪੈਂਦੀਆਂ ਹਨ, ਤੇ ਫੇਰ ਜਿਹੜੀ ਵੀ ਚੀਜ਼ ਉਹਦੀ ਸੇਧ ਵਿਚ ਆ ਜਾਇ, ਝੱਟ ਸੜਨੀ ਸ਼ੁਰੂ ਹੋ ਜਾਂਦੀ ਹੈ। ਜਿੰਨਾ ਸੇਕ ਵਿਘੇ ਭਰ, ਏਕੜ ਭਰ ਖੇਤਰ ਵਿਚ ਡਿਗਦੀਆਂ ਕਰੋੜਾਂ ਕਿਰਨਾਂ ਤੋਂ ਪੈਦਾ ਨਹੀਂ ਹੁੰਦਾ, ਉਹ ਸਾਧਾਰਨ ਰੁਪਈਏ ਦੇ ਆਕਾਰ ਦੇ ਸ਼ੀਸ਼ੇ ਵਿਚੋਂ ਆਉਂਦਾ ਹੈ, ਉਹਦੀਆਂ ਥੋੜੀਆਂ ਜਿੰਨੀਆਂ ਕਿਰਨਾਂ ਇਸ ਨੁਕਤੇ ਤੇ ਕੇਂਦ੍ਰਿਤ ਹੋ ਜਾਣ ਕਾਰਣ। ਧਿਆਨ ਦੀ ਅਜਿਹੀ ਇਕਾਗਰਤਾ ਤਾਂ ਹੀ ਸੰਭਵ ਹੈ ਜੇ ਸਿਮਰਨ ਕਰਦੇ ਜਗਿਆਸੂ ਦੀ ਸੁਰਤਿ ਦੇ ਸਾਹਮਣੇ ਉਹਨੂੰ ਭਟਕਣ ਤੋਂ ਰੋਕ ਕੇ ਰੱਖਣ ਲਈ ਉਹਦੇ ਇਸ਼ਟ ਦੀ ਸੂਰਤ ਹੋਵੇ, ਤੇ ਉਹ ਸੂਰਤ ਸਤਿਗੁਰੂ ਰੂਪੀ ਸਰਗੁਣ ਪ੍ਰਭੂ ਦੀ ਹੀ ਹੋ ਸਕਦੀ ਹੈ। ਭਾਈ ਸਾਹਿਬ ਨੇ ਇਸ ਭਾਵ ਨੂੰ ਇਸ ਤਰ੍ਹਾਂ ਵੀ ਪ੍ਰਗਟ ਕੀਤਾ ਹੈ :

Sri Satguru Jagjit Singh Ji eLibrary NamdhariElibrary@gmail.com

ਧਿਆਨ ਮੂਲੁ ਗੁਰ ਦਰਸਨੋ ਪੂਰਨ ਬ੍ਰਹਮ ਜਾਣਿ ਜਾਣੋਈ।

(ਵ. 26, ਪੌ. 6)

ਪ੍ਰਭੂ ਦਾ ਧਿਆਨ ਸਤਿਗੁਰੂ ਦੇ ਦਰਸ਼ਨ ਤੇ ਆਧਾਰਿਤ ਹੁੰਦਾ ਹੈ ਕਿਉਂਕਿ ਸਤਿਗੁਰੂ ਆਪ ਪੂਰਨ ਬ੍ਰਹਮ ਦਾ ਰੂਪ ਹੁੰਦੇ ਹਨ। ਏਹੋ ਗੱਲ ਆਪ ਨੇ ਆਪਣੇ ਕਬਿਤ ਸਵੱਯਾਂ ਵਿਚ ਦੁਹਰਾਈ ਹੈ :

ਸਰਗੁਨ ਸ੍ਰੀ ਗੁਰ ਦਰਸ ਕੈ ਧਯਾਨ ਰੂਪ
ਅਕਲ ਅਕਾਲ ਗੁਰੁ ਸਿਖਨ ਦਿਖਾਏ ਹੈ।

(ਕ. ਸ. 2/36)

ਜੇ ਸਤਿਗੁਰੂ ਦੇ ਸਰੂਪ ਤੇ ਦ੍ਰਿਸ਼ਟੀ ਪਾਉਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਤਾਂ ਧਿਆਨ ਵੀ ਨਹੀਂ ਜੁੜਨ ਲੱਗਾ :

ਬਿਨੁ ਗੁਰ ਦੀਖਿਆ ਗਿਆਨ ਬਿਨੁ ਦਰਸਨ ਧਿਆਨ
ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ।

(ਕ. ਸ. 215)

ਖੁਸ਼ਕਿਸਮਤ ਹੈ ਉਹ ਨਜ਼ਰ ਜਿਸ ਦੁਆਰਾ ਦਰਸ਼ਨ ਕੀਤਾ ਜਾਂਦਾ ਹੈ ਤੇ ਧੰਨ ਹੈ ਉਹ ਦ੍ਰਿਸ਼ਟੀ ਜਿਹੜੀ ਸਿੱਖ ਨੂੰ ਧਿਆਨ ਧਰਨ ਦੇ ਯੋਗ ਬਣਾਉਂਦੀ ਹੈ :

ਸਤਿਗੁਰ ਦਰਸਨ ਧੰਨ ਹੈ ਧੰਨ ਦਿਸਟਿ ਗੁਰ ਧਿਆਨ ਧਰਾਇਆ।

(ਵ. 12, ਪੌ. 19)

ਗੁਰੂ ਦੀ ਮੂਰਤਿ ਹਿਰਦੇ ਵਿਚ ਅੰਕਿਤ ਕਰ ਲੈਣ ਨਾਲ ਪ੍ਰਭੂ ਦੀ ਭਾਉ ਤੇ ਭੈ ਸਹਿਤ ਭਗਤੀ ਪ੍ਰਾਪਤ ਹੋ ਜਾਂਦੀ ਹੈ ਤੇ ਉਹਦੇ ਪ੍ਰੇਮ ਦਾ ਅੰਮ੍ਰਿਤਮਈ ਰਸ :

ਭਾਇ ਭਗਤਿ ਭਉ ਪਿਰਮ ਰਸੁ ਸਤਿਗੁਰੁ ਮੂਰਤਿ ਰਿਦੇ ਵਸਾਈ

(ਵ. 25, ਪੌ. 14)

### *ਗੁਰੂ ਵੈਦ*

ਜੇ ਕਿਸੇ ਨੂੰ ਤਪਦਿਕ ਦੀ ਬੀਮਾਰੀ ਲਗੀ ਹੋਵੇ, ਉਹਨੂੰ ਖੰਘ ਵਲੋਂ ਸਾਹ ਨਹੀਂ ਆਉਣ ਦਿੰਦੀ, ਓਵੇਂ ਜਦ ਤਕ ਕੋਈ ਪ੍ਰਾਣੀ ਹਉਮੈ ਤੋਂ ਨਜਾਤ ਨਾ ਪਾ ਲਵੇ ਉਹਦਾ ਜਨਮ ਮਰਨ ਨਹੀਂ ਮੁਕਦਾ, ਉਹਦੀ ਪ੍ਰਭੂ ਵਿਚ ਸਮਾਈ ਨਹੀਂ ਹੁੰਦੀ। ਗੁਰੂ ਅਰਜਨ ਸਾਹਿਬ ਇਸ ਨੂੰ ਮਹਾ-ਦੀਰਘ-ਰੋਗ ਆਖ ਕੇ ਬਿਆਨ ਕਰਦੇ ਹਨ। (ਅਹੰ ਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ। ਅ. ਗ. ਪੰ. 502)। ਇਹਦਾ ਇਲਾਜ ਇਕੋ ਵੈਦ ਕਰ ਸਕਦਾ ਹੈ, ਰੱਬ ਰੂਪ ਸਤਿਗੁਰੂ, ਜੇ ਉਹ ਕਦੇ ਦਇਆਵਾਨ ਹੋ ਜਾਇ :

Sri Satguru Jagjit Singh Ji eLibrary NamdhariElibrary@gmail.com

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਜਉ ਕਰੈ
ਹਰੈ ਹਉਮੈ ਰੋਗ ਰਿਦੈ ਨਿਮ੍ਰਤਾ ਨਿਵਾਸ ਹੈ।

(ਕ. ਸ. 189)

ਉਹ ਇਸ ਕੋੜ੍ਹ ਨੂੰ ਕੱਟ ਕੇ ਸਿੱਖ ਦੇ ਹਿਰਦੇ ਨੂੰ ਹਲੀਮੀ ਨਾਲ ਸਰਸ਼ਾਰ ਕਰ ਦਿੰਦਾ ਹੈ।

ਆਤਮਾ, ਪਰਮਾਤਮਾ ਤੋਂ ਉਸੇ ਪ੍ਰਕਾਰ ਨਿਖੜੀ ਉਹਦੀ ਅੰਸ਼ ਹੁੰਦੀ ਹੈ ਜਿਵੇਂ ਸਮੁੱਚੇ ਵਾਯੂ ਮੰਡਲ ਦੀ ਬੁਲਬੁਲੇ ਵਿਚ ਘਿਰ ਗਈ ਜ਼ਰਾ ਕੁ ਜਿੰਨੀ ਹਵਾ। ਬੁਲਬੁਲੇ ਦੀ ਸੂਰਤ ਵਿਚ ਅਡਰਾਪਣ ਪੈਦਾ ਕਰਦੀ ਹੈ ਪਾਣੀ ਦੀ ਇਕ ਮਹੀਨ ਗੁੰਬਦ ਜਿਹੀ ਨਜ਼ਰ ਆਉਂਦੀ ਝਿੱਲੀ, ਤੇ ਆਤਮਾ ਦੀ ਵਾਰੀ ਹਉਮੈਂ ਦਾ ਗੁਬਾਰ : ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ (ਮ: 3, ਅ: ਗ: ਪੰ. 560)। ਜਦ ਕਰਤਾ ਪੁਰਖ ਨੇ ਆਪਣੇ ਆਪੇ ਵਿਚੋਂ ਅਲਹਿਦਾ ਕਰ ਕੇ ਸਿਰਜੀਆਂ ਆਤਮਾਵਾਂ ਅਤੇ ਆਪਣੇ ਵਿਚਕਾਰ ਇਸ ਹਉਮੈ ਦੀ ਕੰਧ ਨੂੰ ਖੜਾ ਕੀਤਾ ਤਾਂ ਹੀ ਉਹ ਸੁਤੰਤਰ ਇਕਾਈਆਂ ਵਜੋਂ ਕ੍ਰਿਆਸ਼ੀਲ ਹੋ ਸਕੀਆਂ : ਹਉਮੈ ਬਿਖੁ ਪਾਇ ਜਗਤੁ ਉਪਾਇਆ। (ਮ: 1, ਅ: ਗ: ਪੰ. 1009)। ਜੇ ਉਸ ਕੰਧ ਨੂੰ ਢਾਹੁਣਾ ਦਰਕਾਰ ਹੋਵੇ ਤਾਂ ਉਸੇ ਕਰਤਾਰ ਦਾ ਬਣਾਇਆ ਇਕ ਹਥਿਆਰ ਵਰਤਣਾ ਪੈਂਦਾ ਹੈ—ਸ਼ਬਦ, ਸਤਿਗੁਰੂ ਤੋਂ ਪ੍ਰਾਪਤ ਕਰ ਕੇ :

ਹੋਈ ਆਗਿਆ ਆਦਿ ਆਦਿ ਨਿਰੰਜਨੋ।
ਨਾਦੋ ਮਿਲਿਆ ਨਾਦੁ ਹਉਮੈ ਭੰਜਨੋ। (ਵ. 3, ਪੌ. 17)

ਜਦੋਂ ਸਤਿਗੁਰੂ ਤੋਂ ਮਿਲੇ ਸ਼ਬਦ ਦਾ ਅਭਿਆਸ ਕੀਤਾ, ਤਾਂ ਹਉਮੈ ਖ਼ਤਮ ਹੋ ਗਈ, ਤੇ ਆਤਮਾ ਸ਼ਬਦ ਦੇ ਨਾਲ ਹੀ ਉਸ ਮੂਲ ਸ਼ਬਦ ਵਿਚ ਜਾ ਮਿਲੀ ਜਿਹੜਾ ਖ਼ੁਦ ਪਰਮੇਸ਼ਰ ਹੈ। ਇਹ ਸਭ ਕੁਝ ਵਾਪਰਦਾ ਹੈ ਆਦਿ ਪੁਰਖ ਦੇ ਹੁਕਮ ਨਾਲ ਹੀ।

ਸਤਿਪੁਰਸ਼ ਗੁਰੂ ਦੁਆਰਾ ਕਾਰਜ ਕਰਦਾ ਹੈ ਤੇ ਹਉਮੈ ਜੇਹੇ ਭਰਮ ਭੁਲੇਖੇ ਗੁਰੂ ਦੀ ਕਿਰਪਾ ਦੀ ਬਦੌਲਤ ਉਹਦੀ ਦਿੱਤੀ ਸਿਖਿਆ ਤੇ ਚੱਲਣ ਨਾਲ ਨਵਿਰਤ ਹੁੰਦੇ ਹਨ :

ਗੁਰਮਤਿ ਗੁਰਪਰਸਾਦਿ ਭਰਮੁ ਨਿਖੰਜਨੋ। (ਵ. 3, ਪੌ. 17)

ਜਦੋਂ ਕੋਈ ਪ੍ਰਾਣੀ ਸਤਿਗੁਰੂ ਦੀ ਸੰਗਤ ਵਿਚ ਪ੍ਰਵੇਸ਼ ਕਰਦਾ ਹੈ ਉਹ ਧਰਮ ਦੇ ਪਖੋਂ ਹਿੰਦੂ ਅਖਵਾਉਂਦਾ ਹੁੰਦਾ ਹੈ, ਜਾਂ ਮੁਸਲਮਾਨ, ਈਸਾਈ, ਪਾਰਸੀ ਆਦਿ, ਤੇ ਜਾਤ ਦੇ ਖਿਆਲ ਨਾਲ ਬ੍ਰਾਹਮਣ, ਖੱਤਰੀ, ਜੱਟ, ਰਾਮਗੜ੍ਹੀਆ,

Sri Satguru Jagjit Singh Ji eLibrary NamdhariElibrary@gmail.com

ਰਾਮਦਾਸੀਆ ਜਿਹਾ ਕੁਝ। ਪਰ ਗੁਰੂ ਕੇ ਸੰਪਰਕ ਵਿਚ ਆਉਣ ਤੇ ਅਜਿਹੇ ਸਭ ਲੋਕ ਆਪਣੇ ਪਿਛੋਕੇ ਦੇ ਵਿਤਕਰੇ ਮਿਟਾ ਦੇ, ਉਹਦੇ ਇਕ ਸਮਾਨ ਨਿਰਭੇਦ ਸਿੱਖ ਸਤਿਸੰਗੀ ਬਣ ਜਾਂਦੇ ਹਨ। ਇਹ ਉਸੇ ਤਰ੍ਹਾਂ ਦਾ ਪ੍ਰੀਵਰਤਨ ਹੁੰਦਾ ਹੈ ਜੇਹਾ ਅਡੋ ਅੱਡ ਰੰਗਾਂ ਦੇ ਪਾਨ, ਸਪਾਰੀ, ਚੂਨਾ, ਕੱਥਾ, ਦੇ ਗਿਲੌਰੀ ਵਿਚ ਮਿਲ ਕੇ ਲਾਲ ਸੁਰਖ ਬਣ ਜਾਣ ਵਿਚ ਵਾਪਰਦਾ ਹੈ। ਇਕੋ ਪ੍ਰਭੂ ਦੇ ਜੀਵਾਂ ਨੂੰ ਉਹਨਾਂ ਦੀਆਂ ਆਪੋ ਵਿਚ ਆਪਣੇ ਹੱਥੀਂ ਉਸਾਰੀਆਂ ਕੂੜੀ ਵੱਖਰੱਤ ਦੀਆਂ ਦੀਵਾਰਾਂ ਨੂੰ ਮਿਸਮਾਰ ਕਰਕੇ ਸਮ-ਵਰਣ ਬਣਾ ਦੇਣਾ ਉਹਦੀ ਵਰਤਾਈ ਇਕ ਪ੍ਰਤੱਖ ਕਰਾਮਾਤ ਹੁੰਦੀ ਹੈ :

ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
ਜਾਣ ਤੰਬੋਲਹੁ[1] ਰੰਗੁ ਗੁਰਮੁਖਿ ਚੇਲਿਆ। (ਵ. 3,ਪੌ. 16)

***ਗੁਰੂ ਪਰਖ ਤੋਂ ਪਰੇ***

ਸਤਿਗੁਰੂ ਦਾ ਚਰਨ ਸੇਵਕ ਉਹਦੇ ਚਰਿਤ੍ਰ ਦੀ ਪੁਣ-ਛਾਣ ਨਹੀਂ ਕਰਦਾ, ਉਹਦੇ ਕੀਤੇ ਦੇ ਠੀਕ ਜਾਂ ਗ਼ਲਤ ਹੋਣ ਬਾਰੇ ਨਹੀਂ ਸੋਚਦਾ। ਕਿਉਂਕਿ ਜਿਹੜੇ ਚੋਜ ਸਤਿਗੁਰੂ ਆਪਣੀ ਮੌਜ ਵਿਚ ਵਰਤਾਉਂਦਾ ਹੈ, ਉਹ ਸਿੱਖ ਦੀ ਸੂਝ ਸਮਝ ਤੋਂ ਬਹੁਤ ਉੱਚੇ ਹੁੰਦੇ ਹਨ, ਉਹਦੀ ਊਣੀ ਮਤਿ ਉਹਨਾਂ ਦੀ ਗਹਿਰਾਈ ਦੀ ਥਾਹ ਨਹੀਂ ਪਾ ਸਕਦੀ। ਸਿੱਖ ਕੀ ਜਾਣੇ ਗੁਰੂ ਨੂੰ ਕਿਸ ਭਾਵਨਾ ਨੇ ਪ੍ਰੇਰਿਤ ਕੀਤਾ ਹੈ, ਤੇ ਕੀ ਸਿੱਟੇ ਉਹਨੇ ਅੰਤ ਵਿਚ ਪੈਦਾ ਕਰ ਦੇਣੇ ਹਨ? ਉਹਦਾ ਇਸ ਤਰ੍ਹਾਂ ਦਾ ਵਿਹਾਰ ਕਰਨਾ ਓਵੇਂ ਹੋਵੇਗਾ ਜਿਵੇਂ ਕਰੀਰ ਇਹ ਨਾ ਜਾਣਦਾ ਹੋਇਆ ਕਿ ਉਹ ਪੱਤੇ ਪੈਦਾ ਕਰਨ ਲਈ ਬਣਾਇਆ ਹੀ ਨਹੀਂ ਗਿਆ ਆਪਣੇ ਨਿਪੱਤਰਾ ਰਹਿ ਜਾਣ ਲਈ ਬਸੰਤ ਦੀ ਰੁੱਤ ਨੂੰ ਕਸੂਰਵਾਰ ਕਰਾਰ ਦੇਣ ਲੱਗ ਪਵੇ, ਜਾਂ ਕੱਲਰੀ ਧਰਤੀ ਫਸਲ ਉਤਪੰਨ ਨਾ ਕਰ ਸਕਣ ਲਈ ਬੱਦਲ ਦੇ ਵਰ੍ਹਾਏ ਪਾਣੀ ਨੂੰ ਜ਼ਿੰਮੇਵਾਰ ਠਹਿਰਾਵੇ। ਸਿੱਖ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਚੰਗਿਆਂ ਦੇ ਲੜ ਲੱਗੇ ਰਹਿਣ ਨਾਲ ਮੰਦਿਆਂ ਦਾ ਵੀ ਭਲਾ ਹੋ ਜਾਂਦਾ ਹੈ, ਤੇ ਗੁਣਵਾਨਾਂ ਦੀ ਲਾਗ ਨਾਲ ਔਗਣਹਾਰ ਵੀ ਬੜਾ ਕੁਝ ਖੱਟ ਲੈਂਦੇ ਹਨ; ਉਦਾਹਰਣ : ਸਮੁੰਦਰ ਵਿਚ ਪਏ ਰਹਿਣ ਵਾਲੇ ਅਨੇਕ ਘੋਗਿਆਂ ਦਾ ਮੋਤੀਆਂ ਨੂੰ ਜਨਮ ਦੇਣਾ। ਨਹੀਂ ਤਾਂ ਫੇਰ ਸਤਿਗੁਰੂ ਦੀਆਂ ਗਿਣਤੀਆਂ ਗਿਣਨ ਵਾਲਾ ਸਾਧਕ ਆਪਣਾ ਜਨਮ ਹੀ ਵਿਅਰਥ ਗਵਾ ਬਹਿੰਦਾ ਹੈ :

---

੧. ਪਾਨਾਂ ਦਾ ਬੀੜਾ।

Sri Satguru Jagjit Singh Ji eLibrary NamdhariElibrary@gmail.com

ਅਪਤੁ[1] ਕਰੀਰੁ ਨ ਮਉਲੀਐ ਦੇ ਦੋਸੁ ਬਸੰਤੇ।
ਸੰਢਿ ਸਪੁਤੀ ਨ ਥੀਐ ਕਣਤਾਵੈ[2] ਕੰਤੇ।
ਕਲਰਿ ਖੇਤੁ ਨ ਜੰਮਈ ਘਨਹਰੁ ਵਰਸੰਤੇ।
ਪੰਗਾ[3] ਪਿਛੈ ਚੰਗਿਆਂ ਅਵਗਣੁ ਗੁਣਵੰਤੇ।
ਸਾਇਰੁ[4] ਵਿਚਿ ਘੰਘੂਟਿਆ[5] ਬਹੁ ਰਤਨ ਅਨੰਤੇ।
ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੇ।

(ਵ. 35, ਪੌ. 7)

ਘੁਨਤਰਾਂ ਛਾਂਟਣ ਵਾਲੇ ਸਿੱਖ ਦੇ ਦਿਨ ਦੁਖ ਭੋਗਦਿਆਂ ਹੀ ਬਿਤੀਤ ਹੁੰਦੇ ਹਨ :

ਗਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ।

(ਵ. 35, ਪੌ. 6)

*ਗੁਰੂ ਵਿਚ ਵਿਸ਼ਵਾਸ਼ ਦਾ ਫਲ*

ਜਿਸ ਕਿਸੇ ਨੇ ਗੁਰੂ ਦੀ ਸਿਖਿਆ ਵਿਚ ਵਿਸ਼ਵਾਸ਼ ਲੈ ਆਂਦਾ, ਉਸ ਦਾ ਮਨ ਸਥਿਰ ਹੋ ਗਿਆ, ਤੇ ਇਹ ਵੀ ਸਮਝ ਪੈ ਗਈ ਕਿ ਮੈਂ ਮਿੱਟੀ ਪਾਣੀ ਦਾ ਬਣਿਆ ਮਲ ਮੂਤ੍ਰ ਧਾਰੀ ਨਹੀਂ, ਸਗੋਂ ਇਸ ਤੋਂ ਬਹੁਤ ਉੱਚੀ ਉਤਮ ਚੀਜ਼ ਹਾਂ, ਜੋਤਿ ਸਰੂਪ ਹਾਂ। ਉਹਦੀ ਹਉਮੈ ਮਿਟ ਜਾਂਦੀ ਹੈ, ਤੇ ਉਹ ਪਾਰ-ਬ੍ਰਹਮ ਦੇ ਦੇਸ਼ ਵਿਚ ਪ੍ਰਵੇਸ਼ ਕਰ ਲੈਂਦਾ ਹੈ :

ਗੁਰਮਤਿ ਸਤਿ ਕਰਿ ਚੰਚਲ ਅਚਲ ਭਏ
ਮਹਾ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈ।

(ਕ. ਸ. 24)

ਗੁਰਮਤਿ ਸਤਿ ਕਰਿ ਅਧਮ[6] ਅਸਾਧ[7] ਸਾਧ
ਗੁਰਮਤਿ ਸਤਿ ਕਰਿ ਜੰਤੁ ਸੰਤ ਨਾਮ ਹੈ।

... ... ... ... ... ... ... ... ... ... ...

ਗੁਰਮਤਿ ਸਤਿ ਕਰਿ ਅਗਿਆਨੀ ਬ੍ਰਹਮ ਗਿਆਨੀ
ਗੁਰਮਤਿ ਸਤਿ ਕਰਿ ਸਹਜ ਬਿਸ੍ਰਾਮ ਹੈ।

(ਕ. ਸ. 25)

---

1. ਨਿਪੱਤਰਾ 2. ਦੋਸ਼ ਦੇਵੇ 3. ਬੁਰੇ ਲੋਕ 4. ਸਮੁੰਦਰ 5. ਘੋਗੇ 6. ਨੀਚ 7. ਸਾਧਨਾ ਤੋਂ ਹੀਣਾ।

Sri Satguru Jagjit Singh Ji eLibrary NamdhariElibrary@gmail.com

*ਗੁਰ ਸੇਵਾ*

ਧਰਤੀ ਸਾਡੀ ਜ਼ਿੰਦਗੀ ਵਿਚ ਬੜਾ ਪਰਉਪਕਾਰੀ ਯੋਗਦਾਨ ਪਾਉਂਦੀ ਹੈ। ਉਸ ਵਿਚ ਇਕ ਦਾਣਾ ਸੁਟਦੇ ਹਾਂ ਤਾਂ ਉਹਦੀ ਸਹਾਇਤਾ ਨਾਲ ਸੌ ਦਾਣੇ ਹੋ ਕੇ ਫਲਦਾ ਹੈ। ਸਾਡੇ ਇਕ ਗੁਠਲੀ ਮਿੱਟੀ ਵਿਚ ਦੱਬੇ ਤੋਂ ਅੰਬ ਦਾ ਕੱਦਾਵਰ ਬਿਰਛ ਉਗ ਖੜੋਂਦਾ ਹੈ ਤੇ ਉਹ ਵਰ੍ਹਿਆਂ ਦੇ ਵਰ੍ਹੇ ਸੈਂਕੜੇ ਅੰਬਾਂ ਦੀ ਫਸਲ ਪੈਦਾ ਕਰੀ ਜਾਂਦਾ ਹੈ। ਏਹੋ ਕਾਰਨ ਹੈ ਕਿ ਸਾਡੇ ਅਤੇ ਧਰਤੀ ਦੇ ਰਿਸ਼ਤੇ ਨੂੰ ਸੰਤਾਨ ਤੇ ਮਾਤਾ ਦੇ ਰਿਸ਼ਤੇ ਨਾਲ ਮੇਲਿਆ ਜਾਂਦਾ ਹੈ। (ਮਾਤਾ ਧਰਤਿ ਮਹਤੁ। ਜਪੁ) ਭਾਈ ਗੁਰਦਾਸ ਏਸ ਪਖੋਂ ਧਰਤੀ ਤੇ ਵਾਹਿਗੁਰੂ ਦਾ ਟਾਕਰਾ ਕਰਦਿਆਂ ਲਿਖਦੇ ਹਨ :

ਧਰਤੀ ਬੀਜੈ ਸੋ ਲੁਣੈ ਸਤਿਗੁਰ ਸੇਵਾ ਸਭ ਫਲ ਚੂਰੈ[1]।

(ਵ. 40, ਪੌ. 3)

ਅਸੀਂ ਧਰਤੀ ਨੂੰ ਭਾਵੇਂ ਜਿੰਨਾ ਮਰਜ਼ੀ ਵਾਹ ਸੁਹਾਗ ਲਈਏ, ਸਿੰਜੀ ਗੁੱਡੀ ਜਾਈਏ, ਉਹਦੇ ਵਿਚੋਂ ਜਨਮ ਲਵੇਗੀ ਓਹੀਓ ਜਿਣਸ ਜਿਹੜੀ ਅਸੀਂ ਉਸ ਵਿਚ ਬੋਈ ਹੋਵੇ, ਜਦ ਕਿ ਸਤਿਗੁਰੂ ਦੀ ਸੇਵਾ ਕੀਤਿਆਂ ਭਾਂਤ-ਭਾਂਤ ਦੇ ਅਨੇਕ ਫਲ ਪ੍ਰਾਪਤ ਹੋ ਜਾਂਦੇ ਹਨ, ਧਰਮ ਤੋਂ ਲੈ ਕੇ ਮੋਖ ਤਕ, ਕੋਈ ਵੀ ਤਰਸੇਵਾਂ ਬਾਕੀ ਨਹੀਂ ਰਹਿੰਦਾ।

ਜਿਹੜਾ ਮੇਂਡਕ ਖੂਹ ਦੀ ਅਤਿ ਸੌੜੀ ਗੋਲਾਈ ਵਿਚ ਹੀ ਉਮਰ ਗੁਜ਼ਾਰ ਦਿੰਦਾ ਹੈ ਉਹ ਕੀ ਜਾਣੇ ਵਿਸ਼ਾਲ ਸਮੁੰਦਰ ਵਿਚ ਤਾਰੀਆਂ ਲਾਉਣ ਵਾਲੇ ਜੀਵ ਕਿਸ ਪ੍ਰਕਾਰ ਦਾ ਆਨੰਦ ਮਾਣਦੇ ਹਨ, ਤੇ ਸਿੱਪੀ ਵਾਂਗ ਸਵਾਂਤਿ ਬੂੰਦ ਨੂੰ ਮੋਤੀ ਵਿਚ ਨਾ ਬਦਲ ਸਕਣ ਜੋਗਾ ਸੰਖ ਉਸ ਅਦਭੁਤ ਝੁਪਕੇ ਦੀ ਕਿਥੋਂ ਕਦਰ ਪਾਵੇ। ਰਾਤ ਦੇ ਘੁੱਪ ਹਨੇਰੇ ਵਿਚ ਹੀ ਅੱਖਾਂ ਉਘਾੜਨ ਵਾਲਾ ਉਲੂ ਸੂਰਜ ਦੇ ਉਜਲੇ ਪ੍ਰਕਾਸ਼ ਤੋਂ ਬੇਖ਼ਬਰ ਰਹਿੰਦਾ ਹੈ, ਤੋਤਾ ਸਿੰਮਲ ਦੇ ਬਿਰਛ ਨਾਲ ਬੇਸ਼ੱਕ ਕਿੰਨਾ ਵੀ ਪਿਆਰ ਪਾਈ ਰੱਖੇ ਉਸ ਨੂੰ ਉਹਦੇ ਕੋਲੋਂ ਖਾਣ ਲਈ ਤਾਂ ਕੁਝ ਨਹੀਂ ਲੱਭਦਾ, ਹੰਸਾਂ ਦੇ ਸਾਥ ਦੀ ਵਡਿਆਈ ਤੋਂ ਕਾਂ ਕਦੇ ਵਾਕਫ਼ ਨਹੀਂ ਹੋ ਪਾਉਂਦਾ, ਨਾ ਬਾਂਦਰ ਨੂੰ ਕਿਸੇ ਮਾਣਕ ਜਾਂ ਹੀਰੇ ਦੀ ਕੀਮਤ ਦਾ ਅਨੁਮਾਨ ਹੁੰਦਾ ਹੈ। ਜੇ ਕੋਈ ਇਨਸਾਨ ਗੂੰਗਾ ਵੀ ਹੋਵੇ ਤੇ ਬੋਲਾ ਵੀ, ਉਹਨੂੰ ਭਾਵੇਂ ਲੱਖ ਸੁਮਤਿ ਦੇਣ ਦਾ ਜਤਨ ਕੀਤਾ ਜਾਵੇ ਤਾਂ ਵੀ ਉਹ ਅੱਗੇ ਵਾਂਗ ਹੀ ਕੋਰੇ ਦਾ ਕੋਰਾ ਹੀ ਰਹੇਗਾ। ਉਸੇ ਭਾਂਤ ਜਿਹਨਾਂ ਲੋਕਾਂ ਨੂੰ ਗੁਰੂ ਦੀ ਸੰਗਤ, ਸ਼ਰਨ ਦਾ ਅਵਸਰ ਨਹੀਂ

1. ਪ੍ਰਾਪਤ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਜੁੜਿਆ, ਹੋਰ ਹੀ ਕਿਧਰੇ ਭਟਕੀ ਗਏ, ਉਹ ਨਹੀਂ ਸਮਝ ਸਕਦੇ ਉਹ ਕਿੱਡੀ ਵੱਡੀ ਰੱਬੀ ਰਹਿਮਤ ਤੋਂ ਮਹਿਰੂਮ ਰਹਿ ਗਏ ਹਨ :

ਕੂਆ ਕੋ ਮੇਂਡਕ ਨਿਧਿ ਜਾਨੈ ਕਹਾ ਸਾਗਰ ਕੀ
ਸਵਾਂਤਿ ਬੂੰਦ ਮਹਿਮਾ ਨ ਸੰਖ ਜੋਅ ਜਾਨਈ।
ਦਿਨ ਕਰਿ ਜੋਤਿ ਕੋ ਉਦੋਤ ਕਹਾ ਜਾਨੈ ਉਲੂ
ਸੇਂਬਲ[1] ਸੈ ਕਹਾ ਖਾਇ ਸੂਆ[2] ਹਿਤ ਠਾਨਈ।
ਬਾਇਸ[3] ਨ ਜਾਨਤ ਮਰਾਲ[4] ਮਾਲ ਸੰਗਤਿ ਕੋ
ਮਰਕਟ[5] ਮਾਨਿਕ ਹੀਰਾ ਨ ਪਹਿਚਾਨਈ।
ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ
ਗੂੰਗੇ ਬਹਿਰੇ ਨ ਕਹਿ ਸੁਨਿ ਮਨ ਮਾਨਈ।

(ਕ. ਸ. 470)

ਜਦ ਕੋਈ ਕੌਡੀਆਂ, ਪੈਸਿਆਂ ਰੁਪਈਆਂ ਜਾਂ ਸੋਨੇ ਦੀਆਂ ਮੋਹਰਾਂ ਦੀ ਪੱਧਰ ਤਕ ਦਾ ਵਪਾਰੀ ਉਸ ਧੰਦੇ ਤੋਂ ਉੱਚਾ ਉਠ ਕੇ ਰਤਨਾਂ ਦੀ ਪਰਖ, ਲੈਣ-ਦੇਣ ਤੱਕ ਅਪੜ ਜਾਂਦਾ ਹੈ ਤਾਂ ਉਹ ਜੌਹਰੀ ਪਰਵਾਨ ਕੀਤਾ ਜਾ ਕੇ ਸਨਮਾਨਿਤ ਹੁੰਦਾ ਹੈ। ਇਹਦੇ ਉਲਟ ਜੇ ਕੋਈ ਜੌਹਰੀ ਸੱਦਿਆ ਜਾਣ ਉਪ੍ਰੰਤ ਕੌਡੀਆਂ ਦੇ ਵਣਜ ਤਕ ਡਿਗ ਪਵੇ ਤਾਂ ਸੂਝਵਾਨ ਪਤਵੰਤੇ ਹਲਕਿਆਂ ਵਿਚ ਉਹਦੀ ਸਾਖ ਵਿਗੜ ਜਾਂਦੀ ਹੈ। ਉਸੇ ਤਰ੍ਹਾਂ ਜਦ ਕੋਈ ਕਿਸੇ ਅਧੂਰੇ ਇਸ਼ਟ ਦਾ ਉਪਾਸ਼ਕ ਪੂਰੇ ਗੁਰੂ ਦੀ ਸ਼ਰਨ ਵਿਚ ਆ ਜਾਇ ਉਹ ਲੋਕ ਤੇ ਪਰਲੋਕ ਦੋਹਾਂ ਜਹਾਨਾਂ ਵਿਚ ਉੱਚੀ ਪਦਵੀ ਦਾ ਹੱਕਦਾਰ ਬਣ ਜਾਂਦਾ ਹੈ। ਇਹਦੇ ਉਲਟ ਸੱਚੇ ਸਤਿਗੁਰੂ ਦਾ ਸਿੱਖ ਉਸ ਤੋਂ ਬੇਮੁੱਖ ਹੋ ਕੇ ਕਿਸੇ ਹੋਰ ਇਸ਼ਟ ਦੇ ਪੈਰ ਜਾ ਫੜੇ ਤਾਂ ਜਾਣੋ ਉਹਨੇ ਆਪਣਾ ਮਨੁੱਖਾ ਜਨਮ ਭੰਗ ਦੇ ਭਾੜੇ ਗਵਾ ਲਿਆ, ਉਹ ਆਪ ਹੀ ਨਹੀਂ, ਉਹਦੀ ਕੁਲ ਵੀ ਕਲੰਕਿਤ ਹੋ ਗਈ :

ਕਉਡਾਂ ਪੈਸਾ ਰੁਪਈਆ ਸੁਨਈਆ[6] ਕੋ ਬਨਜੁ ਕਰੈ
ਰਤਨ ਪਾਰਖੂ ਹੋਇ ਜਉਹਰੀ ਕਹਾਵਈ।
ਜਉਹਰੀ ਕਹਾਇ ਪੁਨਿ ਕਉਡਾਂ ਕੋ ਬਨਜੁ ਕਰੈ
ਪੰਚ ਪਰਵਾਨ ਮੈ ਪਤਿਸਟਾ[7] ਘਟਾਵਈ।
ਆਨ ਦੇਵ ਸੇਵ ਗੁਰਦੇਵ ਕੋ ਸੇਵਕੁ ਹੁਇ
ਲੋਕ ਪਰਲੋਕ ਬਿਖੈ ਊਚ ਪਦ ਪਾਵਈ।

1. ਸਿੰਮਲ ਬਿਰਛ 2. ਤੋਤਾ 3. ਕਾਂ 4. ਹੰਸ 5. ਬਾਂਦਰ 6. ਮੋਹਰਾਂ 7. ਇਜ਼ਤ।

Sri Satguru Jagjit Singh Ji eLibrary NamdhariElibrary@gmail.com

ਛਾਡਿ ਗੁਰਦੇਵ ਸੇਵ ਆਨ ਦੇਵ ਸੇਵਕ ਹ੍ਵੈ,
ਨਿਹਫਲ ਜਨਮੁ ਕਪੂਤ ਹੁਇ ਹਸਾਵਈ[1]।
(ਕ. ਸ. 479)

ਕੱਲਰੀ ਧਰਤੀ ਵਿਚ ਬੀਜ ਖਿਲਾਰ ਦਈਏ, ਉਸ ਵਿਚੋਂ ਅੰਨ ਤਾਂ ਕੀ ਉਪਜਣਾ ਹੈ, ਪਸ਼ੂਆਂ ਲਈ ਚਾਰਾ ਵੀ ਹੱਥ ਨਹੀਂ ਲਗਦਾ, ਬੀਜ ਅਜਾਈਂ ਜਾਂਦਾ ਹੈ, ਤੇ ਮਾਮਲੇ ਦੀ ਚੱਟੀ ਭੂੰਗੇ ਵਿਚ ਭੁਗਤਣੀ ਪੈਂਦੀ ਹੈ। ਪਾਣੀ ਨੂੰ ਰਿੜਕਣਾ ਅਰੰਭ ਕੇ ਭਾਵੇਂ ਕਿੰਨੇ ਹੀ ਖਪਦੇ ਰਹੀਏ, ਘਿਉ ਹਾਸਲ ਨਹੀਂ ਹੁੰਦਾ, ਸਗੋਂ ਮਟਕੀ ਤੇ ਮਧਾਣੀ ਤੋਂ ਵੀ ਹੱਥ ਧੋ ਲਈਦੇ ਹਨ। ਭੂਤਾਂ ਦੀ ਪੂਜਾ ਕਰ ਕੇ ਪੁੱਤਾਂ ਦੀ ਦਾਤ ਨਹੀਂ ਮਿਲਦੀ। ਓਹੀਓ ਗੱਲ ਪੂਰੇ ਗੁਰੂ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਪੂਜਯ ਮੰਨ ਕੇ ਸਾਧਨਾ ਕਰਨ ਦੀ ਹੈ। ਉਹਦੇ ਨਾਲ ਇਸ ਸੰਸਾਰ ਵਿਚ ਦੁਖ ਭੋਗੀਦਾ ਹੈ, ਤੇ ਅਗਲੇ ਲੋਕ ਵਿਚ ਵੀ ਜਮਾਂ ਦੇ ਡੰਡ ਝੱਲਣੇ ਪੈਂਦੇ ਹਨ :

ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ
ਮੂਲ ਖੋਇ ਰੋਵੈ ਪੁਨਿ ਰਾਜ ਡੰਡੁ ਲਾਗਈ।
ਸਲਲਿ[2] ਬਿਲੋਇ[3] ਜੈਸੇ ਨਿਕਸਤ ਨਾਹਿ ਘ੍ਰਿਤਿ
ਮਟੁਕੀ ਮਥਨੀਆਂ ਹੂ ਫੋਰਿ ਤੋਰਿ ਭਾਗਈ।
ਭੂਤਨ ਪੈ ਪੂਤ ਆਗੈ ਹੋਤ ਨ ਸਪੂਤੀ ਕੋਊ
ਜੀਅ ਕੋ ਪਰਤ ਸੰਸੋ ਤਿਆਗੈ ਹੂ ਨ ਤਿਆਗਈ।
ਬਿਨੁ ਗੁਰਦੇਵ ਸੇਵ ਆਨ ਸੇਵ ਦੁਖਦਾਇਕ ਹੈ
ਲੋਕ ਪਰਲੋਕ ਸੋਕਿ ਗਾਹਿ ਅਨੁਰਾਗਈ।
(ਕ. ਸ. 476)

ਇਕੋ ਸਮੇਂ ਦੋ ਸ਼ੀਸ਼ਿਆਂ ਵਿਚ ਚਿਹਰਾ ਵੇਖਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹ ਸਫਲ ਨਹੀਂ ਹੁੰਦੀ। ਨਦੀਓਂ ਪਾਰ ਜਾਣ ਲਈ ਦੋ ਵਖ ਵਖ ਬੇੜੀਆਂ ਵਿਚ ਪੈਰ ਧਰ ਲਏ ਜਾਣ ਤਾਂ ਡੁੱਬਣ ਦਾ ਸਾਮਾਨ ਬਣ ਜਾਂਦਾ ਹੈ। ਜੇ ਕਿਸੇ ਰਾਹੀ ਦੀ ਇਕ ਬਾਂਹ ਇਕ ਦਿਸ਼ਾ ਵੱਲ ਖਿੱਚੀ ਜਾਵੇ, ਦੂਜੀ ਦੂਸਰੀ ਵੱਲ, ਤਾਂ ਸੰਭਵ ਹੈ ਉਹ ਆਪਣੀ ਕੋਈ ਹੱਡੀ ਤੁੜਵਾ ਬੈਠੇ, ਤੇ ਜੇ ਉਹ ਦੁਰਾਹੇ ਤੇ ਪਹੁੰਚ ਕੇ ਇਸ ਦੁਬਿਧਾ ਦਾ ਸ਼ਿਕਾਰ ਹੋ ਜਾਇ, ਏਧਰ ਜਾਵਾਂ ਕਿ ਓਧਰ, ਤਾਂ ਕੋਈ ਅਜਬ ਨਹੀਂ ਕਿ ਉਹ ਪੁੱਠੇ ਰਾਹ ਤੁਰ ਪਵੇ। ਜਿਸ ਨਗਰੀ ਤੇ ਦੋ ਅੱਡ ਅੱਡ ਰਾਜੇ ਅਧਿਕਾਰ ਜਮਾਉਣ ਲੱਗ ਪੈਣ, ਉਹਦੇ ਵਾਸੀ ਸੁਖ ਦੀ ਨੀਂਦੇ ਨਹੀਂ ਸੌਂ ਸਕਣਗੇ, ਕਿਉਂਕਿ

1. ਹਾਸੋ ਹੀਣੇ ਕਰਾਉਂਦਾ ਹੈ 2. ਪਾਣੀ 3. ਰਿੜਕਣਾ।

Sri Satguru Jagjit Singh Ji eLibrary NamdhariElibrary@gmail.com

ਉਹਨਾਂ ਲਈ ਇਕ ਦੂਜੇ ਦੇ ਹੁਕਮਾਂ ਦੀ ਪਾਲਣਾ ਦਾ ਸੰਕਟ ਪੈਦਾ ਹੋ ਜਾਵੇਗਾ, ਤੇ ਦੋ ਮਰਦਾਂ ਦੀ ਪਤਨੀ ਕੁਲਾ-ਬਧੂ ਅਖਵਾਉਣ ਦਾ ਮਾਨ ਨਹੀਂ ਪਾਉਂਦੀ। ਉਸੇ ਤਰ੍ਹਾਂ ਜਦ ਕੋਈ ਗੁਰੂ ਦਾ ਸਿੱਖ ਕਿਸੇ ਹੋਰ ਪੀਰ-ਫ਼ਕੀਰ ਆਦਿ ਦੀ ਓਟ ਤੱਕਣ ਲਗ ਪੈਂਦਾ ਹੈ, ਉਹਨੂੰ ਦੇਸ ਜਹਾਨ ਵਿਚ ਫਿੱਟ ਲਾਹਣਤ ਮਿਲਦੀ ਹੈ ਤੇ ਮਰਨ ਪਿੱਛੋਂ ਵੀ ਜਮ ਉਹਦਾ ਖਹਿੜਾ ਨਹੀਂ ਛਡਦੇ :

ਦੋਇ ਦਰਪਨ[1] ਦੇਖੈ ਏਕ ਸੈ ਅਨੇਕ ਰੂਪ
ਦੋਇ ਨਾਵ ਪਾਵ ਧਰੈ ਪਹੁਚੈ ਨ ਪਾਰਿ ਹੈ।
ਦੁਇ ਦਿਸਾ ਗਹੇ ਗਹਾਏ ਸੈ ਹਾਥ ਪਾਉ ਟੂਟੈ
ਦੁਰਾਹੈ ਦੁਚਿਤ ਹੋਇ ਭੂਲਿ ਪਗੁ ਧਾਰਿ ਹੈ।
ਦੋਏ ਭੂਪ[2] ਤਾ ਕੇ ਗਾਉ ਪਰਜਾ ਨ ਸੁਖੀ ਹੋਤ
ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ।
ਗੁਰ ਸਿਖ ਹੋਇ ਆਨ ਦੇਵ ਸੇਵ ਟੇਵ ਗਹੈ
ਸਹੈ ਜਮ ਡੰਡ ਧ੍ਰਿਗੁ ਜੀਵਨ ਸੰਸਾਰਿ ਹੈ।
(ਕ. ਸ. 467)

ਆਮ ਦਰਖ਼ਤਾਂ ਨੂੰ ਮਹੀਨਿਆਂ ਦੇ ਮਹੀਨੇ ਉਡੀਕਣ ਬਾਅਦ ਕਿਸੇ ਖ਼ਾਸ ਵਕਤ ਸਾਲ ਵਿਚ ਇਕੋ ਵਾਰ ਫਲ ਲਗਦਾ ਹੈ, ਜਦ ਕਿ ਇਕ ਬਿਰਛ ਅਜਿਹਾ ਵੀ ਹੁੰਦਾ ਹੈ, ਜਿਹੜਾ ਸਾਰੀਆਂ ਰੁੱਤਾਂ ਵਿਚ ਬਾਰਾਂ ਮਹੀਨੇ ਅਤੀ ਸਵਾਦਿਸ਼ਟ ਫਲ ਦੇਈ ਜਾਵੇ। ਖੂਹ ਪਹਿਲਾਂ ਖੁਦਾਈ ਤੇ ਉਸਾਰੀ ਦੇ ਖਰਚ ਖੇਚਲ ਦੁਆਰਾ ਤਾਮੀਰ ਕਰੀਦਾ ਹੈ, ਤੇ ਫੇਰ ਵੀ ਉਸ ਵਿਚੋਂ ਲੱਜ ਡੋਲ ਆਦਿ ਨਾਲ ਖਿੱਚ ਕੇ ਪਾਣੀ ਕੱਢੀਦਾ ਹੈ, ਪ੍ਰੰਤੂ ਗੰਗਾ ਦਾ ਜਲ ਖੁਲ੍ਹਾ, ਬੇਓੜਕ, ਬਿਨਾਂ ਕਸ਼ਟ, ਨਿਰਾ ਦਾਤ ਵਜੋਂ ਲੱਭ ਪੈਂਦਾ ਹੈ। ਇਕ ਪਾਸੇ ਪਹਿਲਾਂ ਰੂੰ ਦੀ ਬੱਤੀ ਵੱਟੋ, ਕਿਧਰੋਂ ਦੀਵੇ ਦਾ ਪ੍ਰਬੰਧ ਕਰੋ, ਉਹਨੂੰ ਤੇਲ ਨਾਲ ਭਰੋ, ਫੇਰ ਤੀਲੀ ਬਾਲ ਕੇ ਉਹਨੂੰ ਰਤਾ ਕੁ ਜਿੰਨੇ ਚਾਨਣ ਲਈ ਜਗਾਓ, ਤੇ ਦੂਜੇ ਵੰਨੇ ਸਾਨੂੰ ਚੰਦਰਮਾ ਉਸ ਤੋਂ ਕਿਤੇ ਵੱਧ ਤੇ ਸ਼ੀਤਲ ਚਾਨਣ ਨਾਲ ਆਪਣੇ ਆਪ ਹੀ ਕ੍ਰਿਤਾਰਥ ਕਰਦਾ ਰਹਿੰਦਾ ਹੈ। ਓਵੇਂ ਜਿਥੇ ਹੋਰ ਲੋਕ ਕਿਸੇ ਇਕ ਕਾਮਨਾ ਦੀ ਪੂਰਤੀ ਲਈ ਕਿਸੇ ਵਿਸ਼ੇਸ਼ ਦੇਵੀ ਦੇਵਤਾ ਦੀ ਸੇਵਾ, ਪੂਜਾ ਵਿਚ ਕਿੰਨਾ ਕਿੰਨਾ ਚਿਰ ਖਪਦੇ ਰਹਿੰਦੇ ਹਨ, ਸਿੱਖ ਸਤਿਸੰਗੀਆਂ ਦੀਆਂ ਸਾਰੀਆਂ ਕਾਮਨਾਵਾਂ ਆਪਣੇ ਸਤਿਗੁਰੂ ਦੇ ਦਰਸ਼ਨ ਕੀਤਿਆਂ ਹੀ ਤ੍ਰਿਪਤ ਹੋ ਜਾਂਦੀਆਂ ਹਨ ਤੇ ਇਸ ਤੋਂ ਬਿਨਾਂ ਉਹਨੂੰ ਕਿਸੇ ਜਮ ਆਦਿ ਦੇ ਪ੍ਰਕੋਪ ਦਾ ਕੋਈ ਡਰ ਭੈ ਨਹੀਂ ਰਹਿੰਦਾ :

---

1. ਸ਼ੀਸ਼ਾ 2. ਰਾਜਾ।

Sri Satguru Jagjit Singh Ji eLibrary NamdhariElibrary@gmail.com

ਜੈਸੇ ਆਨ ਬਿਰਖ ਸਫਲ ਹੋਤ ਸਮੈ ਪਾਏ
ਸਰਬਦਾ ਫਲੰਤੇ ਸਦਾ ਫਲ ਸੁ ਸਵਾਦਿ ਹੈ।
ਜੈਸੇ ਕੂਪ[1] ਜਲ ਨਿਕਸਤ ਹੈ ਜਤਨ ਕੀਏ
ਗੰਗਾ ਜਲ ਮੁਕਤਿ ਪ੍ਰਵਾਹਿ ਪਰਸਾਦਿ ਹੈ।
ਮ੍ਰਿਤਕਾ[2] ਅਗਨਿ ਤੂਲ ਤੇਲ ਮਿਲਿ ਦੀਪ ਦਿਪੈ
ਜਗਮਗ ਜੋਤਿ ਸਸੀਅਰ[3] ਬਿਸਮਾਦਿ ਹੈ।
ਤੈਸੇ ਆਨ ਦੇਵ ਸੇਵ ਕੀਏ ਫਲੁ ਦੇਤ ਜੇਤ
ਸਤਿਗੁਰ ਦਰਸ ਨ ਸਾਸਨ ਜਮਾਦਿ ਹੈ।

(ਕ. ਸ. 456)

ਗੁਰੂ ਦੀ ਸ਼ਰਨ ਵਿਚ ਜਾਏ ਬਗ਼ੈਰ ਕਿਸੇ ਹੋਰ ਦੀ ਬਜ਼ੁਰਗੀ, ਅਕਲਮੰਦੀ ਤੋਂ ਪ੍ਰਭਾਵਿਤ ਹੋ ਕੇ ਉਹਦੇ ਆਖੇ ਲੱਗ ਜਾਉਗੇ ਤਾਂ ਪਰਮਾਰਥ ਵਿਚ ਪੂਰੇ ਨਹੀਂ ਉਤਰਨ ਲੱਗੇ :

ਵਿਣੁ ਗੁਰੁ ਬਚਨੁ ਜੁ ਮੰਨਣਾ ਊਰਾ[4] ਪਰਥਾਉ[5]।

ਗੁਰੂ ਤੋਂ ਛੁੱਟ ਕਿਸੇ ਹੋਰ ਦਾ ਦਿਤਾ ਉਪਦੇਸ਼ ਨੀਰਸ ਬਕਬਕਾ ਹੋਵੇਗਾ :

ਵਿਣੁ ਗੁਰ ਸ਼ਬਦ ਗਿਆਨ ਹੈ ਫਿਕਾ ਆਲਾਉ[6]।

ਗੁਰੂ ਤੋਂ ਬਿਨਾਂ ਕਿਸੇ ਹੋਰ ਦਾ ਧਿਆਨ ਧਰਨਾ ਦਵੈਤ ਦੀ ਦਲ-ਦਲ ਵਿਚ ਗੋਤੇ ਖਾਣ ਸਮਾਨ ਹੈ :

ਵਿਣੁ ਗੁਰੁ ਹੋਰ ਧਿਆਨ ਹੈ ਸਭ ਦੂਜਾ ਭਾਉ।

ਉਸ ਤੋਂ ਬਗ਼ੈਰ ਕਿਸੇ ਹੋਰ ਇਸ਼ਟ ਨੂੰ ਪੂਜਣਾ ਅੰਗੂਰਾਂ ਦੇ ਭੁਲੇਖੇ ਧਿਰਕੋਨਿਆਂ ਨੂੰ ਚੱਬਣ ਬਹਿ ਜਾਣ ਜਿਹੀ ਹਿਮਾਕਤ ਹੁੰਦੀ ਹੈ :

ਵਿਣੁ ਗੁਰ ਚਰਣਾ ਪੂਜਣਾ ਸਭੁ ਕੂੜਾ ਸੁਆਉ[7]।

(ਵ. 27, ਪੌ. 17)

ਜੰਮਣ ਮਰਨ ਤੋਂ, ਨਰਕਾਂ ਵਿਚ ਤਸੀਹੇ ਸਹਿਣ ਤੋਂ, ਜਦ ਛੁਟਕਾਰਾ ਹੋਣਾ ਹੈ ਉਹਦੇ ਚਰਨੀਂ ਢਹਿ ਕੇ, ਉਹਦੇ ਕੋਲੋਂ ਗੁਰ ਮੰਤਰ ਲੈ ਕੇ ਹੋਣਾ ਹੈ :

ਬਿਨ ਦੀਖਿਆ ਗੁਰਦੇਵ ਦੀ ਮਰਿ ਜਨਮੈ ਵਿਚਿ ਨਰਕ ਪਵਾਸੀ।

(ਵ. 40, ਪੌ. 21)

---

1. ਖੂਹ 2. ਮਿੱਟੀ ਦੀ ਪਿਆਲੀ 3. ਚੰਦਰਮਾ 4. ਤੁੱਛ 5. ਵਸੀਲਾ 6. ਬਕਵਾਸ 7. ਸਵਾਦ।

Sri Satguru Jagjit Singh Ji eLibrary NamdhariElibrary@gmail.com

ਆਵਾਗਵਨ ਤੋਂ ਛੁਟਕਾਰੇ ਲਈ ਅਨੇਕ ਮਨਮੁਖ ਸਾਧਕ ਭਾਂਤ-ਭਾਂਤ ਦੇ ਯਤਨ ਕਰਦੇ ਹਨ ਪਰ ਉਹਨਾਂ ਨੂੰ ਸਫਲਤਾ ਕਦੇ ਨਸੀਬ ਨਹੀਂ ਹੁੰਦੀ, ਕਿਉਂਕਿ ਅਗੰਮ ਮੰਡਲ ਦੀ ਕੁੰਜੀ ਗੁਰੂ ਦੇ ਹੱਥ ਹੈ ਤੇ ਗੁਰੂ ਦਾ ਪੱਲਾ ਉਹਨਾਂ ਨੇ ਫੜਿਆ ਨਹੀਂ ਹੁੰਦਾ। ਇਸ ਤਰ੍ਹਾਂ ਦੇ ਸਾਧਨਾਂ ਦੀਆਂ ਕੁਝ ਉਦਾਹਰਣਾਂ ਭਾਈ ਗੁਰਦਾਸ ਨੇ ਆਪਣੀ ਛੱਤੀਵੀਂ ਵਾਰ ਵਿਚ ਪੇਸ਼ ਕਰਕੇ ਉਹਨਾਂ ਨੂੰ ਗੁਰੂ ਦੀ ਸ਼ਰਨ ਢੂੰਡਣ ਲਈ ਪਰੇਰਿਆ ਹੈ। ਆਪ ਲਿਖਦੇ ਹਨ :

ਸਿਰ ਤਲਵਾਇਆ[1] ਪਾਈਐ ਚਮਗਿੱਦੜ ਜੂਹੇ[2]।
ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾਂ ਚੂਹੇ।
ਮਿਲੈ ਨ ਵਡੀ ਆਰਜਾ ਬਿਸੀਅਰੁ[3] ਵਿਹੁ ਲੂਹੇ।
ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੇ[4]।
ਕੰਦਮੂਲ ਚਿਤੁ ਲਾਈਐ ਅਈਅੜ[5] ਵਿਣੁ ਧੂਹੇ[6]।
ਵਿਣੁ ਗੁਰ ਮੁਕਤਿ ਨ ਹੋਵਈ ਜਿਉ ਘਰੁ ਵਿਣੁ ਬੂਹੇ।

(ਵ. 36. ਪੌ. 13)

ਜੇ ਦਰਖ਼ਤਾਂ ਨਾਲ ਪੁੱਠੇ ਲਟਕ ਕੇ ਜਾਂ ਸਿਰ ਭਾਰ ਖੜੋਣ ਨਾਲ ਕਲਿਆਣ ਹੋ ਸਕਦੀ ਹੁੰਦੀ ਤਾਂ ਚਮਗਿੱਦੜ ਤਾਂ ਦਿਨ ਰਾਤ ਇਸ ਭਾਂਤ ਦਾ ਤਪ ਸਾਧਦੇ ਰਹਿੰਦੇ ਹਨ। ਜੇ ਮੜ੍ਹੀਆਂ ਮਸਾਣਾਂ ਜਿਹੀਆਂ ਉਜਾੜ ਥਾਵਾਂ ਵਿਚ ਡੇਰੇ ਲਾਇਆਂ ਉਧਾਰ ਹੋ ਜਾਂਦਾ ਤਾਂ ਚੂਹੇ ਜ਼ਰੂਰ ਬਾਜ਼ੀ ਮਾਰ ਲੈਂਦੇ, ਇਸ ਲਈ ਕਿ ਉਹ ਆਪਣੀਆਂ ਖੁੱਡਾਂ ਅਜਿਹੀਆਂ ਸੁੰਨਸਾਨ ਥਾਵਾਂ ਵਿਚ ਹੀ ਪੁੱਟਦੇ ਹਨ। ਯੋਗ ਅਭਿਆਸ ਨਾਲ ਉਮਰ ਵਿਚ ਬੇਸ਼ਕ ਵਾਧਾ ਹੋ ਜਾਂਦਾ ਹੈ, ਪਰ ਲੰਮੀਆਂ ਉਮਰਾਂ ਭੋਗਣ ਨਾਲ ਮੋਖ ਦੇ ਅਧਿਕਾਰੀ ਨਹੀਂ ਬਣ ਜਾਈਦਾ। ਸੱਪ ਖ਼ੂਬ ਲੰਮੀ ਆਰਜਾ ਭੋਗਦੇ ਹਨ, ਤੇ ਆਪਣੇ ਅੰਦਰ ਦੀ ਜ਼ਹਿਰ ਵਿਚ ਹੀ ਭੁੱਜੀ ਜਾਂਦੇ ਹਨ। ਜੇ ਪਿੰਡੇ ਤੇ ਪਾਣੀ ਨਾ ਪਾ ਕੇ, ਕੱਪੜੇ ਨਾ ਧੋ ਕੇ, ਬੱਸ ਗੰਦੇ ਰਹਿ ਕੇ ਛੁਟਕਾਰਾ ਸੰਭਵ ਹੋਵੇ ਤਾਂ ਚਲ੍ਹਿਆਂ ਦੇ ਚਿੱਕੜਾਂ ਜਾਂ ਮਿੱਟੀ ਘੱਟਿਆਂ ਵਿਚ ਲੇਟਣੀਆਂ ਲੈਂਦੇ ਸੂਰਾਂ ਤੇ ਗਧਿਆਂ ਨੂੰ ਬਹੁਤਾ ਚਿਰ ਆਪਣੀ ਜੂਨ ਦੀ ਮੰਦਹਾਲੀ ਵਿਚ ਨਾ ਜਿਊਣਾ ਪਵੇ। ਕਈ ਲੋਕਾਂ ਦਾ ਖ਼ਿਆਲ ਹੈ ਜੰਗਲਾਂ ਵਿਚ ਰਹਿ ਕੇ ਬਿਰਛਾਂ ਬੂਟਿਆਂ ਦੇ ਫਲਾਂ, ਜੜ੍ਹਾਂ ਨਾਲ ਪੇਟ ਭਰ ਕੇ ਨਿਰਵਾਣ ਲੱਭ ਪੈਂਦਾ ਹੈ, ਪਰ ਉਹ ਇਹ ਨਹੀਂ ਸੋਚਦੇ ਕਿ ਭੇਡਾਂ ਬੱਕਰੀਆਂ ਦੇ ਸਾਰੇ ਇੱਜੜ ਏਹੋ ਕੁਝ ਖਾ ਕੇ

---

1. ਮੂੰਧੇ ਸਿਰ 2. ਬਣਾਂ ਵਿਖੇ 3. ਸੱਪ 4. ਖੇਹ ਵਿਚ ਰੁਲਣਾ 5. ਬੱਕਰੀਆਂ ਦਾ ਵੱਗ 6. ਖਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਨਿਰਬਾਹ ਕਰਦੇ ਹਨ। ਸੱਚ ਇਹ ਹੈ ਕਿ ਜਿਵੇਂ ਬੂਹੇ ਬਿਨਾਂ ਕਿਸੇ ਘਰ ਵਿਚ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ, ਗੁਰੂ ਦੀ ਸਹਾਇਤਾ ਤੋਂ ਬਗ਼ੈਰ ਮੁਕਤੀ ਦਾ ਦੁਆਰ ਨਹੀਂ ਖੁਲ੍ਹਦਾ। ਇਹੋ ਦਲੀਲ ਤੀਰਥਾਂ ਤੇ ਨਹਾਉਣ (ਡੱਡੂ) ਜਟਾਂ ਵਧਾਉਣ (ਬੋਹੜ ਦਾ ਬਿਰਛ) ਨੰਗ ਧੜੰਗ ਘੁੰਮਣ (ਮਿਰਗ) ਸਰੀਰ ਨੂੰ ਸੁਆਹ ਮਲੀ ਰੱਖਣ (ਗਧਾ), ਮੋਨ ਧਾਰਨ (ਪਸ਼ੂ) ਉੱਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ :

ਮਿਲੈ ਜਿ ਤੀਰਥਿ ਨਾਤਿਆਂ ਡਡਾਂ[1] ਜਲ ਵਾਸੀ।
ਵਾਲ ਵਧਾਇਆਂ ਪਾਈਐ ਬੜ[2] ਜਟਾਂ ਪਲਾਸੀ।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ[3] ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸ਼ੂਆਂ ਜੜ ਹਾਸੀ।
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ।

(ਵ. 36, ਪੌ. 14)

ਕੁਝ ਲੋਕ ਸੋਚਦੇ ਹਨ ਜੇ ਅਸੀਂ ਮਹਾਂਪੁਰਸ਼ਾਂ ਦੇ ਦੱਸਣ ਅਨੁਸਾਰ ਜੋਤਿ ਸਰੂਪ ਹਾਂ ਫੇਰ ਤਾਂ ਆਪਣੇ ਆਪ ਨੂੰ ਪਰਸੰਨ ਕਰਨਾ ਹੀ ਪਰਮੇਸ਼ਰ ਨੂੰ ਪਰਸੰਨ ਕਰਨਾ ਹੈ। ਸੋ ਉਹ ਵਿਸ਼ਿਆਂ-ਵਿਕਾਰਾਂ ਵਿਚ ਗ਼ਲਤਾਨ ਹੋਏ ਰਹਿਣ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਉਚਿਤ ਉਪਰਾਲਾ ਮੰਨ ਕੇ ਆਪਣੇ ਆਪ ਨੂੰ ਤਬਾਹ ਕਰੀ ਜਾਂਦੇ ਹਨ। ਕੁਝ ਹੋਰਨਾਂ ਦਾ ਖ਼ਿਆਲ ਹੈ, ਇਸ ਦੁਨੀਆਂ, ਇਸ ਦੇ ਜੀਵਾਂ, ਵਸਤਾਂ ਨਾਲ ਕਿਸੇ ਵੀ ਪ੍ਰਕਾਰ ਦਾ ਲਗਾਓ ਅਧੋਗਤੀ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਉਹ ਸ਼ਹਿਰਾਂ, ਗਿਰਾਵਾਂ ਨੂੰ ਤਿਆਗ ਕੇ ਜੰਗਲਾਂ ਵਿਚ ਜਾ ਟਿਕਦੇ ਹਨ, ਜਾਂ ਨਿਰਜਨ ਰੇਗਿਸਤਾਨਾਂ ਵਿਚ ਭਟਕਦੇ ਫਿਰਦੇ ਹਨ, ਜਾਂ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਜਾ ਛੁਪਦੇ ਹਨ। ਕੁਝ ਹੋਰ ਥਾਂ-ਥਾਂ ਪਾਣੀ ਵਿਚ ਟੁਭੀਆਂ ਲਾਉਣ ਵਿਚ ਅਧਿਆਤਮ ਦੀ ਮੰਜ਼ਲ ਛੁਪੀ ਦੇਖਦੇ ਹਨ ਤੇ ਇਸ ਤਰ੍ਹਾਂ ਜਾਣੋਂ ਮਗਰਮੱਛਾਂ ਨਾਲ ਦਾਈਆ ਬੰਨ੍ਹ ਲੈਂਦੇ ਹਨ। ਕੋਈ ਇਕ ਏਹੋ ਜਿਹਾ ਵੀ ਲੱਭ ਪੈਂਦਾ ਹੈ ਜਿਹੜਾ ਤਾਰਿਆਂ ਜਿਉਂ ਕਿਸੇ ਅਤਿ ਉੱਚੇ ਦਰਖ਼ਤ ਦੀਆਂ ਟਾਹਣੀਆਂ ਵਿਚ ਛੁਪ ਕੇ ਰਹਿੰਦਾ ਹੈ, ਜਾਂ ਫੇਰ ਸੱਪਾਂ ਦੀਆਂ ਖੁੱਡਾਂ ਸਮਾਨ ਭੋਰਾ ਪੁੱਟ ਕੇ ਪਾਤਾਲ ਦਾ ਵਾਸੀ ਬਣ ਬਹਿੰਦਾ ਹੈ। ਪਰ ਇਸ ਤਰ੍ਹਾਂ ਦੀ ਕੋਈ ਵੀ ਸਾਧਨਾ ਕਿਸੇ ਕੰਮ ਨਹੀਂ ਆਉਂਦੀ, ਉਹ ਜਗਤ ਦੀ ਜਿਲ੍ਹਣ ਵਿਚ ਡੁੱਬ ਮਰਨ ਦਾ ਹੀ ਸਿੱਟਾ ਪੈਦਾ ਕਰਦੀ ਹੈ। ਇਹਨਾਂ ਭੁੱਲੜ ਜਗਿਆਸੂਆਂ ਨੂੰ ਸਮਝ ਲੱਗਣੀ

1. ਡੱਡੂ 2. ਬੋਹੜ 3 ਗਧਾ।

Sri Satguru Jagjit Singh Ji eLibrary NamdhariElibrary@gmail.com

ਚਾਹੀਦੀ ਹੈ ਕਿ ਸਤਿਗੁਰੂ ਦੀ ਸ਼ਰਨ ਤੱਕੇ ਬਿਨਾਂ ਕੋਈ ਵੀ ਜਤਨ ਅਪਣਾ ਕੇ ਸਫਲਤਾ ਨਸੀਬ ਨਹੀਂ ਹੁੰਦੀ :

ਕੋਟੀ ਸਾਦੋ[1] ਕੇਤੜੇ ਜੰਗਲ ਭੂਪਾਲਾ[2]।
ਥਲੀ ਵਰੋਲੇ ਕੇਤੜੇ ਪਰਬਤ ਬੇਤਾਲਾ[3]।
ਨਦੀਆਂ ਨਾਲੇ ਕੇਤੜੇ ਸਰਵਰ[4] ਅਸਰਾਲਾ[5]।
ਅੰਬਰਿ ਤਾਰੇ ਕੇਤੜੇ ਬਿਸੀਅਰੁ[6] ਪਾਤਾਲਾ।
ਭੰਭਲਭੂਸੇ ਭੁਲਿਆਂ, ਭਵਜਲ ਭਰਨਾਲਾ[7]।
ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ।

(ਵ. 34, ਪੌ. 18)

1. ਕ੍ਰੋੜਾਂ ਸਵਾਦ 2. ਰਾਜੇ 3. ਭੂਤਨੇ 4. ਸਮੁੰਦਰ 5. ਮਗਰਮੱਛ 6. ਸੱਪ 7. ਸੰਸਾਰ ਦਾ ਪਰਵਾਹ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਨਾਮ

ਸਾਧਾਰਨ ਤੌਰ ਤੇ 'ਨਾਮ' ਦਾ ਭਾਵ, ਉਹ ਸ਼ਬਦ ਲਈਦਾ ਹੈ, ਜਿਸ ਦੁਆਰਾ ਕਿਸੇ ਵਿਸ਼ੇਸ਼ ਵਿਅਕਤੀ ਨੂੰ ਪਛਾਣਿਆ, ਸੱਦਿਆ, ਯਾਦ ਕੀਤਾ ਜਾਂਦਾ ਹੋਵੇ। ਜਿਸ ਬਾਰੇ ਏਥੇ ਚਰਚਾ ਕਰਨੀ ਹੈ, ਉਹ ਹੈ, ਸਾਡਾ ਕਰਤਾਪੁਰਖ, ਪ੍ਰਭੂ ਪਰਮੇਸ਼ਰ। ਜਦ ਗੁਰੂ ਅਰਜਨ ਸਾਹਿਬ ਫ਼ਰਮਾਉਂਦੇ ਹਨ, 'ਨਾਮੁ ਸਿਮਰਿ ਚਿੰਤਾ ਸਭ ਜਾਹਿ' (ਅ. ਗ. ਪੰ. 192) ਜਾਂ ਭਾਈ ਗੁਰਦਾਸ 'ਸਿਮਰਿ ਸਹਸਿ ਫਣ ਸੇਸੁ ਤਿਲੁ ਨ ਪਛਾਣਿਆ' (ਵ. 3, ਪੌ. 1) ਤਾਂ ਉਹਨਾਂ ਦਾ ਇਸ਼ਾਰਾ ਇਸੇ ਪ੍ਰਭੂ ਦੇ ਨਾਮ ਦੇ ਸਿਮਰਨ ਵੱਲ ਹੁੰਦਾ ਹੈ।

ਵੈਸੇ ਤਾਂ ਨਾਮ ਉਹ ਸ਼ਕਤੀ ਹੈ ਜਿਹੜੀ ਸਮੁੱਚੀ ਸ੍ਰਿਸ਼ਟੀ ਦੀ ਰਚਨਹਾਰ ਹੈ ਤੇ ਉਸ ਦੀ ਪ੍ਰਤਿਪਾਲਕ ਵੀ, ਪਰ ਪਲ ਦਾ ਪਲ ਅਸੀਂ ਆਪਣਾ ਧਿਆਨ ਉਸ ਨਾਮ ਤੇ ਕੇਂਦ੍ਰਿਤ ਰਖਾਂਗੇ ਜਿਹੜਾ ਪ੍ਰੇਮਾ-ਭਗਤੀ ਦੇ ਮਾਰਗ ਤੇ ਚਲਦਿਆਂ ਪ੍ਰਭੂ ਨਾਲ ਮਿਲਾਪ ਕਰਨ ਦੇ ਮਾਧਿਅਮ ਵਜੋਂ ਉਪਯੋਗੀ ਹੁੰਦਾ ਹੈ। ਇਹ ਨਾਮ ਲਿਖਣ, ਪੜ੍ਹਨ, ਬੋਲਣ ਵਾਲਾ ਵੀ ਹੋ ਸਕਦਾ ਹੈ, ਜਿਵੇਂ ਪਰਮਾਤਮਾ (ਵਰਣਾਤਮਕ ਨਾਮ) ਤੇ ਅਨਹਤ ਜਾਂ ਅਨਹਦ ਸ਼ਬਦ ਦੀ ਧੁਨੀ ਵੀ (ਧੁਨਾਤਮਕ ਨਾਮ)। ਸੰਤ ਸਤਿਗੁਰੂਆਂ ਦੀ ਬਾਣੀ ਅਤੇ ਭਾਈ ਗੁਰਦਾਸ ਦੀ ਰਚਨਾ ਵਿਚ ਪਦ 'ਨਾਮ' ਬਹੁਤ ਕਰਕੇ ਇਹਨਾਂ ਦੋਹਾਂ ਅਰਥਾਂ ਵਿਚ ਹੀ ਵਰਤਿਆ ਮਿਲਦਾ ਹੈ।

### *ਨਾਮ ਸਤਿਗੁਰੂ ਤੋਂ ਹੀ*

ਪਰਮੇਸ਼ਰ ਦਾ ਸੱਚਾ ਨਾਮ, ਆਦਿ ਜੁਗਾਦੀ ਨਾਮ, ਅਥਵਾ ਅਨਾਦੀ ਅਤੇ ਅਨੰਤ ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ :

ਸਚ ਨਾਉ ਕਰਤਾਰ ਗੁਰਮੁਖਿ ਪਾਈਐ। (ਵ. 19, ਪੌ. 16)

ਇਉਂ ਸਮਝੋ ਕਿ ਸ਼ਬਦ ਜਾਂ ਨਾਮ ਦੀ ਕਮਾਈ ਦੀ ਜੁਗਤੀ ਗੁਰੂ ਤੋਂ ਸਿਖਣੀ ਜ਼ਰੂਰੀ ਹੈ, ਐਵੇਂ ਭਾਵੇਂ ਉਹਦੀ ਧੁਨੀ ਹਰ ਪ੍ਰਾਣੀ ਦੇ ਹਿਰਦੇ ਵਿਚ ਹਰ ਛਿਨ ਹੁੰਦੀ ਰਹਿੰਦੀ ਹੈ, ਉਹਨੂੰ ਸੁਣਨਾ ਸੰਭਵ ਨਹੀਂ।



Sri Satguru Jagjit Singh Ji eLibrary NamdhariElibrary@gmail.com

ਸਿੱਖ ਲਈ ਸਤਿਗੁਰੂ ਦੀ ਸਿਖਾਈ ਜੁਗਤ ਅਨੁਸਾਰ ਸ਼ਬਦ ਵਿਚ ਸੁਰਤਿ ਦੀ ਲਿਵ ਜੋੜਨਾ ਹੀ ਸਹੀ ਅਰਥਾਂ ਵਿਚ ਮੂਲ-ਮੰਤਰ ਦਾ ਅਭਿਆਸ ਹੁੰਦਾ ਹੈ। ਉਹ ਕਿਸੇ ਹੋਰ ਭਾਂਤ ਦੇ ਤੰਤਰ ਮੰਤਰ ਦੇ ਪਾਠ ਜਾਪ ਵਿਚ ਕੋਈ ਦਿਲਚਸਪੀ ਨਹੀਂ ਰਖਦਾ :

ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ।

(ਕ. ਸ. 183)

ਗੁਰ ਸਿੱਖ ਦੇ ਸਿਮਰਨ ਦਾ ਮਤਲਬ ਉਸ ਨਾਮ ਦਾ ਜਾਪ ਹੈ ਜਿਹੜਾ ਸਤਿਗੁਰੂ ਉਸ ਨੂੰ ਦੀਖਿਆ ਸਮੇਂ ਗੁਰ ਮੰਤਰ ਦੇ ਰੂਪ ਵਿਚ ਦਿੰਦਾ ਹੈ। ਸਿੱਖ ਦੇ ਆਪਣੇ ਮਨ ਦੀ ਮਤਿ ਅਨੁਸਾਰ ਪਸੰਦ ਕੀਤੇ, ਕਿਸੇ ਹੋਰ ਦੇ ਸੁਝਾਏ ਜਾਂ ਏਧਰੋਂ ਓਧਰੋਂ ਪੜ੍ਹੇ ਪੜ੍ਹਾਏ ਨਾਮ ਦਾ ਨਹੀਂ :

ਗੁਰਸਿਖੀ ਦਾ ਸਿਮਰਣੋ ਸਤਿਗੁਰ ਮੰਤ੍ਰ ਕੋਲੂ ਰਸੁ ਇਖੇ[1]।

(ਵ. 28, ਪੌ. 5)

ਸੰਤ ਮਾਰਗ ਦੀ ਸਾਧਨਾ ਅੱਖਰੀ ਨਾਮ ਦੇ ਸਿਮਰਨ ਤੋਂ ਅਰੰਭ ਹੁੰਦੀ ਹੈ, ਉਸ ਨਾਮ ਨੂੰ ਬਾਰ-ਬਾਰ ਦੁਹਰਾਉਣ ਦੇ ਰੂਪ ਵਿਚ। ਸਾਡੇ ਜ਼ਮਾਨਿਆਂ ਵਿਚ ਸਕੂਲ ਦੇ ਬੱਚੇ ਆਪਣੇ ਪਹਾੜੇ (ਇਕ ਦੂਣੀ ਦੂਣੀ) ਉੱਚੀ ਉੱਚੀ ਬੋਲ ਕੇ ਯਾਦ ਕਰਦੇ ਸਨ। ਉਸ ਵਿਧੀ ਨਾਲ ਧਿਆਨ ਸਮਰਣ ਕੀਤੀ ਜਾਣ ਵਾਲੀ ਚੀਜ਼ ਤੇ ਰੋਕ ਰਖਣ ਲਈ ਜ਼ਬਾਨ ਦੀ ਸਹਾਇਤਾ ਲਈ ਜਾਂਦੀ ਹੈ ਤੇ ਕੰਨਾਂ ਦੀ ਵੀ। ਪਰ ਗੁਰੂ ਦਾ ਦਿੱਤਾ ਨਾਮ ਇਸ ਤਰ੍ਹਾਂ ਨਹੀਂ ਸਿਮਰਿਆ ਜਾਂਦਾ। ਗੁਰੂ ਦੇ ਦਿੱਤੇ ਨਾਮ ਦਾ ਸਿਮਰਨ ਨਾ ਜੀਭ ਨਾਲ ਕੀਤਾ ਜਾਂਦਾ ਹੈ, ਨਾ ਮਾਲਾ ਫੇਰ ਕੇ। ਉਹਦੇ ਵਿਚ ਕਿਸੇ ਕਿਸਮ ਦੀ ਬਾਹਰਲੀ ਵਸਤੂ ਦੇ ਸਹਾਰੇ ਦੀ ਲੋੜ ਨਹੀਂ ਪੈਂਦੀ। ਇਹ ਸਿਮਰਨ ਮਨ ਦੁਆਰਾ ਕੀਤਾ ਜਾਂਦਾ ਹੈ। ਇਸਦੀ ਪੂਰੀ ਵਿਧੀ ਸੰਤ-ਸਤਿਗੁਰੂ ਜਗਿਆਸੂ ਨੂੰ ਨਾਮ-ਦਾਨ ਸਮੇਂ ਸਮਝਾਉਂਦੇ ਹਨ।

ਨਾਮ ਸਿਮਰਨ ਦੀ ਜਿੰਨੀ ਵੀ ਮਹਿਮਾ ਕਰ ਲਈ ਜਾਵੇ ਥੋੜ੍ਹੀ ਹੈ। ਵੇਖੋ ਗੁਰੂ ਅਰਜਨ ਸਾਹਿਬ ਨੇ ਉਸ ਬਾਰੇ ਸੁਖਮਨੀ ਸਾਹਿਬ ਵਿਚ ਅਤੇ ਹੋਰ ਥਾਵੇਂ ਕਿੰਨਾ ਕੁਝ ਕਿਹਾ ਹੈ, ਤੇ ਬਾਕੀ ਸੰਤ-ਸਤਿਗੁਰੂਆਂ ਨੇ ਵੀ। ਪਰ ਇਹ ਸਿਮਰਨ ਉਸ ਤਰ੍ਹਾਂ ਦਾ ਸੌਖਾ ਕੰਮ ਨਹੀਂ ਜਿਵੇਂ ਵੱਡੇ ਲੋਕ ਆਪਣੇ ਅਹੁਦੇ ਦੀ ਸੌਂਹ ਵਜੋਂ ਕੁਝ ਨਿਸ਼ਚਿਤ ਸ਼ਬਦ ਪੜ੍ਹ ਕੇ ਸੁਣਾਉਂਦੇ ਹਨ ਤੇ ਵਜ਼ੀਰ ਜਾਂ ਜੱਜ ਬਣ ਜਾਂਦੇ

1. ਜਿੱਠੇ।

ਹਨ। ਨਾਮ ਨੂੰ ਤਾਂ ਹਰ ਸਾਹ ਨਾਲ ਸਿਮਰਨ ਦੀ ਤਾਕੀਦ ਕੀਤੀ ਜਾਂਦੀ ਹੈ। (ਸਾਸਿ ਸਾਸਿ ਸਿਮਰਹੁ ਗੋਬਿੰਦ। (ਮ: 5, ਅ. ਗ. ਪੰ. 295); ਸਗੋਂ ਹਰ ਗ੍ਰਾਸ ਨਾਲ ਵੀ (ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ। ਮ: 5, ਅ. ਗ. ਪੰ. 289) ਤੁਸੀਂ ਦੇਖਿਆ ਹੋਵੇਗਾ, ਪਾਣੀ ਦਾ ਨਾਚੀਜ਼ ਤੁਪਕਾ ਕਿਸੇ ਪੱਥਰ ਉੱਤੇ ਇਕੋ ਥਾਂ ਨਿਰੰਤਰ ਟਪਕਦਾ ਰਹੇ ਤਾਂ ਉਹ ਉਸ ਵਿਚ ਟੋਆ ਪੁੱਟ ਦਿੰਦਾ ਹੈ, ਨਾਮ ਦੇ ਅਭਿਆਸੀ ਲਈ ਵੀ ਉਸੇ ਤਰ੍ਹਾਂ ਦੀ ਲਗਨ ਲੋੜੀਂਦੀ ਹੈ :

ਗੁਰਮੁਖਿ ਓਅੰਕਾਰੁ ਸਬਦਿ ਧਿਆਈਐ।
ਗੁਰਮੁਖਿ ਸਬਦੁ ਵੀਚਾਰੁ ਸਦਾ ਲਿਵ ਲਾਈਐ।

(ਵ. 19, ਪੌ. 16)

ਸ਼ਬਦ ਵਿਚ ਬਿਰਤੀ ਜੋੜਨ ਲਈ ਆਵੱਸ਼ਕ ਹੈ ਕਿ ਗੁਰੂ ਤੋਂ ਦੀਖਿਆ ਲਈ ਜਾਵੇ। ਆਪਣੀਆਂ ਨਿੱਜੀ ਕੋਸ਼ਿਸ਼ਾਂ ਨਾਲ ਜਾਂ ਪੁਸਤਕਾਂ, ਗ੍ਰੰਥਾਂ ਤੇ ਹੀ ਨਿਰਭਰ ਕਰ ਕੇ ਉਸ ਵਿਚ ਸਫਲਤਾ ਹਾਸਲ ਨਹੀਂ ਹੁੰਦੀ। ਜਿਹੜਾ ਰਾਹੀ ਰਸਤੇ ਦੀ ਠੀਕ ਸੂਝ ਨਾ ਹੋਣ ਦੇ ਬਾਵਜੂਦ ਅੰਨ੍ਹੇਵਾਹ ਸਫ਼ਰ ਜਾਰੀ ਰਖਦਾ ਹੈ, ਉਹ ਬਹੁਤੀ ਵਾਰ ਆਪਣਾ ਪੈਂਡਾ ਮੁਕਾ ਨਹੀਂ, ਵਧਾ ਰਿਹਾ ਹੁੰਦਾ ਹੈ। ਬਾਅਦ ਵਿਚ ਆਪਣੀ ਨਾਕਾਮੀ ਤੇ ਅੱਥਰੂ ਕੇਰਨ ਤੋਂ ਬਚਣਾ ਹੋਵੇ ਤਾਂ ਉਹਦੇ ਲਈ ਉਚਿਤ ਹੈ ਕਿ ਸਤਿਗੁਰੂ ਦੀ ਅਗਵਾਈ ਬਿਨਾਂ ਪਰਮਾਰਥ ਦੇ ਮਾਰਗ ਤੇ ਕਦਮ ਨਾ ਪੁੱਟੇ :

ਗੁਰਮੁਖਿ ਨਾਮ ਅਧਾਰ ਨ ਪਛੋਤਾਈਐ। (ਵ. 19, ਪੌ. 16)

ਸੱਚੇ ਸ਼ਬਦ ਦਾ ਸਿੱਕਾ ਜਿਹੜਾ ਪ੍ਰਭੂ ਪਰਮੇਸ਼ਰ ਨੇ ਆਪਣੀ ਟਕਸਾਲ ਵਿਚ ਘੜਿਆ ਹੈ, ਉਹ ਉਹਨੇ ਵੰਡੇ ਵਰਤੇ ਜਾਣ ਲਈ ਸਤਿਗੁਰੂ ਨੂੰ ਸੌਂਪ ਦਿੱਤਾ ਹੈ :

ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ।

(ਵ. 24, ਪੌ. 8)

ਜ਼ਾਹਰ ਹੈ ਉਹ ਸਿੱਕਾ ਸਤਿਗੁਰੂ-ਭਗਤੀ ਤੋਂ ਛੁੱਟ ਕਿਸੇ ਹੋਰ ਵਸੀਲੇ ਦੁਆਰਾ ਨਹੀਂ ਲੱਭ ਸਕਦਾ। ਇਹੋ ਵਿਚਾਰ ਭਾਈ ਸਾਹਿਬ ਨੇ ਆਪਣੇ ਇਕ ਕਬਿੱਤ ਵਿਚ ਕੁਝ ਹੋਰ ਸੁੰਦਰ ਉਪਮਾਵਾਂ ਦੁਆਰਾ ਸਪਸ਼ਟ ਕੀਤਾ ਹੈ :

ਜੈਸੇ ਬਿਨੁ ਪਵਨ ਕਵਨ ਗੁਨ ਚੰਦਨ ਲੈ
ਬਿਨੁ ਮਲਿਆਗਰ[1] ਪਵਨ ਕਤ ਬਾਸਿ ਹੈ।

---

1. ਚੰਦਨ

Sri Satguru Jagjit Singh Ji eLibrary NamdhariElibrary@gmail.com

ਜੈਸੇ ਬਿਨੁ ਬੈਦ ਅਵਖਦ[1] ਗੁਨ ਗੋਪਿ ਹੋਤ
ਅਵਖਦ ਬਿਨੁ ਬੈਦ ਰੋਗਹਿ ਨਾ ਗ੍ਰਾਸ ਹੈ।
ਜੈਸੇ ਬਿਨੁ ਬੋਹਿਥ[2] ਨ ਪਾਰ ਪਰੈ ਖੇਵਟ[3] ਸੈ
ਖੇਵਟ ਬਿਹੂੰਨ ਕਤ ਬੋਹਿਥ ਬਿਸ੍ਵਾਸ ਹੈ।
ਤੈਸੇ ਗੁਰ ਨਾਮੁ ਬਿਨੁ ਗੰਮਿ ਨ ਪਰਮ ਪਦੁ
ਬਿਨੁ ਗੁਰਿ ਨਾਮ ਨਿਹਕਾਮ ਨ ਪ੍ਰਗਾਸ ਹੈ।
(ਕ. ਸ. 516)

ਜੇ ਪੌਣ ਵਗ ਕੇ ਚੰਦਨ ਦੀ ਖੁਸ਼ਬੂ ਨੂੰ ਥਾਉਂ-ਥਾਈਂ ਨਾ ਫੈਲਾਵੇ ਤਾਂ ਇਸ ਅਨੂਪ ਬਿਰਛ ਦਾ ਕੱਖ ਮੁੱਲ ਨਾ ਪਵੇ। ਇਹਦੇ ਵਿਰੁੱਧ ਜੇ ਚੰਦਨ ਦੇ ਬਿਰਛ ਹੀ ਕਿਧਰੇ ਮੌਜੂਦ ਨਾ ਹੋਣ, ਹਵਾ ਸੁਗੰਧੀ ਤੋਂ ਸੱਖਣੀ ਰਹਿ ਜਾਏ। ਜੇਕਰ ਉਹਨਾਂ ਦੇ ਗੁਣਾਂ ਸੁਭਾਵਾਂ ਨੂੰ ਜਾਨਣ ਵਾਲੇ ਵੈਦ ਪੈਦਾ ਨਾ ਹੋਣ ਤਾਂ ਅਉਸ਼ਧੀਆਂ ਦੀ ਰੋਗਾਂ ਨੂੰ ਮਿਟਾਉਣ ਦੀ ਸ਼ਕਤੀ ਅਣਵਰਤੀ ਹੀ ਰਹਿ ਜਾਏ ਤੇ ਅਉਸ਼ਧੀਆਂ ਦੇ ਨਾ ਉਗਣ ਦੀ ਸੂਰਤ ਵਿਚ ਅਨੇਕਾਂ ਬੀਮਾਰੀਆਂ ਵੈਦਾਂ ਦੇ ਕਾਬੂ ਨਾ ਆਉਣ। ਕਿਸ਼ਤੀ ਤੋਂ ਬਗ਼ੈਰ ਚਤਰ ਤੋਂ ਚਤਰ ਮਲਾਹ ਆਪਣੇ ਪੂਰ ਨੂੰ ਨਦੀ ਤੋਂ ਪਾਰ ਨਹੀਂ ਟਪਾ ਸਕਦਾ, ਤੇ ਮਲਾਹ ਦੀ ਸਹਾਇਤਾ ਦਾ ਵਿਸ਼ਵਾਸ਼ ਨਾ ਹੋਣ ਦੀ ਸੂਰਤ ਵਿਚ ਕੋਈ ਸਵਾਰੀ ਕਿਸ਼ਤੀ ਵਿਚ ਬੈਠਣ ਦਾ ਸਾਹਸ ਨਹੀਂ ਕਰੇਗੀ। ਉਸੇ ਤਰ੍ਹਾਂ ਜੇ ਗੁਰੂ ਨਾ ਹੋਣ ਤਾਂ ਸੱਚਾ ਨਾਮ ਅੰਤਹਕਰਣ ਵਿਚ ਪ੍ਰਗਟ ਨਾ ਕੀਤਾ ਜਾ ਸਕੇ, ਤੇ ਗੁਰੂ ਦੇ ਬਖਸ਼ੇ ਉਕਤ ਨਾਮ ਤੋਂ ਬਗ਼ੈਰ ਪਰਮ ਪਦ ਦੀ ਪ੍ਰਾਪਤੀ ਕਿਥੋਂ ਹੋਣੀ ਹੋਈ।

**ਸ਼ਬਦ**

ਨਾਮ, ਸ਼ਬਦ ਦੀ ਦੌਲਤ ਗੁਰੂ ਦੁਆਰਾ, ਮੁੱਢ ਤੋਂ, ਜੁਗਾਂ ਦੇ ਆਰੰਭ ਤੋਂ ਹੀ ਵਰਤਾਈ ਜਾ ਰਹੀ ਹੈ :

ਆਦਿ ਪੁਰਖ ਆਦੇਸੁ ਕਰਿ ਆਦਿ ਜੁਗਾਦਿ ਸ਼ਬਦ ਵਰਤਾਇਆ।
(ਵ. 24, ਪੌ. 13)

'ਸ਼ਬਦ' ਦੇ ਕਈ ਅਰਥ ਪ੍ਰਚਲਤ ਹਨ। ਉਹਨਾਂ ਵਿਚੋਂ ਇਕ ਹੈ 'ਪਦ', ਕਿਸੇ ਸੰਤ ਮਹਾਤਮਾ ਦਾ ਛੰਦ-ਬਧ ਬਚਨ; ਇਹਨਾਂ ਤੋਂ ਬਿਨਾਂ ਲਫ਼ਜ਼ ਕੁਝ ਅੱਖਰਾਂ ਲਗਾਂ ਦਾ ਸਮੂਹ, ਦੂਜੇ ਅਰਥ ਹਨ ਖੜਾਕ, ਅਵਾਜ਼ ਤੀਜੇ ਅਰਥ ਹਨ ਕਿਸੇ ਸਿੱਖ ਨੂੰ ਦਿੱਤੀ ਗੁਰੂ ਦੀ ਸਿੱਖਿਆ। ਸ਼ਬਦ ਪਦ ਪਰਮੇਸ਼ਰ ਜਾਂ ਵਾਹਿਗੁਰੂ ਅਤੇ ਉਹਦੇ ਹੁਕਮ ਲਈ ਵੀ ਵਰਤਿਆ ਗਿਆ ਹੈ।

---

1. ਦਵਾਈ 2. ਜਹਾਜ਼ 3. ਮਲਾਹ।

Sri Satguru Jagjit Singh Ji eLibrary NamdhariElibrary@gmail.com

ਜਿਥੋਂ ਤਕ ਕੰਨੀਂ ਸੁਣੇ ਜਾਣ ਵਾਲੇ ਸ਼ਬਦ ਦਾ ਸੰਬੰਧ ਹੈ, ਉਹ ਅਜਿਹਾ ਵੀ ਹੋ ਸਕਦਾ ਹੈ ਕਿ ਮੂੰਹੋਂ ਬੋਲਿਆ ਤੇ ਲਿਖਤ ਵਿਚ ਲਿਆਂਦਾ ਜਾ ਸਕੇ, ਵਰਣਾਤਮਕ ਸ਼ਬਦ : ਆਸਾ ਰਾਗ ਦੀ ਵਾਰ ਇਸ ਸ਼੍ਰੇਣੀ ਵਿਚ ਆ ਜਾਵੇਗੀ। ਇਹਦੇ ਉਲਟ ਉਹ ਸ਼ਬਦ ਜਿਹੜਾ ਕਿਸੇ ਇਕ ਚੀਜ਼ ਦੇ ਦੂਜੀ ਨਾਲ ਟਕਰਾਉਣ ਤੋਂ ਪੈਦਾ ਹੋਵੇ, ਜਿਵੇਂ ਸਿਤਾਰ, ਤਬਲੇ ਦੀ ਮਦਦ ਨਾਲ ਪੈਦਾ ਕੀਤਾ ਸੰਗੀਤ।

ਧੁਨਾਤਮਕ ਸ਼ਬਦ ਨਾ ਜ਼ਬਾਨ ਨਾਲ ਉਚਾਰਿਆ ਜਾ ਸਕਦਾ ਹੈ, ਨਾ ਕਲਮ ਦੀ ਪਕੜ ਵਿਚ ਆਉਂਦਾ ਹੈ। ਇਸ ਸ਼ਬਦ ਦੀ ਇਕ ਵਿਸ਼ੇਸ਼ ਵੰਨਗੀ ਹੈ, ਅਨਹਤ ਸ਼ਬਦ। ਇਹ ਉਹ ਧੁਨੀ ਹੈ, ਜਿਸ ਨੂੰ ਸਾਡੇ ਪੰਜ ਭੌਤਿਕ ਕੰਨ ਨਹੀਂ ਸੁਣ ਪਾਉਂਦੇ, ਇਸ ਦਾ ਅਨੁਭਵ ਸੁਰਤਿ ਜਾਂ ਆਤਮਾ ਦੁਆਰਾ ਹੁੰਦਾ ਹੈ, ਸਰੀਰ ਦੁਆਰਾ ਨਹੀਂ।

*ਸ਼ਬਦ ਦਾ ਸਰੂਪ*

ਸ਼ਬਦ ਦੇ ਸਰੂਪ ਦਾ ਰਤਾ ਬਿਹਤਰ ਅਨੁਮਾਨ ਲਾਉਣ ਦੇ ਜਤਨ ਵਜੋਂ ਕਹਿ ਸਕਦੇ ਹਾਂ, ਸ਼ਬਦ ਕਿਸੇ ਟਿਕੀ ਸ਼ਾਂਤ ਝੀਲ ਦਾ ਪਾਣੀ ਨਹੀਂ, ਉਹ ਇਕ ਨਿਝਰ ਝਰਦੇ ਚਸ਼ਮੇ ਦੇ ਵਧੇਰੇ ਨੇੜੇ ਹੈ। ਜਦ ਚਸ਼ਮਾ ਪਹਾੜ ਦੀ ਛਾਤੀ ਚੀਰ ਕੇ ਧਰਤੀ ਤੇ ਪ੍ਰਗਟ ਹੁੰਦਾ ਹੈ ਤਦ ਉਸਦੀ ਕੰਨਾਂ ਲਈ ਵੱਖਰੀ ਪਛਾਣ ਹੁੰਦੀ ਹੈ। ਜਦ ਉਹ ਆਪਣਾ ਰਾਹ ਰੋਕਦੇ ਪੱਥਰਾਂ ਨਾਲ ਟਕਰਾਉਂਦਾ, ਉਹਨਾਂ ਨੂੰ ਵਲਾ ਕੇ ਅੱਗੇ ਲੰਘਦਾ ਹੈ, ਤਾਂ ਹੋਰ ਤਰ੍ਹਾਂ ਦਾ ਸ਼ੋਰ ਪੈਦਾ ਕਰਦਾ ਹੈ, ਆਬਸ਼ਾਰ ਬਣ ਕੇ ਡਿਗਣ ਸਮੇਂ ਹੋਰ, ਮੈਦਾਨਾਂ ਵਿਚ ਸਹਿਜ ਨਾਲ ਵਗਦਿਆਂ ਹੋਰ ਤੇ ਆਪਣੀ ਯਾਤਰਾ ਦੇ ਅੰਤ ਤੇ ਸਾਗਰ ਵਿਚ ਘੁਲ ਮਿਲ ਜਾਣ ਲੱਗਿਆ ਹੋਰ। ਉਸੇ ਤਰ੍ਹਾਂ ਜਦ ਸਤਿਸੰਗੀ ਸ਼ਬਦ ਦੀ ਸਾਧਨਾ ਵਿਚ ਪ੍ਰਗਤੀ ਕਰਦਾ ਅੱਗੇ ਵਧਦਾ ਹੈ, ਉਸ ਨੂੰ ਸ਼ਬਦ ਦੀ ਧੁਨੀ ਹਰ ਪੜਾਉ ਤੇ ਹੋਰਵੇਂ ਰੂਪ ਵਿਚ ਸੁਣਦੀ ਹੈ। ਕਿਉਂਕਿ ਸੱਤ ਦੇਸ਼ ਤੋਂ ਮ੍ਰਿਤ ਮੰਡਲ ਤੱਕ ਦਾ ਪੈਂਡਾ ਚੋਖਾ ਲੰਮਾ ਹੈ, ਉਸ ਦੇ ਦੌਰਾਨ ਸੁਣੀਂਦੇ ਸ਼ਬਦ ਦੇ ਸਵਰ ਵੀ ਅਣਗਿਣਤ ਹਨ। ਭਾਈ ਗੁਰਦਾਸ ਦੇ ਸ਼ਬਦਾਂ ਵਿਚ :

ਅਨਹਦ ਨਾਦ ਅਸੰਖ ਸੁਣਿ ਹੋਇ ਹੈਰਾਣੈ। (ਵ. 13, ਪੌ. 4)

ਉਕਤ ਸ਼ਬਦ ਦੇ ਸਵਰਾਂ ਦੀ ਵਿਵਿਧਤਾ ਚਕ੍ਰਿਤ ਕਰ ਦੇਣ ਵਾਲੀ ਹੈ, ਬੇਸ਼ੱਕ। ਕਿਤੇ ਉਹ ਘੁੰਘਰੂ ਵਾਂਗ ਵਜਦਾ ਹੈ, (ਘੁੰਘਰੂ ਵਾਜੈ ਜੇ ਮਨ ਲਾਗੈ। ਮ: 1, ਅ. ਗ. ਪੰ. 356); ਕਿਧਰੇ ਘੰਟੇ ਵਾਂਗ (ਘੰਟਾ ਜਾ ਕਾ ਸੁਨੀਐ ਚਹੁ ਕੁੰਟ। ਮ: 5, ਅ. ਗ. ਪੰ. 393); ਕਿੰਗੁਰੀ ਵਾਂਗ (ਘਟਿ ਘਟਿ ਵਾਜੈ ਕਿੰਗੁਰੀ ਅਨਦਿਨ ਸਬਦਿ ਸੁਭਾਇ। ਮ: 1, ਅ. ਗ. ਪੰ. 62); ਬੀਣਾ ਵਾਂਗ (ਬਾਜੰਤ

Sri Satguru Jagjit Singh Ji eLibrary NamdhariElibrary@gmail.com

ਨਾਨਕ ਸਬਦ ਬੀਣਾ। ਮ: 5, ਅ. ਗ. ਪੰ. 1355); ਸਿੰਙੀ ਵਾਂਗ (ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ। ਮ: 1, ਅ. ਗ. ਪੰ. 730) ਇਤਿਆਦਿ।

ਭਾਈ ਗੁਰਦਾਸ ਨੇ ਵੀ ਗੁਰੂ ਸਾਹਿਬਾਨ ਵਾਂਗ ਅਨਹਦ ਸ਼ਬਦ ਦੀ ਰੁਣ ਝੁਣ, ਬੱਦਲ ਦੀ ਗਰਜ, ਸਿੰਗੀ, ਤੁਰੀ ਆਦਿ ਨਾਲ ਮਿਲਦੀ ਧੁਨੀ ਦਾ ਵੇਰਵਾ ਪਾਇਆ ਹੈ :

1. ਮਾਯਾ ਅਉ ਬ੍ਰਹਮ ਸਮ ਦਸਮ ਦੁਆਰ ਪਾਰਿ
   ਅਨਹਦ ਰੁਣ ਝੁਣ ਬਾਜਤ ਨੀਸਾਨੇ ਹੈ। (ਕ. ਸ. 29)
2. ਸਹਜ ਸਮਾਧਿ ਉਨਮਨ ਜਗਮਗ ਜੋਤਿ
   ਅਨਹਦ ਧੁਨਿ ਰੁਨ ਝੁਨਿ ਲਿਵ ਲਾਈਐ। (ਕ. ਸ. 222)
3. ਘਨਹਰ ਚਾਤ੍ਰਿਕ ਮੋਰ ਜਿਉ
   ਅਨਹਦ ਧੁਨਿ ਸੁਣਿ ਪਾਇਲ ਪਾਈ। (ਵ. 11, ਪੌ. 8)
4. ਸਿੰਙੀ ਸੁਰਤਿ ਵਿਸੇਖ ਸਬਦੁ ਵਜਾਇਆ। (ਵ. 20, ਪੌ. 17)
5. ਵਜਨਿ ਅਨਹਦ ਤੂਰ ਜੋਤਿ ਜਗਾਵਣਾ। (ਵ. 22, ਪੌ. 13)

ਅਖੀਰ ਵਾਲੀ ਤੁਕ ਤੋਂ ਇਹ ਵੀ ਵਿਦਿਤ ਹੋ ਜਾਂਦਾ ਹੈ ਕਿ ਸ਼ਬਦ ਧੁਨੀ ਵਿਚ ਪ੍ਰਕਾਸ਼ ਹੁੰਦਾ ਹੈ ਜਾਂ ਕਹਿ ਲਵੋ ਜੋਤਿ ਵਿਚ ਧੁਨੀ ਵੀ ਹੁੰਦੀ ਹੈ। ਭਾਈ ਗੁਰਦਾਸ ਦੀ ਪ੍ਰਤਿਭਾ ਦੀ ਇਕ ਖ਼ਾਸ ਪ੍ਰਾਪਤੀ ਇਹ ਹੈ ਕਿ ਉਹ ਕਿੰਨੀ ਵਾਰ ਇਕ ਹੀ ਪੰਕਤੀ ਵਿਚ ਬੜਾ ਕੁਝ ਕਹਿ ਜਾਂਦੇ ਹਨ; ਨਿਮਨ ਲਿਖਤ ਉਦਾਹਰਣ ਵਿਚਾਰ ਅਧੀਨ ਵਿਸ਼ੇ ਨਾਲ ਸੰਬੰਧ ਰੱਖਦੀ ਹੈ :

ਸ਼ਬਦ ਸੁਰਤਿ ਗੁਰਸਿਖੁ ਹੋਇ ਅਨਹਦ ਬਾਣੀ ਨਿਝਰ ਧਾਰਾ।
(ਵ. 24, ਪੌ. 14)

ਸ਼ਬਦ ਦੀ ਧੁਨੀ ਹਕੀਕਤ ਵਿਚ ਰੱਬੀ ਬਾਣੀ ਹੈ। ਉਹ ਬਿਨਾਂ ਤਾਰ ਟੁੱਟੇ ਇਕ ਰਸ ਵਜਦੀ ਰਹਿੰਦੀ ਹੈ; ਇਸ ਨੂੰ ਸੁਣਨ ਦੀ ਜਾਚ ਗੁਰੂ ਤੋਂ ਸਿਖਣੀ ਪੈਂਦੀ ਹੈ ਤੇ ਇਸ ਦਾ ਆਨੰਦ ਮਾਣਨ ਦਾ ਜ਼ਰੀਆ ਹੈ ਸੁਰਤਿ। ਇਸ ਪੰਕਤੀ ਦੀ ਵਿਆਖਿਆ ਕਰਦਿਆਂ ਭਾਈ ਵੀਰ ਸਿੰਘ ਲਿਖਦੇ ਹਨ :

"ਅਨਹਦ ਸ਼ਬਦ ਜੋ ਬਾਰ ਬਾਰ ਵਾਰਾਂ ਵਿਚ ਆਉਂਦਾ ਹੈ ਇਹ ਕੰਨਾਂ ਦੀ ਘੂੰ ਘੂੰ ਦਾ ਨਾਮ ਨਹੀਂ ਹੈ, ਜੋ ਕੰਨ ਮੁੰਦਿਆਂ ਜਾਂ ਖੁਸ਼ਕੀ ਹੋਇਆਂ ਸੁਣੀਦਾ ਹੈ, ਇਹ ਤਾਂ ਆਹਤ ਸ਼ਬਦ ਹੈ। ਜੋ ਸ਼ਬਦ 'ਹਦ' ਤੋਂ ਬਿਨਾਂ ਹੋਏ ਸੋ ਅਨਾਹਦ ਹੈ, ਉਹ ਵਾਹਿਗੁਰੂ ਦਾ ਜਾਪ ਜਦ ਪੂਰਾ ਰੂਪ ਹੋ ਜਾਂਦਾ ਹੈ ਤਦ ਆਪ ਹੀ ਜਾਰੀ

Sri Satguru Jagjit Singh Ji eLibrary NamdhariElibrary@gmail.com

ਰਹਿੰਦਾ ਹੈ। ਜੋ ਸ਼ਬਦ ਬ੍ਰਹਮ ਵਿਚ ਸੁਰਤ ਦੇ ਪਹੁੰਚਿਆਂ ਸ਼ਬਦ ਬ੍ਰਹਮ ਦਾ ਰੂਪ ਅਨੁਭਵ ਹੁੰਦਾ ਹੈ।" (ਟੀਕਾ ਵਾਰਾਂ ਭਾਈ ਗੁਰਦਾਸ, ਪੰ. 399)

ਜਿਵੇਂ ਰੇਲਵੇ ਦੀ ਸਮੇਂ-ਸੂਚੀ (ਟਾਈਮ ਟੇਬਲ) ਵਿਚ ਸੰਖੇਪਤਾ ਦੀ ਲੋੜ ਕਾਰਣ ਕਈ ਵਾਰੀ ਛੋਟੇ ਸਟੇਸ਼ਨ ਦਰਜ ਨਹੀਂ ਕੀਤੇ ਜਾਂਦੇ, ਕੇਵਲ ਜੰਕਸ਼ਨਾਂ ਦਾ ਹੀ ਵੇਰਵਾ ਦਿੱਤਾ ਹੁੰਦਾ ਹੈ, ਉਸੇ ਭਾਂਤ ਭਾਵੇਂ ਕਿ ਸ਼ਬਦ ਦੀਆਂ ਅਨੇਕਾਂ ਕਿਸਮਾਂ ਹਨ, (ਵਾਜੇ ਤੇਰੇ ਨਾਦ ਅਨੇਕ ਅਸੰਖਾ। ਮ: 1 ਅ. ਗ. ਪੰ. 8) ਉਹਨਾਂ ਵਿਚੋਂ ਪੰਜ ਦਾ ਹੀ ਵਿਸ਼ੇਸ਼ ਜ਼ਿਕਰ ਛਿੜਦਾ ਹੈ :

ਪੰਚਾਇਣ ਪਰਮੇਸਰੋ ਪੰਚ ਸਬਦ ਘਨਘੋਰ ਨੀਸਾਣਾ।

(ਵ. 7, ਪੌ. 5)

ਪੰਜੇ ਤਤ ਉਲੰਘਿਆਂ ਪੰਜਿ ਸਬਦ ਵਜੀ ਵਾਧਾਈ।

(ਵ. 29, ਪੌ. 6)

ਸ਼ਬਦ ਅਸਲ ਵਿਚ ਹੈ ਇਕ ਹੀ ਪਰ ਸਤਿਲੋਕ ਤੋਂ ਨੀਚੇ ਉਤਰਦਿਆਂ ਵੱਖ-ਵੱਖ ਮੰਡਲਾਂ ਵਿਚ ਉਸ ਦੀ ਧੁਨੀ ਬਦਲ ਜਾਂਦੀ ਹੈ। ਕਿਸੇ ਬੰਸਰੀ ਜਾਂ ਨਗੋਜੇ ਦੀ ਪੋਰੀ ਵਿਚ ਕੀਤੇ ਗਏ ਸੁਰਾਖ਼ ਬਹੁਤ ਕਰੀਬ ਕਰੀਬ ਹੁੰਦੇ ਹਨ ਤਾਂ ਵੀ ਇਕੋ ਫੂਕ ਦੀ ਹਰ ਸੁਰਾਖ਼ ਵਿਚੋਂ ਨਿਕਲਦੀ ਆਵਾਜ਼ ਉਹਦੇ ਨਾਲ ਦੇ ਸੁਰਾਖ਼ਾਂ ਨਾਲੋਂ ਭਿੰਨ ਹੁੰਦੀ ਹੈ। ਸਰਵ-ਉਚ ਮੰਡਲ (ਸਤਿਲੋਕ) ਵਿਚ ਇਹ ਸਾਰੀਆਂ ਧੁਨਾਂ ਗਡਮਡ ਹੋ ਕੇ ਇਕ ਸਤਿ-ਸ਼ਬਦ ਦਾ ਰੂਪ ਧਾਰ ਲੈਂਦੀਆਂ ਹਨ :

ਸਬਦ ਸੁਰਤਿ ਲਿਵ ਸਾਧ ਸੰਗਿ ਪੰਚ ਸਬਦ ਇਕ ਸਬਦ ਮਿਲਾਏ।

(ਵ. 6, ਪੌ. 10)

### *ਸ਼ਬਦ ਅਲੇਖ ਹੈ*

ਇਹ ਲੇਖਿਆਂ ਤੋਂ ਮੁਕਤ ਕਰ ਦੇਣ ਦੀ ਸਮਰੱਥਾ ਵਾਲਾ ਸ਼ਬਦ ਜਿਵੇਂ ਸਾਧਾਰਨ ਕੰਨਾਂ ਨਾਲ ਨਹੀਂ ਸੁਣਦਾ ਓਵੇਂ ਲਿਖਤ ਵਿਚ ਵੀ ਨਹੀਂ ਆਉਂਦਾ :

ਲੇਖ ਅਲੇਖ ਅਲਿਖ ਸ਼ਬਦ ਕਮਾਵਣਾ। (ਵ. 14, ਪੌ. 2)

ਖਟ ਰਸ ਤਿਆਗ ਪ੍ਰੇਮ ਰਸ ਕਉ ਪ੍ਰਾਪਤਿ ਭਏ
ਪੂਰ ਸੁਰ ਸਪਤਿ ਅਨਹਦ ਅਭਿਆਸੀ ਹੈ।

(ਕ. ਸ. 31)

ਇਸ ਸ਼ਬਦ ਦਾ ਮਨੁੱਖੀ ਕੰਨਾਂ ਨਾਲ ਸੁਣੇ ਜਾਣ ਵਾਲੇ, ਗਾਉਣ ਵਜਾਉਣ ਵਾਲੇ, ਸ਼ਬਦ ਨਾਲ ਦੂਰ ਨੇੜੇ ਦਾ ਵਾਸਤਾ ਨਹੀਂ। ਜਿਵੇਂ ਪ੍ਰਭੂ ਦੇ ਪਿਰਮ ਰਸ ਦੇ ਇੱਛੁਕ ਨੂੰ ਖੱਟੇ ਮਿੱਠੇ ਆਦਿ ਸਥੂਲ ਸਰੀਰ ਦੇ ਰਸਾਂ ਵੱਲੋਂ ਮੂੰਹ

Sri Satguru Jagjit Singh Ji eLibrary NamdhariElibrary@gmail.com

ਮੋੜਨਾ ਪੈਂਦਾ ਹੈ, ਉਸੇ ਤਰ੍ਹਾਂ ਅਨਹਦ ਸ਼ਬਦ ਦਾ ਅਭਿਆਸੀ ਸੰਸਾਰੀ ਸੰਗੀਤ ਦੀਆਂ ਧੁਨਾਂ ਵੱਲ ਰੁਚਿਤ ਨਹੀਂ ਹੁੰਦਾ। ਆਪਣੇ ਇਸ ਵਿਚਾਰ ਤੇ ਭਰਪੂਰ ਬਲ ਦੇਣ ਲਈ ਭਾਈ ਸਾਹਿਬ ਨੇ ਲਿਖਿਆ ਹੈ :

ਜਉ ਲਉ ਆਨ ਗਿਆਨ ਤਉ ਲਉ ਨ ਅਧਿਯਾਤਮ ਗਿਆਨ
ਜਉ ਲਉ ਨਾਦ ਬਾਦ ਨ ਅਨਾਹਦ ਬਿਸੇਖੀਐ।

(ਕ. ਸ. 12)

***ਸ਼ਬਦ : ਸੱਚਾ ਨਾਮ***

ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਨੇ ਸੂਚਿਤ ਕੀਤਾ ਹੈ, "ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ" (ਮ: 5, ਪੰ. 263)। ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਰਹੀਏ ਤਾਂ ਅੰਤਹਕਰਣ ਵਿਚ ਅਨਹਦ ਸ਼ਬਦ ਦੀ ਧੁਨੀ ਸੁਣਨ ਲਗ ਪੈਂਦੀ ਹੈ। ਜ਼ਬਾਨ ਨਾਲ ਸਿਮਰਨ ਜਾਂ ਜਪਣ ਵਾਲੇ ਨਾਮ ਨੂੰ ਅੱਖਰੀ, ਵਰਣਾਤਮਕ ਜਾਂ ਕਿਰਤਮ-ਨਾਮ ਆਖੀਦਾ ਹੈ (ਕਿਰਤਮ ਨਾਮ ਕਥੇ ਤੇਰੇ ਜਿਹਬਾ। ਮ: 5, ਅ. ਗ. ਪੰ. 1083)। ਇਨਸਾਨ ਦੇ ਸਮੇਂ-ਸਮੇਂ ਬਣਾਏ ਤੇ ਪ੍ਰਚਲਿਤ ਕੀਤੇ ਨਾਮ, ਰਾਮ, ਰਹੀਮ, ਥੋੜ੍ਹਾ ਵਕਤ ਖਿੜ ਕੇ ਮੁਰਝਾ ਜਾਣ ਵਾਲੇ ਫੁੱਲਾਂ ਸਮਾਨ ਹਨ, ਜਦ ਕਿ ਪ੍ਰਭੂ ਦਾ ਸਿਰਜਿਆ ਨਾਮ (ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ। ਮ: 1, ਅ. ਗ. ਪੰ. 463) ਅਬਿਨਾਸੀ ਹੈ, ਸਤਿਨਾਮ ਹੈ। (ਸਤਿਨਾਮ ਤੇਰਾ ਪਰਾ ਪੂਰਬਲਾ। ਮ: 5, ਅ. ਗ. ਪੰ. 1083) ਤਾਂ ਤੇ ਅਭਿਆਸੀ ਆਪਣੀ ਸਾਧਨਾ ਅੱਖਰੀ ਜਾਂ ਕਿਰਤਮ ਨਾਮ ਤੋਂ ਅਰੰਭ ਕਰਦਾ ਹੈ ਪਰ ਜਦ ਉਹਨੂੰ ਅਨਹਦ ਸ਼ਬਦ ਸੁਣਨ ਲੱਗ ਪੈਂਦਾ ਹੈ ਉਹ ਪਹਿਲਾਂ ਵਾਲੇ ਨਾਮ ਨੂੰ ਛੱਡ ਕੇ ਇਸ ਸੱਚੇ ਨਾਮ ਦਾ ਲੜ ਫੜ ਲੈਂਦਾ ਹੈ ਤੇ ਉਹਦੇ ਸਹਾਰੇ ਆਪਣੀ ਮੰਜ਼ਲ ਤੇ ਪਹੁੰਚ ਜਾਂਦਾ ਹੈ। ਇਸੇ ਨਾਉਂ ਦੇ ਸੰਬੰਧ ਵਿਚ ਭਾਈ ਸਾਹਿਬ ਨੇ ਕਿਹਾ ਹੈ :

ਸਚੁ ਨਾਉ ਕਰਤਾਰੰ ਆਪੁ ਉਪਾਇਆ। (ਵ. 20, ਪੌ. 9)

ਇਸ ਅਮਰ ਅਨਾਦੀ ਨਾਮ ਦਾ ਭੇਦ ਸਤਿਗੁਰੂ ਤੋਂ ਮਿਲਦਾ ਹੈ ਤੇ ਇਸਦਾ ਅਭਿਆਸ ਕਰਨ ਵਾਲਾ ਗੁਰਮੁਖ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ :

ਸਤਿਗੁਰ ਸਚਾ ਨਾਉ ਗੁਰਮੁਖਿ ਜਾਣੀਐ। (ਵ. 14, ਪੌ. 1)

***ਸ਼ਬਦ ਦੁਆਰਾ ਸ੍ਰਿਸ਼ਟੀ***

ਸ਼ਬਦ ਪਰਮੇਸ਼ਰ ਦੀ ਕਰਤਾਰੀ ਸ਼ਕਤੀ ਹੈ। ਸਾਰੀ ਦੀ ਸਾਰੀ ਕਾਇਨਾਤ ਇਸੇ ਦੁਆਰਾ ਸਿਰਜੀ ਗਈ। ਜਿਵੇਂ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਵਿਚ

Sri Satguru Jagjit Singh Ji eLibrary NamdhariElibrary@gmail.com

ਦੱਸਿਆ ਸੀ—ਕੀਤਾ ਪਸਾਉ ਏਕੋ ਕਵਾਉ[1]—ਓਵੇਂ ਭਾਈ ਗੁਰਦਾਸ ਕਹਿੰਦੇ ਹਨ :

ਇਕ ਕਵਾਉ ਪਸਾਉ ਕਰਿ ਓਅੰਕਾਰ ਅਕਾਰੁ ਪਸਾਰਾ।
(ਵ. 6, ਪੌ. 4)

ਉਹਨੇ ਪਸਾਰ ਕੀ ਕੀਤਾ ਕਰੋੜਾਂ ਹੀ ਖੰਡ ਬ੍ਰਹਮੰਡ ਬਣਾ ਛੱਡੇ :

ਕਰਿ ਬ੍ਰਹਮੰਡ ਕਰੋੜ ਕਵਾਉ ਵਧਾਇਆ। (ਵ. 22, ਪੌ. 9)

ਇਕ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ।
(ਵ. 8, ਪੌ. 1)

ਅਕਾਲ ਪੁਰਖ ਨੇ ਇਸ ਸ਼ਬਦ ਨਾਲ ਸੰਸਾਰ ਦੀ ਉਤਪਤੀ ਕੀਤੀ ਤੇ ਫੇਰ ਉਸ ਦੇ ਕਿਣਕੇ-ਕਿਣਕੇ ਵਿਚ ਵਿਦਮਾਨ ਹੋ ਗਿਆ। ਉਹ ਸ਼ਬਦ ਲਿਖਿਆ, ਪੜ੍ਹਿਆ, ਬੋਲਿਆ ਜਾਣ ਵਾਲਾ ਸ਼ਬਦ ਨਹੀਂ, ਨਾ ਉਹ ਕਿਸੇ ਵਾਜਿਆਂ ਜੰਤਰਾਂ ਦੇ ਮਾਧਿਅਮ ਨਾਲ ਉਤਪੰਨ ਕੀਤਾ ਜਾ ਸਕਦਾ ਹੈ। ਇਹ ਉਹ ਧੁਨੀ ਹੈ ਜਿਸ ਨੂੰ ਪ੍ਰਭੂ ਪਰਮੇਸ਼ਰ ਆਪ ਬਿਨਾਂ ਕਿਸੇ ਇਕ ਵਸਤੂ ਨੂੰ ਦੂਜੀ ਨਾਲ ਟਕਰਾਏ ਜਨਮ ਦਿੰਦਾ ਹੈ ਤੇ ਉਸ ਦਾ ਸੰਚਾਰ ਹਰ ਹਿਰਦੇ ਵਿਚ ਹਰ ਪਲ ਅਟੁੱਟ ਹੁੰਦਾ ਰਹਿੰਦਾ ਹੈ। ਇਸ ਲਈ ਉਸ ਸ਼ਬਦ ਦਾ ਜ਼ਿਕਰ, ਅਨਹਤ ਜਾਂ ਅਨਹਦ ਸ਼ਬਦ ਵਜੋਂ ਕੀਤਾ ਜਾਂਦਾ ਹੈ।

ਭਾਈ ਗੁਰਦਾਸ ਅਧਿਆਤਮ ਮਾਰਗੀਆਂ ਨੂੰ ਸੁਚੇਤ ਕਰਦਿਆਂ ਫ਼ਰਮਾਉਂਦੇ ਹਨ ਕਿ ਕਮਾਈ ਪ੍ਰਭੂ ਦੇ ਉਸ ਸ਼ਬਦ ਦੀ ਕਰੀਦੀ ਹੈ ਜਿਹੜਾ ਪ੍ਰਭੂ ਵਾਂਗ ਹੀ ਅਗੰਮ ਹੈ, ਅਗੋਚਰ ਹੈ, ਅਲੱਖ ਹੈ, ਅਭੇਦ ਹੈ।

ਸਚਿ ਸਬਦਿ ਅਰਾਧੀਐ ਅਗਮ ਅਗੋਚਰੁ ਅਲਖ ਅਭੇਉ।
(ਵ. 24, ਪੌ. 2)

ਜ਼ਾਹਰ ਹੈ ਜਿਹੜੀ ਚੀਜ਼ ਮਨ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੋਵੇ, ਲਖੀ ਨਾ ਜਾ ਸਕੇ, ਜਿਸ ਦਾ ਭੇਦ ਨਾ ਲੱਭੇ, ਉਹ ਕਿਸੇ ਪੋਥੀ ਕਿਤਾਬ ਵਿਚ ਲਿਖੀ ਨਹੀਂ ਮਿਲਣ ਲੱਗੀ, ਨਾ ਹੀ ਕੋਈ ਸਾਧਾਰਨ ਇਨਸਾਨ ਉਸ ਦੀ ਗਿਆਤ ਕਰਵਾ ਸਕੇਗਾ :

---

1. ਕਵਾਉ ਦਾ ਭਾਵ ਹੈ ਹੁਕਮ, ਸ਼ਬਦ ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਕੋਸ਼ (ਪੰਨਾ 210, 212) ਵਿਚ ਹੁਕਮ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ, "ਹੁਕਮ ਨਿਰਗੁਣ ਵਿਚ ਨਿਰਗੁਣ ਰੂਪ ਹੈ, ਪ੍ਰੰਤੂ ਜਗ-ਰਚਨਾ ਦੇ ਸਮੇਂ ਸ਼ਬਦ ਰੂਪ ਵਿਚ ਹੋ ਪ੍ਰਗਟ ਹੁੰਦਾ ਹੈ, ਇਸ ਲਈ ਸ਼ਬਦ ਦਾ ਅਰਥ ਕਈ ਥਾਵਾਂ ਉੱਤੇ ਹੁਕਮ ਹੈ। ... ਜਗਤ ਦੀ ਉਤਪਤੀ ਇਕੋ ਕਵਾਉ ਨਾਲ ਹੋਈ ਹੈ।" ਇਸ ਪ੍ਰਕਾਰ ਗੁਰਮਤਿ ਵਿਚ ਸ਼ਬਦ, ਹੁਕਮ ਤੇ ਕਵਾਉ ਤਿੰਨਾਂ ਦੀ ਵਰਤੋਂ ਸਮਾਨ ਅਰਥਾਂ ਵਿਚ ਕੀਤੀ ਗਈ ਹੈ।

Sri Satguru Jagjit Singh Ji eLibrary NamdhariElibrary@gmail.com

ਰਾਗ ਨਾਦ ਅਨਹਦ ਧੁਨੀ ਓਅੰਕਾਰੁ ਨ ਗਾਵਣਹਾਰਾ।

(ਵ. 26, ਪੌ. 35)

ਇਹ ਸ਼ਬਦ, ਓਅੰਕਾਰ ਦੀ ਧੁਨੀ, ਆਮ ਰਾਗਾਂ ਨਾਦਾਂ ਵਾਂਗ ਮਨੁੱਖੀ ਜੀਵਾਂ ਦੇ ਗਾਉਣ ਦਾ ਵਿਸ਼ਾ ਨਹੀਂ :

ਸਿੰਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਸਮਾਨਿ ਖਾਨ

ਰਾਗ ਨਾਦ ਬਾਦ ਮੈ ਨ ਸਬਦ ਉਦੋਤ ਹੈ।

(ਕ. ਸ. 185)

ਇਕੱਤੀ ਸਿਮ੍ਰਤੀਆਂ, ਅਠਾਰਾਂ ਪੁਰਾਣ, ਚਾਰ ਵੇਦ, ਛੇ ਸ਼ਾਸਤਰ, ਚਾਰ ਖਾਣੀਆਂ, ਚੌਰਾਸੀ ਰਾਗ ਰਾਗਣੀਆਂ ਤੇ ਵਾਜਿਆਂ ਦਾ ਸੰਗੀਤ ਕੋਈ ਵੀ ਇਸ ਸ਼ਬਦ ਨੂੰ ਪ੍ਰਗਟ ਕਰਨ ਵਿਚ ਸਹਾਈ ਨਹੀਂ ਹੁੰਦਾ।

***ਪੰਜ ਸ਼ਬਦ***

ਭਾਈ ਗੁਰਦਾਸ ਦੀ ਬਾਣੀ ਵਿਚ ਸ਼ਬਦ ਦੀਆਂ ਪੰਜ ਪਰਕਾਰ ਦੀਆਂ ਧੁਨਾਂ ਦਾ ਵਰਣਨ ਮਿਲਦਾ ਹੈ। ਉਨ੍ਹਾਂ ਧੁਨੀਆਂ ਨੂੰ ਪੰਜ ਸ਼ਬਦ ਵੀ ਕਹਿੰਦੇ ਹਨ। ਆਪ ਕਹਿੰਦੇ ਹਨ :

ਪੰਜ ਸ਼ਬਦ ਪਰਵਾਣੁ ਨੀਸਾਣੁ ਵਜਾਇਆ। (ਵ. 22, ਪੌ. 5)

"ਉਹ (ਅਨਾਹਤ ਸ਼ਬਦ) ਪੰਜ ਪ੍ਰਕਾਰ ਦਾ ਹੁੰਦਾ ਹੈ, ਫੇਰ ਸ਼ਬਦ ਬ੍ਰਹਮ ਦੀ ਏਕਤਾ ਵਿਚ ਤੇ ਓਥੋਂ ਨਿਰਾਕਾਰ ਵਿਚ ਲੈ ਜਾਂਦਾ ਹੈ।" (ਭਾਈ ਵੀਰ ਸਿੰਘ ਵਾਰਾਂ ਭਾਈ ਗੁਰਦਾਸ ਜੀ ਸਟੀਕ, ਪੰ. 360)

ਪੰਜੇ ਸਬਦ ਅਭੰਗ[1] ਅਨਹਦ ਕੇਲਿਆ[2]। (ਵ. 3, ਪੌ. 16)

ਇਹ ਪੰਜ ਸ਼ਬਦ ਨਿਰੰਤਰ ਵਜਦੇ ਰਹਿੰਦੇ ਹਨ, ਤੇ ਇਹ ਅਭਿਆਸੀ ਨੂੰ ਅਤਿ ਆਨੰਦਿਤ ਰਖਦੇ ਹਨ :

ਸ਼ਬਦ ਅਨਾਹਦੁ ਰੰਗ ਸੁਝ ਇਕੇਲਿਆਂ। (ਵ. 3, ਪੌ. 16)

ਉਕਤ ਸ਼ਬਦ ਘੜੀ ਦੋ ਘੜੀ ਦਾ ਮਨੋਰੰਜਨ ਸੁਲਭ ਕਰਾ ਦੇਣ ਤੱਕ ਸੀਮਿਤ ਨਹੀਂ, ਉਹਦੇ ਨਾਲ ਪਿਆ ਪ੍ਰੇਮ ਉਹਦੇ ਸਿਰਜਨਹਾਰ ਦੀ ਸੋਝੀ ਕਰਵਾ ਦਿੰਦਾ ਹੈ।

***ਪੰਜ ਸ਼ਬਦ ਦੀ ਗੰਮਤਾ***

ਜਿਹੜੀ ਸ਼ਬਦ ਅਭਿਆਸ ਦੀ ਜੁਗਤਿ ਸਤਿਗੁਰੂ ਦਸਦੇ ਹਨ ਉਸ ਨਾਲ ਪੰਜ ਸ਼ਬਦ ਤਕ ਪਹੁੰਚ ਪ੍ਰਾਪਤ ਹੋ ਜਾਂਦੀ ਹੈ, ਉਹਨਾਂ ਦਾ ਗਿਆਨ ਹੋ ਜਾਂਦਾ

---

1. ਇਕ ਰਸ 2. ਆਨੰਦਿਤ।

Sri Satguru Jagjit Singh Ji eLibrary NamdhariElibrary@gmail.com

ਹੈ, ਤੇ ਇਹ ਵੀ ਅਨੁਭਵ ਹੋ ਜਾਂਦਾ ਹੈ ਕਿ ਭਾਵੇਂ ਅਧਿਆਤਮ ਮਾਰਗ ਦੇ ਅੱਡ ਅੱਡ ਪੜਾਵਾਂ ਤੇ ਅਨਹਦ ਸ਼ਬਦ ਦੀਆਂ ਧੁਨੀਆਂ ਇਕ ਦੂਜੇ ਤੋਂ ਵਖਰੀਆਂ ਪ੍ਰਤੀਤ ਹੁੰਦੀਆਂ ਹਨ, ਉਹ ਅਸਲ ਵਿਚ ਪ੍ਰਭੂ ਪਰਮੇਸ਼ਰ ਦੇ ਸਿਰਜੇ ਇਕੋ ਅਨਹਤ ਸ਼ਬਦ ਦੇ ਭਿੰਨ-ਭਿੰਨ ਰੂਪ ਹਨ :

ਸ੍ਰੀ ਗੁਰੂ ਸ਼ਬਦ ਪੰਚ ਸ਼ਬਦ ਗਿਆਨ ਗੰਮਿ
ਸਰਬ ਸ਼ਬਦ ਅਨਹਦ ਸਮਝਾਏ ਹੈ।
(ਕ. ਸ. 214)

### *ਸ਼ਬਦ ਪ੍ਰਭੂ ਦੀ ਅਕਥ ਕਥਾ*

ਸਤਿਗੁਰੂ ਦੇ ਉਪਦੇਸ਼ ਉਤੇ ਅਮਲ ਕਰਨ ਦੇ ਫਲ ਵਜੋਂ ਸੁਣਨ ਲਗ ਪੈਣ ਵਾਲਾ ਇਹ ਅਨਹਤ ਸ਼ਬਦ ਪ੍ਰਭੂ ਪਰਮੇਸ਼ਰ ਵਲੋਂ ਕੀਤੀ ਜਾਂਦੀ ਉਹਦੀ ਆਪਣੀ ਕਥਾ ਹੈ :

ਸ਼ਬਦ ਸੁਰਤਿ ਲਿਵਲੀਣ ਹੋਇ ਅਕਥ ਕਥਾ ਗੁਰ ਸਬਦ ਸੁਣੰਦੇ।
(ਵ. 6, ਪੌ. 14)

ਜਾਂ ਕਹੋ ਇਹ ਅਦੁੱਤੀ ਵਜੰਤਰੀ ਦੀ ਆਪਣੇ ਨਿਵੇਕਲੇ ਸਾਜ਼ ਦੁਆਰਾ ਪੈਦਾ ਕੀਤੀ ਧੁਨ ਹੈ :

ਗੁਰਮੁਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ ਵਜਾਏ।
(ਵ. 6, ਪੌ. 10)

ਪ੍ਰਭੂ ਰੂਪੀ ਵਜੰਤਰੀ ਦੇ ਅਨਹਦ ਸ਼ਬਦ ਨੂੰ ਸੁਣ ਕੇ ਸੁਰਤ ਉਸ ਦੀ ਧੁਨਿ ਵਿਚ ਲੀਨ ਹੋ ਜਾਂਦੀ ਹੈ।

ਸ਼ਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।
(ਵ. 9, ਪੌ. 9)

ਪ੍ਰਭੂ ਦੀ ਅਕਥ ਕਥਾ ਇਕਾਗਰ ਸੁਰਤਿ ਨਾਲ ਗੁਰੂ-ਸਿਖਿਆ ਦੀ ਪੈਰਵੀ ਕਰਦਿਆਂ, ਸ਼ਬਦ ਦੇ ਰੂਪ ਵਿਚ ਹੀ ਸੁਣੀ ਜਾਂਦੀ ਹੈ :

ਸ਼ਬਦ ਸੁਰਤਿ ਲਿਵ ਲੀਣੁ ਹੋਇ ਅਕਥ ਕਥਾ ਗੁਰ ਸਬਦ ਸੁਣੰਦੇ।
(ਵ. 6, ਪੌ. 14)

### *ਸੁਰਤਿ ਨਾਲ ਸੁਣਨਾ*

ਇਹ ਸ਼ਬਦ (ਨਾਮ) ਕੇਵਲ ਸੁਰਤਿ ਦੁਆਰਾ ਹੀ ਸੁਣਿਆ ਜਾਂਦਾ ਹੈ, ਸੁਰਤਿ ਦੀ ਜ਼ਬਾਨ ਨਾਲ ਗਾਇਆ ਜਾਂਦਾ ਹੈ, ਤੇ ਅੰਤਹਕਰਣ ਦੀਆਂ ਅੰਤਰੀਵੀ ਪਰਤਾਂ ਜਾਂ ਕਣ ਕਣ ਵਿਚ ਵਸਾ ਲਿਆ ਜਾਂਦਾ ਹੈ। ਮਨੁੱਖੀ ਸਿਰ ਦੇ

Sri Satguru Jagjit Singh Ji eLibrary NamdhariElibrary@gmail.com

ਖੱਬੇ ਸੱਜੇ ਚਿਪਕਾਏ ਗਏ ਕੰਨਾਂ ਨਾਲ ਇਹਦਾ ਕੋਈ ਸਰੋਕਾਰ ਹੈ ਨਾ ਮਾਸ ਦੀ ਬਣੀ ਤਿੰਨ ਕੁ ਇੰਚ ਲੰਮੀ ਜੀਭ ਨਾਲ :

ਗੁਰਮੁਖਿ ਸੁਨਣਾ ਸੁਰਤਿ ਕਰਿ ਪੰਚ ਸਬਦੁ ਗੁਰ ਸਬਦਿ ਅਲਾਪੈ।
(ਵ. 6, ਪੌ. 18)

ਸ਼ਬਦ ਸੁਰਤਿ ਸੁਣ ਗਾਉ ਅੰਦਰਿ ਆਣੀਐ। (ਵ. 14, ਪੌ. 1)

ਤਥਾ :

ਅਨਹਦ ਸ਼ਬਦ ਅਗਾਜ[1] ਬਾਣੀ ਗਾਵਣੀ। (ਵ. 14, ਪੌ. 18)

ਭਾਵ ਅੱਖਰੀ ਨਾਮ ਦੇ ਸਿਮਰਨ ਦੁਆਰਾ ਅਨਹਦ ਸ਼ਬਦ ਨੂੰ ਹਿਰਦੇ ਵਿਚ ਪ੍ਰਗਟ ਕਰ ਲੈਣ ਉਪ੍ਰੰਤ ਇਸੇ ਬਾਣੀ ਨੂੰ ਗਾਉਣਾ ਹੈ, ਇਸੇ ਦੀ ਕਮਾਈ ਕਰਨੀ ਹੈ। ਫੇਰ ਕਿਸੇ ਹੋਰ ਸਿਮਰਨ ਦੀ ਲੋੜ ਨਹੀਂ ਰਹਿੰਦੀ। ਆਦਿ ਗ੍ਰੰਥ ਸਾਹਿਬ ਵਿਚ ਵੀ ਸ਼ਬਦ ਨੂੰ ਹੀ ਸੱਚੀ ਬਾਣੀ ਕਿਹਾ ਗਿਆ ਹੈ : ਸਚ ਬਾਣੀ ਸਚੁ ਸਬਦ ਹੈ ਜਾ ਸਚਿ ਧਰੇ ਪਿਆਰੁ। (ਮ: 3, ਅ. ਗ. ਪੰ. 33)। ਸਚੀ ਬਾਣੀ ਸਚ ਧੁਨਿ ਸਚੁ ਸਬਦੁ ਵੀਚਾਰਾ। (ਮ: 5, ਅ. ਗ. ਪੰ. 564)

*ਗੁਰ ਸ਼ਬਦ ਦਾ ਕੀਰਤਨ*

ਸਾਧਨਾ ਦੇ ਦੌਰਾਨ ਜਿਹੜੀ ਅਨਹਦ ਸ਼ਬਦ ਦੀ ਗੁੰਜਾਰ ਹਿਰਦੇ ਵਿਚ ਸੁਣਾਈ ਪੈਂਦੀ ਹੈ, ਓਹੀਓ ਗੁਰ ਸ਼ਬਦ ਦਾ ਕੀਰਤਨ ਹੁੰਦਾ ਹੈ :

ਸਹਜ ਸਮਾਧਿ ਕੀਰਤਨ ਗੁਰ ਸ਼ਬਦ ਕੈ
ਅਨਹਦ ਸ਼ਬਦ ਨਾਦ ਗਰਜਤ ਉਨਮਾਨੀਐ।
(ਕ. ਸ. 128)

*ਗੁਰਮੁਖ ਦੀ ਸਿੰਗੀ, ਧੁਨ*

ਜੋਗੀ ਆਪਣੇ ਪੰਥ ਦੀ ਰਾਗ ਨਾਦ ਨਾਲ ਸੰਬੰਧਿਤ ਰੀਤ ਪਾਲਦਿਆਂ ਜਦ ਕਿਤੇ ਮਨ ਆਵੇ ਸਿੰਗੀ ਵਿਚ ਫੂਕ ਮਾਰ ਕੇ ਆਵਾਜ਼ ਪੈਦਾ ਕਰ ਲੈਂਦੇ ਹਨ, ਪਰ ਸਤਿਗੁਰੂ ਦੇ ਸਿੱਖ ਉਸ ਭਾਂਤ ਦੇ ਬਾਹਰਮੁਖੀ ਸ਼ਬਦ ਤੇ ਨਿਰਭਰ ਨਹੀਂ ਕਰਦੇ, ਉਹ ਆਪਣੀ ਸੁਰਤਿ ਨੂੰ ਆਪਣੇ ਹਿਰਦੇ ਵਿਚ ਨਿਰੰਤਰ ਸੁਣੀਂਦੀ ਅਨਹਤ ਧੁਨੀ ਨਾਲ ਜੋੜੀ ਰਖਦੇ ਹਨ ਤੇ ਆਪਣੇ ਇਸ ਨਿਵੇਕਲੇ "ਆਈ ਪੰਥ" ਜਾਂ ਯੋਗ ਮਾਰਗ ਦੀ ਸਾਧਨਾ ਦੁਆਰਾ ਸਵੈ-ਸਰੂਪ ਨੂੰ ਪ੍ਰਾਪਤ ਹੋ ਜਾਂਦੇ ਹਨ :

---

1. ਪਰਗਟ

Sri Satguru Jagjit Singh Ji eLibrary NamdhariElibrary@gmail.com

ਸਿੰਙੀ ਸੁਰਤਿ ਵਿਸੇਖੁ ਸਬਦੁ ਵਜਾਇਆ।
ਗੁਰਮੁਖਿ ਆਈ ਪੰਥੁ ਨਿਜ ਘਰੁ ਪਾਇਆ।

(ਵ. 20, ਪੌ. 17)

ਸ਼ਬਦ ਨੂੰ ਕੋਈ ਕਿਵੇਂ ਬਿਆਨ ਕਰੇ, ਇਸ ਪ੍ਰਤੀ ਭਾਈ ਸਾਹਿਬ ਦੱਸਦੇ ਹਨ :

ਬਾਲਕ ਪੈ ਨਾਦਿ ਬਾਦ ਸਬਦ ਬਿਧਾਨ ਚਾਹੈ
ਅਨਹਦ ਧੁਨਿ ਰੁਨ ਝੁਨ ਸੁਰਤਿ ਸ੍ਰੋਤ ਹੈ।

(ਕ. ਸ. 172)

ਸ਼ਬਦ ਧੁਨੀ ਸੁਣਨ ਵਾਲੇ ਲਈ ਉਸ ਦੀ ਵਿਆਖਿਆ ਕਰਨਾ ਅਸੰਭਵ ਹੈ, ਉਵੇਂ ਜਿਵੇਂ ਕਿ ਬੱਚੇ ਤੋਂ ਆਸ ਰੱਖਣਾ ਕਿ ਉਹ ਕਿਸੇ ਵਿਸ਼ੇਸ਼ ਰਾਗ ਦੇ ਗਾਏ ਵਜਾਏ ਜਾਣ ਦੀ ਵਿਧੀ ਸਮਝ ਪਾਏਗਾ।

***ਸ਼ਬਦ ਰਸ***

ਭਾਈ ਸਾਹਿਬ ਦੱਸਦੇ ਹਨ :

ਕੇਵਡੁ ਰਸ ਕਸ ਆਖੀਅਹਿ ਕੇਵਡੁ ਸਾਦ ਨਾਦ ਓਅੰਕਾਰਾ।

(ਵ. 8, ਪੌ. 3)

ਕਿੰਨੇ ਹੀ ਸੁਆਦੀ ਪਦਾਰਥ ਕੁਦਰਤ ਪੈਦਾ ਕਰਦੀ ਹੈ, ਕਿੰਨੇ ਹੋਰ ਇਨਸਾਨ ਆਪਣੀ ਬੁੱਧੀ ਤੇ ਉਦਮ ਦੇ ਜੋੜ ਤੋੜ ਦੁਆਰਾ ਖ਼ੁਦ ਬਣਾ ਲੈਂਦੇ ਹਨ। ਲੁਭਾਏਮਾਨ ਇਹ ਸਾਰੇ ਹੀ ਹਨ, ਪਰ ਓਅੰਕਾਰ ਦੀ ਪੈਦਾ ਕੀਤੀ ਸ਼ਬਦ ਧੁਨੀ ਦਾ ਰਸ ਤਾਂ ਉਕਾ ਹੀ ਕਥਨ ਤੋਂ ਅਤੀਤ ਹੈ :

ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।

(ਵ. 16, ਪੌ. 10)

ਕਿਉਂਕਿ ਸ਼ਬਦ ਦਾ ਰਸ ਕਿਸੇ ਵੀ ਹੋਰ ਰਸ ਤੋਂ ਉਤਮ ਤੇ ਰੋਚਕ ਹੈ, ਇਕ ਵਾਰ ਉਹਦੀ ਚੇਟਕ ਲਗ ਜਾਇ ਫੇਰ ਮਨ ਕਿਸੇ ਹੋਰ ਰਸ ਲਈ ਨਹੀਂ ਤਾਂਘਦਾ। ਪੋਨਾ ਹਥੋਂ ਸੁੱਟ ਕੇ ਚਰ੍ਹੀ ਦਾ ਟਾਂਡਾ ਕੋਈ ਨਹੀਂ ਚੂਪੇਗਾ :

ਨਿਜ ਘਰਿ ਨਿਹਚਲ ਜਾਇ ਨ ਦਹਿਦਿਸਿ ਧਾਇਆ।

(ਵ. 19, ਪੌ.21)

ਜਿਥੋਂ ਤਕ ਸੁਆਦ ਦਾ ਸੰਬੰਧ ਹੈ ਕੋਈ ਵੀ ਰਸੀਲਾ ਪਦਾਰਥ ਅੰਮ੍ਰਿਤ ਦਾ ਮੁਕਾਬਲਾ ਨਹੀਂ ਕਰਦਾ, ਤੇ ਅੰਮ੍ਰਿਤ ਦੀ ਵਡਿਆਈ ਕੇਵਲ ਉਹਦੇ ਰਸਨਾ ਨੂੰ ਭਾਉਣ ਵਿਚ ਨਹੀਂ, ਉਹ ਮੌਤ ਡਾਢੀ ਨੂੰ ਵੀ ਨੇੜੇ ਨਹੀਂ ਢੁਕਣ ਦਿੰਦਾ। ਪਰ

ਭਾਈ ਗੁਰਦਾਸ ਦੇ ਕਥਨ ਅਨੁਸਾਰ ਜਿਹੜਾ ਅਨਹਤ ਸ਼ਬਦ ਇਕ ਅਟੁੱਟ ਧਾਰ ਦੇ ਰੂਪ ਵਿਚ ਅੰਤਹਕਰਣ ਅੰਦਰ ਵਰ੍ਹਦਾ ਰਹਿੰਦਾ ਹੈ, ਉਸ ਦੀ ਬਰਾਬਰੀ ਅੰਮ੍ਰਿਤ ਤੋਂ ਵੀ ਨਹੀਂ ਹੁੰਦੀ। ਜਿਸ ਕਿਸੇ ਨੂੰ ਸਤਿਗੁਰੂ ਇਹ ਸ਼ਬਦ ਦਾ ਅੰਮ੍ਰਿਤ ਪਿਆ ਦਿੰਦਾ ਹੈ, ਉਹ ਆਪ ਸਤਿਗੁਰੂ ਵਿਚ ਸਮਾ ਜਾਂਦਾ ਹੈ, ਸ਼ਬਦ ਰੂਪ ਹੋ ਜਾਂਦਾ ਹੈ :

ਨਿਝਰ ਅਪਾਰ ਧਾਰ ਤੁੱਲਿ ਨ ਅੰਮ੍ਰਿਤ ਰਸ
ਅਪਿਓ ਪੀਆਵੈ ਜਾਹਿ ਤਾਹੀ ਮੈ ਸਮਾਵਈ।

(ਕ. ਸ. 2)

*ਧੁਨੀ ਰਤਨਾਂ ਦਾ ਮੀਂਹ*

ਜਦੋਂ ਸਾਧਕ ਸ਼ਬਦ ਵਿਚ ਲਿਵ ਜੋੜਦਾ ਹੈ ਤਾਂ ਉਸ ਨੂੰ ਅਜਿਹੀ ਅਨਹਦ ਦੀ ਧੁਨੀ ਸੁਣਦੀ ਹੈ, ਜਿਵੇਂ ਸੰਗੀਤ ਦੇ ਰਤਨਾਂ ਦਾ ਮੀਂਹ ਪੈ ਰਿਹਾ ਹੋਵੇ, ਤੇ ਉਹਨੂੰ ਅਗੰਮਤਾ, ਅਡੋਲਤਾ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ :

ਰਾਗ ਰਤਨ ਅਨਹਦ ਧੁਨੀ ਸਬਦਿ ਸੁਰਤਿ ਲਿਵ ਅਗਮ ਅਲੋਲੇ[1]।

(ਵ. 12, ਪੌ. 20)

*ਪ੍ਰੇਮ ਰਸ ਤੇ ਗੁਰ ਸ਼ਬਦ*

ਜਗਤ ਦੇ ਜੀਵਾਂ ਨੂੰ ਆਪਣੀਆਂ ਇੰਦਰੀਆਂ ਦੁਆਰਾ ਕਿੰਨੇ ਹੀ ਪ੍ਰਕਾਰ ਦੇ ਰਸ ਪ੍ਰਾਪਤ ਹੋ ਜਾਂਦੇ ਹਨ। ਆਪਣੇ ਆਪਣੇ ਸੁਭਾਵ, ਰੁਚੀ ਅਨੁਸਾਰ, ਕਿਸੇ ਨੂੰ ਇਕ ਵੰਨਗੀ ਵਧੇਰੇ ਭਾਉਂਦੀ ਹੈ, ਦੂਜੇ ਨੂੰ ਹੋਰ। ਇਹਨਾਂ ਸਾਰੇ ਰਸਾਂ ਵਿਚੋਂ ਕੋਈ ਵੀ ਪ੍ਰਭੂ ਪ੍ਰੀਤ ਦੇ ਆਨੰਦ ਨੂੰ ਨਹੀਂ ਪਹੁੰਚਦਾ। ਇਸ ਰਸ ਨੂੰ ਮਾਣਨ ਲਈ ਇਸ ਦੇ ਭਿੰਨ-ਭਿੰਨ ਅਭਿਲਾਸ਼ੀਆਂ ਨੇ ਆਪਣੀ ਆਪਣੀ ਬੁੱਧੀ ਵਰਤ ਕੇ ਵਖ-ਵਖ ਸਾਧਨ ਅਜ਼ਮਾਏ ਹਨ। ਪਰ ਜਿਵੇਂ ਕਿ ਭਾਈ ਗੁਰਦਾਸ ਨੇ ਸਪਸ਼ਟ ਕੀਤਾ ਹੈ, ਉਕਤ ਰਸ ਦਾ ਆਨੰਦ ਗੁਰ ਸ਼ਬਦ ਦੇ ਰਾਹ ਲਭਦਾ ਹੈ, ਹੋਰ ਕਿਵੇਂ ਨਹੀਂ।

ਅਸੀਂ ਸਾਰੇ ਜਾਣਦੇ ਹਾਂ ਜੇ ਕਿਸੇ ਵਿਅਕਤੀ ਦੇ ਨੇਤਰ ਦ੍ਰਿਸ਼ਟੀ ਗਵਾ ਬੈਠੇ ਹੋਣ ਤਾਂ ਉਹ ਕਿਸੇ ਵੀ ਅਲੌਕਿਕ ਕੁਦਰਤੀ ਦ੍ਰਿਸ਼, ਵਧੀਆ ਕਲਾ ਕਿਰਤ, ਸੁਨੱਖੇ ਪ੍ਰਾਣੀ ਦੇ ਸੁੰਦਰ ਸੁਹੱਪਣ ਦੇ ਸੁਆਦ ਤੋਂ ਵਿਰਵਾ ਰਹਿ ਜਾਏਗਾ, ਤੇ ਕੰਨਾਂ ਤੋਂ ਬਹਰੇ ਨੂੰ ਕਿਸੇ ਗਲੇ ਦੀ ਮਧੁਰ ਆਵਾਜ਼, ਸਾਜ਼ ਦੀ ਆਕਰਸ਼ਕ ਧੁਨੀ

1. ਅਚਲਤਾ, ਅਡੋਲ।

Sri Satguru Jagjit Singh Ji eLibrary NamdhariElibrary@gmail.com

ਨਹੀਂ ਸੁਣ ਸਕੇਗੀ, ਗੂੰਗੀ ਜੀਭ ਨਾਲ ਕੁਝ ਵੀ ਕਹਿ ਸੁਣਾਉਣਾ ਸੰਭਵ ਨਹੀਂ, ਤੇ ਨੱਕ ਬੰਦ ਹੋ ਜਾਣ ਦੀ ਸੂਰਤ ਵਿਚ ਕਿਸੇ ਖੁਸ਼ਬੂ ਦਾ ਅਹਿਸਾਸ ਨਹੀਂ ਹੁੰਦਾ। ਹੱਥ ਕੰਮ ਨਾ ਕਰਨ ਤਾਂ ਕਾਰ ਕਿਵੇਂ ਕੀਤੀ ਜਾਵੇ ਤੇ ਲੱਤਾਂ ਪੈਰ ਖੜ ਜਾਣ ਤੇ ਕਿਧਰੇ ਤੁਰ ਕੇ ਜਾਣ ਸੰਬੰਧੀ ਸੋਚਿਆ ਵੀ ਨਹੀਂ ਜਾ ਸਕਦਾ। ਸਰੀਰ ਨੂੰ ਨਿਸ਼ਚਿਤ ਨਿਯਮਾਂ ਅਨੁਸਾਰ ਲੋੜੀਂਦੀ ਖੁਰਾਕ ਖਾਣ ਤੇ ਮੌਸਮ ਦੇ ਅਨੁਕੂਲ ਬਸਤਰ ਪਹਿਨਣ ਨੂੰ ਨਾ ਮਿਲਣ ਤਾਂ ਉਹ ਸਵਸਥ ਨਹੀਂ ਰਹਿੰਦਾ। ਉਸੇ ਹੀ ਤਰ੍ਹਾਂ ਗੁਰੂ ਦੀ ਦੱਸੀ ਜੁਗਤਿ ਵਰਤੋਂ ਵਿਚ ਲਿਆ ਕੇ ਸ਼ਬਦ ਦੀ ਕਮਾਈ ਕੀਤੇ ਬਿਨਾਂ ਪ੍ਰੇਮ ਰਸ ਨਾਲ ਸਰਸ਼ਾਰ ਹੋਣ ਦੀ ਆਸ ਰਖਣੀ ਵਿਅਰਥ ਹੈ :

ਜੈਸੇ ਬਿਨੁ ਲੋਚਨ[1] ਬਿਲੋਕੀਐ[2] ਨ ਰੂਪ ਰੰਗਿ
ਸ੍ਰਵਨ ਬਿਹੂੰਨ[3] ਰਾਗ ਨਾਦ ਨ ਸੁਨੀਜੀਐ।
ਜੈਸੇ ਬਿਨੁ ਜਿਹਬਾ ਨ ਉਚਰੈ ਬਚਨ ਅਰੁ
ਨਾਸਿਕਾ ਬਿਹੂੰਨ ਬਾਸੁ ਬਾਸਨਾ ਨ ਲੀਜੀਐ।
ਜੈਸੇ ਬਿਨੁ ਕਰ ਕਰਿ ਸਕੈ ਨ ਕਿਰਤ ਕ੍ਰਮ
ਚਰਨ ਬਿਹੂੰਨ ਭਉਨ ਗਉਨ ਕਤ ਕੀਜੀਐ।
ਅਸਨ ਬਸਨ ਬਿਨੁ ਧੀਰਜੁ ਨ ਧਰੈ ਦੇਹ
ਬਿਨੁ ਗੁਰ ਸ਼ਬਦ ਨ ਪ੍ਰੇਮ ਰਸੁ ਪੀਜੀਐ।

(ਕ. ਸ. 533)

ਗੁਰਮੁਖ ਨੂੰ ਆਪਣੀ ਪ੍ਰੇਮਾ ਭਗਤੀ ਤੋਂ ਕਿਤਨਾ ਆਨੰਦ ਪ੍ਰਾਪਤ ਹੁੰਦਾ ਹੈ ਉਸ ਦਾ ਮੁੱਲ ਪਾਉਂਦਿਆਂ ਭਾਈ ਗੁਰਦਾਸ ਦੱਸਦੇ ਹਨ : ਤਿੰਨਾਂ ਲੋਕਾਂ ਦੀਆਂ ਸਾਰੀਆਂ ਦੌਲਤਾਂ (ਭਾਵ ਚਾਰੇ ਪਦਾਰਥ ਤੇ ਸਾਰੀਆਂ ਰਿਧੀਆਂ, ਸਿੱਧੀਆਂ, ਨਿਧੀਆਂ, ਲਖਾਂ ਕਰੋੜਾਂ ਵਾਰ ਗੁਣਾਂ ਕੀਤੇ ਹੋਏ, ਲੱਖਾਂ ਪਾਰਸ, ਲੱਖਾਂ ਪਾਰੀਜਾਤ ਬਿਰਛ, ਲੱਖਾਂ ਲਕਸ਼ਮੀਆਂ, ਲੱਖਾਂ ਚਿੰਤਾਮਣੀਆਂ, ਲੱਖਾਂ ਕਾਮਧੇਨੁ ਗਊਆਂ, ਚੌਹਾਂ ਭਾਂਤਾਂ ਦੀ ਸੈਨਾ, ਅਣਮੁੱਲੇ ਮਾਣਕ, ਮੋਤੀ ਹੀਰੇ, ਲੱਖਾਂ ਚਾਂਦੀ ਦੇ ਪਹਾੜ, ਲੱਖਾਂ ਸੋਨੇ ਦੇ ਸੁਮੇਰ ਜਿੱਡੇ ਪਰਬਤ, ਤੇ ਲੱਖਾਂ ਰਾਜ ਦਰਬਾਰ) ਇਕੱਠੀਆਂ ਕਰ ਦਿੱਤੀਆਂ ਜਾਣ ਤਾਂ ਵੀ ਪਿਰਮ ਰਸ ਦੇ ਬਰਾਬਰ ਨਹੀਂ ਤੁਲਦੀਆਂ :

ਚਾਰਿ ਪਦਾਰਥ ਰਿਧਿ ਨਿਧਿ ਸਿਧਿ ਲਖ ਕਰੋੜੀ।
ਲਖ ਪਾਰਸ ਲਖ ਪਾਰਜਾਤ ਲਖ ਲਖਮੀ ਜੋੜੀ।

1. ਅੱਖਾਂ 2. ਵੇਖਣਾ 3. ਬਿਨਾਂ

Sri Satguru Jagjit Singh Ji eLibrary NamdhariElibrary@gmail.com

ਲਖ ਚਿੰਤਾਮਣਿ ਕਾਮਧੇਨੁ ਚਤੁਰੰਗ[1] ਚਮੋੜੀ[2]।
ਮਾਣਕ ਮੋਤੀ ਹੀਰਿਆ ਨਿਰਮੋਲ ਮਹੋੜੀ[3]।
ਲਖ ਕਵਿਲਾਸ[4] ਸੁਮੇਰ ਲਖ ਲਖ ਰਾਜ ਬਹੋੜੀ[5]।
ਗੁਰਮੁਖਿ ਸੁਖ ਫਲ ਪਿਰਮ ਰਸ ਮੁਲ ਅਮੁਲ ਸੁਬੋੜੀ[6]।

(ਵ. 13, ਪੌ. 9)

*ਸਹਿਜ ਸਮਾਧੀ*

ਸਹਿਜ ਸਮਾਧੀ ਅਧਿਆਤਮਕ ਸਾਧਨਾ ਦੀ ਸਭ ਤੋਂ ਉਚੀ ਅਵਸਥਾ ਹੈ। ਸਾਧਕ ਪ੍ਰੇਮ ਸਹਿਤ ਤੇ ਬਾਕਾਇਦਗੀ ਨਾਲ ਸ਼ਬਦ ਵਿਚ ਲਿਵ ਲਾਉਂਦਾ ਹੈ ਤਾਂ ਉਕਤ ਸਮਾਧੀ ਵਿਚ ਜੁੜ ਜਾਂਦਾ ਹੈ, ਓਥੇ ਪਹੁੰਚ ਕੇ ਉਹਨੂੰ ਅਨਹਦ ਧੁਨੀ ਤੋਂ ਛੁੱਟ ਕਿਸੇ ਹੋਰ ਰਾਗ ਨਾਦ ਵਿਚ ਦਿਲਚਸਪੀ ਨਹੀਂ ਰਹਿੰਦੀ :

ਪ੍ਰੇਮ ਨੇਮ ਸਹਜ ਸਮਾਧਿ ਅਨਹਦ ਲਿਵ
ਦੁਤੀਆ[7] ਸਬਦ ਸ੍ਰਵਨੰਤਰਿ[8] ਨ ਕੀਨ ਹੈ।

(ਕ. ਸ. 31)

*ਜੋਤਿ*

ਪੂਜਾ ਸਥਾਨ ਕੋਈ ਵੀ ਹੋਵੇ, ਭੋਲੇ ਸ਼ੰਕਰ ਦਾ ਸ਼ਿਵਾਲਾ, ਕੁਮਾਰੀ ਮੇਰੀ ਦਾ ਗਿਰਜਾ ਜਾਂ ਹਜ਼ਰਤ ਨਿਜ਼ਾਮੁੱਦੀਨ ਔਲੀਆ ਦੀ ਦਰਗਾਹ, ਓਥੇ ਸ਼ਰਧਾਵਾਨ ਲੋਕ ਦੀਵਾ, ਮੋਮਬੱਤੀ ਜਾਂ ਚਰਾਗ ਜ਼ਰੂਰ ਜਲਾਉਂਦੇ ਹਨ। ਸਾਡੀ ਕਾਇਆ ਆਪ ਪਰਮ ਪੁਰਸ਼ ਦਾ ਮੰਦਰ ਹੈ। (ਹਰਿ ਮੰਦਰੁ ਏਹੁ ਸਰੀਰੁ ਹੈ। ਮ: 3, ਅ. ਗ. ਪੰ. 1346) ਫੇਰ ਉਸ ਨੂੰ ਕਿਉਂ ਪ੍ਰਕਾਸ਼ ਵਿਹੂਣਾ ਜਾਂ ਹਨੇਰਾ ਰਖਿਆ ਜਾਂਦਾ। ਸੋ ਗੁਰਬਾਣੀ ਹਰ ਹਿਰਦੇ ਵਿਚ ਇਲਾਹੀ ਜੋਤ ਜਗਦੀ ਹੋਣ ਦੀ ਸਾਖੀ ਭਰਦੀ ਹੈ। ਭਾਈ ਗੁਰਦਾਸ, ਇਕ ਸ੍ਰੇਸ਼ਟ ਸ਼੍ਰੇਣੀ ਦੇ ਗੁਰਮੁਖ, ਉਸ ਜੋਤ ਤੋਂ ਬੇਖ਼ਬਰ ਨਹੀਂ ਸੀ ਹੋ ਸਕਦੇ। ਆਪ ਨੇ ਆਪਣੀ ਰਚਨਾਂ ਵਿਚ ਉਸ ਦਾ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਜ਼ਿਕਰ ਕੀਤਾ ਹੈ। ਜਿਵੇਂ ਕਿ ਬਾਈਵੀਂ ਵਾਰ ਦੀ ਅਠਾਰਵੀਂ ਪਉੜੀ ਵਿਚ :

ਸਾਧ ਸੰਗਤਿ ਸਚਖੰਡੁ ਗੁਰਮੁਖਿ ਜਾਈਐ।
ਸਚੁ ਨਾਉ ਬਲਵੰਡੁ[9] ਗੁਰਮੁਖਿ ਧਿਆਈਐ।
ਪਰਮ ਜੋਤਿ ਪਰਚੰਡੁ[10] ਜੁਗਤਿ ਜਗਾਈਐ।

(ਵ. 22, ਪੌ. 18)

---

1. ਚਾਰ ਪ੍ਰਕਾਰ ਦੀ ਸੈਨਾ 2. ਨਾਲ ਰੱਖੀ ਜਾਵੇ 3. ਮਹਾਂ, ਵੱਡੀ 4. ਕੈਲਾਸ਼ ਪਰਬਤ 5. ਫੇਰ 6. ਮੁੱਲ ਤੋਂ ਅਮੁੱਲ ਹੈ 7. ਦੂਜੇ 8. ਅੰਦਰ ਸੁਣਨਾ 9. ਬਲਵਾਨ 10. ਪਰਮ ਤੀਖਣ।

Sri Satguru Jagjit Singh Ji eLibrary NamdhariElibrary@gmail.com

ਸਿੱਖ ਸਤਿਗੁਰੂ ਦੀ ਸਾਜੀ ਸਵਾਰੀ ਸੰਗਤ ਵਿਚ ਪਹੁੰਚਦਾ ਹੈ, ਸਤਿਗੁਰੂ ਤੋਂ ਅਕਾਲ ਪੁਰਖ ਦੇ ਸੱਚੇ ਨਾਮ ਦਾ ਉਪਦੇਸ਼ ਲੈ ਕੇ ਉਸ ਦਾ ਸਿਮਰਨ ਕਰਦਾ ਹੈ, ਤੇ ਐਉਂ ਦੱਸੀ ਜੁਗਤ ਅਨੁਸਾਰ ਅਭਿਆਸ ਕਰਦਾ ਪਰਮ ਪੁਰਸ਼ ਦੀ ਜਗ-ਮਗ ਜੋਤ ਨੂੰ ਪ੍ਰਗਟ ਕਰ ਲੈਂਦਾ ਹੈ।

ਸਾਧਾਰਣ ਇਨਸਾਨ ਕਪਟੀ ਮਨ, ਵਿਕ੍ਰਿਤ ਬੁੱਧੀ ਤੇ ਦੂਸ਼ਿਤ ਇੰਦਰੀਆਂ ਦੇ ਸਦਕੇ ਸੱਤ ਸਮੁੰਦਰਾਂ ਵਿਚ ਗੋਤੇ ਖਾਂਦੇ ਰਹਿੰਦੇ ਹਨ ਪਰ ਗੁਰਮੁਖ ਇਹਨਾਂ ਦੇ ਵੱਸ ਨਹੀਂ ਪੈਂਦਾ, ਉਹ ਐਬਾਂ ਪਾਪਾਂ ਤੋਂ ਅਲੇਪ ਰਹਿੰਦਾ ਹੈ। ਇਸ ਬਚਾਉ ਦਾ ਕਾਰਣ ਹੈ ਉਹਦੇ ਅੰਤਹਕਰਣ ਵਿਚ ਅਨਹਦ ਸ਼ਬਦ ਦੀ ਜੋਤ ਦਾ ਨਿਰੰਤਰ ਪ੍ਰਕਾਸ਼। ਇਹ ਪ੍ਰਕਾਸ਼ ਉਸ ਨੂੰ ਉਂਗਲ ਫੜ ਕੇ ਸਹੀ ਰਾਹ ਤੇ ਤੋਰੀ ਰਖਦਾ ਹੈ, ਜਦ ਕਿ ਬਾਕੀ ਲੁਕਾਈ, ਮੋਹ ਮਾਇਆ ਦੇ ਹਨੇਰੇ ਵਿਚ ਕੁਝ ਨਹੀਂ ਦੇਖ ਪਾਉਂਦੀ, ਕਦੇ ਇਸ ਖੂਹ ਵਿਚ ਡਿਗ ਪੈਂਦੀ ਹੈ, ਕਦੇ ਉਸ ਖੱਡੇ ਵਿਚ :

ਸਤ ਸਮੁੰਦ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ।
ਸਤੇ ਦੀਪ ਅਨ੍ਹੇਰ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ।

(ਵ. 29, ਪੌ.8)

ਗੁਰਮੁਖ ਹੋਣ ਦਾ ਅਚੁਕ ਸਬੂਤ ਇਹ ਹੈ ਕਿ ਉਹਦੇ ਹਿਰਦੇ ਵਿਚ ਅਨਹਦ ਸ਼ਬਦ ਦੀ ਧੁਨਿ ਵਜਦੀ ਹੁੰਦੀ ਹੈ ਤੇ ਜੋਤਿ ਜਗ-ਮਗ ਜਗ ਰਹੀ ਹੁੰਦੀ ਹੈ। ਇਸ ਅਗੰਮੀ ਜੋਤਿ ਦਾ ਪਰਜਵਲਿਤ ਹੋਣਾ ਅਭਿਆਸੀ ਦੇ ਪ੍ਰਭੂ-ਦਰ ਪਰਵਾਨ ਹੋਣ ਦਾ ਸਰਟੀਫੀਕੇਟ ਮੰਨਿਆ ਜਾਂਦਾ ਹੈ :

ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ। (ਵ. 3, ਪੌ. 15)

ਜਿਸ ਸਮੇਂ ਸੁਰਤਿ ਸ਼ਬਦ ਦੇ ਅਭਿਆਸ ਨਾਲ ਸਿੱਖ ਦੇ ਹਿਰਦੇ ਵਿਚ ਰੱਬੀ ਜੋਤਿ ਜਗ ਪੈਂਦੀ ਹੈ ਤਾਂ ਉਸ ਦੀ ਕਾਇਆ ਹੀ ਦੈਵੀ ਗੁਣਾਂ ਨਾਲ ਸੰਪੰਨ ਨਹੀਂ ਹੋ ਜਾਂਦੀ ਉਸ ਦੀ ਦ੍ਰਿਸ਼ਟੀ ਵੀ ਪਾਰਦਰਸ਼ੀ ਹੋ ਨਿਬੜਦੀ ਹੈ, ਉਸ ਤੋਂ ਤਿੰਨਾਂ ਕਾਲਾਂ ਵਿਚ ਕੁਝ ਵੀ ਗੁੱਝਾ ਛਿਪਿਆ ਨਹੀਂ ਰਹਿੰਦਾ।

ਦਿਬ ਦੇਹਿ ਦਿਬ ਦ੍ਰਿਸਟਿ ਹੋਇ ਸਬਦ ਸੁਰਤਿ ਦਿਬ ਜੋਤਿ ਉਜਾਲੇ।

(ਵ. 11, ਪੌ. 7)

ਤੇ ਉਕਤ ਸਮਾਧੀ ਦੇ ਸਮੇਂ ਜਿਹੜੇ ਬਿਜਲੀ ਜਿਹੇ ਲਿਸ਼ਕਾਰੇ ਅੰਤਹਕਰਣ ਵਿਚ ਪ੍ਰਗਟ ਹੁੰਦੇ ਹਨ, ਉਹ ਜੋਤਿ ਸਰੂਪ ਪਰਮੇਸ਼ਰ ਦਾ ਆਪਣਾ ਹੀ ਪ੍ਰਕਾਸ਼ ਹੁੰਦੇ ਹਨ :

Sri Satguru Jagjit Singh Ji eLibrary NamdhariElibrary@gmail.com

ਸਹਜ ਸਮਾਧਿ ਸਾਧ ਸੰਗਤਿ ਜੋਤੀ ਸਰੂਪ
ਦਾਮਿਨੀ[1] ਚਮਤਕਾਰ ਉਨਮਨ ਮਾਨੀਐ।
(ਕ. ਸ. 128)

ਸ਼ਬਦ ਵਿਚ ਬਿਰਤੀ ਜੋੜ ਕੇ ਸ਼ਬਦ ਦੇ ਚਾਨਣ ਨਾਲ ਆਪਣਾ ਰਸਤਾ ਰੁਸ਼ਨਾ ਲਿਆ ਜਾਂਦਾ ਹੈ ਤੇ ਇਸ ਤਰ੍ਹਾਂ ਉਹਦੇ ਮਿਲਾਪ ਦੀ ਮੰਜ਼ਲ ਤੱਕ ਪਹੁੰਚਣਾ ਸੰਭਵ ਹੋ ਜਾਂਦਾ ਹੈ :

ਸਚ ਸਬਦ ਪਰਗਾਸ ਕਰਿ ਸਬਦ ਸੁਰਤਿ ਸਚੁ ਮੇਲ ਮਿਲਾਇਆ।
(ਵ. 39, ਪੌ. 11)

ਪ੍ਰਭੂ ਪ੍ਰੀਤ ਦਾ ਸੁਆਦ ਚੱਖ ਲੈਣ ਪਿਛੋਂ ਜਗਿਆਸੂ ਨੂੰ ਹੋਰ ਕੋਈ ਰਸ ਨਹੀਂ ਭਾਉਂਦਾ। ਉਹਦੀ ਜੋਤਿ ਸੋਹੰ-ਸੋਹੰ (ਮੈਂ ਉਹ ਹਾਂ, ਮੈਂ ਉਹ ਹਾਂ) ਦੀ ਧੁਨੀ ਵਿਚ ਮਸਤ ਪਰਮ ਜੋਤਿ ਵਿਚ ਸਮਾ ਜਾਂਦੀ ਹੈ :

ਪ੍ਰੇਮ ਰਸ ਰਸਿਕ ਹੁਇ ਅਨਰਸ ਰਹਿਤ ਹੁਇ
ਜੋਤੀ ਮੈ ਜੋਤਿ ਸਰੂਪ ਸੋਹੰ ਸੁਰ ਤਾਨੇ ਹੈ।
(ਕ. ਸ. 34)

*ਸ਼ਬਦ ਦੀ ਕਰਾਮਾਤ*

ਸਿਆਣੇ ਲੋਕ ਕਿਸੇ ਅਣਜਾਣੇ ਬੰਦੇ ਨੂੰ ਘਰ ਦੇ ਕੰਮ ਲਈ ਨੌਕਰ ਰਖਦੇ ਹਨ ਤਾਂ ਪਹਿਲਾਂ ਉਹਦੀ ਦਿਆਨਤਦਾਰੀ ਦਾ ਇਮਤਿਹਾਨ ਲੈਂਦੇ ਹਨ। ਜਿਵੇਂ ਪੰਜ-ਦਸ ਰੁਪੈ ਧੋਣ ਲਈ ਉਤਾਰੀ ਕਮੀਜ਼ ਵਿਚ ਪਏ ਰਹਿਣ ਦਿੱਤੇ ਜਾਂ ਝਾੜੂ ਲੱਗਣ ਤੋਂ ਅਗੋਂ ਕਮਰੇ ਦੀ ਕਿਸੇ ਨੁੱਕਰ ਵਿਚ ਸੁੱਟ ਛੱਡੇ। ਜੇ ਅਗਲੇ ਨੇ ਸ਼ਿਕਾਰੀ ਵਾਂਗ ਪਾਏ ਇਸ ਚੋਗੇ ਤੇ ਹੱਥ ਮਾਰ ਲਿਆ ਤਾਂ ਉਹਦੀ ਛੁੱਟੀ ਕਰ ਦਿੱਤੀ, ਨਹੀਂ ਤਾਂ ਉਹਨੂੰ ਭਲਾ ਬੰਦਾ ਸਮਝ ਕੇ ਆਪਣੇ ਵਿਸ਼ਵਾਸ਼ ਦਾ ਪਾਤਰ ਬਣਾ ਲਿਆ। ਰਿਧੀਆਂ-ਸਿਧੀਆਂ ਵੀ ਉਕਤ ਚੋਗੇ ਜਿਹੀ ਚੀਜ਼ ਹਨ।

ਆਤਮ-ਮਾਰਗ ਦੇ ਸਾਧਾਰਨ ਪਾਂਧੀ ਨੇ ਕੋਈ ਖ਼ਾਸ ਲੰਮਾ ਪੈਂਡਾ ਤੈਹ ਨਹੀਂ ਕੀਤਾ ਹੁੰਦਾ ਜਦ ਉਹਨੂੰ ਰੱਬ ਦੇ ਦਰੋਂ ਕੁਝ ਅਸਾਧਾਰਨ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜਿਵੇਂ ਕੋਈ ਮਿਲਣ ਆਵੇ ਤਾਂ ਪਤਾ ਲੱਗ ਜਾਇ ਇਹਦੇ ਵੇਰੇ ਦਾ ਮਨੋਰਥ ਕੀ ਹੈ। ਹੁਣ ਜੇ ਮੁਲਾਕਾਤੀ ਦੇ ਮੂੰਹ ਖੋਲ੍ਹਣ ਤੋਂ ਅਗੋਂ ਉਹਨੂੰ ਦੱਸ ਦਿੱਤਾ ਜਾਵੇ ਤੂੰ ਏਸ ਕੰਮ ਆਇਆ ਹੈਂ, ਉਹ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ, ਤੇ ਆਪਣੇ ਮਨ ਦੀ ਬੁੱਝਣ ਵਾਲੇ ਨੂੰ ਪਹੁੰਚਿਆ ਹੋਇਆ ਮਹਾਤਮਾ

1. ਬਿਜਲੀ।

Sri Satguru Jagjit Singh Ji eLibrary NamdhariElibrary@gmail.com

ਤਸਲੀਮ ਕਰ ਲੈਂਦਾ ਹੈ। ਦੋ ਚਾਰ ਵਾਰ ਅਜਿਹਾ ਚਮਤਕਾਰ ਵਖਾਉਣ ਨਾਲ ਸਾਧਕ ਦੀ ਸ਼ੋਭਾ ਫੈਲਣੀ ਸ਼ੁਰੂ ਹੋ ਜਾਂਦੀ ਹੈ, ਨਜ਼ਰਾਨੇ ਆਉਣ ਲੱਗ ਪੈਂਦੇ ਹਨ ਤੇ ਉਹ ਸਹਿਜੇ ਹੀ ਹਉਮੈ ਦੇ ਅਜਗਰ ਦੀ ਲਪੇਟ ਵਿਚ ਆ ਜਾਂਦਾ ਹੈ, ਜਾਂ ਲੋਭ ਦੇ ਚਿੱਕੜ ਵਿਚ ਫਿਸਲ ਜਾਂਦਾ ਹੈ। ਕਿਸੇ ਉਚੇਰੀ ਮੰਜ਼ਲ ਦੀ ਤਾਂ ਫੇਰ ਉਹਨੂੰ ਸੁਧ-ਬੁਧ ਨਹੀਂ ਰਹਿੰਦੀ।

ਵਾਹਿਗੁਰੂ ਦੀ ਦਇਆ ਨਾਲ ਰਿਧੀਆਂ, ਸਿਧੀਆਂ, ਨਿਧਾਂ, ਸ਼ਬਦ-ਅਭਿਆਸੀ ਦੀਆਂ ਦਾਸੀਆਂ ਬਣ ਜਾਂਦੀਆਂ ਹਨ, ਤੇ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖਸ਼) ਉਹਦੇ ਦਾਸਾਂ ਦੇ ਦਾਸ :

ਰਿਧਿ ਸਿਧਿ ਨਿਧਿ ਸਭ ਗੋਲੀਆਂ ਚਾਰ ਪਦਾਰਥ ਗੋਇਲ ਗੋਲੇ।

(ਵ. 12, ਪੌ. 20)

ਪਰ ਉਹ ਉਹਨਾਂ ਨੂੰ ਘਟੀਆ ਚਾਟ ਸਮਝ ਕੇ ਉਹਨਾਂ ਤੇ ਥੁਕਦਾ ਵੀ ਨਹੀਂ। (ਰਿਧਿ ਸਿਧਿ ਅਵਰਾ ਸਾਦ । ਜਪੁ ਜੀ) ਅਜਿਹੀ ਪ੍ਰਾਪਤੀ ਬਾਰੇ ਗੁਰੂ ਘਰ ਦਾ ਦ੍ਰਿਸ਼ਟੀਕੋਣ ਦਰਸਾਉਣ ਲਈ ਭਾਈ ਗੁਰਦਾਸ ਪਹਿਲੀ ਪਾਤਸ਼ਾਹੀ ਦੀ ਉਦਾਹਰਣ ਪੇਸ਼ ਕਰਦੇ ਹਨ। ਸਿੱਧਾਂ ਨਾਲ ਹੋਈ ਮੁਲਾਕਾਤ ਸਮੇਂ ਉਹਨਾਂ ਨੇ ਗੁਰੂ ਨਾਨਕ ਸਾਹਿਬ ਨੂੰ ਕਰਾਮਾਤਾਂ ਰਾਹੀਂ ਪ੍ਰਭਾਵਿਤ ਕਰ ਕੇ ਆਪਣੇ ਮਤਿ ਦਾ ਸਮਰਥਕ ਬਣਾਉਣਾ ਚਾਹਿਆ, ਪਰ ਉਹ ਆਪ ਦੇ ਵਿਰੁੱਧ ਸਾਰਥਕ ਨਾ ਹੋਈਆਂ, ਤੇ ਅੰਤ ਉਹਨਾਂ ਨੂੰ ਆਪਣੀ ਹਾਰ ਮੰਨਣੀ ਪਈ :

ਸਿੱਧ ਤੰਤ੍ਰ ਮੰਤ੍ਰ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।

(ਵ. 1, ਪੌ. 42)

ਤੇ ਇਹ ਇਸ ਲਈ ਹੋਇਆ ਕਿ ਗੁਰੂ ਸਾਹਿਬ ਨੇ ਸ਼ਬਦ ਦਾ ਕਵਚ ਪਹਿਨਿਆ ਹੋਇਆ ਸੀ। ਅਚੰਭਿਤ ਹੋਏ ਸਿੱਧ ਆਪ ਦੀ ਆਤਮਿਕ ਪ੍ਰਗਤੀ ਦੀ ਥਾਹ ਲੈਣ ਦੇ ਪ੍ਰਯੋਜਨ ਨਾਲ ਪੁੱਛਣ ਲੱਗੇ ਤੂੰ ਖ਼ੁਦ ਕੀ ਕੀ ਕਰਾਮਾਤਾਂ ਵਖਾ ਬੈਠਾ ਹੈਂ, ਉਹਨਾਂ ਦੀ ਵੰਨਗੀ ਤੱਕਣ ਦਾ ਸਾਨੂੰ ਵੀ ਅਵਸਰ ਦੇਹ :

ਸਿਧਿ ਬੋਲਿਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ।

(ਵ. 1, ਪੌ. 42)

ਗੁਰੂ ਸਾਹਿਬ ਦਾ ਜਵਾਬ ਸੀ : ਸਾਰੀਆਂ ਕਰਾਮਾਤਾਂ ਦੀ ਇਕ ਕਰਾਮਾਤ ਸ਼ਬਦ ਹੈ, ਉਹ ਤੁਸੀਂ ਆਪ ਸੁਣ ਕੇ ਵੇਖ ਲਓ। ਮੇਰੇ ਕੋਲ ਇਸ ਸੱਚੇ ਨਾਮ (ਸ਼ਬਦ) ਤੋਂ ਬਿਨਾਂ ਕੋਈ ਅਲੌਕਾਰੀ ਸੱਤਾ ਨਹੀਂ :

Sri Satguru Jagjit Singh Ji eLibrary NamdhariElibrary@gmail.com

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚੁ ਮੁਖਹੁ ਅਲਾਈ।
ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਡੇ ਨਾਹੀ।
(ਵ. 1, ਪੌ. 43)

ਆਪ ਨੇ ਇਹ ਵੀ ਕਿਹਾ ਜੇ ਮੈਂ ਤੁਹਾਡੇ ਸਾਹਮਣੇ ਅੱਗ ਦੀ ਪੁਸ਼ਾਕ ਧਾਰਨ ਕਰ ਕੇ ਬੈਠ ਜਾਵਾਂ ਜਾਂ ਇਹ ਸਿੱਧ ਕਰਨ ਲਈ ਕਿ ਮੇਰੇ ਉਤੇ ਸਖਤ ਤੋਂ ਸਖਤ ਸਰਦੀ ਦਾ ਵੀ ਕੋਈ ਅਸਰ ਨਹੀਂ ਹੁੰਦਾ, ਹਿਮਾਲੀਆ ਵਿਚ ਬਰਫ਼ ਦਾ ਮਕਾਨ ਛੱਤ ਕੇ ਜਾ ਵਸਾਂ, ਜਾਂ ਆਮ ਭੋਜਨ ਦੀ ਥਾਂ ਨਿਰੇ ਲੋਹੇ ਦਾ ਆਹਾਰ ਅਰੰਭ ਲਵਾਂ, ਜਾਂ ਪ੍ਰਿਥਵੀ ਨੂੰ ਅਜਿਹੀ ਨਕੇਲ ਪਾਵਾਂ ਕਿ ਉਹ ਆਪਣੇ ਬੱਝਵੇਂ ਨਿਯਮ ਅਨੁਸਾਰ ਸੂਰਜ ਦੁਆਲੇ ਘੁੰਮਣ ਦੀ ਬਜਾਇ ਮੇਰੇ ਇਸ਼ਾਰਿਆਂ ਤੇ ਨੱਚਣ ਲੱਗ ਪਵੇ, ਜਾਂ ਆਪਣੀ ਕਾਇਆ ਨੂੰ ਏਡੀ ਵਿਸ਼ਾਲ ਬਣਾ ਲਵਾਂ ਕਿ ਧਰਤੀ ਉਹਦੇ ਦਬਾਉ ਹੇਠ ਗੇਂਦ ਵਾਂਗ ਰੁੜ੍ਹਦੀ ਤੁਰੀ ਜਾਵੇ, ਜਾਂ ਪ੍ਰਿਥਵੀ ਤੇ ਆਕਾਸ਼ ਨੂੰ ਤੱਕੜੀ ਦੇ ਇਕ ਪੱਲੇ ਵਿਚ ਰਖ ਕੇ ਦੂਜੇ ਵੰਨੇ ਕੇਵਲ ਇਕ ਟੰਕ (ਛੇ ਮਾਸ਼ੇ ਦੀ ਵੱਟੀ) ਟਿਕਾ ਦਿਆਂ ਤੇ ਉਹ ਉਹਨਾਂ ਦੋਹਾਂ ਨਾਲ ਸਾਵੀਂ ਉਤਰ ਪਵੇ, ਜਾਂ ਫੇਰ ਜਿਸ ਵੱਡੇ ਤੋਂ ਵੱਡੇ, ਡਾਢੇ ਤੋਂ ਡਾਢੇ ਇਨਸਾਨ ਨੂੰ ਜੋ ਵੀ ਕੋਈ ਆਦੇਸ਼ ਦਿਆਂ ਉਹ ਉਸ ਦੀ ਪਾਲਣਾ ਕਰਨ ਲਈ ਤਤਪਰ ਮਿਲੇ—ਤਾਂ ਵੀ ਉਹ ਸਾਰਾ ਅਡੰਬਰ ਪਲਾਂ ਛਿਨਾਂ ਵਿਚ ਅਲੋਪ ਹੋ ਜਾਣ ਵਾਲੀ ਬੱਦਲ ਦੀ ਛਾਂ ਜਿਹਾ ਨਿਗੂਣਾ ਭਾਸੇਗਾ। ਅਸਲ ਵਿਚ ਲੋਚਣ ਵਾਲੀ ਚੀਜ਼, ਇਸ ਤਰ੍ਹਾਂ ਦੀਆਂ ਰਿੱਧੀਆਂ, ਸਿੱਧੀਆਂ ਨਹੀਂ, ਸੱਚਾ ਨਾਮ, ਸੱਚਾ ਸ਼ਬਦ ਹੈ। ਸਤਿਨਾਮ ਦੀ ਸਮਰੱਥਾ ਸਾਹਮਣੇ ਸਭ ਕਰਾਮਾਤਾਂ ਹੇਚ ਹਨ, ਨਿਰਅਰਥ ਹਨ :

ਬਸਤਰਿ ਪਹਿਰੇ ਅਗਨਿ ਕੇ ਬਰਫ ਹਿਮਾਲੇ ਮੰਦਰੁ ਛਾਈ।
ਕਰੋਂ ਰਸੋਈ ਸਾਰ[1] ਦੀ ਸਗਲੀ ਧਰਤੀ ਨਥਿ ਚਲਾਈ।
ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ।
ਤੋਲੀ ਧਰਤਿ ਅਕਾਸਿ ਦੁਇ ਪਿਛੈ ਛਾਬੇ ਟੰਕੁ ਚੜ੍ਹਾਈ।
ਇਹ ਬਲੁ ਰਖਾਂ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
ਸਤਿਨਾਮ ਬਿਨੁ ਬਾਦਰਿ ਛਾਈ। (ਵ. 1, ਪੌ. 43)

### *ਅਗੰਮੀ ਦ੍ਰਿਸ਼ਟੀ*

ਜਦੋਂ ਦੀਖਿਆ ਦੀ ਅਨੁਸਾਰਤਾ ਵਿਚ ਕੀਤੀ ਸਾਧਨਾ ਦੇ ਫਲ ਸਰੂਪ ਸ਼ਬਦ ਦੀ ਜੋਤਿ ਜਗ ਪਵੇ ਤਾਂ ਜਗਿਆਸੂ ਇਸ ਯੋਗ ਹੋ ਜਾਂਦਾ ਹੈ ਕਿ ਉਹ

1. ਲੋਹਾ।

Sri Satguru Jagjit Singh Ji eLibrary NamdhariElibrary@gmail.com

ਆਪਣੇ ਹੀ ਅੰਦਰ ਨਜ਼ਰ ਦੌੜਾ ਕੇ ਵੇਖ ਲਵੇ ਕਿ ਵਰਤਮਾਨ ਵਿਚ ਕੀ ਬੀਤ ਰਿਹਾ ਹੈ, ਭੂਤ ਵਿਚ ਕੀ ਬੀਤ ਚੁੱਕਾ ਹੈ ਜਾਂ ਭਵਿਖ ਵਿਚ ਕੀ ਬੀਤਣ ਵਾਲਾ ਹੈ। ਇਹ ਵੀ ਨਹੀਂ ਕਿ ਉਹਦੀ ਦ੍ਰਿਸ਼ਟੀ ਇਸ ਲੋਕ ਵਿਚ ਹੀ ਝਾਤ ਪਾਉਣ ਦੇ ਸਮਰੱਥ ਹੋਵੇ। ਉਸ ਤੋਂ ਕਿਸੇ ਵੀ ਲੋਕ ਵਿਚ ਕੁਝ ਲੁਕਿਆ ਛੁਪਿਆ ਨਹੀਂ ਰਹਿੰਦਾ :

ਸ਼ਬਦ ਸੁਰਤਿ ਲਿਵ ਜੋਤਿ ਕੋ ਉਦੋਤ ਭਇਓ
ਤ੍ਰਿਭਵਨ ਅਉ ਤ੍ਰਿਕਾਲ ਅੰਤਰਿ ਦਿਖਾਏ ਹੈ।

(ਕ. ਸ. 43-77)

ਸ਼ਬਦ ਸੁਰਤਿ ਦਾ ਲੜ ਫੜਿਆਂ ਹੈਰਾਨੀ-ਜਨਕ ਯਕੀਨ ਬੱਝ ਜਾਂਦਾ ਹੈ, ਸਮਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ, ਦਿੱਬ ਜੋਤਿ ਪ੍ਰਗਟ ਹੋ ਜਾਂਦੀ ਹੈ, ਅਨੁਭਵ ਖੁਲ੍ਹ ਜਾਂਦਾ ਹੈ, ਅਬਿਨਾਸੀ ਸੁਖ ਤੇ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ :

ਸ਼ਬਦ ਸੁਰਤਿ ਸਮਦ੍ਰਿਸ਼ਟਿ ਕੈ ਦਿਬਿ ਜੋਤਿ
ਸ਼ਬਦ ਸੁਰਤਿ ਲਿਵ ਅਨਭੈ ਅਭਿਆਸ ਹੈ।
ਸ਼ਬਦ ਸੁਰਤਿ ਪਰਮਾਰਥ ਪਰਮ ਪਦ
ਸ਼ਬਦ ਸੁਰਤਿ ਸੁਖ ਸਹਜ ਨਿਵਾਸ ਹੈ।
ਸ਼ਬਦ ਸੁਰਤਿ ਲਿਵ ਪ੍ਰੇਮ ਰਸ ਰਸਿਕ ਹੁਇ
ਸ਼ਬਦ ਸੁਰਤਿ ਲਿਵ ਬਿਸਮ ਬਿਸ੍ਵਾਸ ਹੈ।

(ਕ. ਸ. 28-62)

*ਪਸ਼ੂ-ਪ੍ਰੇਤਾਂ ਤੋਂ ਗੁਰਮੁਖ*

ਪਰੇਤਾਂ ਵਿਚ, ਜਿਵੇਂ ਕਿ ਦੱਸਿਆ ਜਾਂਦਾ ਹੈ, ਗੁਣ ਤਾਂ ਪਸ਼ੂਆਂ ਵਾਲਾ ਵੀ ਕੋਈ ਨਹੀਂ ਹੁੰਦਾ ਔਗੁਣ ਹੁੰਦੇ ਹਨ ਉਹਨਾਂ ਤੋਂ ਕਈ ਗੁਣਾਂ ਤੇ ਉਹ ਵੀ ਵਧ ਚੜ੍ਹ ਕੇ ਭੈੜੇ। ਪਿਛਲੇ ਸੰਸਕਾਰਾਂ ਦੀ ਬਦੌਲਤ ਕੁਝ ਵਿਅਕਤੀ ਇਨਸਾਨ ਹੁੰਦੇ ਹੋਏ ਵੀ ਪਸ਼ੂਆਂ ਪਰੇਤਾਂ ਦੀ ਪ੍ਰਕਿਰਤੀ ਲੈ ਕੇ ਜੰਮਦੇ ਹਨ ਜਿਸ ਕਾਰਣ ਉਹਨਾਂ ਕੋਲੋਂ ਕੋਈ ਭਲਿਆਈ ਨਹੀਂ ਸਰਦੀ। ਉਨਾਂ ਨੂੰ ਇਨਸਾਨ ਆਖਣਾ ਇਨਸਾਨੀਅਤ ਦਾ ਅਪਮਾਨ ਕਰਨ ਮਾਤਰ ਹੁੰਦਾ ਹੈ। ਪਰ ਸ਼ਬਦ ਅਭਿਆਸ ਦਾ ਕਮਾਲ ਦੇਖੋ, ਇਹ ਉਸ ਭਾਂਤ ਦੇ ਜੀਵਾਂ ਨੂੰ ਵਧੀਆ ਇਨਸਾਨ ਹੀ ਕਿਉਂ ਦੇਵਤੇ ਬਣਾ ਦਿੰਦਾ ਹੈ :

ਪਸੂ ਪਰੇਤਹੁੰ ਦੇਵ ਕਰਿ ਸਾਧ ਸੰਗਤਿ ਗੁਰੁ ਸਬਦ ਕਮਾਏ।

(ਵ. 37, ਪੌ. 28)

Sri Satguru Jagjit Singh Ji eLibrary NamdhariElibrary@gmail.com

ਅਸਲ ਵਿਚ ਵਿਵੇਕੀ ਪੁਰਸ਼ ਹੀ ਉਹ ਹੁੰਦਾ ਹੈ, ਜਿਹੜਾ ਸ਼ਬਦ ਸੁਰਤਿ ਦੀ ਸਾਧਨਾ ਕਰਦਾ ਹੋਏ, ਸ਼ਬਦ ਦੀ ਧੁਨੀ ਸੁਣਦਾ ਹੋਵੇ। ਜੇ ਕੋਈ ਇਸ ਪਖੋਂ ਕੋਰਾ ਹੈ ਤਾਂ ਉਹਨੂੰ ਪਸ਼ੂਆਂ ਪ੍ਰੇਤਾਂ ਵਿਚੋਂ ਹੀ ਇਕ ਜਾਣੋ :

ਸ਼ਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ
ਨਾਤਰੁ[1] ਅਚੇਤ ਪਸੂ ਪ੍ਰੇਤ ਹੂੰ ਮੈਂ ਏਕ ਹੈ।
(ਕ. ਸ. 200)

### *ਸੰਸਾਰੀ ਤੋਂ ਨਿਰੰਕਾਰੀ*

ਸੁਰਤਿ ਨੂੰ ਸ਼ਬਦ ਦੀ ਲਾਗ ਲੱਗਣ ਨਾਲ ਸਤਿਸੰਗੀ ਦੀ ਸੋਚਣੀ ਮੂਲੋਂ ਹੀ ਬਦਲ ਜਾਂਦੀ ਹੈ। ਜਿਹਨਾਂ ਸਕਿਆਂ, ਸੰਬੰਧੀਆਂ ਦੇ ਅਗੇ ਜਾਨ ਛਿੜਕਣੋਂ ਗੁਰੇਜ਼ ਨਹੀਂ ਸੀ ਹੁੰਦਾ ਉਹਨਾਂ ਦੇ ਰਿਸ਼ਤਿਆਂ ਦਾ ਖੋਖਲਾਪਣ ਚਿੱਟੇ ਦਿਨ ਵਾਂਗ ਉਘੜ ਆਉਂਦਾ ਹੈ। ਜਿਹਨਾਂ ਸੰਪੱਤੀਆਂ, ਪਦਾਰਥਾਂ ਨੂੰ ਹਾਸਲ ਕਰਨਾ ਉਹਨੇ ਜ਼ਿੰਦਗੀ ਦਾ ਆਖ਼ਰੀ ਟੀਚਾ ਮਿਥਿਆ ਹੋਇਆ ਸੀ, ਉਹ ਉਕਾ ਨਿਗੂਣੀਆਂ ਜਾਪਣ ਲੱਗ ਪੈਂਦੀਆਂ ਹਨ। ਕੁਰਸੀਆਂ, ਮਰਤਬਿਆਂ ਦੀ ਕੀਮਤ ਉਹਦੇ ਭਾਣੇ ਫੁੱਟੀ ਕੌਡੀ ਜਿੰਨੀ ਵੀ ਨਹੀਂ ਰਹਿ ਜਾਂਦੀ। ਹੁਣ ਉਹਦੇ ਜੀਵਨ ਦਾ ਇਕੋ ਇਕ ਉਦੇਸ਼ ਹੁੰਦਾ ਹੈ ਪ੍ਰੀਤਮ ਦਾ ਮਿਲਾਪ :

ਦਰਸ ਦਰਸਿ ਸਮਦਰਸ ਧਿਆਨ ਧਾਰਿ
ਸਬਦਿ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ।
(ਕ. ਸ. 261)

ਸ਼ਬਦ ਦੁਆਰਾ ਸਹਜ ਸਮਾਧੀ ਨੂੰ ਪ੍ਰਾਪਤ ਸਾਧਕਾਂ ਦਾ ਵਕਤ ਵਿਸਮਾਦ ਦੀ ਅਵਸਥਾ ਵਿਚ ਬੀਤਦਾ ਹੈ। ਦੇਹਿ ਵਿਚ ਰਹਿੰਦਿਆਂ ਵੀ ਦੇਹਿ ਦੇ ਬੰਧਨ ਉਹਨਾਂ ਨੂੰ ਨਹੀਂ ਪੋਂਹਦੇ; ਉਹ ਬਿਨਾਂ ਮੋਏ ਜੀਵਨ ਮੁਕਤ ਹੋ ਜਾਂਦੇ ਹਨ। ਉਹ ਸਮੇਂ ਤੇ ਸਥਾਨ ਵਿਚ ਅਟੰਕ ਵਿਚਰਦੇ ਹਨ, ਭਾਵ ਭੂਤ, ਵਰਤਮਾਨ, ਭਵਿਖ ਉਹਨਾਂ ਲਈ ਇਕ ਖੁਲ੍ਹੀ ਕਿਤਾਬ ਹੁੰਦੇ ਹਨ, ਉਹਨਾਂ ਤੋਂ ਕੁਝ ਛੁਪਿਆ ਨਹੀਂ ਹੁੰਦਾ ਤੇ ਉਪਰਲੇ-ਹੇਠਲੇ ਮੰਡਲਾਂ ਵਿਚ ਉਹ ਅਜਿਹੀ ਸਹਜਤਾ ਨਾਲ ਘੁੰਮ ਲੈਂਦੇ ਹਨ, ਜਿਵੇਂ ਕੋਈ ਆਪਣੇ ਬਰਾਮਦੇ ਤੋਂ ਉਠ ਕੇ ਵਿਹੜੇ ਵਿਚ ਤੁਰ ਆਵੇ :

ਬਿਸਮ ਬਿਦੇਹ ਜਗਜੀਵਨ ਮੁਕਤਿ ਭਏ
ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ।
(ਕ. ਸ. 31-64)

---

1. ਨਹੀਂ ਤਾਂ।

Sri Satguru Jagjit Singh Ji eLibrary NamdhariElibrary@gmail.com

*ਸ਼ਬਦ ਨੀਸਾਣ*

ਜਿਹਨਾਂ ਦਫਤਰਾਂ, ਵਰਕਸ਼ਾਪਾਂ, ਆਦਿ ਵਿਚ ਵਿਸ਼ੇਸ਼ ਸੁਰੱਖਿਆ ਦੇ ਪ੍ਰਬੰਧ ਲੋੜੀਂਦੇ ਹੋਣ, ਜਾਂ ਜਿਹਨਾਂ ਵਿਚ ਕਾਰਜ ਨਿਭਾਉਂਦੇ ਅਧਿਕਾਰੀਆਂ ਨੂੰ ਫ਼ਜ਼ੂਲ ਦੇ ਮੁਲਾਕਾਤੀਆਂ ਦੀ ਬਕ-ਬਕ ਤੋਂ ਬਚਾਉਣਾ ਹੋਵੇ, ਓਥੇ ਉਸੇ ਵਿਅਕਤੀ ਨੂੰ ਹੀ ਅੰਦਰ ਵੜਨ ਦਿੱਤਾ ਜਾਂਦਾ ਹੈ ਜਿਹਨੇ ਇਸ ਪ੍ਰਯੋਜਨ ਲਈ ਸਪੈਸ਼ਲ ਪਰਮਿਟ ਬਣਵਾ ਲਿਆ ਹੋਵੇ। ਉਕਤ ਸੰਸਥਾ ਦੇ ਆਪਣੇ ਕਰਮਚਾਰੀ ਜਾਂ ਫੇਰ ਉਹ ਲੋਕ, ਜਿਨ੍ਹਾਂ ਦਾ ਉਸ ਨਾਲ ਨਿੱਤ ਦਿਹਾੜੀ ਕੰਮ ਪੈਂਦਾ ਹੋਵੇ, ਤੇ ਜਿਹਨਾਂ ਦੇ ਚਰਿੱਤਰ ਸ਼ੱਕ ਸੁਬ੍ਹੇ ਤੋਂ ਮੁਕਤ ਹੋਣ, ਸੰਬੰਧਿਤ ਅਫ਼ਸਰ ਕੋਲੋਂ ਇਕ ਅਜਿਹਾ ਕਾਰਡ ਬਣਵਾ ਲੈਂਦੇ ਹਨ ਜਿਸ ਵਿਚ ਸੌਖੀ ਪਛਾਣ ਲਈ ਉਹਨਾਂ ਦੀ ਪ੍ਰਮਾਣਿਤ ਤਸਵੀਰ ਵੀ ਚਿਪਕਾਈ ਹੁੰਦੀ ਹੈ। ਪਹਿਰੇ ਤੇ ਹਾਜ਼ਰ ਸੰਤਰੀ ਆਉਣ ਵਾਲੇ ਦਾ ਸ਼ਨਾਖਤੀ ਕਾਰਡ ਦੇਖਦਾ ਹੈ ਤੇ ਉਹਦੇ ਪ੍ਰਵੇਸ਼ ਲਈ ਬੇਝਿਜਕ ਬੂਹਾ ਖੋਲ੍ਹ ਦਿੰਦਾ ਹੈ।

ਸਤਿਪੁਰਸ਼ ਦੇ ਮਹੱਲ, ਸੱਚਖੰਡ, ਵਿਚ ਪ੍ਰਵੇਸ਼ ਕਰਨ ਲਈ ਉਹਦੇ ਦਰ ਤੇ ਕੇਵਲ ਸ਼ਬਦ ਦਾ ਸ਼ਨਾਖਤੀ-ਨਿਸ਼ਾਨ ਜਾਂ ਪ੍ਰਮਾਣ-ਪੱਤਰ ਹੀ ਸਵੀਕਾਰ ਕੀਤਾ ਜਾਂਦਾ ਹੈ। ਜਿਸ ਸੁਰਤਿ ਜਾਂ ਆਤਮਾ ਤੇ ਉਹਦੀ ਕੀਤੀ ਕਮਾਈ ਕਾਰਨ ਸ਼ਬਦ ਦਾ ਠੱਪਾ ਲੱਗ ਗਿਆ ਹੁੰਦਾ ਹੈ ਉਹ ਆਪਣੇ ਮੂਲ, ਪਰਮਾਤਮਾ ਵਿਚ ਸਮਾਉਣ ਦੀ ਅਧਿਕਾਰੀ ਮੰਨ ਲਈ ਜਾਂਦੀ ਹੈ :

ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
ਇਕੋ ਦਰਿ ਦੀਬਾਣੁ ਸਬਦਿ ਸਿਞਾਣੀਐ। (ਵ. 3, ਪੌ. 3)

ਅਨਹਦ ਸ਼ਬਦ ਦੀ ਧੁਨੀ ਸੁਣਾਈ ਦੇਣਾ ਅਭਿਆਸੀ ਦੇ ਪ੍ਰਭੂ ਮਿਲਾਪ ਦਾ ਅਧਿਕਾਰੀ ਪਰਵਾਨ ਕਰ ਲਏ ਜਾਣ ਦਾ ਅਕੱਟ ਸਬੂਤ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਲੱਖ ਸਾਈਂ ਲੋਕਾਂ ਵਿਚੋਂ ਕਦੇ ਇਕ ਕੋਈ ਅਜਿਹਾ ਲੱਭਦਾ ਹੈ, ਜਿਹੜਾ ਇਸ ਪ੍ਰਕਾਰ ਦੀ ਦਇਆ ਦਾ ਪਾਤਰ ਬਣ ਗਿਆ ਹੋਵੇ :

ਸਾਇਰ ਲਖ ਢੰਢੋਲ ਸਬਦ ਨੀਸਾਣੀਐ। (ਵ. 22, ਪੌ. 14)

ਸਤਿਗੁਰੂ ਦੋਹਾਂ ਜਹਾਨਾਂ ਦਾ ਵਾਲੀ ਜੋ ਹੋਇਆ, ਜਿਸ ਸਿੱਖ ਕੋਲ ਉਹਦਾ ਦਿੱਤਾ ਸ਼ਬਦ ਦਾ ਪਰਵਾਨਾ ਹੋਵੇ ਉਹਦੇ ਲਈ ਸਚਖੰਡ ਸਮੇਤ ਸਾਰੇ ਦਰ ਖੁਲ੍ਹ ਜਾਂਦੇ ਹਨ :

ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤ ਗੁਰੁ ਸਬਦ ਨੀਸਾਣ।
(ਵ. 5, ਪੌ. 21)

Sri Satguru Jagjit Singh Ji eLibrary NamdhariElibrary@gmail.com

ਤਥਾ :

ਦੁਹੀਂ ਸਰਾਈਂ ਸੁਰਖਰੂ ਸਚੁ ਸਬਦੁ ਵਜੈ ਨੀਸਾਨਾ।

(ਵ. 30, ਪੌ. 15)

ਸ਼ਬਦ ਦੀ ਮੋਹਰ ਜਾਣੋਂ ਜ਼ਾਮਨ ਬਣ ਜਾਂਦੀ ਹੈ ਕਿ ਸੰਬੰਧਿਤ ਵਿਅਕਤੀ ਸ੍ਰੇਸ਼ਟ ਬੁੱਧੀ ਜਾਂ ਅਕਲੇ-ਸਲੀਮ ਦਾ ਮਾਲਕ ਹੈ, ਗੁਰਮੁਖ ਹੈ :

ਗੁਰਮੁਖਿ ਪੂਰਣ ਮਤਿ ਸਬਦਿ ਨੀਸਾਣੀਐ। (ਵ. 19, ਪੌ. 15)

*ਸੁਰਤਿ ਦੀ ਸੰਭਾਲ*

ਹਰ ਕੋਈ ਮੌਤ ਤੋਂ ਏਨਾ ਕਿਉਂ ਡਰਦਾ ਹੈ ? ਇਸ ਲਈ ਕਿ ਜੋ ਕੁਝ ਉਹਦੇ ਨਾਲ ਅਗੇ ਨੂੰ ਬੀਤਣਾ ਹੁੰਦਾ ਹੈ, ਉਹਦੀ ਰੱਤੀ ਭਰ ਸੂਹ ਨਹੀਂ ਲਗਦੀ, ਉਹਦਾ ਮੋਟਾ-ਸੋਟਾ ਅਨੁਮਾਨ ਵੀ ਨਹੀਂ ਬਣਦਾ। ਹੁਣ ਦੇ ਜਨਮ ਵਿਚ ਸੁਚੇਤ ਤੌਰ ਤੇ ਕੀਤੇ ਅਘਾਂ ਪਾਪਾਂ ਦਾ ਅਹਿਸਾਸ ਤਾਂ ਬੰਦੇ ਨੂੰ ਹੁੰਦਾ ਹੀ ਹੈ, ਨਾ ਜਾਣੇ ਕਿੰਨੇ ਹੋਰ ਅਚਿੰਤੇ ਵੀ ਹੋ ਗਏ ਹੁੰਦੇ ਹਨ (ਰੇ ਨਰ ਅਚੇਤ ਪਾਪ ਤੇ ਡਰ ਰੇ) ਤੇ ਫੇਰ ਸੰਚਿਤ ਕਰਮ—ਪਿਛਲੇ ਅਨੇਕ ਅਨੇਕ ਜਨਮਾਂ ਵਿਚ ਡੋਲ੍ਹੀ ਕੜ੍ਹੀ। ਨਾ ਚਿੱਤਰ-ਗੁਪਤ ਆਪਣੀ ਬਹੀ ਵਿਚ ਕੁਝ ਦਰਜ ਕਰਨੋਂ ਉਕਦੇ ਹਨ, ਨਾ ਧਰਮ ਰਾਜ ਆਪਣੇ ਫੈਸਲੇ ਸੁਣਾਉਣ ਲੱਗਿਆਂ ਕੋਈ ਰਿਆਇਤ ਵਰਤਦਾ ਹੈ। ਸੋ ਡਰ ਤਾਂ ਲੱਗਣਾ ਹੀ ਹੋਇਆ। ਪਰ ਜੇ ਸ਼ਬਦ ਦਾ ਅਭਿਆਸ ਕੀਤਾ ਗਿਆ ਹੋਵੇ ਫੇਰ ਕੋਈ ਚਿੰਤਾ ਨਹੀਂ, ਅਜਿਹੇ ਸਾਧਕ ਨੂੰ ਸਤਿਗੁਰੂ ਹੱਥ ਦੇ ਕੇ ਰਖ ਲੈਂਦਾ ਹੈ। ਉਹਦੇ ਵੱਲ ਤੱਤੀ ਵਾਅ ਦਾ ਵੀ ਗੁਜ਼ਰ ਨਹੀਂ ਹੋਣ ਦਿੰਦਾ :

ਗੁਰਮੁਖ ਸਬਦ ਸਮਾਲ ਸੁਰਤਿ ਸਮਾਲੀਐ। (ਵ. 3, ਪੌ. 14)

*ਸ਼ਬਦ ਖੋਜ—ਮਿਲਾਪ ਦਾ ਸਾਧਨ*

ਜਿਵੇਂ ਕਿ ਸਤਿਗੁਰੂ ਆਪਣੇ ਸਿੱਖਾਂ ਨੂੰ ਗਿਆਤ ਕਰਵਾਉਂਦੇ ਹਨ, ਸਤਿਪੁਰਸ਼ ਨੂੰ ਮਿਲਣ ਦਾ ਇਕੋ-ਇਕ ਸਾਧਨ ਸ਼ਬਦ ਦੀ ਕਮਾਈ ਹੈ, ਤੇ ਇਹ ਭੇਤ ਉਹਨਾਂ ਤੋਂ ਬਿਹਤਰ ਹੋਰ ਕਿਸ ਨੂੰ ਮਾਲੂਮ ਹੋ ਸਕਦਾ ਹੈ, ਕਿਉਂਕਿ ਸਤਿਗੁਰੂ ਖ਼ੁਦ ਸਤਿਪੁਰਸ਼ ਦਾ ਹੀ ਤਾਂ ਰੂਪ ਹੁੰਦੇ ਹਨ :

ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।
ਪੂਰੀ ਸਤਿਗੁਰ ਮਤਿ ਸਬਦ ਸਮ੍ਹਾਲੀਐ। (ਵ. 3, ਪੌ. 8)

ਗੁਰ-ਸਿੱਖੀ ਦਾ ਆਸ਼ਾ ਜਗਿਆਸੂ ਨੂੰ ਸੰਸਾਰ ਸਾਗਰ ਦੇ ਥਪੇੜਿਆਂ ਤੋਂ ਨਜਾਤ ਦਵਾਉਣਾ ਹੈ, ਤੇ ਉਹ ਆਸ਼ਾ ਸ਼ਬਦ ਦੀ ਕਮਾਈ ਨਾਲ ਪੂਰਨ ਹੁੰਦਾ ਹੈ :

Sri Satguru Jagjit Singh Ji eLibrary NamdhariElibrary@gmail.com

ਗੁਰਸਿਖੀ ਮਿਲਿ ਸਾਧ ਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।
(ਵ. 28, ਪੌ. 10)

ਇਸ ਵਾਕ ਦਾ ਭਾਵ ਸਪਸ਼ਟ ਕਰਦਿਆਂ ਭਾਈ ਵੀਰ ਸਿੰਘ ਲਿਖਦੇ ਹਨ, "ਗੁਰਸਿਖੀ (ਅਰਥਾਤ ਗੁਰੂ ਦੇ ਸਿਖ) ਸਾਧ ਸੰਗਤ ਵਿਖੇ ਮਿਲ ਕੇ ਸ਼ਬਦ ਸੁਰਤਿ ਨਾਲ ਸੰਸਾਰ ਸਾਗਰ ਦੁਸਤਰ ਥੋਂ ਤਰ ਜਾਂਦੇ ਹਨ।" (ਟੀਕਾ ਵਾਰਾਂ ਭਾਈ ਗੁਰਦਾਸ, ਪੰ. 468)

### *ਅਲਖ ਪ੍ਰਭੂ ਨੂੰ ਲੱਖਣਾ*

ਅਜਿਹਾ ਕੋਈ ਫਲ ਨਹੀਂ ਜਿਹੜਾ ਸ਼ਬਦ ਸੇਵਾ ਦੁਆਰਾ ਹਾਸਲ ਨਾ ਹੋ ਸਕੇ, ਹੋਰ ਤਾਂ ਹੋਰ ਇਸ ਦੀ ਬਦੌਲਤ ਲੱਖਤਾ ਤੋਂ ਅਤੀਤ ਪਾਰਬ੍ਰਹਮ ਵੀ ਲਖਿਆ ਜਾ ਸਕਦਾ ਹੈ :

ਅਠੇ ਪਹਰ ਅਰਾਧੀਐ ਸ਼ਬਦ ਸੁਰਤ ਲਿਵ ਅਲਖ ਲਖਾਇਆ।
(ਵ. 29, ਪੌ. 9)

ਗੁਰਮੁਖ ਸ਼ਬਦ ਦਾ ਅਭਿਆਸ ਕਰਦਾ ਹੈ ਤਾਂ ਉਸ ਨੂੰ ਸੱਚ, ਭਾਵ ਸਤਿਪੁਰਸ਼ ਦਾ ਸਾਖਿਆਤਕਾਰ ਹੋ ਜਾਂਦਾ ਹੈ :

ਗੁਰਮੁਖਿ ਸਬਦੁ ਵੀਚਾਰਿ ਸਚਿ ਸਿਞਾਣੀਐ। (ਵ. 19, ਪੌ. 4)

### *ਪ੍ਰਭੂ ਮਿਲਾਪ—ਸ਼ਬਦ ਕੀਰਤਨ*

ਸੁਰਤਿ ਦੇ ਸ਼ਬਦ ਨਾਲ ਜੁੜਨ ਤੇ ਸੁਣੀ ਜਾਣ ਵਾਲੀ ਧੁਨੀ ਉਹ ਕੀਰਤਨ ਹੈ ਜਿਹੜਾ ਨਿਰੰਕਾਰ ਨਾਲ ਮਿਲਾਪ ਕਰਵਾ ਦਿੰਦਾ ਹੈ :

ਸ਼ਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਿਲਾਏ।
(ਵ. 9, ਪੌ. 17)

ਇਹ ਮਿਲਾਪ ਹੁੰਦਾ ਵੀ ਖੂਬ ਹੈ, ਸੰਪੂਰਨ, ਅੰਤਮ। ਉਸ ਤਰ੍ਹਾਂ ਦਾ ਨਹੀਂ ਜਿਵੇਂ ਕੋਈ ਇੱਟ ਮਿੱਟੀ ਗਾਰੇ ਦੀ ਸਹਾਇਤਾ ਨਾਲ ਕਿਸੇ ਕੰਧ ਨਾਲ ਜੋੜ ਦਿੱਤੀ ਗਈ ਹੋਵੇ, ਤੇ ਕਦੇ ਲੋੜ ਪੈਣ ਤੇ ਉਸ ਤੋਂ ਨਿਖੇੜੀ ਵੀ ਜਾ ਸਕੇ; ਸਗੋਂ ਕਿਸੇ ਲਹਿਰ ਦੇ ਨਦੀ ਵਿਚ ਜਾਂ ਦਰਿਆ ਦੇ ਸਾਗਰ ਵਿਚ, ਘੁਲ ਮਿਲ ਜਾਣ ਜਿਹਾ :

ਸ਼ਬਦ ਸੁਰਤਿ ਅਵਗਾਹਨ ਕੈ ਸਾਧ ਸੰਗਿ
ਆਤਮ ਤਰੰਗ ਗੰਗ ਸਾਗਰ ਲਹਿਰ ਹੈ।
(ਕ. ਸ. 42-76)

Sri Satguru Jagjit Singh Ji eLibrary NamdhariElibrary@gmail.com

***ਸਚਖੰਡ ਨਿਵਾਸ***

ਅਸਲੀਅਤ ਨਾ ਜਾਣਨ ਵਾਲੇ ਲੋਕ ਕਿਸੇ ਚਲਾਣਾ ਕਰ ਗਏ ਬੰਦੇ ਦਾ ਨਾਉਂ ਸਤਿਕਾਰ ਨਾਲ ਲੈਣਾ ਚਾਹੁੰਦੇ ਹੋਣ ਤਾਂ ਉਹਦੇ ਨਾਲ ਸੁਰਗਵਾਸੀ ਦੀ ਉਪਾਧੀ ਜੋੜ ਦਿੰਦੇ ਹਨ। ਉਹ ਨਹੀਂ ਜਾਣਦੇ ਕਿ ਸੁਰਗ ਦਾ ਵਾਸ ਓਵੇਂ ਹੈ ਜਿਵੇਂ ਕਿਸੇ ਮੁਸਾਫਰ ਨੂੰ ਜੇਠ ਦੀ ਦੁਪਹਿਰ ਰੇਗਿਸਤਾਨ ਵਿਚ ਪੈਦਲ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਘੜੀ ਦੋ ਘੜੀ ਏਅਰ-ਕੰਡੀਸ਼ੰਡ ਵੇਟਿੰਗ ਰੂਮ ਵਿਚ ਬਿਤਾਉਣ ਦਾ ਅਵਸਰ ਮਿਲ ਜਾਵੇ। ਜਦ ਹੀ ਉਸ ਜੀਵ ਦੇ ਕੀਤੇ ਸ਼ੁਭ ਕਰਮਾਂ ਦਾ ਫਲ ਬਰਾਬਰ ਹੋ ਜਾਵੇ, ਉਹਨੂੰ ਮੁੜ ਜੂਨਾਂ ਭੋਗਣ ਲਈ ਭਵਸਾਗਰ ਵਿਚ ਰੇੜ੍ਹ ਦਿੱਤਾ ਜਾਂਦਾ ਹੈ।

ਕਿਸੇ ਵੀ ਸੰਸਾਰੀ ਲਈ ਅਕਾਲ ਪੁਰਖ ਦੇ ਸਚਖੰਡ ਵਿਚ ਨਿਵਾਸ ਹੋ ਜਾਣ ਜਿਹੀ ਕੋਈ ਖ਼ੁਸ਼ਕਿਸਮਤੀ ਚਿਤਵੀ ਨਹੀਂ ਜਾ ਸਕਦੀ, ਤੇ ਸ਼ਬਦ ਦੀ ਸ਼ਰਣ ਲੈਣ ਵਾਲਾ ਸਾਧਕ ਉਸ ਦਾ ਵੀ ਪੱਕ ਨਾਲ ਹੱਕਦਾਰ ਬਣ ਜਾਂਦਾ ਹੈ :

ਸ਼ਬਦ ਸੁਰਤਿ ਲਿਵਲੀਣੁ ਹੋਇ ਨਿਰੰਕਾਰ ਸਚਖੰਡਿ ਨਿਵਾਸੀ।

(ਵ. 25, ਪੌ. 18)

ਸਤਿਗੁਰੂ ਹੁੰਦਾ ਹੈ ਪਾਰਸ ਰੂਪ, ਅਤਿਅੰਤ ਸਮਰਥਾਵਾਨ ਹਸਤੀ। ਜੇ ਕੋਈ ਸਿੱਖ, ਲੋਹੇ ਤਾਂਬੇ ਮਾਤਰ ਨੀਵੀਂ ਧਾਤ, ਸ਼ਰਧਾ ਸਹਿਤ ਉਹਦੀ ਸੇਵਾ, ਪੂਜਾ ਵਿਚ ਜੁਟਿਆ ਰਹੇ ਤਾਂ ਉਹ ਦਇਆ ਮਿਹਰ ਦੁਆਰਾ ਉਸ ਸਿੱਖ ਨੂੰ ਆਪਣੀ ਪਰਮ ਪਵਿੱਤਰ ਛੋਹ ਨਾਲ ਸੋਨਾ ਬਣਾ ਦਿੰਦਾ ਹੈ। ਇਸ ਤਰ੍ਹਾਂ ਇਕ ਦੀਵੇ ਤੋਂ ਦੂਜਾ ਦੀਵਾ ਰੋਸ਼ਨ ਹੋ ਜਾਂਦਾ ਹੈ ਤੇ ਅਖ਼ੀਰ ਇਹ ਦੀਵੇ ਦੋ ਸੁਤੰਤਰ ਇਕਾਈਆਂ ਵੀ ਨਹੀਂ ਬਣੇ ਰਹਿੰਦੇ। ਸਿੱਖ ਦੀ ਜੋਤਿ ਸਤਿਗੁਰੂ ਦੀ ਜੋਤਿ ਵਿਚ ਸਮਾ ਕੇ ਉਹਦੇ ਨਾਲ ਇਕ ਮਿਕ ਹੋ ਜਾਂਦੀ ਹੈ; ਜਿਵੇਂ ਕੋਈ ਨਦੀ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੀ ਬਣ ਜਾਇ :

ਗੁਰਮੁਖਿ ਪਾਰਸੁ ਹੋਇ ਪੂਜ ਕਰਾਇਆ।
ਅਸਟੂ ਧਾਤੁ ਇਕ ਧਾਤੁ ਜੋਤਿ ਜਗਾਇਆ।
... ... ... ... ... ... ... ... ... ... ...
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ।

(ਵ. 20, ਪੌ. 2)

Sri Satguru Jagjit Singh Ji eLibrary NamdhariElibrary@gmail.com

***ਸ਼ਬਦ, ਗੁਰੂ ਦਇਆ ਦੁਆਰਾ***

ਅਨਹਦ ਨਾਦ ਸਮਸਰਿ ਨਾਦ ਬਾਦ ਕਉਨ
ਸ੍ਰੀ ਗੁਰ ਸੁਨਾਵੈ ਜਾਹਿ ਸੋਈ ਲਿਵ ਲਾਵਈ।
(ਕ. ਸ. 2-10)

ਦੁਨੀਆ ਵਿਚ ਬੇਅੰਤ ਕਿਸਮਾਂ ਦੇ ਸਾਜ਼ ਹਨ ਤੇ ਉਹਨਾਂ ਨੂੰ ਵਜਾਉਣ ਵਾਲੇ ਅਨੇਕਾਂ ਵਾਦਕ। ਓਵੇਂ ਨਾ ਕੋਈ ਸੰਗੀਤ ਦੀਆਂ ਧੁਨਾਂ ਦੀ ਗਿਣਤੀ ਹੈ ਨਾ ਉਹਨਾਂ ਨੂੰ ਗਾਉਣ ਵਾਲੇ ਕਲਾਕਾਰਾਂ ਦੀ। ਇਸ ਭਾਂਤ ਦਾ ਸੰਸਾਰੀ ਗਾਉਣਾ ਵਜਾਉਣਾ ਕੋਈ ਦੁਰਲਭ ਵਸਤੂ ਨਹੀਂ। ਆਪਾਂ ਰੇਡੀਓ, ਟੈਲੀਵੀਜ਼ਨ ਰਾਹੀਂ ਮੰਨੇ ਪ੍ਰਮੰਨੇ ਉਸਤਾਦਾਂ ਤੋਂ ਕਿੰਨਾ ਕੁਝ ਬਿਨਾਂ ਦਮੜੀ ਲੜੋਂ ਖੋਲ੍ਹੇ ਸੁਣਦੇ ਹੀ ਰਹਿੰਦੇ ਹਾਂ। ਖਰਚਣ ਲਈ ਚਾਰ ਛਿੱਲੜ ਪੱਲੇ ਹੋਣ ਤਾਂ ਤੁਸੀਂ ਬੇਸ਼ੱਕ ਆਪਣੇ ਮਨ ਪਸੰਦ ਰਾਗ ਲਈ ਘਰ ਦੀ ਬੈਠਕ ਵਿਚ ਮਾਹਿਰਾਂ ਦੀ ਮਹਿਫ਼ਲ ਜਮਾ ਲਵੋ। ਅਨਹਤ ਜਾਂ ਅਨਹਦ ਸ਼ਬਦ ਦੀ ਗੱਲ ਵੱਖਰੀ ਹੈ। ਸਾਡੇ ਮਾਇਆਵੀ ਜਗਤ ਦਾ ਕੋਈ ਸੰਗੀਤ ਨਾ ਤਾਂ ਉਹਦੇ ਜਿਹਾ ਰਸਮਈ ਹੋ ਸਕਦਾ ਹੈ ਅਤੇ ਨਾ ਹੀ ਕਲਿਆਣਕਾਰੀ। ਪਰ ਇਹਨੂੰ ਸੁਣ ਲੈਣਾ ਜਣੇ-ਖਣੇ ਦੇ ਵੱਸ ਨਹੀਂ। ਪੈਸਾ, ਪਹੁੰਚ ਜਿਹੇ ਕਿਸੇ ਸਾਧਨ ਨਾਲ ਇਹਦੇ ਤਕ ਰਸਾਈ ਨਹੀਂ ਹੁੰਦੀ। ਸ਼ਬਦ ਦਾ ਅੰਮ੍ਰਿਤ ਤਾਂ ਓਹੀਓ ਕੋਈ ਚੱਖ ਸਕਦਾ ਹੈ ਜਿਸ ਨੂੰ ਪੂਰਾ ਸਤਿਗੁਰੂ ਆਪਣੀ ਦਇਆ ਦੁਆਰਾ ਇਹਦਾ ਸੁਆਦ ਮਾਣਨ ਤੇ ਉਸ ਤੋਂ ਕਿਰਤਾਰਥ ਹੋਣ ਦੇ ਯੋਗ ਬਣਾਵੇ।

***ਸ਼ਬਦ ਗੁਰੂ***

ਪੂਰਾ ਗੁਰੂ ਸ਼ਬਦ ਸਰੂਪ ਹੁੰਦਾ ਹੈ। ਉਹ ਅਸਲੋਂ ਸ਼ਬਦ ਹੁੰਦਿਆਂ, ਨਜ਼ਰ ਆਉਂਦਾ ਹੈ ਸਾਧਾਰਣ ਸਥੂਲ ਸ਼ਰੀਰੀ ਆਕਾਰ। ਕਿਉਂਕਿ ਸ਼ਬਦ ਪਰਮੇਸ਼ਰ ਦਾ ਹੀ ਵਿਸਤਾਰ ਹੈ ਇਸ ਲਈ ਸ਼ਬਦ ਸਰੂਪੀ ਗੁਰੂ ਤੇ ਪਾਰਬ੍ਰਹਮ ਪਰਮੇਸ਼ਰ, ਇਕ ਸਾਕਾਰ ਦੂਜਾ ਨਿਰੰਕਾਰ, ਹਕੀਕਤ ਵਿਚ ਭਿੰਨ ਨਹੀਂ ਹੁੰਦੇ। ਭਾਈ ਗੁਰਦਾਸ ਦੇ ਸ਼ਬਦਾਂ ਵਿਚ :

ਸਬਦੁ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ। (ਵ. 13, ਪੌ. 2)

ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਹੈ; "ਸਬਦ ਗੁਰੂ ਸੁਰਤਿ ਧੁਨ ਚੇਲਾ" (ਅ. ਗ. ਪੰ. 943)

ਜਿਹੜਾ ਸਤਿਗੁਰੂ ਸੰਗਤ ਵਿਚ ਦੇਹਿ ਧਾਰ ਕੇ ਪ੍ਰਗਟ ਹੁੰਦਾ ਹੈ, ਉਸੇ ਦਾ ਦੂਜਾ ਰੂਪ ਸ਼ਬਦ ਹੈ :

Sri Satguru Jagjit Singh Ji eLibrary NamdhariElibrary@gmail.com

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚ ਪਰਗਟੀ ਆਇਆ।
(ਵ. 24, ਪੌ. 25)

ਭਾਵੇਂ ਕਿ ਭਗਤੀ ਪਰਮੇਸ਼ਰ ਦੀ ਹੀ ਕਰਨੀ ਹੁੰਦੀ ਹੈ, ਉਹਦੇ ਨਾਲ ਕਿਸੇ ਪ੍ਰਕਾਰ ਦਾ ਵੀ ਸੰਪਰਕ ਸੰਭਵ ਨਾ ਹੋਣ ਕਰ ਕੇ ਉਹਦੇ ਪ੍ਰਤੀ ਸਿੱਧੇ ਤੌਰ ਤੇ ਡੂੰਘਾ ਪਿਆਰ ਪੈਦਾ ਨਹੀਂ ਹੁੰਦਾ, ਜਦ ਕਿ ਸਤਿਗੁਰੂ ਨਾਲ ਉਹਦੇ ਆਮ ਮਨੁੱਖਾਂ ਜਿਹੀ ਦੇਹਿ ਧਾਰਨ ਕਾਰਣ ਇਸ ਪ੍ਰਕਾਰ ਦੀ ਪ੍ਰੀਤ ਸਹਿਜੇ ਹੀ ਜਾਗ ਪੈਂਦੀ ਹੈ। ਉਸ ਤੋਂ ਉਪਦੇਸ਼ ਲੈ ਕੇ ਉਹਦੀ ਸਿਖਿਆ ਅਨੁਸਾਰ ਅਭਿਆਸ ਕਰਦਿਆਂ ਜਦ ਸ਼ਬਦ ਸੁਣਨ ਲਗ ਪਵੇ ਤਾਂ ਉਸ ਸ਼ਬਦ ਨੂੰ ਪ੍ਰਭੂ ਦਾ ਪ੍ਰਗਟ ਰੂਪ ਜਾਣਦਿਆਂ ਹੀ ਉਸ ਵਿਚ ਲਿਵ ਜੁੜਦੀ ਹੈ। ਅਜਿਹੇ ਵਿਸ਼ਵਾਸ਼ ਨਾਲ ਉਹਦੀ ਸੰਗਤ ਵਿਚ ਬੈਠਣ ਦਾ ਅਵਸਰ ਲੱਭੇ ਤਾਂ ਸਾਧਕ ਨੂੰ ਅਨੁਭਵ ਹੁੰਦਾ ਹੈ ਜਿਵੇਂ ਸਚਮੁੱਚ ਪਰਮੇਸ਼ਰ ਦੇ ਦਰਬਾਰ ਵਿਚ ਬੈਠਾ ਹੋਵੇ।

ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧ ਸੰਗਤਿ ਆਸਣੁ ਨਿਰੰਕਾਰੀ।
(ਵ. 11, ਪੌ. 2)

ਜਦ ਕਿਸੇ ਇਨਸਾਨ ਨੂੰ ਕੋਈ ਗੱਲ ਸਮਝਾਉਣੀ ਹੋਵੇ ਤਾਂ ਉਹਦੇ ਨਾਲ ਉਸ ਬੋਲੀ ਵਿਚ ਹੀ ਗੱਲ ਕਰਨੀ ਪੈਂਦੀ ਹੈ ਜਿਹੜੀ ਉਹ ਸਮਝ ਸਕੇ। ਕੰਨੋਂ ਹੀਣੇ ਵਿਅਕਤੀ ਨੂੰ ਸੁਣਦਾ ਕੁਝ ਨਹੀਂ, ਦਿੱਸਦਾ ਹੁੰਦਾ ਹੈ, ਇਸ ਲਈ ਉਹਦੇ ਨਾਲ ਵਿਚਾਰ ਸਾਂਝੇ ਕਰਨੇ ਹੋਣ, ਤਾਂ ਹੱਥਾਂ, ਅੱਖਾਂ ਨਾਲ ਇਸ਼ਾਰੇ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ। ਉਸੇ ਭਾਂਤ ਜਦ ਪਰਮੇਸ਼ਰ ਸੰਸਾਰੀ ਜੀਵਾਂ ਤੇ ਦਇਆਵਾਨ ਹੁੰਦਾ ਹੈ ਤਾਂ ਉਹ ਉਹਨੂੰ ਸਿਖਿਆ ਦੇਣ ਲਈ ਤਿੰਨ ਗੁਣਾਂ, ਪੰਜ ਤੱਤਾਂ ਦਾ ਬਣਿਆ ਮਨੁੱਖੀ ਸ਼ਰੀਰ ਧਾਰ ਕੇ ਆਉਂਦਾ ਹੈ। ਇਸ ਕਾਰਣ ਸੰਤ ਸਤਿਗੁਰੂ ਦੇਹਿ ਰੂਪ ਵਿਚ ਦਿੱਸਣ ਨੂੰ ਬੇਸ਼ਕ ਸਾਡੇ ਵਰਗੇ ਸਾਧਾਰਣ ਮਨੁੱਖ ਜਾਪਣ ਪਰ ਉਹ ਹੁੰਦੇ ਹਨ ਵਾਸਤਵ ਵਿਚ ਸ਼ਬਦ ਸਰੂਪ। ਹੱਡ ਮਾਸ ਦਾ ਕਲਬੂਤ ਉਹਨਾਂ ਨੂੰ ਸੰਸਾਰ ਰੂਪੀ ਰੰਗ ਮੰਚ ਉੱਤੇ ਆਪਣਾ ਪਾਰਟ ਅਦਾ ਕਰਨ ਲਈ ਹੀ ਧਾਰਨ ਕਰਨਾ ਪੈਂਦਾ ਹੈ। ਗੁਰੂ ਤੇ ਸ਼ਬਦ ਇਕ ਸਮਾਨ ਹਨ, ਇਹ ਭੇਤ ਸਾਧ ਸੰਗਤ ਵਿਚ ਆ ਕੇ ਖੁਲ੍ਹਦਾ ਹੈ :

ਗੁਰ ਮੂਰਤਿ ਗੁਰ ਸਬਦ ਹੈ ਸਾਧ ਸੰਗਤਿ ਸਮਸਰ ਪਰਵਾਣਾ।
(ਵ. 32, ਪੌ. 2)

### *ਪ੍ਰਭੂ ਪ੍ਰਾਪਤੀ ਲਈ ਸ਼ਬਦ ਦੀ ਕਮਾਈ ਜ਼ਰੂਰੀ*

ਪਰਮੇਸ਼ਰ ਦੇ ਏਹੋ ਜਿਹੇ ਪ੍ਰੇਮੀ ਜਿਹੜੇ ਅਤਿਅੰਤ ਉਤਸੁਕਤਾ ਨਾਲ ਥਾਂ ਥਾਂ ਪੁਛਦੇ ਫਿਰਨ, ਉਹਨੂੰ ਕਿਵੇਂ ਮਿਲੀਦਾ ਹੈ, ਜਿੰਨੇ ਕਹਿ ਲਵੋ ਓਨੇ ਥੋੜ੍ਹੇ ਹੋਣਗੇ।

Sri Satguru Jagjit Singh Ji eLibrary NamdhariElibrary@gmail.com

ਪਰ ਉਹਨਾਂ ਵਿਚੋਂ ਕੋਈ ਵਿਰਲਾ ਹੋਵੇਗਾ ਜਿਹੜਾ ਦੱਸੇ ਗਏ ਰਾਹ ਤੇ ਤੁਰਨ ਦੀ ਮੁਸੀਬਤ ਮੁੱਲ ਲਵੇ। ਸੋਚਣ ਵਾਲੀ ਗੱਲ ਹੈ, ਜੇ ਕੋਈ ਰੋਗੀ ਵੈਦ ਕੋਲ ਜਾ ਕੇ ਉਸਦੀ ਦਵਾ ਅਤੇ ਪੱਥ ਪਰਹੇਜ਼ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਕੇ ਵੀ ਉਹਦੀਆਂ ਦਿੱਤੀਆਂ ਹਦਾਇਤਾਂ ਅਨੁਸਾਰ ਆਪਣੇ ਇਲਾਜ ਵੱਲ ਕੋਈ ਕਦਮ ਨਾ ਚੁੱਕੇ ਤਾਂ ਉਹ ਸੁਸਥ ਹੋ ਕੇ ਅਰਾਮ ਦੀ ਜ਼ਿੰਦਗੀ ਕਿਵੇਂ ਬਿਤੀਤ ਕਰਨ ਲਗੇਗਾ? ਜਾਂ ਫੇਰ ਉਹ ਇਸਤਰੀ ਜਿਹੜੀ ਕਿਸੇ ਸੁਖ-ਵੱਸਦੀ ਸੁਹਾਗਣ ਕੋਲੋਂ ਪੁੱਛ ਦੱਸ ਰਾਹੀਂ ਖੂਬ ਅੱਛੀ ਤਰ੍ਹਾਂ ਜਾਣ ਜਾਇ ਕਿ ਪਤੀਬ੍ਰਤਾ ਧਰਮ ਕਿਵੇਂ ਪਾਲੀਦਾ ਹੈ ਪਰ ਉਹਦਾ ਜੀਅ ਲਲਚਾਉਂਦਾ ਰਹੇ ਗ਼ੈਰ ਮਰਦਾਂ ਦੀ ਸੰਗਤ ਨੂੰ, ਤੇ ਉਹਦੇ ਕਰਮ, ਵਿਹਾਰ ਹੋਣ ਛੁੱਟੜਾਂ ਵਾਲੇ, ਤਾਂ ਉਹ ਆਪਣੇ ਕੰਤ ਦੀ ਲਾਡਲੀ ਕਿਵੇਂ ਬਣ ਜਾਇਗੀ? ਉਸੇ ਤਰ੍ਹਾਂ ਜੇ ਗੁਰੂ ਤੋਂ ਦੀਖੀਅਤ ਹੋ ਕੇ ਉਹਦੇ ਹੁਕਮ ਵਿਚ ਰਹਿੰਦਿਆਂ ਸੰਜੀਦਗੀ ਨਾਲ ਸਾਧਨਾ ਨਾ ਕੀਤੀ ਹੋਵੇ ਤਾਂ ਕੀਰਤਨ-ਮੰਡਲੀਆਂ ਵਿਚ ਗਲਾ-ਫਾੜ ਕੇ, ਜਾਂ ਹੋਰਾਂ ਦੇ ਗਾਏ ਵਜਾਏ ਸੰਗੀਤ ਤੇ ਝੂਮ ਕੇ ਜਾਂ ਫੇਰ ਅੱਖਾਂ ਮੀਟ ਕੇ ਸਮਾਧੀ ਦਾ ਪਖੰਡ ਰਚਾਇਆਂ ਕੁਝ ਵੀ ਲਾਭ ਨਹੀਂ ਹੋਣ ਲੱਗਾ। ਜਿਵੇਂ ਗਿਆਨ ਪ੍ਰਾਪਤੀ ਲਈ ਉਪਦੇਸ਼ ਜ਼ਰੂਰੀ ਹੈ, ਕਮਾਈ ਵੀ ਘੱਟ ਆਵਸ਼ਕ ਨਹੀਂ :

ਪੂਛਤ ਪਥਕਿ ਤਿਹ ਮਾਰਗਿ ਨ ਧਾਰੈ ਪਗੁ
ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ।
ਪੂਛਤ ਹੈ ਬੈਦ ਖਾਤ ਅਉਖਦਿ ਨ ਸੰਜਮ ਸੈ
ਕੈਸੇ ਮਿਟੈ ਰੋਗ ਸੁਖ ਸਹਿਜ ਸਮਾਈਐ।
ਪੂਛਤ ਹੈ ਸੁਹਾਗਨਿ ਕਰਮ ਹੈ ਦੁਹਾਗਨਿ ਕੈ
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੈ ਆਂਖੈਂ ਮੀਚੈ ਪਾਈਐ ਨ ਪਰਮ ਪਦ
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ।

(ਕ. ਸ. 439)

ਸਤਿਗੁਰੂ ਜਦ ਦੀਖਿਆ ਰੂਪੀ ਅਣਮੁੱਲੇ ਰਤਨ ਦੀ ਦਾਤ ਬਖਸ਼ਦੇ ਹਨ ਤਾਂ ਨਾਲ ਸੱਚਾ ਸੁੱਚਾ ਜੀਵਨ ਜਿਊਂਦਿਆਂ ਉਸ ਨੂੰ ਕਮਾਉਣ ਦੀ ਤਾਕੀਦ ਵੀ ਕਰਦੇ ਹਨ। ਇਹ ਸਮਝ ਲੈਣਾ, ਕਿ ਇਕ ਵਾਰ ਬਾਂਹ ਫੜ ਲਈ ਹੁਣ ਅਸੀਂ ਜੋ ਮਰਜ਼ੀ ਕਰਤੂਤਾਂ ਘੋਲੀ ਜਾਈਏ, ਉਹਨੇ ਸਾਨੂੰ ਪਾਰ ਲਾਉਣਾ ਹੀ ਲਾਉਣਾ ਹੈ, ਉਕਾ ਉਚਿਤ ਨਹੀਂ। ਬੇਸ਼ੱਕ ਗੁਰੂ ਦੇ ਪਾਸਿਓਂ ਦਇਆ ਮਿਹਰ ਦੀ ਕਦੇ ਤੋਟ ਨਹੀਂ ਪੈਂਦੀ, ਆਪਣੇ ਵੱਲੋਂ ਉਦਮ ਕਰਨਾ ਸਿੱਖ ਦਾ ਵੀ ਫਰਜ਼ ਹੈ :

Sri Satguru Jagjit Singh Ji eLibrary NamdhariElibrary@gmail.com

ਜੈਸੇ ਤਿਲ ਬਾਸ ਸਾਸ ਲੀਜੀਅਤ ਕੁਸਮ[1] ਤੇ
ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ।
ਜੈਸੇ ਤਉ ਅਉਟਾਇ[2]ਦੂਧ ਜਾਮਨ ਜਮਾਇ ਮਥ[3]
ਸੰਜਮ ਸਹਤ ਘ੍ਰਿਤ ਪ੍ਰਗਟਾਇ ਮਾਨੀਐ।
ਜੈਸੇ ਕੂਆ ਖੋਦ ਕਰਿ ਬਸੁਧਾ[4] ਧਸਾਇ ਕੋਠੀ
ਲਾਜ ਕਉ ਬਹਾਇ ਡੋਲ ਕਾਢਿ ਜਲ ਆਨੀਐ।
ਗੁਰ ਉਪਦੇਸ਼ ਤੈਸੇ ਭਾਵਨੀ ਭਕਤ ਭਾਇ
ਘਟ ਘਟ ਪੂਰਨ ਬ੍ਰਹਮ ਪਹਿਚਾਨੀਐ।

(ਕ. ਸ. 609)

ਪਹਿਲਾਂ ਤਿਲਾਂ ਨੂੰ ਫੁੱਲਾਂ-ਵਿਚ ਮਿਲਾ ਕੇ ਉਹਨਾਂ ਦੀ ਖ਼ੁਸ਼ਬੂ ਤਿਲਾਂ ਵਿਚ ਰਚਾਈ ਜਾਂਦੀ ਹੈ, ਤਾਂ ਫੇਰ ਉਹਨਾਂ ਨੂੰ ਪੀੜ ਕੇ ਫੁਲੇਲ ਹੱਥ ਲੱਗਦਾ ਹੈ। ਉਹ ਘੀ ਜਿਹਦੀ ਅਸੀਂ ਏਨੀ ਕਦਰ ਪਾਉਂਦੇ ਹਾਂ, ਦੁੱਧ ਨੂੰ ਕਾੜ੍ਹ ਕੇ, ਜਾਮਣ ਲਾ ਕੇ, ਦਹੀਂ ਰਿੜਕ ਕੇ, ਮੱਖਣ ਤਾਅ ਕੇ ਤਿਆਰ ਕੀਤਾ ਜਾਂਦਾ ਹੈ। ਪਾਣੀ ਬੇਸ਼ਕ ਰੱਬ ਦੇ ਘਰੋਂ ਲੱਭਿਆ ਅਮੋਲਕ ਤੁਹਫ਼ਾ ਹੈ, ਤਾਂ ਵੀ ਉਹਦੀ ਖ਼ਾਤਰ ਖੂਹ ਪੁੱਟੀਦਾ ਹੈ, ਇੱਟਾਂ ਨਾਲ ਮਹਲ ਉਸਾਰੀਦਾ ਹੈ, ਮਹਲ ਜ਼ਮੀਨ ਵਿਚ ਗਾਲੀਦਾ ਹੈ ਤਾਂ ਕਿਤੇ ਉਹ ਲੱਜ ਤੇ ਡੋਲ ਦੀ ਸਹਾਇਤਾ ਨਾਲ ਬੁੱਲ੍ਹਾਂ ਤਕ ਅਪੜਦਾ ਹੈ। ਓਵੇਂ ਹੀ ਗੁਰੂ ਦੇ ਮੰਤਰ ਨੂੰ ਨਿਸ਼ਠਾ, ਭਗਤੀ, ਪ੍ਰੀਤ ਸਹਿਤ ਕਮਾਇਆ ਜਾਵੇ ਤਾਂ ਹੀ ਇਕ ਇਕ ਹਿਰਦੇ ਵਿਚ ਵਸਦੇ ਪਰਮੇਸ਼ਰ ਦੇ ਸਾਖਿਆਤਕਾਰ ਦੀ ਆਸ ਰੱਖੀ ਜਾ ਸਕਦੀ ਹੈ।

ਸ਼ਬਦ ਵਿਚ ਸਮਾਉਣ ਨਾਲ ਆਤਮਾ ਦੇ ਸਾਰੇ ਬਿਖੇੜੇ ਮੁੱਕ ਜਾਂਦੇ ਹਨ। ਉਹਦੇ ਕਰਮਾਂ ਦੀ ਪੱਟੀ ਪੋਚੀ ਜਾਂਦੀ ਹੈ, ਮਨ ਦਾ ਤੌਕ ਗਲੋਂ ਲੱਥ ਜਾਂਦਾ ਹੈ, ਜਨਮ ਮਰਨ ਦੀ ਚਿੰਤਾ ਬਾਕੀ ਨਹੀਂ ਰਹਿੰਦੀ, ਪ੍ਰਭੂ ਨਾਲ ਮਿਲਾਪ ਯਕੀਨੀ ਹੋ ਜਾਂਦਾ ਹੈ। ਪਰ ਸ਼ਬਦ ਵਿਚ ਸਮਾਈ, ਛਿਨਾਂ ਪਲਾਂ, ਘੜੀਆਂ, ਪਹਿਰਾਂ ਦੀ ਖੇਡ ਨਹੀਂ ਹੁੰਦੀ, ਉਹਦੇ ਲਈ ਦੀਖਿਆ ਉਪ੍ਰੰਤ ਨਿਰੰਤਰ ਪਰਿਸ਼੍ਰਮ ਕਰਨਾ ਪੈਂਦਾ ਹੈ ਤੇ ਨਾਲ ਰਜ਼ਾ ਦੀ ਉਡੀਕ ਵੀ। ਹਾਂ, ਜੇ ਜਗਿਆਸੂ ਆਪ ਹੀ ਮਨਮੁਖਤਾ ਵੱਲ ਮੂੰਹ ਨਾ ਮੋੜ ਲਵੇ ਤਾਂ ਸਮਾਈ ਹੋ ਜਾਂਦੀ ਹੈ ਬਿਲਾ ਸ਼ੁਬ੍ਹਾ :

ਪੇਖਤ ਪੇਖਤ ਜੈਸੇ ਰਤਨ ਪਾਰਖੂ ਹੋਤ
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ।

---

1. ਫੁੱਲ 2. ਕਾੜ੍ਹ ਕੇ 3. ਰਿੜਕ ਕੇ 4. ਧਰਤੀ।

Sri Satguru Jagjit Singh Ji eLibrary NamdhariElibrary@gmail.com

ਸੂੰਘਤ ਸੂੰਘਤ ਸੋਧਾ ਜੈਸੇ ਤਉ ਸੁਬਾਸੀ ਹੋਤ
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ।
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ
ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ।
ਚਲਤ ਚਲਤ ਜੈਸੇ ਪਹੁਚੈ ਠਿਕਾਨੇ ਜਾਇ
ਖੋਜਤ ਖੋਜਤ ਗੁਰ ਸਬਦੁ ਲਿਵਲੀਨ ਹੈ।
(ਕ. ਸ. 588)

ਜੇ ਕਿਸੇ ਨੂੰ ਕਿਸਮ-ਕਿਸਮ ਦੇ ਰਤਨ ਬਾਰ-ਬਾਰ ਦੇਖਣ ਦਾ ਮੌਕਾ ਮਿਲਦਾ ਰਹੇ ਤਾਂ ਉਹ ਇਕ ਦਿਨ ਅਨੁਭਵੀ ਜੌਹਰੀ ਸਦਵਾਉਂਦਾ ਹੈ ਤੇ ਜੇ ਕਿਸੇ ਖ਼ਾਸ ਵਿਸ਼ੇ ਤੇ ਵਿਚਾਰ ਚਰਚਾ ਸੁਣਨ ਜਾਂ ਉਹਦੇ ਨਾਲ ਸੰਬੰਧਿਤ ਪੁਸਤਕਾਂ ਪੜ੍ਹਨ ਦਾ ਅਵਸਰ ਲੱਭੀ ਜਾਵੇ ਤਾਂ ਉਸ ਵਿਸ਼ੇ ਦੀ ਸਮਝ ਆ ਜਾਂਦੀ ਹੈ, ਉਹਦਾ ਗਿਆਨ ਹੋ ਜਾਂਦਾ ਹੈ। ਹੀਰਿਆਂ ਮੋਤੀਆਂ ਵਾਂਗ ਸੁਗੰਧੀਆਂ ਦੇ ਵੀ ਪਾਰਖੂ ਹੁੰਦੇ ਹਨ। ਜਿਹੜਾ ਕੋਈ ਉਹਨਾਂ ਨੂੰ ਮੁੜ ਮੁੜ ਸੁੰਘਦਾ ਰਹੇ। ਉਹਨੂੰ ਉਨ੍ਹਾਂ ਦੀ ਪਰਖ ਦੀ ਮੁਹਾਰਤ ਹੋ ਜਾਂਦੀ ਹੈ। ਇਸੇ ਤਰ੍ਹਾਂ ਸੰਗੀਤ ਦਾ ਰਿਆਜ਼ ਕਰਨ ਵਾਲਾ ਪ੍ਰਬੀਨ ਗਵਈਆ ਬਣ ਜਾਂਦਾ ਹੈ। ਲਿਖਣ ਦੀ ਪਰਿਕ੍ਰਿਆ ਵਿਚ ਲਗੇ ਰਹਿਣ ਵਾਲੇ ਲੋਕ ਲਿਖਾਰੀ ਬਣ ਜਾਂਦੇ ਹਨ, ਤੇ ਕਿਸੇ ਪਦਾਰਥ (ਚਾਹ, ਕੌਫ਼ੀ ਆਦਿ) ਨੂੰ ਬਹੁਤੀ ਵਾਰ ਚੱਖਣ ਵਾਲੇ ਉਹਦੇ ਰਸ ਸੁਆਦ ਦੇ ਮਾਹਰ। ਜੇ ਰਾਹੀ ਪੁੱਛ ਪੜਤਾਲ ਨਾਲ ਰਾਹ ਦੀ ਤਸੱਲੀ ਕਰ ਲੈਣ ਬਾਅਦ ਉਸ ਤੇ ਤੁਰਦਾ ਚਲਿਆ ਜਾਵੇ ਤਾਂ ਉਹ ਅਗੇਤਾ ਪਛੇਤਾ ਆਪਣੀ ਮੰਜ਼ਲ ਤੇ ਪਹੁੰਚ ਜਾਂਦਾ ਹੈ। ਉਸੇ ਤਰ੍ਹਾਂ ਜੇ ਨਿਸ਼ਚੇ ਸਹਿਤ ਸੁਰਤਿ ਨੂੰ ਸ਼ਬਦ ਨਾਲ ਜੋੜੀ ਰਖੀਏ ਉਹ ਉਸ ਵਿਚ ਲੀਨ ਹੋ ਜਾਂਦੀ ਹੈ, ਖ਼ੁਦ ਸ਼ਬਦ ਦਾ ਰੂਪ ਬਣ ਜਾਂਦੀ ਹੈ।

***ਇਕਾਗਰਤਾ ਤੇ ਸ਼ਬਦ***

ਖਿੰਡੀ ਰਹਿਣਾ ਇਕ ਤਰ੍ਹਾਂ ਸੁਰਤਿ ਦਾ ਸੁਭਾਵ ਹੀ ਹੈ। ਇਹ ਨਹੀਂ ਕਿ ਉਹ ਕਿਸੇ ਸਮੇਂ ਕਿਸੇ ਇਕ ਵਿਸ਼ੇਸ਼ ਨੁਕਤੇ ਤੇ ਰੁਕਣ ਹੀ ਨਹੀਂ ਜਾਣਦੀ। ਕੋਈ ਦਿਲਚਸਪ ਕਿਤਾਬ ਪੜ੍ਹਨ, ਨਾਟਕ ਦੇਖਣ, ਹੋਰਾਂ ਦੇ ਐਬ ਫਰੋਲਣ ਜਿਹੇ ਮਨੋਰੰਜਨ ਵਿਚ ਭਾਵੇਂ ਘੰਟਿਆਂ ਬੱਧੀ ਖਚਿਤ ਹੋਈ ਰਹੇ, ਆਪਣੇ ਅਸਲ ਟਿਕਾਣੇ, ਭਵਾਂ ਵਿਚਕਾਰ 'ਤਿਲ' ਤੇ ਸੌਖੇ ਕੀਤੇ ਕਦਾਚਿਤ ਨਹੀਂ ਖੜੋਵੇਗੀ। ਭਟਕਣ ਲਈ ਉਹਨੂੰ ਅਨੇਕ ਬਹਾਨੇ ਲਭਦੇ ਹਨ, ਬੇਅੰਤ ਸੋਚਾਂ ਫੁਰਦੀਆਂ ਹਨ, ਇਕ ਪਿਛੋਂ ਇਕ। ਉਹਨਾਂ ਦਾ ਸਿਲਸਿਲਾ ਕਿਸੇ ਪਲ ਮੁੱਕਣ ਵਿਚ ਨਹੀਂ

Sri Satguru Jagjit Singh Ji eLibrary NamdhariElibrary@gmail.com

ਆਉਂਦਾ। ਜਦ ਤਕ ਤਵੱਜੋ ਦਾ ਇਹ ਖਿਚਾਉ ਬਣਿਆ ਰਹਿੰਦਾ ਹੈ ਸ਼ਬਦ ਦੀ ਧੁਨੀ ਨਿਰੰਤਰ ਹਿਰਦੇ ਵਿਚ ਵਜਦੀ ਰਹਿਣ ਦੇ ਬਾਵਜੂਦ ਨਹੀਂ ਸੁਣੀ ਜਾ ਸਕਦੀ। ਜਦੋਂ ਸੁਰਤਿ ਨੂੰ ਨੌਆਂ-ਦੁਆਰਿਆਂ ਤੋਂ ਸਮੇਟ ਕੇ ਉਚਤ ਸਥਾਨ ਤੇ ਇਕੱਤਰ ਕੀਤਾ ਜਾਂਦਾ ਹੈ ਤਾਂ ਹੀ ਸ਼ਬਦ ਵਿਚ ਲਿਵ ਜੋੜਨੀ ਸੰਭਵ ਹੁੰਦੀ ਹੈ :

ਨਵ ਦੁਆਰ ਪਾਰ ਬ੍ਰਹਮਾਸਨ ਸਿੰਘਾਸਨ ਮੈ
ਨਿਝਰ ਝਰਨਿ ਰੁਚਤ ਨ ਅਨਰਸ ਹੈ।

(ਕ. ਸ. 32)

ਸ਼ਬਦ ਧੁਨੀ ਨੂੰ ਸੁਣਿਆਂ ਅਨੁਭਵ ਖੁਲ੍ਹ ਜਾਂਦਾ ਹੈ, ਹਰੀ ਮਾਰਗ ਦੀਆਂ ਸਭ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ :

ਸੁਰਤਿ ਸੰਕੋਚਤ ਹੀ ਬਜਰ ਕਪਾਟ ਖੋਲਿ
ਨਾਦ ਬਾਦ ਪਰੈ ਅਨਹਤ ਲਿਵ ਲਾਵਈ।

(ਕ. ਸ. 11)

ਭਾਵੇਂ ਕਿ ਇਹ ਸ਼ਬਦ ਨਿਰੰਤਰ ਵਜਦਾ ਰਹਿੰਦਾ ਹੈ, ਪਹਿਰ ਦੇ ਹਰ ਪਲ, ਪਰ ਇਹ ਸੁਣਦਾ ਓਦੋਂ ਹੀ ਹੈ ਜਦੋਂ ਗੁਰੂ ਤੋਂ ਵਰੋਸਾਇਆ ਸਿੱਖ ਇਕ ਚਿਤ ਹੋ ਕੇ ਉਹਨੂੰ ਸੰਜੀਦਗੀ ਨਾਲ ਸੁਣਨ ਦਾ ਜਤਨ ਕਰੇ। ਧੁਨੀ ਸੁਣਨਾ ਧਿਆਨ ਦੇ ਜ਼ਰਾ ਕੁ ਜਿੰਨਾ ਭਟਕਣ ਨਾਲ ਹੀ ਬੰਦ ਹੋ ਜਾਂਦਾ ਹੈ :

ਗੁਰਮੁਖਿ ਇਕੁ ਮਨਿ ਇਕ ਧਿਆਏ। (ਵ. 7, ਪੌ. 3)

ਇਸ ਲਈ ਕਈ ਵਾਰ ਆਖ ਲਿਆ ਜਾਂਦਾ ਹੈ ਕਿ ਸ਼ਬਦ ਨੂੰ ਜਗਿਆਸੂ ਆਪ ਅਲਾਪ ਰਿਹਾ ਹੈ ਜਾਂ ਵਜਾ ਰਿਹਾ ਹੈ :

ਸਬਦ ਸੁਰਤਿ ਲਿਵ ਲਾਇ ਅਨਹਦ ਵਾਇਆ।

(ਵ. 19, ਪੌ. 21)

ਪੂਰਨ ਇਕਾਗਰਤਾ ਨਾਲ ਲਿਵ ਲਾਉਣ ਦੀ ਉਤਮ ਵਿਧੀ ਇਹ ਹੈ ਕਿ ਨਿਰਤ (ਜੀਵ ਆਤਮਾ ਦੀ ਅੰਤਰਮੁਖੀ ਤੱਕਣ-ਸ਼ਕਤੀ) ਗੁਰੂ ਦੇ ਨਾਲ ਜੁੜੀ ਹੋਵੇ ਤਾਂ ਸੁਰਤਿ (ਉਹਦੀ ਅੰਤਰਮੁਖੀ ਸੁਣਨ-ਸ਼ਕਤੀ) ਗੁਰੂ ਦੇ ਸ਼ਬਦ ਨਾਲ :

ਦ੍ਰਿਸਟਿ ਦਰਸ ਅਰੁ ਸ਼ਬਦ ਸੁਰਤਿ ਮਿਲਿ
ਪੂਰਨ ਬ੍ਰਹਮ ਗਿਆਨ ਧਿਆਨ ਲਿਵ ਲਾਵਈ।

(ਕ. ਸ. 309)

### *ਵਿਸ਼ਵਾਸ਼ ਦੀ ਆਧਾਰ-ਸ਼ਿਲਾ*

'ਰੱਬ ਹੈ ਕਿ ਨਹੀਂ ?' ਪੜ੍ਹਿਆਂ, ਅਨਪੜ੍ਹਿਆਂ ਅਨੇਕਾਂ ਲੋਕਾਂ ਵਾਸਤੇ ਇਕ ਵਿਕਟ ਪ੍ਰਸ਼ਨ ਬਣਿਆ ਰਹਿੰਦਾ ਹੈ। ਇਸ ਪ੍ਰਸ਼ਨ ਦੇ ਸਮਾਧਾਨ ਲਈ ਉਹ

Sri Satguru Jagjit Singh Ji eLibrary NamdhariElibrary@gmail.com

ਗਿਆਨ ਇੰਦਰੀਆਂ, ਮਨ ਅਤੇ ਬੁੱਧੀ ਉਤੇ ਨਿਰਭਰ ਕਰਦੇ ਹਨ ਪਰ ਇਹਨਾਂ ਵਿਚੋਂ ਕਿਸੇ ਦੀ ਵੀ ਉਸ ਅਗੋਚਰ ਤੱਕ ਰਸਾਈ ਨਹੀਂ। ਅਧਿਆਤਮ ਜਗਤ ਦੇ ਮਹਾਂ ਪੁਰਸ਼ਾਂ ਨੇ ਬਾਰ-ਬਾਰ ਉਚੀ ਸੁਰ ਵਿਚ ਕਿਹਾ ਹੈ, 'ਉਹ ਹੈ', 'ਉਹ ਹੈ', ਪਰ ਜਦੋਂ ਤਕ ਜਗਿਆਸੂ ਸੁਤੰਤਰ ਤੌਰ ਤੇ ਆਪਣੀ ਤਸੱਲੀ ਨਾ ਕਰ ਲਵੇ ਉਹਨੂੰ ਇਤਬਾਰ ਕਿਵੇਂ ਆਵੇ। ਅਜਿਹਾ ਵਿਸ਼ਵਾਸ਼ ਕਰਵਾਉਣ ਵਾਲੀ ਇਕੋ ਚੀਜ਼ ਹੈ, ਅਨਹਤ ਸ਼ਬਦ, ਅਕਾਲ ਪੁਰਖ ਦੀ ਖ਼ੁਦ ਵਜਾਈ ਧੁਨਿ, ਜੇ ਉਹ ਕਿਸੇ ਨੂੰ ਸਤਿਗੁਰੂ ਦੀ ਦਇਆ ਨਾਲ ਸੁਣ ਜਾਏ। (ਗੁਰਮੁਖਿ ਸਬਦ ਪਛਾਣੀਐ। ਮ: 3, ਅ. ਗ. ਪੰ. 29)। ਭਾਈ ਗੁਰਦਾਸ ਦੱਸਦੇ ਹਨ :

ਸ਼ਬਦ ਸੁਰਤਿ ਲਿਵ ਬਜਰ ਕਪਾਟ ਖੁਲੈ
ਅਨਹਦ ਨਾਦ ਬਿਸਮਾਦ ਕੋ ਬਿਸਵਾਸ ਹੈ।

(ਕ. ਸ. 259)

ਸ਼ਬਦ ਵਿਚ ਸੁਰਤਿ ਜੁੜਨ ਨਾਲ ਅਗਿਆਨ ਦੇ ਬੱਜਰ ਜਿਹੇ ਸਖਤ ਕਿਵਾੜ ਖੁਲ੍ਹ ਜਾਂਦੇ ਹਨ, ਤੇ ਜਦ ਅਨਹਦ ਦੀ ਧੁਨੀ, ਜਿਹੜੀ ਕਿ ਵਿਸਮਾਦ ਰੂਪ ਪ੍ਰਭੂ ਦੀ ਆਪਣੀ ਆਵਾਜ਼ ਹੈ, ਸੁਣ ਪੈਂਦੀ ਹੈ ਤਾਂ ਪ੍ਰਭੂ ਦੀ ਹੋਂਦ ਬਾਰੇ ਕੋਈ ਭਰਮ ਭੁਲੇਖਾ ਨਹੀਂ ਰਹਿੰਦਾ।

ਇਕ ਹੋਰ ਥਾਂ ਭਾਈ ਸਾਹਿਬ ਨੇ ਕਿਹਾ ਹੈ ਜਦੋਂ ਗੁਰੂ ਤੋਂ ਉਪਦੇਸ਼ ਲੈ ਕੇ ਪੂਰੇ ਪ੍ਰੇਮ ਨਾਲ ਸ਼ਬਦ ਦੀ ਕਮਾਈ ਕੀਤੀ ਜਾਂਦੀ ਹੈ ਤਾਂ ਮਨ ਵਿਚ ਕੋਈ ਦੁਚਿੱਤੀ ਬਾਕੀ ਨਹੀਂ ਰਹਿੰਦੀ, ਤੇ ਬੁੱਧੀ ਦੇ ਦੋਸ਼ ਨਵਿਰਤ ਹੋ ਜਾਂਦੇ ਹਨ :

ਦੁਰਮਤਿ ਦੁਬਿਧਾ ਦੂਰਿ ਕਰਿ ਗੁਰਮਤਿ ਸਬਦ ਸੁਰਤਿ ਮਨੁ ਸਿਤਾ।

(ਵ. 5, ਪੌ. 2)

### *ਕੇਵਲ ਲਿਖਣਾ, ਪੜ੍ਹਨਾ, ਗਾਉਣਾ*

ਭਾਈ ਸਾਹਿਬ ਨੇ ਮੈਖ਼ਾਨੇ ਦਾ ਦ੍ਰਿਸ਼ਟਾਂਤ ਵਰਤ ਕੇ ਸਪੱਸ਼ਟ ਕੀਤਾ ਹੈ ਕਿ ਜਿਵੇਂ ਉਹ ਮੱਟ ਜਿਸ ਵਿਚ ਸ਼ਰਾਬ ਸਾਂਭ ਕੇ ਰਖੀ ਜਾਂਦੀ ਹੈ, ਪੈਮਾਨਾ, ਜਿਹਦੇ ਰਾਹੀਂ ਉਹ ਪੀਣ ਵਾਲਿਆਂ ਨੂੰ ਵਰਤਾਈ ਜਾਂਦੀ ਹੈ, ਤੇ ਦੁਕਾਨਦਾਰ, ਜਿਹੜਾ ਉਸ ਦੀ ਵਿਕਰੀ ਕਰਦਾ ਹੈ, ਉਹਦੇ ਨਸ਼ੇ ਵਲੋਂ ਅਣਭਿੱਜ ਰਹਿੰਦੇ ਹਨ, ਉਸੇ ਤਰ੍ਹਾਂ ਕਿੰਨੇ ਹੀ ਲੋਕ ਹਨ ਜਿਹੜੇ ਗੁਰ ਉਪਦੇਸ਼ ਦੀਆਂ ਵਡਿਆਈਆਂ ਲਿਖਦੇ ਹਨ, ਪੜ੍ਹਦੇ, ਗਾਉਂਦੇ ਰਹਿੰਦੇ ਹਨ ਪਰ ਇਸ ਲਿਖਣ, ਪੜ੍ਹਨ, ਗਾਉਣ ਨਾਲ ਹੀ ਉਹਨਾਂ ਨੂੰ ਸ਼ਬਦ ਦਾ ਅੰਮ੍ਰਿਤ ਰਸ ਪੀਣ ਨੂੰ ਨਹੀਂ ਮਿਲ ਜਾਂਦਾ, ਨਾ ਹੀ ਉਹ ਆਤਮ ਪਦ ਦੇ ਪਾਤਰ ਬਣਦੇ ਹਨ। ਇਹਦੇ ਲਈ ਸਤਿਗੁਰੂ ਦੀ ਦਇਆ ਚਾਹੀਦੀ ਹੈ ਤੇ ਆਪਣਾ ਉਦਮ ਵੀ :

Sri Satguru Jagjit Singh Ji eLibrary NamdhariElibrary@gmail.com

ਜੈਸੇ ਅਹਿਨਿਸਿ[1] ਮਦੁ[2] ਰਹਿਤ ਭਾਜਨੋ[3] ਬਿਖੈ
ਜਾਨਤ ਨ ਮਰਮੁ ਕਿਧਉ ਕਵਨ ਪ੍ਰਕਾਰੀ ਹੈ।
ਜੈਸੇ ਬੇਲੀ ਭਰਿ ਭਰਿ ਬਾਟਿ ਦੀਸੀਅਤ ਸਭਾ
ਪਾਵਤ ਨ ਭੇਦੁ ਕਛੁ ਬਿਧਿ ਨ ਬੀਚਾਰੀ ਹੈ।
ਜੈਸੇ ਦਿਨ ਪ੍ਰਤਿ ਮਦੁ ਬੇਚਤ ਕਲਾਲ ਬੈਠੋ
ਮਹਿਮਾ ਨ ਜਾਨਈ ਦਰਬਿ[4] ਹਿਤਕਾਰੀ ਹੈ।
ਤੈਸੇ ਗੁਰ ਸਬਦਿ ਕੋ ਲਿਖਿ ਪੜ੍ਹਿ ਗਾਵਤ ਹੈ
ਬਿਰਲੋ ਅੰਮ੍ਰਿਤ ਰਸੁ ਪਦੁ ਅਧਿਕਾਰੀ ਹੈ।

(ਕ. ਸ. 530)

*ਸੰਸਾਰੀ ਵਾਜੇ ਗਾਜੇ*

ਅਨਹਦ ਸ਼ਬਦ ਵਿਚ ਲਿਵ ਜੋੜਨ ਲਈ ਸੰਸਾਰੀ ਵਾਜਿਆਂ ਗਾਜਿਆਂ ਤੋਂ ਉੱਪਰ ਉਠਣਾ ਜ਼ਰੂਰੀ ਹੈ :

ਨਾਦ ਬਾਦ ਪਰੈ ਅਨਹਤ ਲਿਵ ਲਾਵਈ। (ਕ. ਸ. 11)

ਜਿੰਨਾ ਚਿਰ ਸੰਸਾਰੀ ਸੰਗੀਤ ਦੇ ਰਸ ਵੱਲ ਰੁਚਿਤ ਰਹੀਏ, ਅਨਹਦ ਸ਼ਬਦ ਦਾ ਅੰਮ੍ਰਿਤ ਚੱਖਣ ਨੂੰ ਨਹੀਂ ਮਿਲਦਾ :

ਜਉ ਲਉ ਨਾਦ ਬਾਦ ਨ ਅਨਾਹਦ ਬਿਸੇਖੀਐ। (ਕ. ਸ. 12)

ਏਥੋਂ ਦੇ ਵਾਜੇ ਗਾਜੇ ਉਸੇ ਪ੍ਰਕਾਰ ਹਾਨੀਕਾਰਕ ਹਨ, ਜਿਵੇਂ ਮਿਰਗ ਸ਼ਿਕਾਰੀਆਂ ਦੇ ਸੰਗੀਤ ਤੇ ਮੋਹਿਤ ਹੋ ਕੇ ਉਹਨਾਂ ਦੇ ਹਥੋਂ ਜਾਨ ਗਵਾ ਲੈਂਦਾ ਹੈ :

ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।

(ਵ. 5, ਪੌ. 17)

**ਸ਼ਬਦ ਸੁਰਤਿ ਬਿਨ ਬੋਲਾ**

ਜਿਸ ਵਿਅਕਤੀ ਨੇ ਇਕਾਗਰਤਾ ਨਾਲ ਸ਼ਬਦ ਵਿਚ ਲਿਵ ਜੋੜ ਕੇ ਸਤਿਗੁਰੂ ਦੀ ਦੀਖਿਆ ਅਨੁਸਾਰ ਅਨਹਦ ਸ਼ਬਦ ਨਹੀਂ ਸੁਣਿਆ, ਉਹ ਬਾਹਰਮੁਖੀ ਕੰਨਾਂ ਦੇ ਸਕ੍ਰਿਅ ਹੁੰਦਿਆਂ ਵੀ ਬੋਲਾ ਹੈ, ਕਿਉਂਕਿ ਜੋ ਕੁਝ ਸੱਚ-ਮੁਚ ਸੁਣਨ ਜੋਗਾ ਹੈ, ਉਸ ਤੋਂ ਤਾਂ ਉਹ ਕੋਰਾ ਹੀ ਰਹਿ ਜਾਂਦਾ ਹੈ :

ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰ ਸਬਦ ਨ ਸੁਣਈ ਬੋਲਾ।

(ਵ. 4, ਪੌ. 17)

---

1. ਰਾਤ ਦਿਨ 2. ਸ਼ਰਾਬ 3. ਭਾਂਡਾ 4. ਦੌਲਤ।

Sri Satguru Jagjit Singh Ji eLibrary NamdhariElibrary@gmail.com

*ਸ਼ਬਦ ਸੁਰਤਿ ਦਾ ਵਿਰਲਾ ਅਭਿਆਸੀ*

ਸਰੀਰਕ ਕੰਨਾਂ ਨਾਲ ਸੁਣੇ ਜਾ ਸਕਣ ਵਾਲੇ ਰਾਗਾਂ ਨਾਦਾਂ ਦੀ ਧੁਨੀ ਤਾਂ ਹਰ ਕਿਸੇ ਨੂੰ ਸੁਣਨ ਦਾ ਅਵਸਰ ਮਿਲਦਾ ਰਹਿੰਦਾ ਹੈ ਪਰ ਜਿਹੜਾ ਸ਼ਬਦ ਸੁਰਤਿ ਦੁਆਰਾ ਅਨੁਭਵ ਕੀਤਾ ਜਾਂਦਾ ਹੈ, ਉਸ ਦਾ ਰਸ ਮਾਣਨ ਦੀ ਜੁਗਤੀ ਕਿਸੇ ਵਿਰਲੇ ਸਾਧਕ ਨੂੰ ਹੀ ਆਉਂਦੀ ਹੈ :

ਰਾਗ ਨਾਦ ਸਭ ਕੋ ਸੁਣੈ ਸ਼ਬਦ ਸੁਰਤਿ ਸਮਝੈ ਵਿਰਲੋਈ।

(ਵ. 15, ਪੌ. 16)

*ਅੰਤ ਕਾਲ ਦਾ ਸਿਮਰਨ*

ਲੱਖਾਂ ਵਿਚੋਂ ਕਿਸੇ ਇਕ ਧੁਰ ਕਰਮ ਵਾਲੇ ਵਿਰਲੇ ਵਿਅਕਤੀ ਨੂੰ ਛੱਡ ਕੇ ਸਾਡੇ ਜਿਹੇ ਹਰ ਇਨਸਾਨ ਦੀ ਜ਼ਿੰਦਗੀ ਇਕੋ ਪੱਕੀ ਲੀਹ ਤੇ ਰਿੜ੍ਹਦੀ ਚਲੀ ਜਾਂਦੀ ਹੈ। ਉਹਦੀ ਸਵੇਰ (ਕਿਸ਼ੋਰ ਅਵਸਥਾ) ਪੜ੍ਹਾਈ ਸਿਖਾਈ ਦੁਆਰਾ ਰੁਜ਼ਗਾਰ ਦੇ ਯੋਗ ਹੁੰਦਿਆਂ ਲੰਘ ਜਾਂਦੀ ਹੈ; ਦੁਪਹਿਰ (ਜਵਾਨੀ) ਪੈਸੇ ਕਮਾਉਣ, ਮਜ਼ੇ ਲੁੱਟਣ ਵਿਚ, ਤ੍ਰਿਕਾਲਾਂ (ਮੱਧ ਕਾਲ) ਨਿਕਾ ਮੋਟਾ ਮਕਾਨ ਉਸਾਰਨ, ਬੱਚਿਆਂ ਨੂੰ ਪੜ੍ਹਾਉਣ, ਵਿਆਹੁਣ ਆਪਣੇ ਪੈਰਾਂ ਤੇ ਖੜੇ ਕਰਨ ਵਿਚ; ਤੇ ਜਦ ਪਰਛਾਵੇਂ ਢਲ ਕੇ (ਬੁਢਾਪਾ) ਰਾਤ (ਮੌਤ) ਨੇੜੇ ਢੁਕਦੀ ਨਜ਼ਰ ਆਉਂਦੀ ਹੈ, ਨੌਕਰੀ ਛੁੱਟ ਚੁੱਕੀ ਹੁੰਦੀ ਹੈ, ਜ਼ਮੀਨ, ਦੁਕਾਨ ਕਾਰੋਬਾਰ ਪੁੱਤ ਪੋਤੇ ਸੰਭਾਲ ਲੈਂਦੇ ਹਨ, ਸਰੀਰ ਬੀਮਾਰੀਆਂ ਦਾ ਸ਼ਿਕਾਰ ਹੋ ਜਾਣ ਕਾਰਣ ਇੰਦਰੀਆਂ ਦੇ ਰਸ-ਸੁਆਦ ਮੁੱਕ ਜਾਂਦੇ ਹਨ, ਤਾਂ ਮਨ ਹੁੰਦਾ ਹੈ ਹੁਣ ਰੱਬ ਨੂੰ ਯਾਦ ਕਰਕੇ ਅਗਲੇ ਪਿਛਲੇ ਗੁਨਾਹ ਬਖਸ਼ਵਾ ਲਈਏ, ਸਵਰਗ, ਬੈਕੁੰਠ ਵਿਚ ਪ੍ਰਵੇਸ਼ ਕਰਨ ਦੇ ਹੱਕਦਾਰ ਬਣ ਜਾਈਏ।

ਪਰ ਉਸ ਸਮੇਂ ਬਦੀਆਂ ਕਮਾਉਣ ਲਈ ਬੇਕਾਰ ਹੋ ਗਈ ਕਾਇਆ ਨੇਕੀਆਂ ਖੱਟਣ ਦੇ ਕਾਬਲ ਹੀ ਨਹੀਂ ਰਹਿ ਗਈ ਹੁੰਦੀ। ਕੁੱਬ ਨਾਲ ਕਮਾਣ ਬਣੀ ਰੀੜ੍ਹ, ਸਿਥਲ ਬੇਜਾਨ ਹੋ ਗਏ ਪੱਠਿਆਂ, ਤੇ ਪੀੜੋ-ਪੀੜ ਛੋਟੇ ਵੱਡੇ ਜੋੜਾਂ ਨਾਲ ਭਜਨ ਲਈ ਨਹੀਂ ਬੈਠਣ ਹੁੰਦਾ। ਵਰ੍ਹਿਆਂ ਦੇ ਵਰ੍ਹੇ ਕਦਮ-ਕਦਮ ਤੇ ਕੀਤੀਆਂ ਹਿਮਾਕਤਾਂ ਦੇ ਪਛਤਾਵੇਂ, ਤੇ ਉਹਨਾਂ ਲਈ ਅਣਗਿਣਤ ਹੀਲੇ ਵਰਤਿਆਂ ਵੀ ਅਤ੍ਰਿਪਤ ਰਹਿ ਗਈਆਂ ਕਾਮਨਾਵਾਂ ਦਾ ਸਤਾਇਆ ਮਨ, ਨਾਮ ਸ਼ਬਦ ਨਾਲ ਲਿਵ ਜੋੜਨ ਜੋਗਾ ਬਲ ਜੁਟਾਵੇ ਤਾਂ ਕਿਵੇਂ ? ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦੀ ਚਿਤਾਵਨੀ ਵਿਚਾਰਨ ਜੋਗੀ ਹੈ :

Sri Satguru Jagjit Singh Ji eLibrary NamdhariElibrary@gmail.com

ਜੈਸੇ ਘਰਿ ਲਾਗੈ ਆਗ ਜਾਗਿ ਕੂਆ ਖੋਦਿਓ ਚਾਹੈ
ਕਾਰਜੁ ਨ ਸਿਧਿ ਹੋਇ ਰੋਇ ਪਛੋਤਾਈਐ।
ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ
ਅਨਿਥਾ ਉਦਮ ਜੈਤ ਪਦਵੀ ਨ ਪਾਈਐ।
ਜੈਸੇ ਨਿਸਿ ਸੋਵਤ ਸੰਗਾਤੀ ਦਲਿ ਜਾਤਿ ਪਾਛੈ
ਭੋਰ ਭਏ ਭਾਰ ਬਾਂਧਿ ਚਲੈ ਕਤ ਜਾਈਐ।
ਤੈਸੇ ਮਾਇਆ ਧੰਧਿ ਅੰਧ ਅਵਧਿ ਬਿਹਾਇ ਜਾਇ
ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ।

(ਕ. ਸ. 495)

ਜੇ ਕੋਈ ਆਪਣੇ ਮਕਾਨ ਨੂੰ ਅੱਗ ਲਗਣ ਪਿੱਛੋਂ ਅੱਖਾਂ ਮਲਦਾ ਉਠੇ ਤੇ ਚਾਹਵੇ ਹੁਣ ਖੂਹ ਪੁੱਟ ਕੇ ਉਹਦੇ ਪਾਣੀ ਨਾਲ ਤਬਾਹੀ ਮਚਾ ਰਹੇ ਲੂੰਬਿਆਂ ਨੂੰ ਬੁਝਾ ਲਵਾਂ, ਉਹ ਸਫਲ ਨਹੀਂ ਹੋਵੇਗਾ, ਰੋਂਦਾ ਪਛਤਾਉਂਦਾ ਹੀ ਰਹਿ ਜਾਵੇਗਾ। ਜਿਹੜਾ ਵਿਅਕਤੀ ਜੰਗ ਸ਼ੁਰੂ ਹੋ ਜਾਣ ਤੋਂ ਬਾਅਦ ਉਸ ਲਈ ਲੋੜੀਂਦੀ ਸ਼ਸਤਰ ਵਿਦਿਆ ਸ਼ੁਰੂ ਕਰਨ ਦੀ ਸੋਚੇ ਉਹਦਾ ਅਜਿਹਾ ਜਤਨ ਉਸ ਨੂੰ ਵਿਜਈ ਹੋਣ ਦਾ ਮਾਣ ਨਹੀਂ ਦਵਾਉਣ ਲੱਗਾ। ਜੇ ਕੋਈ ਰਾਹੀ ਸੁਬ੍ਹਾ ਸਵੇਰੇ ਆਪਣੇ ਕਾਫਲੇ ਦੇ ਡੇਰਾ ਸਮੇਟਣ ਸਮੇਂ ਤਾਂ ਆਰਾਮ ਨਾਲ ਸੁੱਤਾ ਰਹੇ, ਪਿੱਛੋਂ ਦਿਨ ਚੜ੍ਹੇ ਗੰਢੜੀ ਸਿਰ ਤੇ ਚੁੱਕ ਕੇ ਪੈਦਲ ਦੌੜ ਪਵੇ, ਉਹ ਆਪਣੇ ਸਾਂਢਣੀ ਸਵਾਰ ਸਾਥੀਆਂ ਨਾਲ ਮਿਲ ਨਹੀਂ ਸਕੇਗਾ। ਬੱਸ ਓਹੋ ਗੱਲ ਪ੍ਰਭੂ ਭਗਤੀ ਦੀ ਹੈ। ਜਿਸ ਕਿਸੇ ਨੇ ਆਪਣੀ ਸਾਰੀ ਉਮਰ ਜਗਤ ਦੇ ਧੰਧਿਆਂ ਵਿਚ ਖਪਦਿਆਂ ਗੁਜ਼ਾਰ ਲਈ ਉਹ ਮੌਤ ਦੇ ਦਰ ਖਟਖਟਾਉਣ ਤੇ ਨਾਮ ਸਿਮਰਨ ਵਿਚ ਕਿਥੋਂ ਬਿਰਤੀ ਜੋੜ ਲਵੇਗਾ।*

---

*ਭਜਹੁ ਗੋਬਿੰਦ ਭੂਲਿ ਮਤ ਜਾਹੁ। ਮਾਨਸ ਜਨਮ ਕਾ ਏਹੀ ਲਾਹੁ।
ਜਬ ਲਗੁ ਜਰਾ ਰੋਗੁ ਨਹੀ ਆਇਆ। ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ।
ਜਬ ਲਗੁ ਬਿਕਲ ਭਈ ਨਹੀ ਬਾਨੀ। ਭਜਿ ਲੇਹਿ ਰੇ ਮਨ ਸਾਰਿਗ ਪਾਨੀ।
ਅਬ ਨ ਭਜਸਿ ਭਜਸਿ ਕਬ ਭਾਈ। ਆਵੈ ਅੰਤੁ ਨ ਭਜਿਆ ਜਾਈ।
ਜੋ ਕਿਛੁ ਕਰਹਿ ਸੋਈ ਅਬ ਸਾਰੁ। ਫਿਰਿ ਪਛੁਤਾਹੁ ਨ ਪਾਵਹੁ ਪਾਰੁ।
(ਕਬੀਰ, ਅ. ਗ. 1159)

Sri Satguru Jagjit Singh Ji eLibrary NamdhariElibrary@gmail.com

# ਆਦਰਸ਼ਕ ਸਿੱਖ

ਭਾਈ ਗੁਰਦਾਸ ਆਦਰਸ਼ਕ ਪੱਧਰ ਦੇ ਸਿੱਖ ਸਨ। ਆਪ ਉਹਨਾਂ ਗੁਰੂ ਸਾਹਿਬਾਨ ਦੇ ਨਿਕਟਵਰਤੀ ਰਹੇ ਜਿਨਾਂ ਦੇ ਅਵਤਾਰ ਧਾਰਨ ਦਾ ਉਦੇਸ਼ ਵਿਸ਼ਿਆਂ ਵਿਕਾਰਾਂ ਤੇ ਹੋਰ ਘਟੀਆ ਕਰਮਾਂ ਵਿਚ ਪਰਵਿਰਤ, ਆਪਣਾ ਅਣਮੁੱਲਾ ਮਨੁੱਖੀ ਜਨਮ ਵਿਅਰਥ ਵਿਚ ਗਵਾ ਰਹੇ ਸੰਸਾਰੀ ਜੀਵਾਂ ਲਈ ਚਾਨਣ ਮੁਨਾਰਾ ਬਣ ਕੇ ਵਖਾਉਣਾ ਸੀ। ਭਾਈ ਸਾਹਿਬ ਨੇ ਉਹਨਾਂ ਮਹਾਂ ਪੁਰਸ਼ਾਂ ਦਾ ਮਿਸਾਲੀ ਜੀਵਨ ਚਰਿੱਤਰ ਉਹਨਾਂ ਦੇ ਚਰਨਾਂ ਵਿਚ ਬਹਿ ਕੇ ਤੱਕਿਆ, ਇਕ-ਇਕ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਵਾਲਾ ਉਹਨਾਂ ਦਾ ਉਪਦੇਸ਼ ਸ਼ਰਧਾ ਤੇ ਵਿਸ਼ਵਾਸ਼ ਨਾਲ ਸੁਣਿਆ ਤੇ ਖ਼ੁਦ ਆਪਣਾ ਸੁਆਸ ਸੁਆਸ ਉਹਨਾਂ ਦੀਆਂ ਪਾਈਆਂ ਲੀਹਾਂ ਤੇ ਸਾਬਤ ਕਦਮੀ ਨਾਲ ਚਲਦਿਆਂ ਸਫਲਾ ਕੀਤਾ। ਏਹੋ ਕਾਰਣ ਹੈ ਕਿ ਜਿਹੜੀ ਅਗਵਾਈ ਸਾਨੂੰ ਉਹਨਾਂ ਦੀ ਕਲਾ-ਕੁਸ਼ਲ ਤੇ ਰਸੀਲੀ ਬਾਣੀ ਤੋਂ ਮਿਲਦੀ ਹੈ ਉਸ ਦਾ ਜੋੜ ਨਹੀਂ।

ਆਪ ਦੇ ਦੱਸਣ ਅਨੁਸਾਰ ਗੁਰੂ ਦਾ ਸੱਚਾ ਸਿੱਖ ਅੰਮ੍ਰਿਤ ਵੇਲੇ ਜਾਗ ਕੇ ਨਾਮ ਅਭਿਆਸ (ਸੁਰਤਿ ਸ਼ਬਦ ਦੇ ਅਭਿਆਸ) ਵਿਚ ਜੁਟ ਜਾਂਦਾ ਹੈ। ਉਹ ਆਪਣਾ ਵੱਧ ਤੋਂ ਵੱਧ ਸਮਾਂ ਈਸ਼ਵਰ ਅਰਾਧਨਾ ਵਿਚ ਬਿਤਾਉਣ ਦੇ ਪ੍ਰਯੋਜਨ ਨਾਲ ਅਲਪ ਆਹਾਰ ਕਰਦਾ ਹੈ, ਥੋੜਾ ਸੌਂਦਾ ਹੈ, ਤੇ ਬਿਨਾਂ ਖ਼ਾਸ ਮਤਲਬ ਦੇ ਜ਼ਬਾਨ ਨਹੀਂ ਚਲਾਉਂਦਾ। ਉਹਦੇ ਮੂੰਹੋਂ ਨਿਕਲੇ ਸ਼ਬਦਾਂ ਵਿਚ ਮਿਠਾਸ ਹੁੰਦੀ ਹੈ, ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ, ਤੇ ਉਹਦਾ ਵਰਤ ਵਿਹਾਰ ਐਵੇਂ ਵੀ ਨਿਰਹੰਕਾਰ ਤੇ ਨਿਮ੍ਰਤਾਪੂਰਨ ਹੁੰਦਾ ਹੈ। ਉਹ ਦਸਾਂ ਨੌਹਾਂ ਦੀ ਨੇਕ ਕਮਾਈ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਹੈ, ਤੇ ਯਥਾਸ਼ਕਤ ਹੋਰ ਲੋੜਵੰਦਾਂ ਦਾ ਵੀ ਅਰਥ ਸਾਰਦਾ ਹੈ। ਉਹ ਬੇਸ਼ਕ ਕਿੱਡਾ ਵੀ ਧਨਾਢ ਹੋ ਜਾਇ, ਉਚਾ ਮਰਤਬਾ ਹਾਸਲ ਕਰ ਲਵੇ, ਆਪਣੀ ਪ੍ਰਾਪਤੀ ਦੀਆਂ ਡੀਂਗਾਂ ਨਹੀਂ ਮਾਰਦਾ, ਕਿਸੇ ਤੇ ਰੁਹਬ ਨਹੀਂ ਪਾਉਂਦਾ। ਸਾਧ ਸੰਗਤ ਵਿਚ ਹਾਜ਼ਰ ਰਹਿਣ ਨਾਲ ਗੁਰੂ ਸਿਖਿਆ ਉਹਦੇ ਮਨ ਵਿਚ ਘਰ ਕਰ ਜਾਂਦੀ ਹੈ ਤੇ ਉਹਦਾ ਹਿਰਦਾ ਗੁਰੂ ਪ੍ਰੇਮ ਨਾਲ ਸਰਸ਼ਾਰ ਹੋ ਜਾਂਦਾ ਹੈ। ਆਪਣੀ ਘਾਲਣਾ ਲਈ ਉਹ ਕਿਸੇ ਦੁਨਿਆਵੀ ਫਲ ਦੀ ਆਸ ਨਹੀਂ ਰਖਦਾ :



Sri Satguru Jagjit Singh Ji eLibrary NamdhariElibrary@gmail.com

ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।
ਸ਼ਬਦ ਸੁਰਤਿ ਪਰਚਾ ਕਰੈ ਸਤਿਗੁਰੂ ਪਰਚੈ ਮਨ ਪਰਚਾਏ।
ਆਸਾ ਵਿਚ ਨਿਰਾਸੁ ਵਲਾਏ। (ਵ. 28, ਪੌ. 15)

ਗੁਰ ਸਿੱਖ ਬਣਨ ਦੇ ਅਭਿਲਾਖੀ ਲਈ ਸਭ ਤੋਂ ਪਹਿਲਾਂ ਚੁੱਕਣ ਵਾਲਾ ਕਦਮ ਹੁੰਦਾ ਹੈ ਗੁਰੂ ਤੋਂ ਸਿਖਿਆ ਲੈਣਾ। ਦੀਖਿਆ ਤੋਂ ਵਿਹੂਣਾ ਵਿਅਕਤੀ ਸਿੱਖ ਅਖਵਾਉਣ ਦਾ ਅਧਿਕਾਰੀ ਨਹੀਂ ਬਣਦਾ। ਗੁਰੂ ਸਿਖਿਆ ਤੇ ਅਮਲ ਕਰਨ, ਉਸ ਨੂੰ ਕਮਾਉਣ ਦੇ ਫਲ ਵਜੋਂ ਗੁਰੂ ਵਾਲੇ ਸ਼ੁਭ ਗੁਣ ਉਸ ਨੂੰ ਆਪ ਪ੍ਰਾਪਤ ਹੋ ਜਾਂਦੇ ਹਨ :

ਗੁਰ ਚੇਲਾ ਚੇਲਾ ਗੁਰੂ ਗੁਰ ਸਿਖ ਸੁਣਿ ਗੁਰ ਸਿਖੁ ਸਦਾਵੈ।
(ਵ. 28, ਪੌ. 16)

ਉਕਤ ਦੀਖਿਆ ਰਾਹੀਂ ਉਹਨੂੰ ਸੁਰਤਿ ਦੁਆਰਾ ਅਨਹਦ ਸ਼ਬਦ ਵਿਚ ਲਿਵ ਲਾਉਣ ਦੀ ਜੁਗਤੀ ਸਿਖਾਈ ਜਾਂਦੀ ਹੈ :

ਗੁਰ ਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਿਸੰਗਤਿ ਸਿਖੈ।
(ਵ. 28, ਪੌ. 5)

ਅਤੇ ਗੁਰੂ ਤੇ ਉਹਦੀ ਸੰਗਤ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ :

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤਿ ਦੀ ਸੇਵਾ।
(ਵ. 28, ਪੌ. 4)

ਗੁਰੂ ਦਾ ਸਿੱਖ ਗ੍ਰੰਥਾਂ, ਪੁਸਤਕਾਂ ਵਿਚ ਦਰਜ ਕੀਤੇ ਜਾਂ ਹੋਰ ਲੋਕਾਂ ਤੋਂ ਸੁਣੇ ਸੁਣਾਏ ਕਿਸੇ ਨਾਮ ਸਤੋਤਰ ਆਦਿ ਦਾ ਜਾਪ ਨਹੀਂ ਕਰਦਾ, ਉਹਦਾ ਸਿਮਰਨ ਆਪਣੇ ਸਤਿਗੁਰੂ ਤੋਂ ਮਿਲੇ ਗੁਰ ਮੰਤਰ ਤਕ ਸੀਮਿਤ ਹੁੰਦਾ ਹੈ :

ਗੁਰ ਸਿਖੀ ਦਾ ਸਿਮਰਣੋਂ ਸਤਿਗੁਰੂ ਮੰਤੁ ਕੋਲੁ ਰਸ ਇਖੈ।
(ਵ. 28, ਪੌ. 5)

ਨਾਮ ਦੀ ਕਮਾਈ ਵਿਚ ਕਾਮਿਆਬੀ ਓਦੋਂ ਮਿਲਦੀ ਹੈ ਜਦ ਮਨ ਤੇ ਕਾਬੂ ਪਾ ਲਿਆ ਜਾਵੇ, ਇੰਦਰੀਆਂ ਦੇ ਰਸਾਂ ਤੇ ਜਗਤ ਦੇ ਹੋਰ ਬਖੇੜਿਆਂ ਵਿਚ ਦਿਲਚਸਪੀ ਮੁੱਕ ਜਾਵੇ :

Sri Satguru Jagjit Singh Ji eLibrary NamdhariElibrary@gmail.com

ਇਕ ਮਨਿ ਇਕੁ ਅਰਾਧਣਾ ਬਾਹਰਿ ਜਾਂਦਾ ਵਰਜਿ ਰਹਾਵੈ।

(ਵ. 28, ਪੌ. 16)

ਗੁਰ ਸਿੱਖ ਦਾ ਇਕ ਹੋਰ ਲੱਛਣ ਉਹਦਾ ਪਰਉਪਕਾਰੀ ਹੋਣਾ ਹੈ। ਜਿਵੇਂ ਪਾਣੀ ਕਿੰਨਾ ਹੀ ਤੱਤਾ ਉਬਲਦਾ ਹੋਵੇ ਤਾਂ ਵੀ ਅੱਗ ਤੇ ਸੁੱਟਿਆਂ ਉਸ ਨੂੰ ਸ਼ਾਂਤ ਕਰ ਦਿੰਦਾ ਹੈ, ਸਿੱਖ ਆਪ ਔਖਿਆਈਆਂ ਝਲਦਾ ਵੀ ਹੋਰਾਂ ਦੇ ਕਾਜ ਸਵਾਰਨ ਲਈ ਤਤਪਰ ਰਹਿੰਦਾ ਹੈ :

ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ[1] ਨ ਆਣੀ।
ਗੁਰ ਸਿੱਖੀ ਦੀ ਏਹ ਨੀਸਾਣੀ। (ਵ. 28, ਪੌ. 13)

ਉਹਦਾ ਜਪ ਤਪ ਸੰਜਮ ਕੀ ਹੁੰਦਾ ਹੈ, ਨਿਰਭੈ ਅਕਾਲ ਪੁਰਖ ਦੇ ਭੈ ਵਿਚ ਜਿਉਣਾ, ਤੇ ਹੋਰ ਹਰ ਪ੍ਰਕਾਰ ਦੇ ਡਰਾਂ ਤੋਂ ਮੁਕਤ ਰਹਿਣਾ :

ਗੁਰਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰਿ ਮੁੱਚ ਡਰਣਾ।

(ਵ. 28, ਪੌ. 10)

ਤੇ ਉਹਦਾ ਕੀਰਤਨ, ਸੁਰਤਿ ਸ਼ਬਦ ਦੇ ਅਭਿਆਸ ਦੁਆਰਾ ਆਪਣੇ ਅੰਤਹਕਰਣ ਵਿਚ ਨਿਰੰਤਰ ਧੁਨਕਾਰਾਂ ਦਿੰਦੀ ਅੰਮ੍ਰਿਤ-ਮਿੱਠੀ ਅਨਹਤ-ਧੁਨੀ ਦਾ ਸੰਗੀਤ ਮਾਣਨਾ :

ਗੁਰਸਿੱਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।

(ਵ. 28, ਪੌ. 10)

ਉਹ ਆਪਾ ਭਾਵ ਮਿਟਾ ਕੇ ਆਪਣੀ ਹੋਂਦ ਨੂੰ ਆਪਣੇ ਸ਼ਬਦ ਰੂਪ ਗੁਰੂ ਦੀ ਹੋਂਦ ਵਿਚ ਐਉਂ ਗਵਾ, ਮਿਟਾ ਦਿੰਦਾ ਹੈ ਜਿਵੇਂ ਇਕ ਮਿਰਤਕ ਸ਼ਰੀਰ ਆਪਣੀ ਕਬਰ ਵਿਚ ਖੋ ਜਾਂਦਾ ਹੈ। ਇਸ ਰਾਹ ਉਹ ਵੀ ਆਪਣੇ ਇਸ਼ਟ ਵਾਂਗ ਅਲੱਖ ਤੇ ਕਰਮਾਂ ਦੇ ਲੇਖੇ ਤੋਂ ਅਤੀਤ ਹੋ ਜਾਂਦਾ ਹੈ :

ਮੁਰਦੇ ਵਾਂਗ ਮੁਰੀਦ ਹੋਇ ਗੁਰ ਗੋਰੀ ਵੜਿ ਅਲਖ ਅਲੇਖੈ।

(ਵ. 28, ਪੌ. 6)

ਗੁਰਸਿਖੀ, ਗੁਰੂ ਤੋਂ ਪ੍ਰਾਪਤ ਹੋਈ ਦੀਖਿਆ ਦੀ ਅਹਿਮੀਅਤ ਦਾ ਅਹਿਸਾਸ ਓਦੋਂ ਹੁੰਦਾ ਹੈ ਜਦੋਂ ਸਾਧਕ ਗੁਰੂ ਦੇ ਉਪਦੇਸ਼ ਦੀ ਕਮਾਈ ਕਰ ਕੇ ਆਪਣੇ ਹਿਰਦੇ ਵਿਚ ਪਰਮੇਸ਼ਰ ਦੀ ਪਰਮ-ਜੋਤਿ ਨੂੰ ਜਗਾ ਲੈਂਦਾ ਹੈ, ਭਾਵ ਪ੍ਰਗਟ ਕਰ ਲੈਂਦਾ ਹੈ :

ਗੁਰਸਿਖੀ ਦਾ ਸਮਝਣਾ ਜੋਤੀ ਜੋਤਿ ਜਗਾਵਣਹਾਰਾ।

(ਵ. 28, ਪੌ. 7)

---

1. ਦੇਰ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ :

ਪੂਰਨ ਜੋਤਿ ਜਗਹਿ ਘਟ ਮੈ ਤਬ ਖਾਲਸਾ ਤਾਹਿਨਿ ਖਾਲਸ ਜਾਨੈ।

ਉਪਰ ਦੱਸੀ ਜੋਤਿ ਵਿਚ ਪ੍ਰਕਾਸ਼ ਹੀ ਨਹੀਂ, ਧੁਨੀ ਵੀ ਹੁੰਦੀ ਹੈ, ਤੇ ਜਦ ਉਹ ਸੁਣ ਪੈਂਦੀ ਹੈ ਫੇਰ ਜਹਾਨ ਦੇ ਵੱਧ ਤੋਂ ਵੱਧ ਰਸੀਲੇ ਰਾਗ ਰਾਗਣੀਆਂ ਨਿਰਾ ਸ਼ੋਰ ਭਾਸਣ ਲੱਗ ਪੈਂਦੇ ਹਨ :

ਗੁਰਸਿਖੀ ਦਾ ਨਾਦ ਸੁਣਿ ਲਖ ਅਨਹਦ ਵਿਸਮਾਦ ਵਿਸੇਖੈ।

(ਵ. 28, ਪੌ. 8)

## *ਸੱਚਾ ਸਿੱਖ*

ਸੱਚੇ ਮੁਰੀਦ ਜਾਂ ਸਿੱਖ ਕੇਵਲ ਗੱਲੀਂ ਬਾਤੀਂ ਨਹੀਂ ਬਣ ਜਾਈਦਾ। ਉਹਦੇ ਲਈ ਆਪਣਾ ਤਨ, ਮਨ ਤੇ ਧਨ ਗੁਰੂ ਨੂੰ ਅਰਪਣ ਕਰ ਕੇ ਜਾਣੋਂ ਆਪਣੀ ਖ਼ੁਦੀ ਨੂੰ ਨੇਸਤੋ ਨਾਬੂਦ ਕਰ ਦੇਣਾ ਹੁੰਦਾ ਹੈ । ਸਿੱਖ ਲਈ ਸੰਤੋਖੀ ਹੋਣਾ ਜ਼ਰੂਰੀ ਹੈ, ਸਿਦਕਵਾਨ, ਜਾਨ ਤਕ ਕੁਰਬਾਨ ਕਰ ਦੇਣ ਲਈ ਤਤਪਰ, ਤੇ ਹਰ ਪ੍ਰਕਾਰ ਦੇ ਡਰਾਂ, ਭਰਮਾਂ ਭੁਲੇਖਿਆਂ ਤੋਂ ਸੁਤੰਤਰ। ਉਹ ਸਾਧਾਰਨ ਭਾੜਚੀਆਂ ਵਾਂਗ ਸੇਵਾ ਨਹੀਂ ਕਰਦਾ, ਕਿ ਜਿੰਨੀ ਕੁ ਉਜਰਤ ਮਿਲੀ ਉਸੇ ਹਿਸਾਬ ਨਾਲ ਮਾਲਕ ਦੇ ਕੰਮ ਦੀ ਵਗਾਰ ਵੱਢ ਦਿੱਤੀ। ਉਹ ਤਾਂ ਅਸਲੋਂ ਮੁੱਲ ਖ਼ਰੀਦਿਆ ਗੁਲਾਮ ਹੁੰਦਾ ਹੈ, ਜਿਸ ਤੋਂ ਉਹਦਾ ਸਵਾਮੀ ਜੋ ਵੀ ਚਾਹਵੇ, ਜਦ ਵੀ ਚਾਹਵੇ ਕਰਵਾ ਲਵੇ, ਉਹਦੇ ਵਲੋਂ ਕਿੰਤੂ ਨਹੀਂ ਹੁੰਦਾ। ਉਹ ਇਹ ਕਦੇ ਨਹੀਂ ਆਖੇਗਾ ਮੈਂ ਚੱਲਿਆ ਜੇ, ਮੇਰਾ ਭੋਜਨ ਦਾ ਵਕਤ ਹੋ ਗਿਆ, ਜਾਂ ਮੈਨੂੰ ਨੀਂਦ ਸਤਾਉਣ ਲੱਗੀ ਹੈ, ਆਰਾਮ ਕਰਨਾ ਹੈ। ਉਹ ਗੁਰੂ ਦੇ ਪਰਸ਼ਾਦ ਲਈ ਸੱਜਰਾ ਆਟਾ ਪੀਂਹਦਾ ਹੈ, ਹੱਥੀਂ ਪਾਣੀ ਢੋਂਦਾ ਹੈ, ਸੁਚੇਤ ਰਹਿ ਕੇ ਪੱਖਾ ਝਲਦਾ ਹੈ, ਤੇ ਪ੍ਰੇਮ ਸਹਿਤ ਚਰਨ ਧੋਂਦਾ ਹੈ, ਇਸ਼ਨਾਨ ਕਰਵਾਉਂਦਾ ਹੈ। ਸ਼ਰਧਾਵਾਨ ਸਿੱਖ ਸਤਿਗੁਰੂ ਦੀ ਹਜ਼ੂਰੀ ਵਿਚ ਖਿੜ ਖਿੜ ਹੱਸਣ ਦੀ ਖੁਲ੍ਹ ਨਹੀਂ ਲੈਂਦਾ, ਨਾ ਉਹਨੂੰ ਹੁਭਕੀਏ ਰੋ ਕੇ ਵਖਾਉਂਦਾ ਹੈ। ਖੁਸ਼ੀ ਹੋਵੇ ਭਾਵੇਂ ਗਮੀ, ਹਰ ਸੂਰਤ ਵਿਚ ਉਹ ਸਤਿਕਾਰ ਦਾ ਪੱਲਾ ਘੁਟ ਕੇ ਫੜੀ ਰਖਦਾ ਹੈ।

ਇਸ ਭਾਂਤ ਦਰਵੇਸ਼ੀ ਕਮਾਉਂਦਾ ਸਿੱਖ ਕੁੱਲ-ਮਾਲਕ ਦੇ ਦਰ ਪਰਵਾਨ ਹੋ ਜਾਂਦਾ ਹੈ ਤੇ ਫੇਰ ਸਦਾ ਸਦਾ ਪਿਰਮ-ਰਸ ਦਾ ਆਨੰਦ ਮਾਣਦਾ ਹੈ। ਸਤਿਗੁਰੂ ਦੀ ਦਇਆ ਨਾਲ ਉਹਦੀ ਸਾਧਨਾ ਓਵੇਂ ਸਫਲਤਾ ਨੂੰ ਅੱਪੜ ਪੈਂਦੀ ਹੈ ਜਿਵੇਂ ਚਾਨਣੀ ਏਕਮ ਦਾ ਦਾੜ੍ਹੀ ਜਿਹਾ ਇਕਹਿਰਾ ਚੰਦਰਮਾ ਪੂਰਨਮਾਸ਼ੀ ਦੀ ਰਾਤ ਸੰਪੂਰਨਤਾ ਨੂੰ ਪ੍ਰਾਪਤ ਹੋ ਜਾਂਦਾ ਹੈ :

Sri Satguru Jagjit Singh Ji eLibrary NamdhariElibrary@gmail.com

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।
ਸਾਬਰ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨਾ ਨੀਂਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।
ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ।

(ਵ. 3, ਪੌ. 18)

### *ਇਕ ਟੇਕ*

ਸੱਚਾ ਸਿੱਖ ਇਕ ਗੁਰੂ ਦੀ ਟੇਕ ਰਖਦਾ ਹੈ। ਉਹ ਕਿਸੇ ਹੋਰ ਧਿਰ ਬਾਰੇ ਸੋਚਦਾ ਵੀ ਨਹੀਂ। ਭਾਈ ਗੁਰਦਾਸ ਨੇ ਕਿਹਾ ਹੈ :

ਲੋਕ ਬੇਦ ਗਿਆਨ ਉਪਦੇਸ ਹੈ ਪਤਿਬ੍ਰਤਾ ਕਉ
ਮਨ ਬਚ ਕ੍ਰਮ ਸਵਾਮੀ ਸੇਵਾ ਅਧਿਕਾਰ ਹੈ।
ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ
ਤੀਰਥ ਬਰਤ ਪੂਜਾ ਨੇਮ ਨਤ ਕਾਰ ਹੈ।
ਹੋਮ ਜਗ ਭੋਗ ਨਈਬੇਦ ਨਹੀ ਦੇਵੀ ਦੇਵ
ਸੇਵ ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ।
ਤੈਸੇ ਗੁਰ ਸਿਖਨ ਮੈ ਏਕ ਟੇਕ ਹੀ ਪ੍ਰਧਾਨ
ਆਨ ਗਿਆਨ ਧਿਆਨ ਸਿਮਰਨ ਬਿਭਚਾਰ ਹੈ।

(ਕ. ਸ. 482)

ਪਤੀਬ੍ਰਤਾ ਇਸਤਰੀ ਦਾ ਇਕੋ ਧਰਮ ਹੁੰਦਾ ਹੈ; ਮਨ, ਬਚਨ ਤੇ ਸਰੀਰ ਦੁਆਰਾ ਹਰ ਤਰ੍ਹਾਂ ਆਪਣੇ ਪ੍ਰੀਤਮ ਦੀ ਸੇਵਾ ਕਰਨਾ, ਉਹਦਾ ਹੁਕਮ ਪਾਲਣਾ। ਇਸ ਕਰਤੱਵ ਨੂੰ ਨਿਭਾਉਂਦਿਆਂ ਉਹਨੂੰ ਨਾ ਕਿਸੇ ਜਪ ਪਾਠ ਦੀ ਮਜ਼ਬੂਰੀ ਹੁੰਦੀ ਹੈ ਨਾ ਕਿਸੇ ਦਾਨ ਬਰਤ ਦੀ, ਨਾ ਤੀਰਥ ਭ੍ਰਮਣ, ਸੰਜਮ ਕਰਮ-ਕਾਂਡ ਦੀ। ਉਹਦੇ ਲਈ ਕੋਈ ਹੋਰ ਦੇਵੀ ਦੇਵਤਾ, ਜਾਂ ਅਜਿਹੇ ਇਸ਼ਟ ਦੀ ਪ੍ਰਸੰਨਤਾ ਲਈ ਕੀਤਾ ਕੋਈ ਹੋਮ ਜਗ ਆਦਿ ਸੁਸੰਗਤ ਨਹੀਂ ਰਹਿ ਜਾਂਦਾ। ਉਹਦਾ ਕਿਸੇ ਹੋਰ ਮਰਦ ਦੀ

ਦਿਹਲੀ ਟੱਪਣਾ ਮੂਲੋਂ ਵਰਜਿਤ ਹੁੰਦਾ ਹੈ। ਉਸੇ ਪ੍ਰਕਾਰ ਸੱਚੇ ਸਿੱਖ ਸਤਿਸੰਗੀ ਲਈ ਆਪਣੇ ਗੁਰੂ ਤੋਂ ਮਿਲੀ ਸਿੱਖਿਆ ਤੇ ਉਹਦੇ ਦੱਸੇ ਸਿਮਰਨ ਧਿਆਨ ਭਜਨ ਤੋਂ ਵਿਪ੍ਰੀਤ ਕਿਸੇ ਹੋਰ ਦੇ ਪਿੱਛੇ ਲੱਗ ਕੇ ਕਿਸੇ ਵੀ ਪ੍ਰਕਾਰ ਦੇ ਕਰਮ-ਕਾਂਡਾਂ ਵਿਚ ਵਿਅਸਤ ਹੋਣਾ ਇਕ ਪਤੀਬ੍ਰਤਾ ਦੇ ਆਪਣੇ ਸਤ ਤੋਂ ਗਿਰ ਜਾਣ ਸਮਾਨ ਹੈ।

ਗੁਰ ਸਿੱਖ ਦਾ ਜੀਵਨ ਫਜ਼ੂਲ ਦੀਆਂ ਪਾਬੰਦੀਆਂ ਨਾਲ ਜਕੜਿਆ, ਜਿਹਲਵਾਸ ਜਿਹਾ ਨਹੀਂ ਹੁੰਦਾ। ਜੇ ਪਤੀਬ੍ਰਤਾ ਇਸਤਰੀ ਦਾ ਪਵਿਤਰ ਧਰਮ ਹੈ ਕਿ ਉਹ ਆਪਣੇ ਪਤੀ, ਬਾਲ-ਬੱਚੇ, ਮਾਤਾ, ਮਿੱਤਰਾਂ, ਸੱਜਣਾਂ ਤੇ ਬਾਕੀ ਪਰਿਵਾਰ ਦੀ ਸੇਵਾ ਕਰੇ, ਉਹਨਾਂ ਲਈ ਭੋਜਨ ਬਣਾਵੇ, ਉਹਨਾਂ ਦੇ ਬਸਤਰ ਸਾਫ ਕਰੇ, ਸੰਤਾਨ ਨੂੰ ਜਨਮ ਦੇਵੇ, ਤੇ ਕਬੀਲਦਾਰੀ ਨਾਲ ਸੰਬੰਧਿਤ ਹੋਰ ਫ਼ਰਜ਼ ਨਿਭਾਵੇ, ਤਾਂ ਉਹਨੂੰ ਨਾਲ ਇਹ ਵੀ ਅਧਿਕਾਰ ਹੈ ਕਿ ਉਹ ਸੁੱਖ ਸੁਆਦ ਨਾਲ ਜਿਊਣ ਲਈ ਬਣਦਾ ਫਬਦਾ ਪਹਿਨੇ, ਬੇਸ਼ੱਕ ਬਣਾਉ ਸ਼ਿੰਗਾਰ ਵੀ ਕਰੇ। ਓਵੇਂ ਆਪਣੀ ਗ੍ਰਿਹਸਤੀ ਤੋਰਦਿਆਂ ਗੁਰ ਸਿੱਖ ਨੂੰ ਵੀ ਕੋਈ ਪਾਪ ਨਹੀਂ ਚੜ੍ਹਦਾ, ਉਹਦੇ ਲਈ ਕੋਈ ਆਤਮਿਕ ਦੇਣਦਾਰੀ ਪੈਦਾ ਨਹੀਂ ਹੁੰਦੀ। ਹਾਂ ਇਕ ਸ਼ਰਤ ਹੈ, ਕਿ ਉਹ ਓਟ ਤੱਕੇ ਆਪਣੇ ਸਤਿਗੁਰੂ ਦੀ ਹੀ, ਕਿਸੇ ਹੋਰ ਵਿਅਕਤੀ ਵਿਸ਼ੇਸ਼ ਦੇ ਪੈਰੀਂ ਡਿੱਗ ਕੇ ਆਪਣਾ ਜਨਮ ਕਲੰਕਿਤ ਨਾ ਕਰੇ :

ਜੈਸੇ ਪਤੀਬ੍ਰਤਾ ਕਉ ਪਵਿਤ੍ਰ ਘਰਿ ਵਾਸ ਨ੍ਹਾਤ
ਅਸਨ[1] ਬਸਨ[2] ਧਨ ਧਾਮ ਲੋਕਾਚਾਰ ਹੈ।
ਤਾਤ[3] ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ
ਸੇਵ ਗੁਰ ਜਨ ਸੁਖ ਅਭਰਨ[4] ਸਿੰਗਾਰ ਹੈ।
ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰਧਾਰੀ[5]
ਸਕਲ ਕੁਟੰਬ ਮੈ ਪਵਿਤ੍ਰ ਬਿਬਿਧ ਆਚਾਰ ਹੈ।
ਤੈਸੇ ਗੁਰ ਸਿਖਨ ਕਉ ਲੇਪ ਨ ਗ੍ਰਿਹਸਤ ਮੈ
ਆਨ ਦੇਵ ਸੇਵ ਧ੍ਰਿਗ ਜਨਮ ਸੰਸਾਰ ਹੈ।

(ਕ. ਸ. 483)

### *ਕਰਤੱਵ, ਕਰਨੀ*

ਸਿੱਖ ਦੇ ਕਰਤੱਵ ਕਰਨੀ ਸੰਬੰਧੀ ਏਨਾ ਕੁਝ ਦੱਸ ਕੇ ਜਾਣੋਂ ਭਾਈ ਸਾਹਿਬ ਦੀ ਤਸੱਲੀ ਨਾ ਹੋਈ। ਤੇ ਉਹਨਾਂ ਨੇ ਉਕਤ ਕਥਨ ਦਾ ਵਧੇਰੇ ਵਿਸਥਾਰ ਕਰਦਿਆਂ ਅਗਲੀ ; ਪੌੜੀ ਵਿਚ ਫ਼ਰਮਾਇਆ ਕਿ ਸਿੱਖ ਦੇ ਆਪਣਾ ਆਪਾ

1. ਖਾਣਾ 2. ਪਹਿਨਣਾ 3. ਪਿਤਾ 4. ਗਹਿਣਾ 5. ਸਰੀਰ ਦਾ ਗੰਦਾ ਹੋਣਾ।

Sri Satguru Jagjit Singh Ji eLibrary NamdhariElibrary@gmail.com

ਗੁਰੂ ਨੂੰ ਭੇਟ ਕਰ ਕੇ ਉਹਦੇ ਚਰਨਾਂ ਦੀ ਧੂੜ ਬਣ ਜਾਣ ਉਪ੍ਰੰਤ, ਗੁਰੂ ਸਰੂਪ ਦਾ ਪ੍ਰੇਮ-ਪੂਰਵਕ ਧਿਆਨ ਉਹਨੂੰ ਉਸ ਅਵਸਥਾ ਵਿਚ ਪਹੁੰਚਾ ਦਿੰਦਾ ਹੈ ਜਿਸ ਨੂੰ ਜੀਵਿਤ ਮਰਨਾ ਆਖ ਕੇ ਬਿਆਨ ਕਰੀਦਾ ਹੈ। ਜਦ ਉਹਨੂੰ ਗੁਰੂ ਦੇ ਸੱਚੇ ਪ੍ਰੇਮ ਦਾ ਮਜੀਠੀ ਰੰਗ ਚੜ੍ਹਦਾ ਹੈ ਤਾਂ ਉਹ ਹਰ ਤਰ੍ਹਾਂ ਦੇ ਮੋਹ-ਮਾਇਆ ਦੇ ਬੰਧਨਾਂ ਤੋਂ ਉੱਪਰ ਉਠ ਜਾਂਦਾ ਹੈ। ਗੁਰੂ ਦੀ ਸ਼ਰਣ ਉਹਨੂੰ ਅਜਿਹਾ ਸਿਦਕ, ਵਿਸ਼ਵਾਸ਼ ਪ੍ਰਦਾਨ ਕਰਦੀ ਹੈ ਕਿ ਉਹ ਫੇਰ ਕਿਸੇ ਹੋਰ ਦੇਵੀ ਦੇਵਤੇ ਦੀ ਧਿਰ ਨਹੀਂ ਤਕਦਾ। ਜਿਹੜਾ ਪ੍ਰੇਮ ਪਿਆਲਾ ਉਹਨੂੰ ਗੁਰੂ ਦਰੋਂ ਪੀਣ ਨੂੰ ਲਭਦਾ ਹੈ ਸਹੀ ਅਰਥਾਂ ਵਿਚ ਅੰਮ੍ਰਿਤ ਉਸੇ ਨੂੰ ਆਖਿਆ ਜਾ ਸਕਦਾ ਹੈ। ਉਹ ਗਰੀਬੀ ਜਾਂ ਨਿਮਰਤਾ ਦਾ ਸੰਜੋਅ ਪਹਿਨ ਲੈਂਦਾ ਹੈ ਤੇ ਇਹ ਸੰਜੋਅ ਉਹਦੀ ਹਰ ਆਘਾਤ ਤੋਂ ਰੱਖਿਆ ਕਰਦੀ ਹੈ। ਕੋਈ ਵਾਸ਼ਨਾਵਾਂ, ਕੋਈ ਵਿਸ਼ੇ, ਉਹਨੂੰ ਮੋਹਿਤ ਨਹੀਂ ਕਰ ਪਾਉਂਦੇ ਤੇ ਉਹ ਅਡੋਲ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਗੁਰੂ ਦੇ ਹੁਕਮ ਵਿਚ ਜਿਊਣ ਦਾ ਇਕ ਫਲ ਇਹ ਵੀ ਹੁੰਦਾ ਹੈ ਕਿ ਉਸ ਦੇ ਮਨ ਦੀ ਚੰਚਲਤਾ ਜਾਂਦੀ ਰਹਿੰਦੀ ਹੈ ਤੇ ਉਹ ਨਿਚੱਲਾ ਟਿਕ ਕੇ ਬਹਿ ਜਾਂਦਾ ਹੈ। ਇਸ ਪ੍ਰਕਾਰ ਦੀ ਰਹਿਤ ਮਰਿਆਦਾ ਪਾਲਦਿਆਂ, ਨਿੱਠ ਕੇ ਸ਼ਬਦ ਸੁਰਤਿ ਦਾ ਅਭਿਆਸ ਕਰਦਾ ਉਹ ਭਵ ਸਾਗਰ ਤੋਂ ਪਾਰ ਜਾ ਉਤਰਦਾ ਹੈ :

ਪੈਰੀ ਪੈ ਪਾਖਾਕੁ ਮੁਰੀਦੈ ਥੀਵਣਾ।  
ਗੁਰ ਮੂਰਤਿ ਮੁਸਤਾਕ ਮਰਿ ਮਰਿ ਜੀਵਣਾ।  
ਪਰਹਰਿ[1] ਸਭੇ ਸਾਕ ਸੁਰੰਗ ਰੰਗੀਵਣਾ।  
ਹੋਰ ਨ ਝਖਣ ਝਾਕ ਸਰਣਿ ਮਨੁ ਸੀਵਣਾ।  
ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।  
ਮਸਕੀਨੀ ਅਉਤਾਕ[2] ਅਸਥਿਰੁ ਥੀਵਣਾ।  
ਦਸ ਅਉਰਾਤਿ[3] ਤਲਾਕ ਸਹਜਿ ਅਲੀਵਣਾ[4]।  
ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।  
ਸਬਦਿ ਸੁਰਤਿ ਹੁਸਨਾਕ[5] ਪਾਰਿ ਪਰੀਵਣਾ।

(ਵ. 3, ਪੌ. 19)

ਗੁਰਮੁਖ ਹਵਾ ਪਾਣੀ ਅੱਗ ਆਦਿ ਪੰਜ ਤੱਤਾਂ ਦੀ ਬੰਧਨਕਾਰੀ ਜਕੜ ਤੋਂ ਛੁਟਕਾਰਾ ਪਾ ਲੈਂਦਾ ਹੈ, ਕਾਮ, ਕ੍ਰੋਧ ਦੀਆਂ ਪਾਈਆਂ ਰੁਕਾਵਟਾਂ ਉਹਦੇ ਰਾਹ ਤੋਂ

1. ਤਿਆਗ ਕੇ 2. ਅਖ਼ਤਿਆਰ ਕਰਕੇ 3. ਇਸਤਰੀਆਂ ਭਾਵ ਇੰਦਰੀਆਂ 4. ਸਮਾ ਜਾਣਾ 5. ਪਰਿਪੂਰਨ, ਭਰਪੂਰ।

Sri Satguru Jagjit Singh Ji eLibrary NamdhariElibrary@gmail.com

ਹਟ ਜਾਂਦੀਆਂ ਹਨ, ਤੇ ਲੋਭ, ਮੋਹ, ਹੰਕਾਰ ਵੀ ਉਹਦਾ ਕੁਝ ਵਿਗਾੜਨ ਦੇ ਸਮਰੱਥ ਨਹੀਂ ਰਹਿੰਦੇ। ਸਤ, ਸੰਤੋਖ, ਦਇਆ, ਧਰਮ, ਧੀਰਜ ਜਿਹੇ ਦੈਵੀ ਗੁਣ ਧਾਰਨ ਕਰਕੇ ਉਹ ਇਕ ਪੁੰਨ-ਆਤਮਾ ਵਜੋਂ ਸਵੀਕਾਰਿਆ ਜਾਣ ਲਗਦਾ ਹੈ । ਸਵਾਸ ਚੜ੍ਹਾਉਣਾ, ਰੋਕਣਾ, ਉਤਾਰਨਾ, ਪ੍ਰਾਣਾਯਾਮ ਦੀਆਂ ਕ੍ਰਿਆਵਾਂ ਨਾਲ ਤਾਂ ਉਹਨੇ ਕੀ ਵਾਸਤਾ ਰੱਖਣਾ ਸੀ, ਉਹ ਉਨਮਨੀ ਅਵਸਥਾ ਤੋਂ ਵੀ ਅੱਗੇ ਲੰਘ ਜਾਂਦਾ ਹੈ, ਉਸ ਟਿਕਾਣੇ ਤੇ ਪਹੁੰਚ ਜਾਂਦਾ ਹੈ, ਜਿਥੇ ਨਾ ਮਨ ਦੀ ਰਸਾਈ ਹੁੰਦੀ ਹੈ, ਨਾ ਬਾਣੀ ਦੀ। ਐਸੇ ਪਰਮ-ਪੁਰਸ਼ ਦੇ ਹਿਰਦੇ ਵਿਚ ਆਪ ਪਰਮੇਸ਼ਰ ਆ ਵਸਦਾ ਹੈ। ਜਿਸ ਵਾਸ ਦਾ ਅਚੁੱਕ ਪ੍ਰਤੱਖ ਪ੍ਰਮਾਣ ਹੁੰਦਾ ਹੈ,ਅਨਹਦ ਧੁਨੀ ਦੀ ਗਰਜ-ਜਿਹੜੀ ਸ਼ੋਭਾ ਉਹਨੂੰ ਆਪਣੇ ਅੰਤਹਕਰਣ ਤੇ ਜਿੱਤ ਪ੍ਰਾਪਤ ਕਰਨ ਤੇ ਮਿਲਦੀ ਹੈ ਉਸ ਦਾ ਸਿਹਰਾ ਸਤਿਗੁਰੂ ਦੇ ਸਿਰ ਬਝਦਾ ਹੈ, ਕਿਉਂਕਿ ਜੇ ਸਤਿਗੁਰੂ ਦੇ ਚਰਨੀਂ ਨਾ ਲੱਗਾ ਹੁੰਦਾ, ਉਕਤ ਸਫਲਤਾ ਉਹਨੂੰ ਕਦਾਚਿਤ ਨਹੀਂ ਸੀ ਲਭਣੀ। ਹੁਣ ਉਹਦਾ ਸਮਾਂ ਮਾਇਆਵੀ ਧੰਦਿਆਂ ਵਿਚ ਪਰਚੇ ਰਹਿਣ ਦੀ ਬਜਾਇ ਸਹਿਜ ਸਮਾਧੀ ਵਿਚ ਬੀਤਦਾ ਹੈ, ਤੇ ਸਰੀਰ ਤਿਆਗਣ ਬਾਅਦ ਉਸ ਦਾ ਮੁੜ ਜਨਮ ਨਹੀਂ ਹੁੰਦਾ :

ਪਉਣ ਪਾਣੀ ਬੈਸੰਤਰੋ ਧਰਤਿ ਅਕਾਸ ਉਲੰਘਿ ਪਇਆਣਾ[1]।
ਕਾਮ ਕਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰ ਵਿਹਾਣਾ[2]।
ਸਤਿ ਸੰਤੋਖ ਦਇਆ ਧਰਮੁ ਅਰਥੁ[3] ਸੁ ਗੰਥ ਪੰਚ ਪਰਵਾਣਾ[4]।
ਖੇਚਰ ਭੂਚਰ ਚਾਚਰੀ ਉਨਮਨ ਲੰਘਿ ਅਗੋਚਰ[5] ਬਾਣਾ[6]।
ਪੰਚਾਇਣ ਪਰਮੇਸਰੋ ਪੰਚ ਸਬਦ[7] ਘਨਘੋਰ ਨੀਸਾਣਾ[8]।
ਗੁਰਮੁਖਿ ਪੰਚ ਭੂਆਤਮਾ ਸਾਧ ਸੰਗਿਤ ਮਿਲਿ ਸਾਧ ਸੁਹਾਣਾ।
ਸਹਜ ਸਮਾਧਿ ਨ ਆਵਣ ਜਾਣਾ। (ਵ. 7, ਪੌ. 5)

ਸੱਚਾ ਸਿੱਖ ਗੁਰੂ ਦੇ ਉਪਦੇਸ਼ ਵਿਚ ਪ੍ਰਵੇਸ਼ ਕਰਕੇ, ਭਾਵ ਦੀਖਿਆ ਲੈ ਕੇ, ਮਰਿਆਦਾ ਅਨੁਸਾਰ ਉਸਦੇ ਚਰਨਾਂ ਵਿਚ ਨਮਸਕਾਰ ਕਰਦਾ ਹੈ, ਤੇ ਉਹਨਾਂ ਦੀ ਧੂੜ ਨਾਲ ਆਪਣੇ ਮਸਤਕ ਨੂੰ ਸ਼ਿੰਗਾਰਦਾ ਹੈ। ਗੁਰੂ ਦੀ ਸ਼ਰਨ ਵਿਚ ਰਹਿੰਦਾ ਉਹ ਹਰ ਪ੍ਰਕਾਰ ਦੇ ਵਹਿਮਾਂ, ਭਰਮਾਂ, ਭੁਲੇਖਿਆਂ ਤੋਂ ਨਜਾਤ ਪਾ ਲੈਂਦਾ ਹੈ ਤੇ ਆਪਣੀ ਅਹੰ ਨੂੰ ਮਾਰ ਕੇ ਨਿਸ਼ਕਰਮੀ ਬਣ ਜਾਂਦਾ ਹੈ। ਮੁੱਢ ਵਿਚ ਉਹ ਲੇਖਿਆਂ ਵਾਲਾ ਸੀ, ਕਰਮ ਕਿਰਤ ਦਾ ਗੁਲਾਮ, ਪਰ ਹੁਣ ਗੁਰੂ ਦਾ ਨਿਵਾਜਿਆ ਉਹ

---

1. ਚਲਾ ਗਿਆ 2. ਖ਼ਤਮ ਹੋ ਗਏ 3. ਸਹੀ ਭਾਵ ਸਮਝ ਕੇ 4. ਪ੍ਰਮਾਣੀਕ 5. ਪ੍ਰਭੂ 6. ਸਮਾਈ ਪ੍ਰਾਪਤ ਕੀਤੀ ਹੈ 7. ਅਨਹਦ ਧੁਨੀ ਦੀ ਗਰਜ 8. ਨਿਸ਼ਾਨੀ 9. ਅੰਤਹਕਰਣ।

Sri Satguru Jagjit Singh Ji eLibrary NamdhariElibrary@gmail.com

ਅਲੇਖ ਜਾਂ ਨਿਰਲੇਖ ਬਣ ਜਾਂਦਾ ਹੈ, ਕਿਉਂਕਿ ਉਹਦੇ ਹਿਸਾਬ ਦੇਣ ਜੋਗੇ ਕੋਈ ਕਰਮ ਨਹੀਂ ਬਚੇ ਰਹਿ ਗਏ ਹੁੰਦੇ। ਉਹਦੇ ਅੰਤਹਕਰਣ ਵਿਚ ਸ਼ਬਦ ਦੀ ਅਜਿਹੀ ਜੋਤ ਜਗ ਉਠਦੀ ਹੈ ਕਿ ਉਸ ਦੇ ਪ੍ਰਕਾਸ਼ ਦੀ ਬਰਾਬਰੀ ਲੱਖਾਂ ਚੰਦ ਸੂਰਜ ਮਿਲ ਕੇ ਵੀ ਨਹੀਂ ਕਰ ਸਕਦੇ। ਸਾਧ ਦੀ ਸੰਗਤ ਪਰਮੇਸ਼ਰ ਦਾ ਰੂਪ ਹੁੰਦੀ ਹੈ, ਇਸ ਲਈ ਉਹ ਉਸ ਦੇ ਚਰਨ ਕੰਵਲਾਂ ਦੀ ਪੂਜਾ ਕਰਦਾ ਹੈ ਤੇ ਅੰਤ ਨੂੰ ਸੱਚ, ਸੱਤ ਪੁਰਸ਼ ਵਿਚ ਜਾ ਮਿਲਦਾ ਹੈ। ਗੁਰੂ ਦੇ ਚਰਨਾਂ ਨਾਲ ਲਿਪਟਿਆਂ ਸਿੱਖ ਓਵੇਂ ਆਨੰਦ ਮਾਣਦਾ ਹੈ, ਜਿਵੇਂ ਕੰਵਲ ਦੀ ਗੋਦ ਵਿਚ ਆ ਛੁਪਿਆ ਭੌਰਾ :

ਗੁਰ ਉਪਦੇਸ ਅਵੇਸੁ ਕਰਿ ਪੈਰੀ ਪੈ ਰਹਿਰਾਸਿ ਕਰੰਦੇ।
ਚਰਣ ਸਰਣਿ ਮਸਤਕੁ ਧਰਨਿ ਚਰਨ ਰੇਣ ਮੁਖਿ ਤਿਲਕ ਸੁਹੰਦੇ।
ਭਰਮ ਕਰਮ ਦਾ ਲੇਖੁ ਮੇਟਿ ਲੇਖੁ ਅਲੇਖ ਵਿਸੇਖ ਬਣੰਦੇ।
ਜਗਮਗ ਜੋਤਿ ਉਦੋਤ ਕਰਿ ਸੂਰਜ ਚੰਦ ਨ ਲਖ ਪੁਜੰਦੇ।
ਹਉਮੈ ਗਰਬਿ ਨਿਵਾਰਿ ਕੈ ਸਾਧ ਸੰਗਤਿ ਸਚ ਮੇਲਿ ਮਿਲੰਦੇ।
ਸਾਧ ਸੰਗਤਿ ਪੂਰਨ ਬ੍ਰਹਮ ਚਰਣ ਕੰਵਲ ਪੂਜਾ ਪਰਚੰਦੇ।
ਸੁਖ ਸੰਪਦ ਹੋਇ ਭਵਰ ਵਸੰਦੇ। (ਵ. 6, ਪੌ. 7)

ਕਿਉਂਕਿ ਜਦੋਂ ਗੁਰੂ ਦੇ ਸਰੂਪ ਦਾ ਦਰਸ਼ਨ ਕੀਤਿਆਂ ਸਭੋ ਮੁਰਾਦਾਂ ਪੂਰਨ ਹੋ ਜਾਂਦੀਆਂ ਹਨ, ਉਹ ਇਸੇ ਦਰਸ਼ਨ ਨੂੰ ਸਾਰੇ ਦਰਸ਼ਨਾਂ (ਮਤਾਂ) ਦਾ ਇਕ ਦਰਸ਼ਨ ਮੰਨਦਾ ਹੈ। ਦਿੱਬ ਦ੍ਰਿਸ਼ਟੀ ਪ੍ਰਾਪਤ ਹੋ ਜਾਣ ਤੇ ਉਸ ਨੂੰ ਸਤਿਗੁਰੂ ਦੇ ਉਪਦੇਸ਼ ਵਿਚ ਹੀ ਸਾਰਾ ਲੌਕਿਕ ਤੇ ਪੁਸਤਕ ਗਿਆਨ ਲੱਭ ਪੈਂਦਾ ਹੈ।

ਗੁਰ ਦਰਸਨੁ ਪਰਸਣ ਸਫਲ ਛਿਅ ਦਰਸਨੁ ਇਕ ਦਰਸਨ ਜਾਣੈ।
ਦਿਬ ਦਿਸਟਿ ਪਰਗਾਸ ਕਰਿ ਲੋਕ ਵੇਦ ਗੁਰ ਗਿਆਨੁ ਪਛਾਣੈ।
(ਵ. 6, ਪੌ. 8)

ਸਤਿਗੁਰੂ ਦੀ ਸੰਗਤ ਤੋਂ ਮਿਲੀ ਦਿਸ਼ਾ ਅਨੁਸਾਰ ਜਦੋਂ ਸਿੱਖ ਦੀ ਸੁਰਤਿ ਅਨਹਤ ਸ਼ਬਦ ਵਿਚ ਜੁੜਦੀ ਹੈ ਤਾਂ ਉਹਦੀ ਅਭਿਆਸ ਵਿਚ ਹੋਈ ਉਨਤੀ ਅਨੁਸਾਰ ਉਹਨੂੰ ਅੱਡ-ਅੱਡ ਪੜਾਵਾਂ ਤੇ ਪੰਜ ਭਾਂਤ ਦੇ ਸ਼ਬਦ ਵਾਰੀ-ਵਾਰੀ ਸੁਣਨ ਨੂੰ ਮਿਲਦੇ ਹਨ, ਇਹ ਸ਼ਬਦ ਹਕੀਕਤ ਵਿਚ ਇਕ ਹੀ ਸੱਤ-ਸ਼ਬਦ ਦਾ ਵਿਸਤਾਰ ਹੁੰਦੇ ਹਨ, ਤੇ ਅੰਤਲੀ ਮੰਜ਼ਲ ਤੇ ਉਸ ਇਕੋ ਸ਼ਬਦ ਵਿਚ ਤਬਦੀਲ ਹੋ ਜਾਂਦੇ ਹਨ। ਬਾਹਰਲੇ ਕੰਨਾਂ ਨਾਲ ਸੁਣੇ ਜਾਣ ਵਾਲੇ ਸੰਗੀਤ ਵਿਚ ਇਹ ਸਿੱਖ ਕੋਈ ਰੁਚੀ ਨਹੀਂ ਰਖਦਾ, ਕਿਉਂਕਿ ਉਸ ਤੋਂ ਝਗੜੇ ਹੀ ਜਨਮਦੇ ਹਨ (ਰਾਗਾਂ ਤੇ ਰਾਗੀਆਂ ਬਾਰੇ ਹਰ ਕਿਸੇ ਦੀ ਆਪਣੀ ਆਪਣੀ ਪਸੰਦ ਜੁ ਹੁੰਦੀ ਹੈ) ਇਸ ਗੁਰਮੁਖ ਦਾ ਧਿਆਨ, ਸੁਭਾਵਕ ਹੀ, ਪ੍ਰੇਮ ਸਹਿਤ ਸ਼ਬਦ ਦੀ ਅਗੰਮੀ ਧੁਨ ਵਿਚ

Sri Satguru Jagjit Singh Ji eLibrary NamdhariElibrary@gmail.com

ਲਗਾ ਰਹਿੰਦਾ ਹੈ, ਕਿਉਂਕਿ ਉਹਨੂੰ ਪਤਾ ਹੁੰਦਾ ਹੈ, ਇਸ ਧੁਨ ਦਾ ਵਜੰਤਰੀ ਮੇਰਾ ਪ੍ਰਭੂ ਖ਼ੁਦ ਹੀ ਹੈ। ਇਸ ਪ੍ਰਕਾਰ ਇਸ ਸ਼ਬਦ ਧੁਨਿ, ਕਰਤਾ ਪੁਰਖ ਦੀ ਪਾਈ ਆਪਣੀ ਬਾਤ, ਵਿਚ ਬਿਰਤੀ ਜੁੜੀ ਹੋਣ ਕਾਰਨ ਉਹਦੀ ਨਾ ਕਿਸੇ ਨੂੰ ਵਡਿਆਉਣ ਵਿਚ ਦਿਲਚਸਪੀ ਰਹਿੰਦੀ ਹੈ, ਨਾ ਕਿਸੇ ਨੂੰ ਛੁਟਿਆਉਣ ਵਿਚ। ਪਰ ਗੁਰੂ ਦੇ ਉਪਦੇਸ਼ ਦੇ ਅੰਮ੍ਰਿਤ ਵਿਚ ਰਚਿਆ ਉਹ ਜਿਹੜਾ ਬੋਲ ਵੀ ਮੂੰਹੋਂ ਕੱਢਦਾ ਹੈ, ਮਿੱਠਾ ਹੀ ਕੱਢਦਾ ਹੈ, ਤੇ ਉਹ ਸਭ ਨੂੰ ਭਾਉਂਦਾ ਹੈ :

ਸਬਦ ਸੁਰਤਿ ਲਿਵ ਸਾਧ ਸੰਗ ਪੰਜ ਸਬਦ ਇਕ ਸਬਦ ਮਿਲਾਏ।
ਰਾਗ ਨਾਦ ਸੰਬਾਦ ਲਖ ਭਾਖਿਆ ਭਾਉ ਸੁਭਾਉ ਅਲਾਏ।
ਗੁਰਮੁਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ ਵਜਾਏ।
ਅਕਥ ਕਥਾ ਵੀਚਾਰ ਕੈ ਉਸਤਤਿ ਨਿੰਦਾ ਵਰਜ ਰਹਾਏ।
ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣ ਮਨ ਪਰਚਾਏ।

(ਵ. 6, ਪੌ. 10)

ਗੁਰੂ ਸਿੱਖ ਆਸ਼ਾ ਮਨਸ਼ਾ ਨੂੰ ਤਜ ਕੇ, ਆਪਾ ਭਾਵ ਮਿਟਾ ਕੇ ਦੁਨੀਆ ਵਲੋਂ ਮਰ ਜਾਂਦਾ ਹੈ :

ਗੁਰਸਿਖੀ ਦਾ ਜੀਵਣਾ ਜੀਵਦਿਆਂ ਮਰਿ ਹਉਮੈ ਖੋਵੈ।

(ਵ. 28, ਪੌ. 9)

ਇਹ ਮਰਨਾ ਮਾਇਆ ਵਲੋਂ ਮਰਨਾ ਹੈ, ਮਨ ਕਰ ਕੇ, ਸਰੀਰਕ ਮੌਤ ਨਹੀਂ, ਇਹਦੇ ਨਾਲ ਸਗੋਂ ਇਕ ਸਜਰਾ ਜੀਵਨ ਸ਼ੁਰੂ ਹੁੰਦਾ ਹੈ ਸਿੱਖ ਦਾ ਗੁਰੂ ਦੇ ਘਰ ਜਨਮ ਹੋਣ ਤੇ :

ਸਤਿਗੁਰੂ ਕੈ ਜਨਮੈ ਗਵਨੁ ਮਿਟਾਇਆ।

(ਮ: 1, ਅ: ਗ: ਪੰ. 940)

ਤੇ ਅੰਤ ਉਹ ਸ਼ਬਦ ਵਿਚ ਸਮਾ ਕੇ ਸ਼ਬਦ ਦਾ ਹੀ ਰੂਪ ਹੋ ਜਾਂਦਾ ਹੈ :

ਸਾਧ ਸੰਗਤਿ ਗੁਰ ਸਬਦ ਸਮੇਵਾ। (ਵ. 28, ਪੌ. 4)

***ਹਲੀਮੀ***

ਜਿਥੇ ਮਹਾਂਪੁਰਸ਼ਾਂ ਨੇ ਹਉਮੈ ਨੂੰ ਰੱਬ ਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਆਖ ਕੇ ਦੁਰਕਾਰਿਆ ਹੈ, ਉਸ ਦੇ ਵਿਪ੍ਰੀਤ ਗੁਣ, ਹਲੀਮੀ ਦੀ ਰੱਜ ਕੇ ਪਰਸ਼ੰਸਾ ਕੀਤੀ ਹੈ। ਕਬੀਰ ਸਾਹਿਬ ਦੱਸਦੇ ਹਨ, ਜੇ ਖੰਡ ਰੇਤ ਵਿਚ ਮਿਲ ਜਾਇ ਉਹ ਹਾਥੀ ਦੇ ਮੂੰਹ ਨਹੀਂ ਪਵੇਗੀ, ਜਦ ਕਿ ਕੀੜੀ ਉਸ ਨੂੰ ਬਿਨਾਂ ਦਿੱਕਤ ਚੁਗ ਚੁਗ ਖਾ ਲਵੇਂਗੀ। ਉਸੇ ਭਾਂਤ ਪ੍ਰਭੂ ਦੇ ਕਰੀਬ ਢੁੱਕਣ ਲਈ ਆਜਜ਼ੀ ਇਨਕਸਾਰੀ

Sri Satguru Jagjit Singh Ji eLibrary NamdhariElibrary@gmail.com

ਅਖ਼ਤਿਆਰ ਕਰਨੀ ਜ਼ਰੂਰੀ ਹੈ :

ਹਰਿ ਹੈ ਖਾਂਡੁ ਰੇਤ ਮਹਿ ਬਿਖਰੀ ਹਾਥੀ ਚੁਨੀ ਨ ਜਾਇ।
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ।

(ਅ. ਗ. ਪੰ. 1377)

ਗੁਰ ਸਿੱਖਾਂ ਨੂੰ ਹਲੀਮੀ ਦਾ ਸਬਕ ਸਿਖਾਉਣ ਲਈ ਭਾਈ ਗੁਰਦਾਸ ਨੇ ਆਪ ਕੀੜੀ ਦੀ ਉਦਾਹਰਣ ਵਰਤੀ ਹੈ :

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
ਡੁਲ੍ਹੇ ਖੰਡੁ ਜੁ ਰੇਤ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ।

(ਵ. 25, ਪੌ. 8)

ਉਹਨਾਂ ਨੇ ਦੱਸਿਆ ਹੈ, ਪੈਰੀਂ ਡਿਗ ਕੇ, ਚਰਨਾਂ ਦੀ ਧੂੜ ਬਣ ਕੇ ਗੁਰੂ ਦੀ ਸਿਖਿਆ ਤੇ ਚਲਦਿਆਂ ਪ੍ਰੇਮਾ ਭਗਤੀ ਉਦੈ ਹੁੰਦੀ ਹੈ :

ਪੈਰੀਂ ਪੈ ਪਾਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ।

(ਵ. 25, ਪੌ. 10)

ਆਪਣੇ ਆਪ ਨੂੰ ਹੇਠ ਲਿਖੇ ਵਾਂਗ ਛੁਟਿਆ ਕੇ ਜਾਣੋਂ ਭਾਈ ਸਾਹਿਬ ਨੇ ਹਲੀਮੀ ਦੀ ਆਦਰਸ਼ਕ ਵੰਨਗੀ ਪੇਸ਼ ਕੀਤੀ ਹੈ :

ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੁਆਰਿ ਹਉ ਪਰ ਘਰ ਜੋਹੰਦਾ।
ਨਿੰਦਕੁ ਦੁਸ਼ਟੁ ਹਰਾਮਖੋਰੁ ਠਗੁ ਦੇਸ ਠਗੰਦਾ।
ਕਾਮ ਕਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।
ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸ਼ੰਦਾ।

(ਵ. 36, ਪੌ. 21)

ਗੁਰੂ ਨਾਨਕ ਸਾਹਿਬ ਨੇ ਵੀ ਤਾਂ ਕਿਹਾ ਸੀ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।

(ਅ. ਗ. ਪੰ. 15)

ਗੁਰੂ ਦੇ ਸਿੱਖ ਨੂੰ ਕੇਹੋ ਜਿਹੀ ਨਿਰਹੰਕਾਰਤਾ, ਨਿਮਰਤਾ, ਹਲੀਮੀ ਦਾ ਧਾਰਨੀ ਹੋਣਾ ਚਾਹੀਦਾ ਹੈ, ਉਹਦੀ ਕੁਝ ਝਲਕ ਭਾਈ ਸਾਹਿਬ ਨੇ ਇਕ ਹੋਰ ਥਾਂ ਆਪਣੇ ਨਿਜੀ ਹਿਰਦੇ ਵਿਚ ਝਾਤ ਪਵਾ ਕੇ ਵਖਾਈ ਹੈ :

ਭਗਤ ਵਛਲ ਸੁਨਿ ਹੋਤ ਹੋਂ ਨਿਰਾਸ ਰਿਦੈ
ਪਤਿਤ ਪਾਵਨ ਸੁਨਿ ਆਸਾ ਉਰਿ ਧਾਰਿ ਹੌਂ।
ਅੰਤਰਜਾਮੀ ਸੁਨਿ ਕੰਪਤ ਹੌਂ ਅੰਤਰਗਤਿ
ਦੀਨ ਕੋ ਦਇਆਲ ਸੁਨਿ ਭੈ ਭਰਮ ਟਾਰਿ ਹੌਂ।
ਜਲਧਰ[1] ਸੰਗਮ[2] ਕੈ ਅਫਲ ਸੇਂਬਲ[3] ਦ੍ਰੁਮ
ਚੰਦਨ ਸੁਗੰਧ ਸਨਬੰਧ ਮਲਿਗਾਰ[4] ਹੌਂ।
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ
ਤੁਮਰੇ ਬਿਰਦੁ ਕਰਿ ਆਸਰੋ ਸਮ੍ਹਾਰ[5] ਹੌਂ।
(ਕ. ਸ. 503)

ਆਪ ਕਹਿੰਦੇ ਹਨ ਕਿ ਜਦ ਇਹ ਸੁਣੀਂਦਾ ਹੈ ਕਿ ਸਤਿਗੁਰੂ ਭਗਤ-ਵਛਲ ਹੈ ਤਾਂ ਇਕ ਵਾਰ ਦਿਲ ਢਹਿ ਢੇਰੀ ਹੋ ਜਾਂਦਾ ਹੈ, ਕਿਉਂਕਿ ਮੈਂ ਭਲੀ-ਭਾਂਤ ਜਾਣਦਾ ਹਾਂ ਮੇਰੇ ਕੋਲੋਂ ਉਹਦੀ ਪੂਜਾ ਸੇਵਾ ਵਿਚ ਕੋਈ ਰੰਗ ਨਹੀਂ ਲੱਗਿਆ; ਮੈਂ ਉਹਦੇ ਪਿਆਰ ਦਾ ਕਿਵੇਂ ਹੱਕਦਾਰ ਬਣਾਂਗਾ। ਪਰ ਜਦ ਦੱਸਿਆ ਜਾਂਦਾ ਹੈ ਕਿ ਉਹ ਪਤਿਤ ਪਾਵਨ ਹੈ, ਪਾਪੀਆਂ ਦਾ ਉਧਾਰ ਕਰਦਾ ਹੈ, ਤਾਂ ਆਸ ਬਝਦੀ ਹੈ, ਉਹ ਹੋਰ ਦੁਸ਼ਕਰਮੀਆਂ ਵਾਂਗ ਮੈਨੂੰ ਵੀ ਕਿਉਂ ਨਹੀਂ ਤਾਰੇਗਾ। ਕਿਧਰੋਂ ਭਿਣਕ ਪੈਂਦੀ ਹੈ ਕਿ ਉਹ ਘਟ ਘਟ ਦੀ ਜਾਣਨਹਾਰ ਹੈ, ਤਾਂ ਮੈਂ ਅੰਦਰੋਂ ਕੰਬ ਉਠਦਾ ਹਾਂ, ਇਹ ਸੋਚ ਕੇ, ਫੇਰ ਤਾਂ ਮੇਰੀ ਕੋਈ ਵੀ ਮੰਦੀ ਹਰਕਤ ਉਸ ਤੋਂ ਗੁੱਝੀ ਛਿਪੀ ਨਹੀਂ ਹੋਣੀ, ਪਰ ਕਿਉਂਕਿ ਉਹ ਦੀਨ ਦਿਆਲ ਵੀ ਅਖਵਾਉਂਦਾ ਹੈ, ਇਹ ਜਾਣ ਕੇ ਮੇਰੇ ਮਨ ਦੀ ਘਬਰਾਹਟ ਦੂਰ ਹੋ ਗਈ; ਮੈਂ ਵੀ ਤਾਂ ਦੀਨ ਹਾਂ, ਮੈਂ ਹੀ ਕਿਉਂ ਉਹਦੀ ਦਇਆ ਮਿਹਰ ਤੋਂ ਵਿਰਵਾ ਰਹਿ ਜਾਵਾਂਗਾ। ਜਿੱਕੁਰ ਕਿੰਨਾ ਹੀ ਮੀਂਹ ਵਰ੍ਹੀ ਜਾਵੇ ਸਿੰਮਲ ਨੂੰ ਫਲ ਨਹੀਂ ਆਉਂਦਾ, ਤਿਵੇਂ ਸਤਿਗੁਰੂ ਦੀ ਸ਼ਰਣ ਵਿਚ ਰਹਿੰਦਿਆਂ ਹੋਇਆਂ ਵੀ ਮੇਰੇ ਕੋਲੋਂ ਕੋਈ ਆਤਮਿਕ ਪ੍ਰਾਪਤੀ ਨਾ ਹੋਈ। ਪਰ ਜਿਵੇਂ ਚੰਦਨ ਦੇ ਕੋਲ ਖੜੋਤਾ ਸਿੰਮਲ ਉਹਦੇ ਪ੍ਰਤਾਪ ਨਾਲ ਆਪ ਸੁਗੰਧਿਤ ਹੋ ਜਾਂਦਾ ਹੈ, ਸਤਿਗੁਰੂ ਦੇ ਅਨੇਕ ਅਨੰਤ ਗੁਣਾਂ ਦਾ ਮੈਨੂੰ ਵੀ ਅਵੱਸ਼ ਲਾਭ ਪਹੁੰਚੇਗਾ। ਜੇ ਕਦੇ ਮੇਰੇ ਕਰਮਾਂ ਦੀ ਛਾਣ ਬੀਣ ਤੇ ਹੀ ਸਭ ਕੁਝ ਨਿਰਭਰ ਹੋਵੇ, ਫੇਰ ਤਾਂ ਮੈਨੂੰ ਕਿਸੇ ਨਰਕ ਵਿਚ ਵੀ ਕਿਧਰੇ ਥਾਂ ਠਕਾਣਾ ਨਾ ਲੱਭੇ, ਪਰ, ਮੇਰੇ ਸਤਿਗੁਰੂ ਜੀ, ਕਿਉਂਕਿ ਤੁਸੀਂ ਆਪਣਾ ਬਿਰਦ ਪਾਲਣ ਤੋਂ ਕਦੇ ਨਹੀਂ ਚੁੱਕਦੇ, ਇਸ ਲਈ ਮੈਂ ਤੁਹਾਡੀ ਓਟ ਤੱਕੀ ਹੋਈ ਹੈ।

1. ਬੱਦਲ 2. ਮੇਲ 3. ਸਿੰਬਲ ਦਾ ਰੁੱਖ 4. ਚੰਦਨ 5. ਸ਼ਰਨ ਤੱਕੀ ਹੈ।

Sri Satguru Jagjit Singh Ji eLibrary NamdhariElibrary@gmail.com

### *ਭਾਣਾ ਜਾਂ ਗੁਰੂ ਦੀ ਮੌਜ*

ਸੱਚਾ ਸਾਧਕ ਸਵਰਗ ਵਿਚ ਜਾ ਵੱਸਣ ਦੀ ਕਾਮਨਾ ਨਹੀਂ ਕਰਦਾ, ਨਾ ਉਹਨੂੰ ਨਰਕ ਵਿਚ ਸੁੱਟ ਦਿੱਤੇ ਜਾਣ ਦਾ ਡਰ ਸਤਾਵੇ। ਉਹ ਆਪਣੇ ਜੀਅ ਵਿਚ ਕਿਸੇ ਭਾਂਤ ਦੀ ਕੋਈ ਕਾਮਨਾ ਨਹੀਂ ਪਾਲਦਾ, ਕਿਉਂਕਿ ਉਹਨੂੰ ਪਤਾ ਹੁੰਦਾ ਹੈ, ਜੋ ਕੁਝ ਵਰਤਣਾ ਹੈ, ਉਹ ਪਰਮੇਸ਼ਰ ਦੀ ਰਜ਼ਾ ਅਧੀਨ ਹੀ ਵਰਤਣਾ ਹੈ। ਉਹ ਨਾ ਖੁਸ਼ਹਾਲੀ ਦੇ ਆਗਮਨ ਤੇ ਜਸ਼ਨ ਮਨਾਉਂਦਾ ਹੈ ਨਾ ਕੰਗਾਲੀ ਦਾ ਸ਼ਿਕਾਰ ਹੋ ਜਾਣ ਤੇ ਕੋਈ ਸੋਗ। ਉਹਦੇ ਲਈ ਸੁਖ ਤੇ ਦੁਖ ਇਕ ਸਮਾਨ ਹੁੰਦੇ ਹਨ, ਨਾ ਇਕ ਹੱਸਣ ਲਈ ਪਰੇਰੇ, ਨਾ ਦੂਜਾ ਰੋਣ ਤੇ ਮਜਬੂਰ ਕਰੇ :

ਬਾਛੈ ਨਾ ਸਵਰਗ ਬਾਸ ਮਾਨੈ ਨ ਨਰਕ ਤ੍ਰਾਸ[1]<br>
ਆਸਾ ਨਾ ਕਰਤ ਚਿਤ ਹੋਨਹਾਰ ਹੋਇ ਹੈ।<br>
ਸੰਪਤਿ ਨ ਹਰਖ ਬਿਪਤ ਮੋਂ ਨ ਸੋਗ ਤਾਹਿ<br>
ਸੁਖ ਦੁਖ ਸਮਸਰ ਬਿਹਸ ਨ ਰੋਇ ਹੈ।

(ਕ. ਸ. 409)

ਸਿੱਖ ਬਿਨਾਂ ਆਪਣੀ ਅਕਲ ਦੇ ਘੋੜੇ ਦੌੜਾਏ, ਬਿਨਾਂ ਕਿਸੇ ਭਾਂਤ ਦਾ ਇਤਰਾਜ਼ ਉਠਾਏ ਗੁਰੂ ਦੀ ਆਗਿਆ ਦਾ ਪਾਲਨ ਕਰਦਾ ਹੈ। ਬੀਮਾਰੀ, ਗਰੀਬੀ, ਅਪਮਾਨ, ਮਾਤਾ, ਪਿਤਾ, ਪਤੀ, ਪਤਨੀ, ਸੰਤਾਨ ਆਦਿ ਦੀ ਮੌਤ ਜਿਹੀਆਂ ਅਸੁਖਾਵੀਆਂ ਸਥਿਤੀਆਂ ਜਾਂ ਦੁਰਘਟਨਾਂ ਦਰਪੇਸ਼ ਆਉਣ ਤੇ ਰੋਣਾ, ਪਿੱਟਣਾ ਸ਼ੁਰੂ ਨਹੀਂ ਕਰ ਦਿੰਦਾ, ਸਗੋਂ ਦੁਖਾਂ ਨੂੰ ਵੀ ਸੁਖ ਮੰਨ ਕੇ ਸਵੀਕਾਰਦਾ ਹੈ :

ਹੁਕਮੀ ਬੰਦਾ ਹੋਇ ਕੇ ਖਸਮੇ ਦਾ ਭਾਣਾ ਤਿਸੁ ਭਾਵੈ।

(ਵ. 28, ਪੌ. 16)

ਹਰ ਜੀਵ ਆਪਣੇ ਪਿਛਲੇ ਕਰਮਾਂ ਦੇ ਆਧਾਰ ਤੇ ਵਿਉਂਤੀ ਗਈ ਪਰਾਲਬਧ ਆਪਣੇ ਨਾਲ ਲੈ ਕੇ ਆਉਂਦਾ ਹੈ ਤੇ ਉਹ ਉਸ ਨੂੰ ਹਰ ਸੂਰਤ ਹੰਢਾਉਣੀ ਪੈਂਦੀ ਹੈ। ਗੁਰੂ ਦੇ ਸਿੱਖ ਲਈ ਵੀ ਇਸ ਨਿਯਮ ਦਾ ਕੋਈ ਉਲੰਘਣ ਨਹੀਂ ਹੁੰਦਾ, ਆਪਣਾ ਕੀਤਾ ਭੁਗਤਣਾ ਉਹਦੇ ਲਈ ਵੀ ਆਵੱਸ਼ਕ ਹੈ। ਪਰ ਕਿਉਂਕਿ ਉਹ ਰਜ਼ਾ ਵਿਚ ਜਿਊਂਦਾ ਹੈ, ਉਹਨੂੰ ਸਿਰ ਆ ਪਈ ਹੋਰਨਾਂ ਜਿਉਂ ਚੁਭਦੀ ਨਹੀਂ, ਜਿਵੇਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ :

---

1. ਡਰ।

Sri Satguru Jagjit Singh Ji eLibrary NamdhariElibrary@gmail.com

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।

(ਅ.ਗ. ਪੰ. 433)

ਜੇ ਉਹਨੂੰ ਹਕੂਮਤ ਕਰਨ ਜਾਂ ਦੌਲਤ ਵਿਚ ਖੇਡਣ ਜਿਹਾ ਕੋਈ ਮਨ-ਭਾਉਂਦਾ ਅਵਸਰ ਮਿਲ ਜਾਇ ਤਾਂ ਉਹ ਜਾਣਦਾ ਹੁੰਦਾ ਹੈ ਇਹਨੇ ਸਦਾ ਨਹੀਂ ਰਹਿਣਾ; ਜੇ ਬੀਮਾਰੀ, ਨਾਦਾਰੀ ਆਦਿ ਕਾਰਨ ਔਖਿਆਈ ਕਟਣੀ ਪੈ ਜਾਇ ਤਾਂ ਵੀ ਉਹ ਮੰਨ ਲੈਂਦਾ ਹੈ ਆਖ਼ਰ ਇਹ ਮੇਰੇ ਆਪਣੇ ਹੀ ਕੀਤੇ ਦਾ ਫਲ ਹੈ, ਇਹਦਾ ਕਿਸੇ ਹੋਰ ਨੂੰ ਕੀ ਉਲਾਂਭਾ; ਤੇ ਆਪਣੇ ਮਨ ਦਾ ਸੰਤੁਲਨ ਕਾਇਮ ਰਖਦਾ ਹੈ :

ਦੁਖਿ ਨ ਰੋਵੈ ਸੁਖਿ ਨ ਹਸੈ। (ਵ. 28, ਪੌ. 14)

ਜਿਹੜੀ ਪਰਾਲੱਬਧ ਅਸੀਂ ਆਪਣੇ ਜੀਵਨ ਕਾਲ ਵਿਚ ਭੋਗਣੀ ਹੁੰਦੀ ਹੈ , ਉਹ ਕਰਤਾਰ ਦੇ ਦਰੋਂ ਸਾਨੂੰ ਲਿਖੀ-ਲਿਖਾਈ ਮਿਲਦੀ ਹੈ, ਤੇ ਉਹ ਲਿਖੀ ਗਈ ਹੁੰਦੀ ਹੈ ਸੌ ਫ਼ੀ ਸਦੀ ਸਾਡੇ ਕਰਮਾਂ ਅਨੁਸਾਰ (ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ। ਮ: 1, ਅ: ਗ: ਪੰ. 1241) ਕਿਉਂਕਿ ਕਰਤਾ ਪੁਰਖ ਅਭੁੱਲ ਹੈ, (ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ। ਮ: 1, ਅ: ਗ: ਪੰ. 61) ਉਹਦੇ ਕਿਧਰੇ ਗ਼ਲਤੀ ਖਾ ਜਾਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਉਹ ਸਾਡਾ ਪਿਤਾ ਵੀ ਹੈ, ਮਾਤਾ ਵੀ। ਉਹ ਭਲਾ ਸਾਡੇ ਨਾਲ ਕੋਈ ਦਵੈਤ ਕਿਉਂ ਵਰਤੇਗਾ, ਅਨਿਆਂ ਕਿਉਂ ਕਰੇਗਾ। ਤਾਂ ਤੇ ਏਹੋ ਉਚਿਤ ਹੈ ਕਿ ਅਸੀਂ ਉਹਦੇ ਭਾਣੇ ਅਗੇ ਖਿੜਿਆ ਮੱਥਾ ਨਿਵਾਈਏ; ਉਹਨੂੰ ਹਸਦੇ ਹਸਦੇ ਜਰੀਏ। ਪ੍ਰਭੂ ਨੂੰ ਅੱਛਾ ਵੀ ਓਹੋਓ ਪ੍ਰਾਣੀ ਲਗਦਾ ਹੈ, ਜਿਹੜਾ ਉਹਦੇ ਭਾਣੇ ਨੂੰ ਮਿੱਠਾ ਕਰਕੇ ਮੰਨੇ :

ਖਸਮੈ ਸੋਈ ਭਾਵਦਾ ਖਸਮੈ ਦਾ ਜਿਸ ਭਾਣਾ ਭਾਵੈ।

(ਵ. 29, ਪੌ. 13)

ਇਸੇ ਲਈ ਗੁਰਮੁਖ ਕੋਈ ਸ਼ਿਕਵੇ ਸ਼ਿਕਾਇਤਾਂ ਨਹੀਂ ਕਰਦਾ। ਉਹਦੇ ਲਈ ਰਜ਼ਾ ਵਿਚ ਰਾਜ਼ੀ ਰਹਿਣਾ ਓਵੇਂ ਸੁਭਾਵਿਕ ਹੋ ਜਾਂਦਾ ਹੈ ਜਿਵੇਂ ਸੁੱਤੇ ਪਿਆਂ ਸਾਹ ਲੈਣਾ :

ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸ਼ਬਦ ਸੁਰਤਿ ਲਿਵ ਲਾਇ ਹੁਕਮੁ ਮਨਾਇਆ।

(ਵ. 3, ਪੌ. 20)

ਗੁਰਮੁਖ ਹਉਮੈ ਦੇ ਕਲੰਕ ਤੋਂ ਨਜ਼ਾਤ ਪਾ ਲੈਂਦਾ ਹੈ ਤੇ ਪ੍ਰਭੂ ਦੇ ਭਾਣੇ ਨੂੰ ਸੱਚੇ ਦਿਲੋਂ ਮਿੱਠਾ ਮੰਨ ਕੇ ਜੀ ਆਇਆਂ ਆਖਦਾ ਹੈ। ਸਤਿਗੁਰੂ ਦੀ ਸ਼ਰਨ

Sri Satguru Jagjit Singh Ji eLibrary NamdhariElibrary@gmail.com

ਲੱਗਾ, ਉਹਦੇ ਚਰਨਾਂ ਦੀ ਧੂੜ ਬਣਿਆ, ਪੂਰਨ ਰੂਪ ਵਿਚ ਨਿਰਮਾਣ, ਉਹ ਸਤਿਪੁਰਸ਼ ਦੇ ਦਰਬਾਰ ਵਿਚ ਸਤਕਾਰ ਪਾਉਂਦਾ ਹੈ। ਭਾਵੀ ਭਾਵੇਂ ਕੇਹੋ ਜਿਹੀ ਖੇਡ ਖੇਡ ਰਹੀ ਹੋਵੇ, ਕਰਤਾਰ ਦਾ ਕੀਤਾ, ਦੁਨਿਆਵੀ ਦ੍ਰਿਸ਼ਟੀ ਤੋਂ ਕਿੰਨਾ ਹੀ ਅਭਾਗਾ ਜਾਂ ਹਾਨੀਕਾਰਕ ਭਾਸੇ, ਉਹ ਉਹਦੇ ਵਿਰੁੱਧ ਕੋਈ ਗਿਲਾ ਨਹੀਂ ਗੁਜ਼ਾਰਦਾ, ਉਹਨੂੰ ਸਿਰ ਮੱਥੇ ਤੇ ਧਰਦਾ ਹੈ, ਸਗੋਂ ਉਹਦੇ ਲਈ ਆਪਣੀ ਕ੍ਰਿਤਗਯਤਾ ਪ੍ਰਗਟ ਕਰਦਾ ਹੈ।

ਜਿਸ ਤਰ੍ਹਾਂ ਕਿਸੇ ਦੇ ਘਰ ਆਇਆ ਪਰਾਹੁਣਾ ਆਪਣੇ ਮੇਜ਼ਬਾਨ ਦੀ ਸੰਪੱਤੀ ਤੇ ਕੋਈ ਅਧਿਕਾਰ ਨਹੀਂ ਜਮਾਉਂਦਾ, ਓਵੇਂ ਗੁਰਮੁਖ ਸੰਸਾਰ ਵਿਚ ਇਕ ਸਾਧਾਰਣ ਮਹਿਮਾਨ ਵਾਂਗ ਵਿਚਰਦਾ ਹੈ। ਨਾ ਇਸ ਦੇ ਜੀਵਾਂ ਨਾਲ ਮੋਹ ਪਾਉਂਦਾ ਹੈ ਨਾ ਪਦਾਰਥਾਂ ਨਾਲ, ਉਕਾ ਲਿਪਤ ਨਹੀਂ ਹੁੰਦਾ। ਇਸ ਦੇ ਫਲ-ਸਰੂਪ ਉਹਦੇ ਲਈ ਰਜ਼ਾ ਵਿਚ ਰਾਜ਼ੀ ਰਹਿਣਾ, ਕੋਈ ਔਕੜ ਪੇਸ਼ ਨਹੀਂ ਕਰਦਾ, ਸੁਭਾਵਿਕ ਹੋ ਜਾਂਦਾ ਹੈ, ਪਰਮ-ਆਨੰਦ ਰੂਪ ਪਰਮੇਸ਼ਰ ਆਪਣੀ ਅਸਚਰਜਮਈ ਕੁਦਰਤ ਦੇ ਕਣ ਕਣ ਵਿਚ ਵੱਸਦਾ ਹੈ, ਤਾਂ ਤੇ ਉਹਦੀ ਸਮੁੱਚੀ ਰਚਨਾ ਹੀ ਗੁਰਮੁਖ ਨੂੰ ਪਿਆਰੀ ਲਗਦੀ ਹੈ ਤੇ ਉਹ ਉਸ ਤੋਂ ਵਾਰੀ ਘੋਲੀ ਜਾਂਦਾ ਹੈ। ਇਸ ਤਰ੍ਹਾਂ ਦੀ ਰਹਿਣੀ, ਇਸ ਪ੍ਰਕਾਰ ਦੇ ਵਿਹਾਰ ਸਦਕਾ ਉਹ ਬੰਧਨ ਮੁਕਤ ਹੋ ਜਾਂਦਾ ਹੈ ਤੇ ਨਿਰਬਾਣ-ਪ੍ਰਾਪਤ ਕਰ ਲੈਂਦਾ ਹੈ ।

> ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
> ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
> ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
> ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
> ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰ ਜਿਉ ਮਿਹਮਾਣਾ।
> ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
> ਲੇਪ ਅਲੇਪ ਸਦਾ ਨਿਰਬਾਣਾ। (ਵ. 18, ਪੌ. 21)

ਪਰਮਾਰਥ ਵਿਚ ਸਫਲਤਾ ਲਈ ਚਲਾਕੀ, ਚਤੁਰਾਈ ਸਹਾਇਤਾ ਨਹੀਂ ਕਰਦੀ, ਉਲਟਾ ਬਾਧਕ ਬਣ ਜਾਂਦੀ ਹੈ। ਸਗੋਂ ਜਿੰਨਾ ਕੋਈ ਨਿਮਾਣਾ ਨਿਤਾਣਾ ਹੋ ਕੇ ਰਵ੍ਹੇ, ਬਾਲਕ ਵਾਂਗ ਅਸਹਾਯ, ਇਹ ਉਹਦੇ ਲਈ ਉਤਨਾ ਹੀ ਹਿਤਕਰ ਹੁੰਦਾ ਹੈ। ਭਾਈ ਗੁਰਦਾਸ ਦੱਸਦੇ ਹਨ :

> ਜੈਸੇ ਏਕ ਜਨਨੀ ਕੇ ਹੋਤ ਹੈ ਅਨੇਕ ਸੁਤ
> ਸਭ ਹੀ ਸੈ ਅਧਿਕ ਪਿਆਰੋ ਸੁਤ ਗੋਦ ਕੋ।

Sri Satguru Jagjit Singh Ji eLibrary NamdhariElibrary@gmail.com

ਸਿਆਨੇ ਸੁਤ ਬਨਜ ਬਿਉਹਾਰ ਕੇ ਬੀਚਾਰ ਬਿਖੈ
ਗੋਦ ਮੈ ਅਚੇਤੁ ਹੇਤ ਸੰਪੈ ਨ ਸਹੋਦ ਕੋ।
ਪਲਨਾ ਸੁਵਾਇ ਮਾਇ ਗ੍ਰਿਹਿ ਕਾਜ ਲਾਗੈ ਜਾਇ
ਸੁਨਿ ਸੁਤ ਰੁਦਨ ਪੈ ਪੀਆਵੈ ਮਨ ਮੋਦ ਕੋ।
ਆਪਾ ਖੋਇ ਜੋਈ ਗੁਰ ਚਰਨਿ ਸਰਨਿ ਗਹੇ
ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ।

(ਕ. ਸ. 392)

ਜਿਵੇਂ ਇਸਤਰੀ ਦੇ ਕਿੰਨੇ ਵੀ ਪੁੱਤਰ ਹੋਣ ਉਹਨੂੰ ਸਾਰਿਆਂ ਵਿਚੋਂ ਬਹੁਤਾ ਪਿਆਰਾ ਕੁੱਛੜ ਦਾ ਬੱਚਾ ਹੁੰਦਾ ਹੈ, ਕਿਉਂਕਿ ਉਹਦੇ ਵੱਡੇ ਬਾਲਗ ਪੁੱਤਰ ਤਾਂ ਆਪਣੇ ਕਾਰ-ਵਿਹਾਰ ਵਿਚ ਗ਼ਲਤਾਨ ਰਹਿੰਦੇ ਹਨ, ਜਦ ਕਿ ਗੋਦੀ ਵਾਲੇ ਨੂੰ ਨਾ ਕਿਸੇ ਜ਼ਮੀਨ, ਜਾਇਦਾਦ, ਧਨ-ਦੌਲਤ ਵਿਚ ਦਿਲਚਸਪੀ ਹੁੰਦੀ ਹੈ ਨਾ ਕਿਸੇ ਸਾਕ ਸੰਬੰਧੀ ਵਿਚ। ਹੋਰ ਹਰ ਪਾਸਿਓਂ ਨਿਰਲੇਪ ਉਹਦਾ ਸਮੁੱਚਾ ਪਿਆਰ ਆਪਣੀ ਮਾਂ ਲਈ ਰਾਖਵਾਂ ਹੁੰਦਾ ਹੈ, ਉਸੇ ਦੁਆਲੇ ਘੁੰਮਦਾ ਹੈ। ਭਾਵੇਂ ਕਿ ਮਾਂ ਉਹਨੂੰ ਪਾਲਣੇ ਵਿਚ ਸਵਾ ਕੇ ਘਰ ਦੇ ਹੋਰ ਧੰਦਿਆਂ ਵਿਚ ਰੁੱਝੀ ਰਹੇ, ਉਹ ਧਿਆਨ ਰਖਦੀ ਹੈ ਉਸੇ ਵਿਚ ਹੀ। ਇਸ ਲਈ ਜਦ ਹੀ ਉਹਦੇ ਰੋਣ ਦੀ ਭਿਣਕ ਕੰਨ ਪਵੇ ਉਹ ਝੱਟ ਦੌੜ ਕੇ ਆਉਂਦੀ ਹੈ ਤੇ ਦੁੱਧ ਪਿਆਲ ਕੇ ਉਹਦਾ ਚਿੱਤ ਪ੍ਰਸੰਨ ਕਰ ਦਿੰਦੀ ਹੈ। ਉਸੇ ਤਰ੍ਹਾਂ ਜਦ ਕੋਈ ਵਿਅਕਤੀ ਗੁਰੂ ਦੇ ਚਰਨਾਂ ਦੀ ਸ਼ਰਣ ਵਿਚ ਆ ਟਿਕਦਾ ਹੈ, ਬੱਸ ਉਸੇ ਜੋਗਾ ਹੋ ਰਹਿੰਦਾ ਹੈ ਤਾਂ ਉਹਨੂੰ ਤਨ ਤੇ ਮਨ ਦੇ ਕੋਈ ਕਲੇਸ਼ ਨਹੀਂ ਵਿਆਪਦੇ ਤੇ ਉਹ ਆਪਣੀ ਸੰਸਾਰ ਯਾਤਰਾ ਮੁੱਕਣ ਤੇ ਮੋਖਸ਼ ਦਾ ਆਨੰਦ ਮਾਣਦਾ ਹੈ।

ਸੰਤ ਸਤਿਗੁਰੂ ਸ਼ਬਦ ਸੁਰਤਿ ਦੀ ਕਮਾਈ ਤੋਂ ਬਿਨਾਂ ਸੇਵਾ ਦੀ ਤਾਕੀਦ ਕਰਦੇ ਹਨ। ਉਦੇਸ਼ ਭਾਵੇਂ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਕਰਨਾ ਹੁੰਦਾ ਹੈ, ਪ੍ਰਭੂ ਦੀ ਸੇਵਾ ਉਹਦੇ ਅਲੱਖ, ਅਗੰਮ ਹੋਣ ਕਾਰਨ ਸਿੱਧੇ ਤੌਰ ਤੇ ਕਿਸੇ ਹਾਲ ਨਹੀਂ ਕੀਤੀ ਜਾ ਸਕਦੀ, ਤਾਂ ਤੇ ਸੁਸੰਗਤ ਮਨੋਰਥ ਦੀ ਸਿੱਧੀ ਲਈ ਸਤਿਗੁਰੂ ਦੀ ਸੇਵਾ ਦਾ ਵਸੀਲਾ ਅਪਣਾਇਆ ਜਾਂਦਾ ਹੈ । ਗੁਰੂ ਰਾਮਦਾਸ ਜੀ ਦਾ ਬਚਨ ਹੈ :

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ।
ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ।

(ਅ. ਗ., ਪੰ. 1264)

ਹੁਣ ਨਿੱਜੀ ਸੇਵਾ ਸਤਿਗੁਰੂ ਦੀ ਵੀ ਹਰ ਕਿਸੇ ਨੂੰ ਕਰਨੀ ਨਸੀਬ ਨਹੀਂ ਹੁੰਦੀ। ਤਾਂ ਤੇ ਉਹ ਸ਼ਬਦ ਸੁਰਤਿ ਦੀ ਸੇਵਾ ਨੂੰ ਜਾਂ ਆਪਣੀ ਸੰਗਤ ਦੀ ਸੇਵਾ ਨੂੰ

Sri Satguru Jagjit Singh Ji eLibrary NamdhariElibrary@gmail.com

ਹੀ ਖ਼ੁਦ ਦੀ ਸੇਵਾ ਵਜੋਂ ਸਵੀਕਾਰ ਕਰ ਲੈਂਦੇ ਹਨ। ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ :

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤਿ ਦੀ ਸੇਵਾ।

(ਵ. 28, ਪੌ. 4)

ਆਦਰਸ਼ਕ ਸਿੱਖ ਆਪਣੇ ਗੁਰੂ ਤੇ ਉਹਦੀ ਸੰਗਤ ਦੀ ਸੇਵਾ ਕਰ ਕੇ ਆਪਣੇ ਹੱਥ ਸਫਲੇ ਕਰਦਾ ਹੈ :

ਗੁਰਮੁਖ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੇ।

(ਵ. 6, ਪੌ. 12)

### *ਸਿੱਖ ਵਿਕਾਰਾਂ, ਕਾਮਨਾਵਾਂ ਤੋਂ ਮੁਕਤ*

ਅਧਿਆਤਮਿਕ ਖੇਤਰ ਵਿਚ ਸ਼ੋਭਾ ਪਾਉਣ ਲਈ ਵਿਕਾਰਾਂ ਨੂੰ ਜਿੱਤਣਾ ਜ਼ਰੂਰੀ ਹੈ :

ਕਾਮ ਕ੍ਰੋਧੁ ਅਹੰਕਾਰ ਸਾਧੁ ਲੋਭ ਮੋਹ ਦੀ ਜੋਹ ਮਿਟਾਈ।

(ਵ. 29 ਪੌ. 6)

ਜੋ ਸਤਿਸੰਗੀ ਪਰਾਈ ਇਸਤਰੀ ਦੀ ਉਮਰ ਦੇਖਦੇ ਹੋਏ, ਆਪ ਤੋਂ ਵੱਡੀ ਨੂੰ ਮਾਂ ਦਾ ਆਦਰ ਮਾਨ ਦਿੰਦਾ ਹੈ, ਹਾਣ ਦੀ ਨੂੰ ਭੈਣ ਦਾ ਪਿਆਰ ਤੇ ਛੋਟੀ ਨੂੰ ਪੁੱਤਰੀ ਦਾ ਲਾਡ, ਉਹਦੀ ਦ੍ਰਿਸ਼ਟੀ ਹਰ ਸੂਰਤ ਵਾਸ਼ਨਾ ਦੀ ਮੈਲ ਤੋਂ ਮੁੱਕਤ ਰਹਿੰਦੀ ਹੈ। ਆਪਣੀ ਗੁਜ਼ਰ ਲਈ ਉਹ ਹੱਕ ਹਲਾਲ ਦੀ ਕਮਾਈ ਤੇ ਨਿਰਭਰ ਕਰਦਾ ਹੈ ਤੇ ਪਰਾਏ ਪੈਸੇ, ਸੰਪੱਤੀ ਦੇ ਲੋਭ ਤੋਂ ਓਵੇਂ ਸੰਕੋਚ ਕਰਦਾ ਹੈ ਜਿਵੇਂ ਮੁਸਲਮਾਨ ਸੂਅਰ ਦੇ ਗੋਸ਼ਤ ਤੇ ਹਿੰਦੂ ਗਊ ਦੇ ਮਾਸ ਤੋਂ। ਉਹ ਆਪਣੀ ਪਤਨੀ, ਔਲਾਦ ਤੇ ਹੋਰ ਪਰਿਵਾਰ ਪ੍ਰਤੀ ਆਪਣੇ ਕਰਤੱਵ ਅਵੱਸ਼ ਨਿਭਾਉਂਦਾ ਹੈ ਪਰ ਮੋਹ ਤੋਂ ਉਚਾ ਰਹਿ ਕੇ, ਉਹਨਾਂ ਲਈ ਉਹ ਕਿਸੇ ਹੋਰ ਤੇ ਜ਼ੋਰ ਜਬਰ ਨਹੀਂ ਕਰਦਾ। ਜੇ ਕੋਈ ਉਹਦੀ ਵਡਿਆਈ ਜਾਂ ਦੂਜੇ ਦੀ ਨਿੰਦਿਆ ਕਰੇ ਤਾਂ ਉਹ ਉਸ ਨੂੰ ਸੁਣ ਕੇ ਆਪਣੀ ਬਰਤਰੀ ਦੇ ਅਹਿਸਾਸ ਨਾਲ ਨਹੀਂ ਆਫਰਦਾ, ਉਹਦੀ ਹਲੀਮੀ ਖ਼ੁਦ ਨੂੰ ਸਭ ਤੋਂ ਮੰਦਾ ਖ਼ਿਆਲ ਕਰਦੀ ਹੈ। ਉਹ ਭਾਵੇਂ ਕਿੱਡਾ ਵੀ ਪਰਤਾਪੀ ਹੋ ਜਾਇ, ਤਾਂ ਵੀ, ਅਹੰ-ਭਾਵ ਤੋਂ ਸੁਤੰਤਰ ਰਹਿੰਦਾ ਹੈ ਤੇ ਕਿਸੇ ਦਾ ਜੀਅ ਦੁਖਾਉਣ ਦਾ ਅਪਰਾਧੀ ਨਹੀਂ ਹੁੰਦਾ :

ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।
ਉਸੁ ਸੂਅਰ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

ਪੁਤ੍ਰ ਕਲਤ੍ਰ[1] ਕੁਟੰਬ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ[2]।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
ਵਡ ਪਰਤਾਪ ਨ ਆਪੁ ਗਣਿ ਕਰਿ ਅਹੰ-ਮੇਉ ਨ ਕਿਸੈ ਰਵਾਣੈ[3]।

(ਵ 29, ਪੌ. 11)

ਦੁਨੀਆ ਦੇ ਆਮ ਲੋਕ ਸੇਵਾ, ਭੇਟਾ ਆਦਿ ਦੁਆਰਾ ਕਿਸਮ ਕਿਸਮ ਦੇ ਭੇਖੀਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਿਚ ਜੁਟੇ ਰਹਿੰਦੇ ਹਨ, ਉਹ ਕਈ ਭਾਂਤ ਦੇ ਪਾਠ ਕਰਦੇ ਹਨ, ਮੰਤਰ ਜਪਦੇ ਹਨ, ਬਰਤ ਰਖਦੇ ਹਨ, ਉਨੀਂਦਰੇ ਕੱਟਦੇ ਹਨ। ਕੇਵਲ ਕੱਪੜੇ ਰੰਗ ਕੇ ਉਹਨਾਂ ਵਰਗਾ (ਜਾਂ ਹੋਰ ਵੀ ਭੈੜਾ) ਕੋਈ ਇਨਸਾਨ ਉਹਨਾਂ ਲਈ ਪੂਜਯ ਬਣ ਜਾਏ ਤਾਂ ਕੀ ਅਜਬ ਉਹਨਾਂ ਨੂੰ ਤਾਂ ਚੌਪਾਇ, ਦੋਲੱਤੇ ਜਾਨਵਰਾਂ, ਧਰਤੀ ਤੇ ਰੀਂਗਦੇ ਕੀੜਿਆਂ, ਬਿਰਛਾਂ, ਬੂਟਿਆਂ, ਸਰੋਂ ਮੜ੍ਹੀਆਂ ਮਸਾਣੀਆਂ ਅੱਗੇ ਮੱਥੇ ਰਗੜਨ ਤੋਂ ਵੀ ਸੰਕੋਚ ਨਹੀਂ ਹੁੰਦਾ। ਇਹਨਾਂ ਨਕਾਰੇ ਜਤਨਾਂ ਰਾਹੀਂ ਉਹ ਹਾਸਲ ਕੀ ਕਰਨਾ ਲੋਚਦੇ ਹਨ? ਪੈਸਾ, ਜਾਇਦਾਦ, ਕਿਸੇ ਤਕਲੀਫ ਤੋਂ ਛੁਟਕਾਰਾ, ਕੋਈ ਮਾਣ ਵਡਿਆਈ, ਝਗੜੇ ਵਿਚ ਜਿੱਤ, ਸ਼ਤਰੂਆਂ ਦੀ ਹਾਨੀ, ਸਕਿਆਂ ਸੰਬੰਧੀਆਂ ਦਾ ਸੁਆਰਥ, ਸਭ ਕੁਝ ਨਖਿੱਧ।

ਦੱਸਿਆ ਜਾਂਦਾ ਹੈ, ਪਾਰਸ ਉਹ ਅਣਮੁੱਲਾ ਪੱਥਰ ਹੈ ਜਿਹੜਾ ਆਪਣੀ ਛੋਹ ਨਾਲ ਲੋਹੇ, ਤਾਂਬੇ ਜਿਹੀਆਂ ਕਮ-ਕੀਮਤ ਧਾਤਾਂ ਨੂੰ ਸੋਨੇ ਵਿਚ ਬਦਲ ਦਿੰਦਾ ਹੈ। ਲਕਸ਼ਮੀ ਦੌਲਤ ਦੀ ਦੇਵੀ ਹੈ, ਉਸ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਹੋਇਆਂ ਹਰ ਪ੍ਰਕਾਰ ਦੇ ਧਨ ਪਦਾਰਥਾਂ ਵਲੋਂ ਭੁੱਖ ਭੱਜ ਜਾਂਦੀ ਹੈ। ਕਾਮਧੇਨ ਗਊ ਤੇ ਕਲਪ ਬਿਰਛ ਅਨੇਕ ਮੂੰਹ-ਮੰਗੀਆਂ ਮੁਰਾਦਾਂ ਬਖਸ਼ਣ ਦੇ ਸਮਰੱਥ ਹਨ। ਨੌਂ ਨਿਧਾਂ, ਅਠਾਰਾਂ ਸਿੱਧੀਆਂ ਦੇ ਘੇਰੇ ਵਿਚ ਬਹੁਤ ਸਾਰਾ ਮਾਲ ਮਤਾ ਹੀ ਨਹੀਂ ਕਿੰਨੀਆਂ ਸਾਰੀਆਂ ਸ਼ਕਤੀਆਂ ਵੀ ਆ ਜਾਂਦੀਆਂ ਹਨ। ਚਾਰ ਪਦਾਰਥ—ਧਰਮ, ਅਰਥ, ਕਾਮ, ਮੋਖਸ਼ ਮਿਲ ਜਾਣ ਫੇਰ ਤਾਂ ਲੇਖੇ ਨਾਲ ਕੁਝ ਵੀ ਹੋਰ ਮੰਗਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਕੱਚੇ ਪਿੱਲੇ ਸਾਧਕਾਂ ਦਾ ਕੀ ਕਹਿਣਾ, ਕਿੰਨੇ ਸਿੱਧਾਂ, ਜੋਗੀਆਂ ਦੀ ਦੌੜ ਵੀ ਉਕਤ ਦਾਤਾਂ ਵਿਚੋਂ ਕਿਸੇ ਇਕ ਦਾ ਅੰਸ਼ ਮਾਤਰ ਲੱਭ ਪੈਣ ਤੇ ਖ਼ਤਮ ਹੋ ਜਾਂਦੀ ਹੈ। ਉਹ ਉਸੇ ਜੋਗੇ ਹੋ ਕੇ ਰਹਿ ਜਾਂਦੇ ਹਨ। ਪਰ ਸਿਦਕੀ ਸਿੱਖ ਆਪਣਾ ਤਨ, ਮਨ, ਧਨ ਗੁਰੂ ਦੀ ਭੇਟ ਚੜ੍ਹਾ ਕੇ ਬਦਲੇ ਵਿਚ ਉਸ ਤੋਂ ਉਸ ਦੀ ਦਇਆ ਮਿਹਰ ਤੋਂ ਵੱਧ ਕੁਝ ਨਹੀਂ ਮੰਗਦਾ, ਕਿਉਂਕਿ ਰਿੱਧੀ,

1. ਇਸਤਰੀ 2. ਧੱਕੇ ਨਾਲ 3. ਦੁਖੀ ਕਰੇ।

Sri Satguru Jagjit Singh Ji eLibrary NamdhariElibrary@gmail.com

ਸਿੱਧੀ ਆਦਿ ਕਿਸੇ ਚੀਜ਼ ਵਿਚ ਰੁਚਿਤ ਹੋਣਾ ਉਹਦੇ ਸਾਰੇ ਕੀਤੇ-ਕੱਤਰੇ ਤੇ ਪਾਣੀ ਫੇਰਨ ਦਾ ਕਾਰਣ ਬਣ ਸਕਦਾ ਹੈ। ਜਿਵੇਂ ਕੋਈ ਮਾਂ ਆਪਣੇ ਬੱਚੇ ਦੇ ਜ਼ਿੱਦ ਕਰਨ ਤੇ ਖੇਡਣ ਲਈ ਬਲਦੀ ਚੁਆਤੀ ਉਹਦੇ ਹੱਥ ਨਹੀਂ ਫੜਾ ਦਿੰਦੀ, ਓਵੇਂ ਸਤਿਗੁਰੂ ਸਰਬ-ਸ਼ਕਤੀਮਾਨ ਹੋਣ ਦੇ ਬਾਵਜੂਦ ਆਪਣੇ ਸਿੱਖ ਦੀ ਕਿਸੇ ਨਿਕੰਮੀ ਵਸਤ ਪ੍ਰਤੀ ਕਾਮਨਾ ਪੂਰਨ ਕਰ ਕੇ ਉਹਨੂੰ ਆਪਣੇ ਸਹੀ ਰਾਹ ਤੋਂ ਭਟਕਣ ਵਿਚ ਮਦਦਗਾਰ ਨਹੀਂ ਬਣਦੇ :

ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰ ਸਿਖ ਮੰਗੈ।
ਅਠ ਸਿਧੀ ਨਿਧੀ ਨਵੈਂ ਰਿਧਿ ਨ ਗੁਰੁ ਸਿਖ ਢਾਕੈ[1] ਟੰਗੈ।
ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੇ।
ਲਖ ਪਾਰਸ ਲਖ ਪਾਰਜਾਤ ਹਥਿ ਨ ਛੁਹਦਾ ਫਲ ਨ ਅਭੰਗੈ[2]।
ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ[3]।
ਪੀਰ ਮੁਰੀਦੀ ਗਾਖੜੀ[4] ਇਕਸ ਅੰਗਿ ਨ ਅੰਗਣਿ ਅੰਗੈ।
ਗੁਰ ਸਿਖੁ ਦੂਜੇ ਭਾਵਹੁ ਸੰਗੈ। (ਵ. 28, ਪੌ. 2)

ਤੰਤਰਾਂ, ਮੰਤਰਾਂ ਜਿਹੇ ਚਲਿੱਤਰਾਂ ਨਾਲ ਸਿੱਧੇ ਲੋਕਾਂ ਨੂੰ ਠਗਣਾ ਨਿਪਟ ਬੇਸ਼ਰਮੀ ਹੈ। ਸਿੱਖ ਅਜੇਹੇ ਘਟੀਆ ਵਿਹਾਰ ਤੋਂ ਉਚਾ ਵਿਚਰਦਾ ਹੈ।

### *ਗ੍ਰਿਹਸਥ ਧਰਮ*

ਗੁਰਮਤਿ ਜਾਂ ਸੰਤਾਂ ਦਾ ਮਾਰਗ ਘਰ-ਬਾਰ ਤਿਆਗਣ ਦੀ ਮੰਗ ਨਹੀਂ ਕਰਦਾ, ਨਾ ਮਾਤਾ ਪਿਤਾ, ਪਤਨੀ, ਧੀਆਂ, ਪੁੱਤਰਾਂ ਜਿਹੇ ਸੰਬੰਧੀਆਂ ਤੋਂ ਬੇਮੁੱਖ ਹੋਣਾ ਲੋੜਦਾ ਹੈ। ਆਪਣੇ ਸ਼ਰੀਰ ਨੂੰ ਤਪਾਂ ਵਰਤਾਂ ਆਦਿ ਦੁਆਰਾ ਕਸ਼ਟ ਦੇਣਾ, ਜਾਂ ਕੋਈ ਮਾਨਸਿਕ ਅਜ਼ਾਬ ਸਹਿਣਾ ਵੀ ਇਸ ਦਾ ਤਕਾਜ਼ਾ ਨਹੀਂ। ਕੰਵਲ ਪਾਣੀ ਦੀ ਬਨਸਪਤੀ ਹੈ, ਉਹ ਪਾਣੀ ਤੋਂ ਬਿਨਾਂ ਜਿਊਂ ਹੀ ਨਹੀਂ ਸਕਦਾ, ਤਾਂ ਵੀ ਉਹ ਪਾਣੀ ਤੋਂ ਅਲਿਪਤ ਰਹਿੰਦਾ ਹੈ। ਉਸੇ ਤਰ੍ਹਾਂ ਸਿੱਖ ਨੇ ਸੰਸਾਰ ਵਿਚ ਜੀਵਨ ਬਿਤੀਤ ਕਰਦਿਆਂ ਹੀ ਆਵਾਗਵਨ ਤੋਂ ਮੁੱਕਤ ਹੋ ਜਾਣਾ ਹੁੰਦਾ ਹੈ। ਇਸ ਵੰਨੇ ਸੋਧ ਦੇਣ ਲਈ ਗੁਰੂ ਅਰਜਨ ਸਾਹਿਬ ਨੇ ਫ਼ਰਮਾਇਆ ਸੀ :

ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।
(ਆ. ਗ੍ਰ., ਪੰ. 522)

---

1. ਪੱਲੇ ਨਹੀਂ ਬੰਨ੍ਹਦਾ 2. ਰਹਿਣ ਵਾਲਾ ਨਹੀਂ 3. ਸ਼ਰਮਨਾਕ 4. ਔਖੀ।

Sri Satguru Jagjit Singh Ji eLibrary NamdhariElibrary@gmail.com

ਉਸੇ ਪ੍ਰਕਾਰ ਭਾਈ ਗੁਰਦਾਸ ਨੇ ਕਿਹਾ ਹੈ :

ਗਿਆਨਨ ਮੈ ਗਿਆਨ ਅਰੁ ਧਿਆਨ ਮੈ ਧਿਆਨਨ ਗੁਰ
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।
(ਕ. ਸ. 376)

ਜਿਵੇਂ ਗਿਆਨਾਂ ਵਿਚੋਂ ਗੁਰੂ ਦਾ ਉਪਦੇਸ਼ ਸਰਬੋਤਮ ਹੈ ਤੇ ਧਿਆਨਾਂ ਵਿਚੋਂ ਉਹਦੇ ਸਰੂਪ ਦਾ ਧਿਆਨ, ਓਵੇਂ ਸਾਰੇ ਧਰਮਾਂ ਵਿਚੋਂ ਗ੍ਰਿਹਸਥ ਧਰਮ ਸ੍ਰੇਸ਼ਟ ਹੈ।

ਗ੍ਰਿਹਸਥ ਗੁਰ ਸਿੱਖ ਦੀ ਉਸੇ ਪ੍ਰਕਾਰ ਹਿਫ਼ਾਜ਼ਤ ਕਰਦਾ ਹੈ ਜਿਕਣ ਚਾਵਲ ਦੀ ਤੁਹ। ਜਦੋਂ ਚਾਵਲ ਨੂੰ ਉਹਦੇ ਤੁਹ ਸਮੇਤ ਬੀਜਿਆ ਜਾਵੇ ਤਾਂ ਉਹ ਆਪਣੇ ਤੋਂ ਕਈ ਗੁਣਾਂ ਹੋ ਕੇ ਫਲਦਾ ਹੈ ਤੇ ਸਿਹਤਵਰ ਭੋਜਨ ਦੇ ਰੂਪ ਵਿਚ ਉਹਦਾ ਸੇਵਨ ਕਰਨ ਵਾਲੇ ਜੀਵਾਂ ਤੇ ਉਪਕਾਰ ਕਰਦਾ ਹੈ । ਆਪਣੇ ਛਿਲਕੇ ਵਿਚ ਟਿਕੇ ਰਹਿਣਾ ਉਹਦੇ ਨਿਜ ਲਈ ਵੀ ਹਿਤਕਰ ਹੁੰਦਾ ਹੈ, ਕਿਉਂਕਿ ਤੁਹ ਦੀ ਸੁਰੱਖਿਆ ਵਿਚ ਉਹਨੂੰ ਘੁਣ ਆਦਿ ਦੋਸ਼ ਪਰੇਸ਼ਾਨ ਨਹੀਂ ਕਰਦੇ। ਛਿਲਕੇ ਤੋਂ ਬਾਹਰ ਨਿਕਲ ਕੇ ਉਹ ਮੈਲਾ ਕੁਚੈਲਾ ਹੋਣ ਤੋਂ ਛੁੱਟ, ਟੁੱਟ ਭੱਜ ਜਾਂਦਾ ਹੈ ਤੇ ਖਾਣ ਵਿਚ ਵੀ ਸੁਆਦ ਨਹੀਂ ਰਹਿੰਦਾ, ਤੇ ਜੇ ਰਿੰਨ੍ਹ ਲਿਆ ਜਾਵੇ ਫੇਰ ਤਾਂ ਉਹਦੀ ਹੋਂਦ ਹੀ ਮੁੱਕ ਜਾਂਦੀ ਹੈ। ਗੁਰੂ ਦਾ ਸਿੱਖ ਦੀਖਿਆ ਲੈ ਕੇ ਗੁਰੂ ਦੇ ਉਪਦੇਸ਼ ਅਨੁਸਾਰ ਆਪਣਾ ਗ੍ਰਿਹਸਥ ਪਾਲਦਾ ਹੋਇਆ, ਮਾਇਆ ਤੋਂ ਅਲੇਪ, ਇਕ ਪੂਰਨ ਬੈਰਾਗੀ ਦਾ ਜੀਵਨ ਜਿਉਂਦਾ ਹੈ। ਜੇ ਉਹ ਘਰ ਬਾਰ ਤਿਆਗ ਕੇ ਏਧਰ ਓਧਰ ਭਟਕਦਾ, ਕਿਸਮ ਕਿਸਮ ਦੀਆਂ ਤ੍ਰਿਸ਼ਨਾਵਾਂ ਦਾ ਸਤਾਇਆ, ਕੁਕਰਮਾਂ ਦੀਆਂ ਮੈਲਾਂ ਇਕੱਠੀਆਂ ਕਰੀ ਜਾਵੇ, ਤੇ ਆਪਣੀਆਂ ਨਿੱਤ ਦਿਹਾੜੀ ਦੀਆਂ ਲੋੜਾਂ ਲਈ ਤੀਜੇ ਤਿਹੈਤੀਆਂ ਤੇ ਬੇਕਾਰ ਦਾ ਬੋਝ ਬਣਿਆ ਰਹੇ, ਤਾਂ ਉਹਦੇ ਉਧਾਰ ਦੀ ਕੋਈ ਸੰਭਾਵਨਾ ਨਾ ਬਣ ਪਾਵੇ :

ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋਂ
ਦੇਹ ਧਾਰਿ ਕਰਤ ਹੈ ਪਰਉਪਕਾਰ ਜੀ।
ਤੁਸ ਮੈਂ ਤੰਦੁਲ ਨਿਰਬਿਘਨ ਨ ਲਾਗੈ ਘੁਨੁ
ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ।
ਤੁਸ ਸੇ ਨਿਕਰ ਹੋਇ ਭਗਨ[1] ਮਲੀਨ ਰੂਪ
ਸਵਾਦ ਕਰਵਾਇ ਰਾਧੇ ਰਹੈ ਨ ਸੰਸਾਰ ਜੀ।

1. ਟੋਟੇ ਹੋਇਆ।

Sri Satguru Jagjit Singh Ji eLibrary NamdhariElibrary@gmail.com

ਗੁਰ ਉਪਦੇਸ਼ ਗੁਰ ਸਿਖ ਗ੍ਰਿਹ ਮੈ ਬੈਰਾਗੀ
ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ।

(ਕ. ਸ. 87)

ਯੋਗ ਦਾ ਅਭਿਆਸ ਅਵੱਸ਼ ਕਲਿਆਣਕਾਰੀ ਹੁੰਦਾ ਹੈ, ਪਰ ਬਾਹਰਮੁਖੀ ਭਾਂਤ ਦਾ ਨਹੀਂ ਜਿਹੜਾ ਅਖਾਉਤੀ ਜੋਗੀ ਅਕਸਰ ਅਪਣਾ ਕੇ ਭੋਲੇ ਭਾਲੇ ਦੁਨੀਆਂਦਾਰਾਂ ਨੂੰ ਪ੍ਰਭਾਵਿਤ ਕਰਦੇ ਨਜ਼ਰ ਆਉਂਦੇ ਹਨ। ਸਚੇ ਯੋਗੀ ਲਈ ਆਪਣੇ ਘਰ ਪਰਿਵਾਰ ਤੋਂ ਪੱਲਾ ਛੁਡਵਾ ਕੇ ਦੂਰ ਕਿਧਰੇ ਨੱਸ ਜਾਣ, ਤੇ ਇਸ ਤਰ੍ਹਾਂ ਸਮਾਜ ਉਤੇ ਇਕ ਬੇਲੋੜਾ ਬੋਝ ਜਾਂ ਦੇਣਦਾਰੀ ਬਣ ਜਾਣ ਦੀ ਲੋੜ ਨਹੀਂ ਹੁੰਦੀ, ਉਹਨੇ ਸਗੋਂ ਆਪਣੇ ਪਰਿਵਾਰ, ਸਮਾਜ, ਦੇਸ਼ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਜਿਠਦੇ ਹੋਇਆਂ, ਨਿਰਮੋਹ, ਨਿਰਲੇਪ, ਵਿਚਰਨਾ ਹੁੰਦਾ ਹੈ। ਉਹਦੇ ਲਈ ਕੰਨਾਂ ਵਿਚ ਪਰੋਣ ਅਤੇ ਇਸ ਤਰ੍ਹਾਂ ਪਲ ਪਲ ਚੇਤੇ ਰੱਖਣ ਵਾਲੀ ਚੀਜ਼ ਗੁਰੂ ਦਾ ਮੰਤਰ ਹੁੰਦਾ ਹੈ ਨਾ ਕਿ ਕੱਚ ਦੀਆਂ ਮੋਟੀਆਂ ਮੋਟੀਆਂ ਮੁੰਦਰਾਂ, ਤੇ ਪਿੰਡੇ ਉਤੇ ਮਲਣ ਜੋਗੀ ਬਿਭੂਤ ਸੰਤਾਂ ਦੇ ਚਰਨਾਂ ਦੀ ਧੂੜ, ਨਾ ਕਿ ਕਿਧਰੋਂ ਮੰਗੀਆਂ-ਪਿੰਨੀਆਂ ਲਕੜਾਂ ਦੀ ਸੁਆਹ। ਜੇ ਕੋਈ ਦੋਖੀ ਇੱਟ-ਵੱਟਾ ਮਾਰੇ ਤਾਂ ਉਹਦਾ ਦਰਦ ਨਾ ਹੋਵੇ, ਇਸ ਲਈ ਖਫਣੀ ਪਹਿਨ ਲਈ, ਸੱਚਾ ਜੋਗੀ ਇਸ ਤਰ੍ਹਾਂ ਸੱਟਾਂ ਤੋਂ ਨਹੀਂ ਬਚਦਾ, ਸਗੋਂ ਖਿਮਾਂ ਦੀ ਭਾਵਨਾ ਨਾਲ ਸੱਟਾਂ ਦੇ ਅਨਿਆਂ ਨੂੰ ਮੁਆਫ਼ ਕਰ ਕੇ ਆਪਣੇ ਮਨ ਨੂੰ ਪੀੜਿਤ ਹੋਣ ਤੋਂ ਬਚਾਉਂਦਾ ਹੈ। ਉਹਦਾ ਪਾਤਰ ਜਾਂ ਖੱਪਰ ਪ੍ਰੇਮ ਹੁੰਦਾ ਹੈ, ਫਲਸਰੂਪ ਜੋ ਕੁਝ ਮਿਲਿਆ, ਰੁੱਖਾ ਮਿੱਸਾ, ਸ਼ੁਕਰ ਸ਼ੁਕਰ ਕਰ ਕੇ ਛਕ ਲਿਆ। ਉਹਨੂੰ ਤਾਂ ਸੁਰਤਿ ਸ਼ਬਦ ਵਿਚ ਜੁੜਿਆਂ ਅਨਹਤ ਦੀ ਅੰਮ੍ਰਿਤਮਈ ਧੁਨੀ ਅਨੰਦ ਦਿੰਦੀ ਹੈ, ਫੇਰ ਉਹ ਹੱਡਾਂ (ਸਿੰਙੀ) ਵਿਚ ਫੂਕਾਂ ਮਾਰ ਕੇ ਬੇਕਾਰ ਦਾ ਸ਼ੋਰ ਕਿਉਂ ਸੁਣੇਗਾ? ਗਿਆਨ ਉਹਦਾ ਡੰਡਾ ਹੁੰਦਾ ਹੈ, ਗੁਰੂ ਦਾ ਧਿਆਨ ਉਹਦੀ ਭੰਡਾਰਨ। ਉਹ ਗੁਫਾਵਾਂ ਕੰਦਰਾਂ ਵਿਚ ਜਾ ਕੇ ਨਹੀਂ ਛੁਪਦਾ, ਗੁਰੂ ਦੀ ਸੰਗਤ ਉਹਨੂੰ ਹਰ ਪ੍ਰਕਾਰ ਦੀਆਂ ਮੰਦੀਆਂ ਬਿਰਤੀਆਂ ਅਤੇ ਵਾਦੀਆਂ ਤੋਂ ਬਚਾਈ ਰਖਦੀ ਹੈ, ਤੇ ਉਹ ਸਹਿਜ ਸਮਾਧੀ ਦਾ ਰਸ ਮਾਣਦਾ ਸਚਖੰਡ ਦਾ ਅਧਿਕਾਰੀ ਬਣ ਜਾਂਦਾ ਹੈ :

ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।
ਕੰਨੀ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁਲਾਸੀ[1]।
ਖਿੰਥਾ[2] ਖਿਮਾ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ[3] ਬਿਲਾਸੀ।

1. ਸ੍ਰੇਸ਼ਟ 2. ਖਫਣੀ 3. ਭੋਜਨ।

Sri Satguru Jagjit Singh Ji eLibrary NamdhariElibrary@gmail.com

ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨ ਧਿਆਨ ਗੁਰਦਾਸੀ।
ਸਾਧ ਸੰਗਤਿ ਗੁਰ ਗੁਫੈ ਬਹਿ ਸਹਜ ਸਮਾਧਿ ਅਗਾਧਿ ਨਿਵਾਸੀ।
(ਵ. 25, ਪੌ. 19)

ਕੰਵਲ ਪਾਣੀ ਵਿਚ ਜਨਮ ਲੈਂਦਾ ਹੈ, ਉਸੇ ਵਿਚ ਵਧਦਾ ਫੁਲਦਾ ਹੈ, ਉਸ ਤੋਂ ਬਿਨਾਂ ਉਹਦਾ ਹਫਤਾ ਭਰ ਜਿਉਂਦੇ ਰਹਿਣਾ ਵੀ ਸੰਭਵ ਨਹੀਂ। ਪਰ ਉਸ ਸਗਲੀ ਨਿਰਭਰਤਾ ਦੇ ਬਾਵਜੂਦ ਉਹ ਪਾਣੀ ਵਿਚ ਡੁਬਦਾ ਨਹੀਂ, ਉਸ ਤੋਂ ਸਮੁੱਚੀ ਸੱਤਾ ਪ੍ਰਾਪਤ ਕਰ ਕੇ ਵੀ ਉਹਦਾ ਨਹੀਂ ਬਣਦਾ, ਉਹਦੀ ਨਜ਼ਰ ਸਾਰਾ ਚਿਰ ਸੂਰਜ ਤੇ ਟਿਕੀ ਰਹਿੰਦੀ ਹੈ। ਕੰਵਲ ਦੀ ਭਾਂਤ ਸਤਿਗੁਰੂ ਦਾ ਸਿੱਖ ਦੁਨੀਆ ਵਿਚ ਵੱਸਦਾ ਦੁਨਿਆਵੀ ਜ਼ਿੰਮੇਵਾਰੀਆਂ ਨਿਭਾਉਂਦਾ ਹੈ, ਖਾਂਦਾ, ਪਹਿਨਦਾ, ਹਸਦਾ, ਖੇਡਦਾ, ਆਪਣਾ ਧਿਆਨ ਸ਼ਬਦ ਵਿਚ ਜੋੜੀ ਰੱਖ ਕੇ ਦੁਨੀਆਂ ਤੋਂ ਅਲੇਪ ਰਹਿੰਦਾ ਹੈ।

ਇਹ ਜੀਵਨ ਇਕ ਰਾਜ ਜੋਗੀ ਦਾ ਜੀਵਨ ਹੁੰਦਾ ਹੈ :

ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।
(ਵ. 29, ਪੌ. 11)

ਗੁਰੂ ਤੋਂ ਸਿਖਿਆ ਲੈ ਕੇ ਉਸ ਨੂੰ ਕਮਾਉਣ, ਹੰਢਾਉਣ ਨਾਲ ਜਿਹੜੇ ਲਾਭ ਪ੍ਰਾਪਤ ਹੁੰਦੇ ਹਨ, ਉਹਨਾਂ ਨੂੰ ਵੇਖਦਿਆਂ ਹੋਰ ਕਿਸੇ ਵੀ ਪ੍ਰਕਾਰ ਦੇ ਜਪ, ਤਪ, ਸੰਜਮ, ਹੋਮ, ਯੱਗ ਵਰਤ, ਤੀਰਥ ਇਸ਼ਨਾਨ ਆਦਿ ਵੱਲ ਰੁਚਿਤ ਹੋਣਾ ਫਜ਼ੂਲ ਵਕਤ ਗਵਾਉਣਾ ਹੈ :

ਲਖ ਜਪ ਤਪ ਸੰਜਮਾ ਹੋਮ ਜੱਗ ਲਖ ਵਰਤ ਕਰੰਦੇ।
ਲਖ ਤੀਰਥ ਲਖ ਊਲਖਾ[1] ਲਖ ਪੁਰੀਆਂ ਲਖ ਪੁਰਬ ਲਗੰਦੇ।
ਦੇਵੀ ਦੇਵਲ ਦੇਹੁਰੇ ਲਾਖ ਪੁਜਾਰੀ ਪੂਜ ਕਰੰਦੇ।
ਜਲ ਥਲ ਮਹੀਅਲ ਭਰਮਦੇ ਕਰਮ ਧਰਮ ਲਖ ਫੇਰਿ ਫਿਰੰਦੇ।
ਲਖ ਪਰਬਤ ਵਣ ਖੰਡ ਲਖ ਲਖ ਉਦਾਸੀ ਹੋਇ ਭਵੰਦੇ।
ਅਗਨੀ ਅੰਗੁ ਜਲਾਇੰਦੇ ਲੱਖ ਹਿਮੰਚਲਿ ਜਾਇ ਗਲੰਦੇ।
ਗੁਰਸਿਖੀ ਸੁਖੁ ਤਿਲੁ ਨ ਲਹੰਦੇ। (ਵ. 28, ਪੌ. 18)

ਜਿਸ ਸਮੇਂ ਪਰਮੇਸ਼ਰ ਸਰਗੁਣ ਰੂਪ ਵਿਚ ਏਥੇ ਆਇਆ ਹੁੰਦਾ ਹੈ, ਬਹੁਤ ਸਾਰੇ ਅਭਿਲਾਖੀਆਂ ਕੋਲੋਂ ਦੰਦ-ਕਥਾ ਤੋਂ ਡਰਦਿਆਂ ਉਹਦੇ ਚਰਣ ਸ਼ਰਣ ਵਿਚ ਨਹੀਂ ਪਹੁੰਚਿਆ ਜਾਂਦਾ। ਉਹ ਸੋਚਦੇ ਰਹਿੰਦੇ ਹਨ, ਲੋਕ ਆਖਣਗੇ ਇਹ ਆਪਣੇ

1. ਕੰਨ ਪਾਟੇ।

Sri Satguru Jagjit Singh Ji eLibrary NamdhariElibrary@gmail.com

ਵਡਿਆਂ ਵਡੇਰਿਆਂ ਦੁਆਰਾ ਪੁਸ਼ਤ-ਦਰ-ਪੁਸ਼ਤ ਪੂਜੀਦੇ ਦੇਵੀ ਦੇਵਤਿਆਂ ਨੂੰ ਛੱਡ ਕੇ ਇਕ ਸਾਧਾਰਣ ਦਿਸਦੇ ਮਨੁੱਖ ਦਾ ਅਨੁਯਾਈ ਬਣ ਗਿਆ। ਤੇ ਜਦ ਸਤਿਗੁਰੂ ਵਾਪਸ ਪਰਤ ਜਾਂਦੇ ਹਨ, ਉਹਨਾਂ ਦੀ ਇਕ ਪਲ ਦੀ ਸੰਗਤ ਰਤਾ ਜਿੰਨੀ ਝਲਕ, ਵੀ ਕਿਸੇ ਕੀਮਤ ਤੇ ਨਹੀਂ ਲਭਦੀ, ਪਦਮਾਂ ਰੁਪਏ ਖਰਚ ਕੇ ਵੀ ਨਹੀਂ :

ਜੋਈ ਲਜਾਇ ਪਾਈਐ ਨ ਪਦਮ ਕੈ
ਪਲਕ ਅਮੋਲ ਪ੍ਰਿਅ ਸੰਗ ਮੁਖ ਸਾਖੀਐ।

(ਕ. ਸ. 348)

ਇਕੱਤੀ ਸਿੰਮ੍ਰਤੀਆਂ, ਅਠਾਰਾਂ ਪੁਰਾਣ, ਚਾਰ ਵੇਦ, ਛੇ ਸ਼ਾਸਤਰ, ਸ੍ਰਿਸ਼ਟੀ ਦਾ ਰਚਿਅਤਾ ਬ੍ਰਹਮਾ, ਬਿਆਸ, ਸੁਖਦੇਵ ਜਿਹੇ ਰਿਸ਼ੀ, ਸ਼ੇਸ਼ਨਾਗ ਜਿਹੇ ਉਪਾਸ਼ਕ ਸਭ ਪ੍ਰਭੂ ਦਾ ਜਸ ਗਾਉਂਦੇ ਰਹੇ, ਪਰ ਸਾਰੀ ਸਾਧਨਾ ਦੇ ਬਾਵਜੂਦ ਉਹ ਉਹਨਾਂ ਲਈ ਅਗੰਮ, ਅਨੰਤ ਹੀ ਬਣਿਆ ਰਿਹਾ। ਸ਼ਿਵ ਜੀ, ਸਨਕ ਸਨੰਦਨ ਆਦਿ ਬਾਲ ਜਤੀ, ਨਾਰਦ ਆਦਿ ਮੁਨੀ, ਦੇਵਤੇ, ਨਾਥ ਜੋਗੀ ਤੇ ਹੋਰ ਉਚੀ ਗਤੀ ਵਾਲੇ ਪੁਰਸ਼ਾਂ ਨੇ ਉਹਦੇ ਤੇ ਧਿਆਨ ਜੋੜਿਆ ਤੇ ਤਾਂ ਵੀ ਉਹ ਕਿਸੇ ਦੀ ਪਕੜ ਵਿਚ ਨਾ ਆਇਆ। ਹੋਰ ਅਨੇਕ ਸਾਧਕ ਪਹਾੜਾਂ, ਜੰਗਲਾਂ, ਤੀਰਥਾਂ ਤੇ ਭਟਕਦੇ ਫਿਰੇ, ਪੁੰਨ ਦਾਨ ਹੋਮ, ਯੱਗ ਕੀਤੇ, ਬਰਤ ਰਖੇ, ਠਾਕਰਾਂ ਨੂੰ ਭੋਗ ਲਵਾਏ, ਪਰ ਉਹਨੇ ਉਹਨਾਂ ਵਿਚੋਂ ਕਿਸੇ ਨੂੰ ਆਈ ਗਈ ਨਾ ਦਿੱਤੀ। ਇਹਦੇ ਵਿਰੁੱਧ ਕਿੰਨੇ ਵਡਭਾਗੇ ਹਨ ਗੁਰੂ ਦੇ ਸਿੱਖ ਜਿਹਨਾਂ ਨੂੰ ਚੌਹਾਂ ਪਾਸਿਆਂ ਤੋਂ ਮਾਇਆ ਵਿਚ ਘਿਰਿਆਂ ਹੋਇਆਂ ਵੀ ਪੂਰਨ ਬ੍ਰਹਮ ਪਰਮੇਸ਼ਰ ਨੇ ਗੁਰੂ ਰੂਪ ਹੋ ਕੇ ਸਾਖਿਅਤ ਦਰਸ਼ਨ ਆ ਦਿੱਤੇ :

ਸਿੰਮ੍ਰਿਤ ਪੁਰਾਨ ਬੇਦ ਸਾਸਤ੍ਰ ਬਿਰੰਚਿ[1] ਬਿਆਸ
ਨੇਤਿ ਨੇਤਿ ਨੇਤਿ ਸੁਕ ਸੇਖ ਜਸੁ ਗਾਇਓ ਹੈ।
ਸਿਉ ਸਨਕਾਦਿ ਨਾਰਦਾਦਿਕ ਰਿਖੀਸਰਾਦਿ
ਸੁਰ ਨਰ ਨਾਥ ਜੋਗੀ ਧਿਆਨ ਮੈ ਨ ਆਇਓ ਹੈ।
ਗਿਰਿ ਤਰ[2] ਤੀਰਥ ਗਵਨ ਪੁੰਨ ਦਾਨ ਬ੍ਰਤ
ਹੋਮ ਜਗ ਭੋਗ ਨਈਬੇਦ ਕੈ ਨ ਪਾਇਓ ਹੈ।
ਅਸ ਵਡਭਾਗਿ ਮਾਇਆ ਮਧਿ ਗੁਰ ਸਿਖਨ ਕਉ
ਪੂਰਨ ਬ੍ਰਹਮ ਗੁਰ ਰੂਪ ਹੁਇ ਦਿਖਾਇਓ ਹੈ।

(ਕ. ਸ. 543)

1. ਬ੍ਰਹਮਾ 2. ਦਰਖਤਾਂ।

Sri Satguru Jagjit Singh Ji eLibrary NamdhariElibrary@gmail.com

ਉਸੇ ਪ੍ਰਸੰਗ ਨੂੰ ਅਗੇ ਤੋਰਦੇ ਛੇਵੀਂ ਵਾਰ ਦੀ ਗਿਆਰ੍ਹਵੀਂ ਪੌੜੀ ਵਿਚ ਫ਼ਰਮਾਉਂਦੇ ਹਨ, ਜਦੋਂ ਸਿੱਖ ਸਤਿਗੁਰੂ ਦੇ ਚਰਨਾਂ ਦਾ ਭੌਰਾ ਬਣ ਕੇ, ਅਨਿੰਨ ਪ੍ਰੇਮ ਸਹਿਤ ਉਹਨਾਂ ਦੇ ਉਪਦੇਸ਼ ਦੀ ਅਨੁਸਾਰਤਾ ਵਿਚ ਅਭਿਆਸ ਕਰਦਾ ਹੈ ਤਾਂ ਉਹ ਇੜਾ, ਪਿੰਗਲਾ, ਸੁਖਮਨਾ ਤੇਹਾਂ ਨਾੜੀਆਂ ਤੋਂ ਅਗਾਂਹ ਲੰਘ, ਤਰਬੈਣੀ ਨੂੰ ਪਿਛੇ ਛੱਡ ਕੇ ਸਵੈ-ਸਰੂਪ ਵਿਚ ਪ੍ਰਵੇਸ਼ ਕਰ ਲੈਂਦਾ ਹੈ। ਇਸ ਰਾਹ ਵਿਚ ਨਿਜ-ਘਰ ਪਹੁੰਚਣ ਦਾ ਅਰਥ ਹੁੰਦਾ ਹੈ ਕਿ ਉਹਦਾ ਮਨ ਨਿਸ਼ਕ੍ਰਿਅ ਹੋ ਗਿਆ, ਇੰਦਰੀਆਂ ਦੀ ਖਿੱਚ ਮੁੱਕ ਗਈ, ਆਤਮਾ ਉਤੇ ਪਏ ਕਰਮ ਕਿਰਤ ਦੇ ਪਰਦੇ ਲੱਥ ਗਏ, ਤੇ ਉਹਨੂੰ ਆਪਣੀ, ਆਪਣੇ ਸਹੀ ਰੂਪ ਵਿਚ, ਆਤਮਾ ਵਜੋਂ, ਪਛਾਣ ਆ ਗਈ। ਇਸ ਪ੍ਰਕਾਰ ਦੀ ਸੋਝੀ ਆਉਣ ਤੋਂ ਅਗੋਂ ਜਦ ਆਤਮਾ, ਮੰਨ ਲਵੋ, ਹਾਥੀ ਦੇ ਜਾਮੇ ਵਿਚ ਕੈਦ ਹੋਇਆ ਕਰਦੀ ਸੀ ਤਾਂ ਸਮਝਦੀ ਸੀ ਮੈਂ ਇਕ ਦਿਉ-ਕੱਦ ਜਾਨਵਰ ਹਾਂ ਤੇ ਕੁਸ਼ਟੀ ਦਾ ਚੋਲਾ ਪਹਿਨਿਆ ਹੋਣ ਸਮੇਂ ਖ਼ੁਦ ਨੂੰ ਇਕ ਅਸਾਧ ਰੋਗ ਦਾ ਸ਼ਿਕਾਰ ਖ਼ਿਆਲ ਕਰਦੀ ਸੀ। ਤਿਰਬੈਣੀ ਦੀ ਹੱਦ ਤੋਂ ਪਾਰ ਹੋਣ ਉਪਰੰਤ ਉਸ ਨੂੰ ਏਹੋ ਜਿਹਾ ਕੋਈ ਭੁਲੇਖਾ ਨਹੀਂ ਰਹਿੰਦਾ। ਤੱਤਾਂ ਦੇ ਕਿਸੇ ਵੀ ਮਿਸ਼ਰਣ ਨਾਲ ਬਣੇ, ਸਥੂਲ, ਸੂਖਮ, ਕਾਰਣ, ਹਰ ਸ਼ਰੀਰ ਨਾਲ ਆਤਮਾ ਦੇ ਸਭ ਸੰਬੰਧ ਮੁੱਕ ਜਾਂਦੇ ਹਨ, ਤੇ ਸਾਰੇ ਬੰਧਨਾਂ ਤੋਂ ਮੁਕਤ ਉਹ ਐਉਂ ਮਹਿਸੂਸ ਕਰਦੀ ਹੈ ਜਿਵੇਂ ਅੰਨ੍ਹੀ ਗੁਫਾ ਵਿਚ ਤਾੜਿਆ ਕੋਈ ਪੰਛੀ ਆਪਣੇ ਪਿੰਜਰੇ ਦੀਆਂ ਸੀਖਾਂ ਤੋੜ ਕੇ ਖੁਲ੍ਹੇ ਨਿਰਮਲ ਆਕਾਸ਼ ਵਿਚ ਤਾਰੀਆਂ ਲਾ ਰਿਹਾ ਹੋਵੇ। ਆਪਣਾ ਧਿਆਨ ਨਿਰੰਤਰ ਜੀਅ ਤੇ ਜਾਨ ਨਾਲ ਸਤਿਗੁਰੂ ਦੇ ਸਰੂਪ ਵਿਚ ਜੋੜੀ ਆਤਮਾ ਅਗਲਾ ਕਦਮ ਪੁਟਦੀ ਹੈ ਤਾਂ 'ਸੋਹੰ ਹੰਸਾ' ਉਚਾਰਣ ਲਗਦੀ ਹੈ—'ਉਹ ਮੈਂ, ਮੈਂ ਉਹ' ਹੁਣ ਉਹਨੂੰ ਏਹੋ ਗਿਆਨ ਨਹੀਂ ਕਿ ਮੈਂ ਆਪਣੇ ਸ਼ਰੀਰ ਤੋਂ ਵਖਰੀ ਕੋਈ ਉੱਤਮ ਚੀਜ਼ ਹਾਂ, ਸਗੋਂ ਇਹ ਵੀ ਪਤਾ ਲੱਗ ਗਿਆ ਹੈ ਕਿ ਮੈਂ ਸਤਿਨਾਮ ਸਮੁੰਦਰ ਦੀ ਇਕ ਬੂੰਦ ਹਾਂ ਤੇ ਇਸ ਨਾਤੇ ਮੈਂ ਆਪ ਵੀ ਸਮੁੰਦਰ ਹਾਂ। ਅਗਾਧ ਪ੍ਰੇਮ ਤੇ ਆਧਾਰਿਤ ਉਹਦੀ ਅਤੀ ਪ੍ਰਸ਼ੰਸਨੀਯ ਲਿਵ ਉਵੇਂ ਹੁੰਦੀ ਹੈ ਜਿਵੇਂ ਇਕ ਸਾਧਾਰਨ ਬਾਸ ਪਰਮ ਸੁੰਦਰ ਸੁਗੰਧ ਵਿਚ ਸਮਾ ਕੇ ਉਸੇ ਦਾ ਰੂਪ ਧਾਰਨ ਕਰ ਲਵੇ। ਪਰਮੇਸ਼ਰ ਸੁੱਖਾਂ ਦਾ ਭੰਡਾਰ ਹੈ। ਜਗਿਆਸੂ ਆਤਮਾ ਦੀ ਜੁਗਾਂ ਜਨਮਾਂ ਤੋਂ ਦੁਖ ਭੋਗ ਰਹੀ ਇਕਾਈ ਉਸ ਵਿਚ ਲੀਨ ਹੋ ਕੇ ਆਪ ਵੀ ਸਦਾ ਲਈ ਸੁਖੀ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ-ਹਰੀ ਦੀ ਪ੍ਰੇਮਾ-ਭਗਤੀ ਦਾ ਸੁਖ-ਫਲ ਮਿਲਦਾ ਹੈ—ਦੇਹ ਤੋਂ ਬਿਦੇਹ ਹੋ ਕੇ ਪਰਮ ਪਦ ਨੂੰ ਪ੍ਰਾਪਤ ਹੋਣਾ :

ਚਰਨ ਕਵਲ ਮਕਰੰਦੁ ਰਸ ਹੋਇ ਭਵਰ ਲੈ ਵਾਸੁ ਲੁਭਾਵੈ।
ਇੜਾ ਪਿੰਗਲਾ ਸੁਖਮਨਾ ਲੰਘ ਤ੍ਰਿਬੈਣੀ ਨਿਜ ਘਰਿ ਆਵੈ।

Sri Satguru Jagjit Singh Ji eLibrary NamdhariElibrary@gmail.com

ਸਾਹਿ ਸਾਹਿ ਮਨ ਪਵਣ ਲਿਵ ਸੋਹੰ ਹੰਸਾ ਜਪੈ ਜਪਾਵੈ।
ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸ ਮਚਾਵੈ।
ਸੁਖ ਸਾਗਰ ਚਰਨਾਰਬਿੰਦ ਸੁਖ ਸੰਪਟ ਵਿਚਿ ਸਹਜਿ ਸਮਾਵੈ।
ਗੁਰਮੁਖ ਸੁਖ ਫਲ ਪਿਰਮ ਰਸੁ ਦੇਹ ਬਿਦੇਹ ਪਰਮੁ ਪਦੁ ਪਾਵੈ।
ਸਾਧ ਸੰਗਤ ਮਿਲ ਅਲਖ ਲਖਾਵੈ। (ਵ. 6, ਪੌ. 11)

### *ਸਿੱਖੀ ਗੁਰੂ ਦੀ ਦਾਤ*

ਜਿਹੜਾ ਬੱਚਾ ਬ੍ਰਾਹਮਣ ਪਿਤਾ ਦੇ ਘਰ ਪੈਦਾ ਹੁੰਦਾ ਹੈ ਉਹ ਇਸ ਪੈਦਾਇਸ਼ ਦੇ ਸੰਜੋਗ ਕਾਰਣ ਹੀ ਬ੍ਰਾਹਮਣ ਮੰਨਿਆ ਜਾਣ ਲਗ ਪੈਂਦਾ ਹੈ ਤੇ ਕਿਸੇ ਖੱਤਰੀ ਦੀ ਸੰਤਾਨ ਹੋਣ ਵਾਲਾ ਬਾਲ, ਖੱਤਰੀ। ਪਰ, ਉਸੇ ਭਾਂਤ ਕਿਸੇ ਡਾਕਟਰ ਦਾ ਪੁੱਤਰ ਡਾਕਟਰ ਜਾਂ ਇੰਜੀਨੀਅਰ ਦਾ ਪੁੱਤਰ ਇੰਜੀਨੀਅਰ ਨਹੀਂ ਬਣ ਜਾਂਦਾ। ਗੁਰ ਸਿੱਖੀ ਇਕ ਅਣਮੁੱਲੀ ਬਖਸ਼ਿਸ਼ ਹੈ, ਉਹ ਜਨਮ-ਜਾਤ ਜਾਂ ਵਿਰਾਸਤ ਦੁਆਰਾ ਪ੍ਰਾਪਤ ਹੋ ਜਾਣ ਵਾਲੀ ਵਸਤੂ ਨਹੀਂ। ਗੁਰ ਸਿੱਖੀ ਨੂੰ ਆਪਣੇ-ਆਪ ਵੀ ਅਖ਼ਤਿਆਰ ਨਹੀਂ ਕੀਤਾ ਜਾ ਸਕਦਾ, ਜਿਵੇਂ ਕਈ ਲੋਕ ਆਪਣਾ ਨਾਂ ਆਪ ਹੀ ਬਦਲ ਕੇ ਅਖ਼ਬਾਰ ਵਿਚ ਇਸ਼ਤਿਹਾਰ ਛਪਵਾ ਦਿੰਦੇ ਹਨ। ਸਾਂਝੀ ਪਹੀ ਦੀ ਡੌਲ ਤੇ ਉਗੀ ਝਾੜੀ ਦੇ ਬੇਰ ਨੂੰ ਕੋਈ ਵੀ ਕੋਲੋਂ ਲੰਘਦਾ ਰਾਹੀ ਤੋੜ ਕੇ ਮੂੰਹ ਪਾ ਲਵੇ। ਪਰ ਸਿੱਖੀ ਤਾਂ ਇਕ ਸੁਚੇਤ ਰੂਪ ਵਿਚ ਬਖਸ਼ਿਆ ਜਾਂਦਾ ਬੇਜੋੜ ਉਪਹਾਰ ਹੈ, ਇਹਦੇ ਲਈ ਸਤਿਗੁਰੂ ਦਾਤੇ ਦਾ ਦਇਆਲ ਹੋਣਾ ਜ਼ਰੂਰੀ ਹੁੰਦਾ ਹੈ ਤੇ ਆਪਣੀ ਦਇਆ ਨੂੰ ਦੀਖਿਆ ਦਾ ਅਮਲੀ ਰੂਪ ਦੇਣਾ ਵੀ :

ਸਤਿਗੁਰ ਤੁਠੇ ਪਾਈਐ ਸਾਧ ਸੰਗਤਿ ਗੁਰਮਤਿ ਗੁਰ ਸਿਖੀ।
(ਵ. 28, ਪੌ. 1)

ਗੁਰ ਦੀਖਿਆ ਲੈ ਸੋਇ ਸਿਖੁ ਸਦਾਇਆ। (ਵ. 3, ਪੌ. 11)

ਕਿਉਂਕਿ ਕਿਸੇ ਵਿਰਲੇ ਗੁਰੂ ਚਰਨੀਂ ਲੱਗੇ ਜਗਿਆਸੂ ਨੂੰ ਛੱਡ ਕੇ ਸਾਰਾ ਜਹਾਨ ਹੀ ਆਪਣੀ ਕੱਚੀ ਮਤਿ ਅਨੁਸਾਰ ਭਾਂਤ-ਭਾਂਤ ਦੀਆਂ ਗ਼ਲਤ ਸਾਧਨਾ-ਵਿਧੀਆਂ ਅਪਣਾ ਕੇ ਆਪਣਾ ਮਨੁੱਖੀ ਜਨਮ ਵਿਅਰਥ ਗਵਾ, ਖੋ ਰਿਹਾ ਹੈ, ਭਾਈ ਸਾਹਿਬ ਨੂੰ ਦੀਖਿਆ ਦੀ ਆਵੱਸ਼ਕਤਾ ਬਾਰ-ਬਾਰ ਦੁਹਰਾਉਣੀ ਪਈ। ਉਦਾਹਰਣ :

ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
(ਵ. 7, ਪੌ. 1)

ਗੁਰਸਿਖਿ ਲੈ ਗੁਰ ਸਿਖੁ ਸਦਾਇਆ। (ਵ. 11, ਪੌ. 3)

Sri Satguru Jagjit Singh Ji eLibrary NamdhariElibrary@gmail.com

ਗੁਰ ਸਿਖ ਲੈ ਗੁਰ ਸਿਖ ਹੋਇ ਸਾਧ ਸੰਗਤਿ ਜਗ ਅੰਦਰਿ ਜਾਣੀ।
(ਵ. 24, ਪੌ. 22)

ਗੁਰ ਸਿਖ ਸੁਣਿ ਗੁਰ ਸਿਖ ਹੁਇ ਮੁਰਦਾ ਹੋਇ ਮੁਰੀਦ ਸੁ ਕੋਈ।
(ਵ. 40, ਪੌ. 12)

ਜਿਵੇਂ, ਜੇ ਲਖਾਂ ਕਰੋੜਾਂ ਰੁਪਈਆਂ ਦੀ ਰਕਮ ਅੱਖਰਾਂ ਵਿਚ ਲਿਖ ਕੇ ਕਾਗਜ਼ ਜੇਬ ਵਿਚ ਪਾ ਲਿਆ ਜਾਵੇ ਤਾਂ ਉਹਦਾ ਰਤਾ ਜਿੰਨਾ ਲਾਭ ਨਹੀਂ ਹੁੰਦਾ, ਇਹਦੇ ਵਿਰੁੱਧ ਸੱਚਮੁਚ ਦੇ ਗਿਣਨ ਜੋਗੇ ਰੁਪਈਏ ਆਪਣੇ ਕੋਲ ਹੋਣ ਤਾਹੀਓਂ ਗੱਲ ਬਣਦੀ ਹੈ; ਜਿਵੇਂ, 'ਅੰਮ੍ਰਿਤ'; 'ਅੰਮ੍ਰਿਤ' ਮੂੰਹ ਤੋਂ ਉਚਾਰਿਆਂ ਕੱਖ ਕਾਜ ਨਹੀਂ ਸੌਰਦਾ ਪਰ 'ਅੰਮ੍ਰਿਤ' ਨੂੰ ਜ਼ਬਾਨ ਨਾਲ ਚਖ ਕੇ ਅਮਰ ਹੋ ਜਾਈਦਾ ਹੈ; ਜਿਵੇਂ, ਕਿਸੇ ਦੇ ਚੱਕਰਵਰਤੀ ਸਮਰਾਟ ਅਖਵਾਉਣ ਲਈ ਉਹਦਾ ਹਕੀਕਤ ਵਿਚ ਤਖ਼ਤ ਤੇ ਬੈਠਣਾ ਜ਼ਰੂਰੀ ਹੁੰਦਾ ਹੈ, ਉਹਦੇ ਕਿਸੇ ਸ਼ੁਭ ਇੱਛਕ ਦੀ ਫੋਕੀ ਅਸ਼ੀਰਵਾਦ ਉਹਦਾ ਹੁਕਮ ਚਲਵਾਉਣ ਵਿਚ ਸਹਾਈ ਨਹੀਂ ਹੁੰਦੀ; ਉਸੇ ਤਰ੍ਹਾਂ ਜਦ ਤਕ ਗੁਰੂ ਤੋਂ ਸ਼ਬਦ ਅਭਿਆਸ ਦੀ ਵਿਧੀ ਨਾ ਸਿੱਖ ਲਈ ਜਾਵੇ ਕਿਧਰੋਂ ਕੁਝ ਲਿਖਿਆ ਪੜ੍ਹ ਕੇ, ਜਾਂ ਕਿਸੇ ਦਾ ਕੁਝ ਆਖਿਆ ਸੁਣ ਕੇ ਗੁਰਮਤਿ ਦਾ ਗਿਆਨ ਨਹੀਂ ਹੁੰਦਾ :

ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ
ਜਾਨਤ ਸੁ ਸੂਮ ਹੁਇ ਜਾ ਕੈ ਗਨ ਰਾਖੀਐ।
ਅੰਮ੍ਰਿਤੁ ਅੰਮ੍ਰਿਤੁ ਕਹੈ ਪਾਈਐ ਨ ਅਮਰਪਦ
ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨ ਚਾਖੀਐ।
ਬੰਦੀ ਜਨ ਕੀ ਅਸੀਸ ਭੂਪਤ ਨ ਹੋਇ ਕੋਊ
ਸਿੰਘਾਸਨ ਬੈਠੇ ਜੈਸੇ ਚਕ੍ਰਵੈ ਨ ਭਾਖੀਐ।
ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰਮਤਿ
ਜਉ ਲਉ ਗੁਰ ਸ਼ਬਦ ਕੀ ਸੁ ਜੁਗਤਿ ਨ ਲਾਖੀਐ।
(ਕ. ਸ. 585)

ਜਿਵੇਂ, ਗੂੰਗਾ ਵਿਅਕਤੀ ਕੋਈ ਵੀ ਸੁਰ ਅਲਾਪਣ ਤੋਂ ਅਸਮਰੱਥ ਹੁੰਦਾ ਹੈ ਤੇ ਬੋਲਾ ਕੁਝ ਵੀ ਸੁਣਨ ਤੋਂ; ਜਿਵੇਂ ਨੇਤਰਹੀਣ ਨੂੰ ਆਪਣੇ ਘਰ ਦੀ ਵੀ ਪਛਾਣ ਨਹੀਂ ਆਉਂਦੀ, ਪਿੰਗਲੇ ਤੋਂ ਤੁਰ ਨਹੀਂ ਹੁੰਦਾ, ਲੂਲ੍ਹੇ ਕੋਲੋਂ ਉਠ ਕੇ ਗਲਵੱਕੜੀ ਨਹੀਂ ਪਾਈ ਜਾਂਦੀ, ਮਾਂ ਆਪਣੇ ਬਾਲ ਲਈ ਸੋਹਣਾ ਨਾਉਂ ਚੁਣ ਕੇ ਉਸ ਵਿਚ ਉਸ ਨਾਉਂ ਜਿਹੇ ਗੁਣ ਨਹੀਂ ਪੈਦਾ ਕਰ ਸਕਦੀ, ਤੁਛ ਟਟਹਿਣੇ ਤੋਂ ਸੂਰਜ ਜਿਹੇ ਪ੍ਰਕਾਸ਼ ਦੀ ਆਸ ਨਹੀਂ ਰਖੀ ਜਾਂਦੀ, ਓਵੇਂ ਪੂਰੇ ਗੁਰੂ ਬਿਨਾਂ ਸਿੱਖੀ

Sri Satguru Jagjit Singh Ji eLibrary NamdhariElibrary@gmail.com

ਦੀ ਉੱਚੀ-ਸੁੱਚੀ ਦਾਤ ਨਹੀਂ ਪ੍ਰਾਪਤ ਹੁੰਦੀ :

ਗੁੰਗਾ ਗਾਵਿ ਨ ਜਾਣਈ ਬੋਲਾ ਸੁਣੈ ਨ ਅੰਦਰਿ ਆਣੈ।
ਅੰਨ੍ਹੈ ਦਿਸ ਨ ਆਵਈ ਰਾਤਿ ਹਨ੍ਹੇਰੀ ਘਰੁ ਨ ਸਿਵਾਣੈ।
ਚਲਿ ਨ ਸਕੇ ਪਿੰਗੁਲਾ ਲੂਲਾ ਗਲਿ ਮਿਲਿ ਹੇਤੁ ਨ ਜਾਣੈ।
ਸੰਢਿ ਸਪੁਤੀ ਨ ਥੀਐ ਖੁਸਰੇ ਨਾਲਿ ਨ ਰਲੀਆ ਮਾਣੈ।
ਜਣਿ ਜਣਿ ਪੁਤਾ ਮਾਈਆ ਲਾਡਲੇ ਨਾਵ ਧਰੇਨਿ ਧਿਙਾਣੈ।
ਗੁਰਸਿਖੀ ਸਤਿਗੁਰੂ ਵਿਣੁ ਸੂਰਜੁ ਜੋਤਿ ਨ ਹੋਇ ਟਟਾਣੈ।
ਸਾਧ ਸੰਗਤ ਗੁਰ ਸ਼ਬਦ ਵਖਾਣੈ।

(ਵ. 28, ਪੌ. 21)

*ਖੰਡੇਧਾਰ ਰਾਹ*

ਗੁਰ ਸਿੱਖੀ ਦਾ ਮਾਰਗ ਮਰ ਜਿਊੜਿਆਂ ਦਾ ਮਾਰਗ ਹੈ। ਉਹਦੇ ਤੇ ਚੱਲਣਾ ਉਤਨਾ ਹੀ ਕਠਿਨ ਹੈ ਜਿੰਨਾ ਖੰਡੇ ਜਿਹੇ ਹਥਿਆਰ ਦੀ ਤੇਜ਼ ਤੇ ਵਾਲ ਜਿਹੀ ਬਾਰੀਕ ਧਾਰ ਤੇ ਤੁਰਨਾ। ਜਿਸ ਰਾਹ ਵੱਲ ਮੱਛਰਾਂ, ਕੀੜੀਆਂ ਸਮਾਨ ਹਲਕੇ ਫੁਲਕੇ ਇਨਸਾਨ ਕਦਮ ਪੁੱਟਣ ਦੀ ਜੁੱਰਤ ਨਾ ਕਰਨ, ਉਹਦੇ ਤੇ ਉਹ ਕੀ ਚੱਲੇਗਾ ਜਿਹਨੇ ਸਿਰ ਤੇ ਵਾਸ਼ਨਾਵਾਂ ਦੀ ਮਣਾਂ ਮੂੰਹੀਂ ਬੋਝਲ ਪੰਡ ਵੀ ਚੁੱਕੀ ਹੋਵੇ। ਜਿਹੜਾ ਕੋਈ ਕੋਹਲੂ ਵਿਚ ਪਾਈ ਤਿਲਾਂ ਦੀ ਘਾਣੀ ਜਿਉਂ ਪੀੜੇ ਜਾਣ ਲਈ ਤਿਆਰ ਹੋਵੇ, ਓਹੀਓ ਏਧਰ ਮੂੰਹ ਕਰੇ :

ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ[1] ਚਲਿ ਨ ਸਕੈ ਉਪਰਿ ਕੀੜੀ।

(ਵ. 11, ਪੌ. 5)

ਜਿਵੇਂ ਪਤੰਗਾ ਦੀਵੇ ਨੂੰ ਇਕ ਵਾਰ ਦੇਖ ਲਵੇ ਫੇਰ ਵਾਪਸ ਨਹੀਂ ਆਉਂਦਾ, ਉਹਨੂੰ ਸਿੱਧਾ ਗਲਵੱਕੜੀ ਪਾ ਕੇ ਮਿਲਦਾ ਹੈ ਤੇ ਜਲ ਮਰਦਾ ਹੈ, ਓਵੇਂ ਜੋ ਸਿੱਖ ਸਤਿਗੁਰੂ ਦੇ ਦਰਸ਼ਨ ਪਾ ਕੇ ਉਸ ਤੋਂ ਕੁਰਬਾਨ ਨਾ ਹੋ ਜਾਇ ਤਾਂ ਜਾਣ ਲਓ ਉਹ ਪ੍ਰੇਮ ਮਾਰਗ ਦੀ ਸਾਰ-ਸਮਝ ਤੋਂ ਕੋਰਾ ਹੈ ਤੇ ਗੁਰ ਸਿੱਖ ਅਖਵਾਉਣ ਦਾ ਅਧਿਕਾਰੀ ਨਹੀਂ। ਹਿਰਨ ਘੰਡੇਹੇੜੇ ਦਾ ਸੰਗੀਤ ਸੁਣਦੇ ਹੀ ਆਪਣਾ ਸ਼ਿਕਾਰ ਕਰਨ ਆਏ ਹਤਿਆਰੇ ਦੇ ਪੈਰਾਂ ਵਿਚ ਜਾ ਡਿਗਦਾ ਹੈ। ਉਸੇ ਭਾਂਤ ਜੇ ਕੋਈ ਸਿੱਖ ਆਪਣੇ ਗੁਰੂ ਦੀ ਦਇਆ ਨਾਲ ਅਨਹਦ ਸ਼ਬਦ ਦੀ ਧੁਨੀ ਦਾ ਰਸ ਮਾਨਣ ਹਿੱਤ ਆਪਣਾ ਸਰਬਸ ਗੁਰੂ ਤੋਂ ਵਾਰ ਦੇਣ ਤੋਂ ਸੰਕੋਚ ਕਰੇ ਉਹ ਆਪਣੇ ਜੰਮਣ ਨੂੰ ਹੀ ਲਾਜ ਲਵਾਉਂਦਾ ਹੈ। ਜਿਹੜਾ ਜਗਿਆਸੂ ਵਿਸ਼ਵਾਸ਼ ਤੋਂ ਹੀਣਾ ਹੈ ਤੇ ਗੁਰੂ ਦਾ ਗੋਲਾ

1. ਮੱਛਰ

Sri Satguru Jagjit Singh Ji eLibrary NamdhariElibrary@gmail.com

ਬਣ ਕੇ ਉਹਦੇ ਚਰਨਾਮ੍ਰਿਤ ਲਈ ਪਪੀਹੇ ਦੀ ਸਵਾਂਤ ਬੂੰਦ ਵਾਂਗ ਨਹੀਂ ਤੜਪਦਾ ਉਹ ਖ਼ੁਦ ਹੀ ਆਪਣੀ ਹਾਸੀ ਉਡਾਉਂਦਾ ਹੈ। ਸੱਚਾ ਸਿੱਖ ਆਪਣੇ ਗੁਰੂ ਨੂੰ ਸਤਿ ਪੁਰਸ਼ ਦਾ ਰੂਪ ਜਾਣ ਕੇ ਉਸ ਦਾ ਧਿਆਨ ਧਰਦਾ ਹੈ, ਉਸ ਤੋਂ ਉਪਦੇਸ਼ ਲੈਣ ਉਪ੍ਰੰਤ ਕਿਸੇ ਹੋਰ ਗਿਆਨ ਲਈ ਨਹੀਂ ਭਟਕਦਾ ਫਿਰਦਾ, ਤੇ ਗੁਰੂ ਨਾਲ ਉਹੋ ਜਿਹੀ ਹੀ ਪ੍ਰੀਤ ਪਾਲਦਾ ਹੈ ਜੇਹੀ ਮੱਛੀ ਜਲ ਨਾਲ। ਜਦ ਤਕ ਜਲ ਦੀ ਬੁੱਕਲ ਮਿਲੀ ਰਹੀ, ਉਹਨੂੰ ਕਿਸੇ ਹੋਰ ਸੁਖ ਆਨੰਦ ਦੀ ਕਾਮਨਾ ਨਹੀਂ ਹੁੰਦੀ, ਬੁੱਕਲ ਖੁੱਸ ਗਈ ਤਾਂ ਝੱਟ ਪ੍ਰਾਣ ਤਿਆਗ ਦਿੱਤੇ :

ਦਰਸ਼ਨ ਦੀਪ ਦੇਖਿ ਹੋਇ ਨ ਮਿਲੈ ਪਤੰਗੁ
ਪਰਚਾ[1] ਬਿਹੂਨ ਗੁਰ ਸਿਖ ਨ ਕਹਾਵਈ।
ਸੁਨਤਿ ਸਬਦ ਧੁਨਿ ਹੋਇ ਨਾ ਮਿਲਤ ਮ੍ਰਿਗ
ਸ਼ਬਦ ਸੁਰਤਿ ਹੀਨ ਜਨਮ ਲਜਾਵਈ।
ਗੁਰ ਚਰਨਾਮ੍ਰਿਤ ਕੈ ਚਾਤ੍ਰਿਕ ਨ ਹੋਇ ਮਿਲੈ
ਰਿਦੈ ਨ ਬਿਸ੍ਵਾਸੁ ਗੁਰ ਦਾਸ ਹੁਇ ਨ ਹਸਾਵਈ।
ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ
ਏਕ ਟੇਕ ਸਿਖ ਜਲ ਮੀਨ ਹੁਇ ਦਿਖਾਵਈ।

(ਕ. ਸ. 551)

ਓਪਰੀ ਨਜ਼ਰ ਨੂੰ ਗੁਰ ਸਿੱਖੀ ਅਲੂਣੀ ਸਿਲ ਚੱਟਣ ਜੇਹੀ ਨੀਰਸ ਪ੍ਰਤੀਤ ਹੁੰਦੀ ਹੈ ਪਰ ਹਕੀਕਤ ਵਿਚ ਜੇ ਇਖ ਕੀ ਅੰਮ੍ਰਿਤ ਨੂੰ ਵੀ ਉਹਦੇ ਯਥਾਰਥਕ ਸੁਆਦ ਨਾਲੋਂ ਲੱਖ ਗੁਣਾਂ ਬਹੁਤਾ ਮਿੱਠਾ ਮੰਨ ਲਿਆ ਜਾਵੇ ਤਾਂ ਵੀ ਉਹ ਗੁਰ ਸਿੱਖ ਨੂੰ ਪ੍ਰਾਪਤ ਹੁੰਦੇ ਆਨੰਦ ਦੀ ਤੁਲਨਾ ਵਿਚ ਨਹੀਂ ਖੜ੍ਹੇ ਸਕੇਗਾ।

ਸਿਲ ਅਲੂਣੀ ਚਟਣੀ ਤੁਲਿ ਨ ਲਖ ਅਮਿਉ ਰਸ ਇੱਖੀ।

(ਵ. 28, ਪੌ. 1)

### *ਮਨਮੁਖ*

ਬੇਮੁਖ ਜਾਂ ਮਨਮੁਖ ਉਸ ਵਿਅਕਤੀ ਨੂੰ ਆਖਿਆ ਜਾਂਦਾ ਹੈ ਜਿਹੜਾ ਰੱਬ ਨੂੰ ਭੁਲਾਈ ਬੈਠਾ ਹੋਵੇ। ਇਸ ਅਭਾਗੇ ਜੀਵ ਦੀ ਸਥਿਤੀ ਉਸ ਬਾਂਦਰ ਜਿਹੀ ਹੁੰਦੀ ਹੈ, ਜਿਹਦੇ ਗਲ ਬਹੁਮੁੱਲੇ ਰਤਨਾਂ ਦੀ ਮਾਲਾ ਪਹਿਨਾ ਦਿੱਤੀ ਜਾਵੇ ਤੇ ਉਹ ਉਸ ਨੂੰ ਬੇਕਾਰ ਦਾ ਬੋਝ ਸਮਝ ਕੇ ਵਗਾਹ ਸੁੱਟੇ, ਜਾਂ ਉਸ ਕੜਛੀ ਜਿਹੀ ਜਿਹੜੀ ਵਧ ਤੋਂ ਵਧ ਸੁਆਦੀ ਭੋਜਨ ਵਿਚ ਘੁੰਮਦੀ ਰਹਿਣ ਤੇ ਵੀ ਉਸ ਨੂੰ

1. ਜਾਣ-ਪਛਾਣ

Sri Satguru Jagjit Singh Ji eLibrary NamdhariElibrary@gmail.com

ਚੱਖਣ ਤੋਂ ਵਾਂਝੀ ਰਹਿ ਜਾਂਦੀ ਹੈ। ਓਹੋ ਹਾਲ ਮੇਂਡਕ ਦਾ ਹੁੰਦਾ ਹੈ, ਜਿਹੜਾ ਚਿੱਕੜ ਵਿਚ ਆਪਣੀਆਂ ਅੱਖਾਂ ਸਾਹਮਣੇ ਖਿੜੇ ਕੰਵਲ ਦੀ ਸੁੰਦਰਤਾ ਨੂੰ ਮਾਣ ਨਹੀਂ ਪਾਉਂਦਾ, ਜਾਂ ਫੇਰ ਮਿਰਗ ਦਾ ਜਿਸ ਦੀ ਨਾਭੀ ਵਿਚ ਮਹਿਕਦੀ ਕਸਤੂਰੀ ਉਹਨੂੰ ਭਟਕਾਉਂਦੀ ਹੀ ਹੈ, ਉਹਦਾ ਸਵਾਰਦੀ ਕੁਝ ਨਹੀਂ। ਗੁੱਜਰ ਦੀਆਂ ਪਾਲੀਆਂ, ਗਊਆਂ ਉਹਦੇ ਲਈ ਦੁੱਧ ਜਿਹਾ ਪਦਾਰਥ ਹਾਜ਼ਰ ਕਰਦੀਆਂ ਹਨ, ਪਰ ਉਹ ਬੇਕਦਰਾ ਉਸ ਨੂੰ ਵੇਚ ਕੇ ਪਸ਼ੂਆਂ ਦੇ ਖਾਣ ਲਈ ਖਲ ਤੇ ਬੂਰਾ-ਸੂੜ੍ਹਾ ਖ਼ਰੀਦ ਲਿਆਉਂਦਾ ਹੈ। ਬੇਮੁਖ ਆਪਣੀ ਉਮਰ ਦੇ ਅਣਮੁੱਲੇ ਵਰ੍ਹੇ ਫਜ਼ੂਲ ਦੇ ਧੰਦਿਆਂ ਵਿਚ ਗਾਲ ਛਡਦਾ ਹੈ, ਤੇ ਅੰਤ ਜਮਾਂ ਦੇ ਵੱਸ ਪੈ ਕੇ ਸਜ਼ਾਵਾਂ ਭੁਗਤਦਾ ਹੈ :

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
ਕੜਛੀ ਸਾਉ ਨ ਸੰਮਲੈ ਭੋਜਨ ਰਸ ਖਾਣੈ।
ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।
ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
ਗੁਜਰੁ ਗੋਰਸ ਵੇਚ ਕੈ ਖਲ ਸੂਹੜੀ ਆਣੈ।
ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ।

(ਵ. 34, ਪੌ. 4)

ਜੇ ਕੀੜੀ ਚਾਹੇ ਮੈਂ ਹਾਥੀ ਨੂੰ ਆਪਣੇ ਪੇਟ ਵਿਚ ਸਮੇਟ ਲਵਾਂ, ਉਹ ਅਜਿਹਾ ਕਰ ਨਹੀਂ ਸਕੇਗੀ, ਨਾ ਬੇਹਦ ਬੋਝਲ ਪਹਾੜ ਨੂੰ ਆਪਣੇ ਮੋਢਿਆਂ ਤੇ ਚੁੱਕ ਲੈਣਾ ਭਰਿੰਗੀ (ਘਰੀਣ) ਕੀੜੇ ਦੇ ਵੱਸ ਦਾ ਰੋਗ ਹੈ। ਭਾਵੇਂ ਕਿ ਡੰਗ ਮਾਰਨਾ ਮੱਛਰ ਨੂੰ ਵੀ ਆਉਂਦਾ ਹੈ, ਉਹ ਆਪਣੀ ਨਿਗੂਣੀ ਜ਼ਹਿਰ ਨਾਲ ਮਹਾਨ ਬਾਸਕ ਨਾਗ ਦੀ ਹੱਤਿਆ ਨਹੀਂ ਕਰ ਸਕਦਾ, ਤੇ ਮੱਕੜੀ ਦਾ ਲੱਕ ਬੇਸ਼ੱਕ ਕਿੰਨਾ ਵੀ ਪਤਲਾ ਹੋਵੇ ਉਹਦੇ ਕੋਲੋਂ ਬਸ ਅਜਿਹੇ ਲੱਕ ਦਾ ਹੀ ਸਦਕਾ ਅੰਤਾਂ ਦੇ ਛੋਹਲੇ ਚਿੱਤੇ ਦੀ ਬਰਾਬਰੀ ਨਹੀਂ ਹੁੰਦੀ। ਕਹਿਣ ਨੂੰ ਤਾਂ ਉਲੂ ਦੇ ਵੀ ਖੰਭ ਹੁੰਦੇ ਹਨ ਤੇ ਉਹ ਉਹਨਾਂ ਨੂੰ ਵਰਤਣਾ ਵੀ ਜਾਣਦਾ ਹੈ, ਫੇਰ ਵੀ ਉਹ ਉਕਾਬ ਜਾਂ ਗਰੜ ਵਾਂਗ ਆਕਾਸ਼ ਦੀਆਂ ਉਚਾਈਆਂ ਤੱਕ ਉਡਾਰੀ ਨਹੀਂ ਮਾਰ ਸਕਦਾ, ਤੇ ਲੱਖ ਜਤਨ ਕਰ ਲੈਣ ਦੇ ਬਾਵਜੂਦ ਕਿਸੇ ਚੂਹੇ ਤੋਂ ਸਮੁੰਦਰ ਪਾਰ ਨਹੀਂ ਪਹੁੰਚਿਆ ਜਾਂਦਾ। ਪਰਮੇਸ਼ਰ ਜ਼ਰੂਰ ਪ੍ਰੇਮ-ਸਰੂਪ ਹੈ ਪਰ ਹਮੇਸ਼ਾ ਨਿਜੀ ਸੁਆਰਥ ਵਿਚ ਲਿਪਤ ਰਹਿਣ ਵਾਲਾ ਮਨਮੁਖ ਕੀ ਜਾਣੇ ਕਿ ਉਹਦੇ ਨਾਲ ਮਿਲਾਪ ਕਿਵੇਂ ਕਰੀਦਾ ਹੈ। ਉਹਦੇ ਲਈ ਤਾਂ ਪ੍ਰਭੂ ਅਗੰਮ, ਅਗਾਧ ਹੀ ਰਹਿੰਦਾ

Sri Satguru Jagjit Singh Ji eLibrary NamdhariElibrary@gmail.com

ਹੈ, ਜਦ ਕਿ ਗੁਰਮੁਖ ਉਹਦੇ ਨਾਲ ਐਉਂ ਮਿਲ ਜਾਂਦਾ ਹੈ, ਇਕ ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ ਦੀ ਬੂੰਦ ਮਹਾਸਾਗਰ ਵਿਚ ਸਮਾ ਕੇ :

ਚੀਟੀ ਕੇ ਉਦਰ ਬਿਖੈ ਹਸਤੀ ਸਮਾਇ ਕੈਸੇ
ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ।
ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ
ਮਕਰੀ ਨ ਚੀਤੈ ਜੀਤੈ ਸਰਿ ਨ ਪੁਜਾਵਈ।
ਤਮਚਰ[1] ਉਡਤ ਨ ਪਹੁਚੈ ਆਕਾਸ਼ ਪਾਸ
ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ।
ਤੈਸੇ ਪ੍ਰਿਆ ਪ੍ਰੇਮ ਨੇਮ ਅਗਮ ਅਗਾਧਿ ਬੋਧਿ
ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ।

(ਕ. ਸ. 41-75)

ਗੁਰ ਉਪਦੇਸ਼ ਤੋਂ ਵਿਹੂਣੇ ਕਿਸੇ ਸਾਧਕ ਦੀ ਗਾਉਣ, ਵਜਾਉਣ ਜਾਂ ਭਾਸ਼ਣ ਦੇਣ ਦੀ ਮੁਹਾਰਤ ਜਾਂ ਚਤੁਰਾਈ ਅਸਲੋਂ ਵਿਅਰਥ ਹੁੰਦੀ ਹੈ। ਉਹਦੇ ਅਜਿਹਾ ਕਰਨ ਤੇ ਓਪਰੀ ਨਜ਼ਰ ਨੂੰ ਭੁਲੇਖਾ ਲੱਗ ਸਕਦਾ ਹੈ ਕਿ ਉਹ ਵਿਅਕਤੀ ਬੜਾ ਗੁਣਵਾਨ ਹੈ, ਪਰ ਉਕਤ ਭਾਂਤ ਦੀ ਪ੍ਰਾਪਤੀ ਓਵੇਂ ਹੈ ਜਿਵੇਂ ਮਾਲਾ ਵਿਚ ਸੁਮੇਰ ਨਾਉਂ ਦਾ ਮਣਕਾ ਉਸ ਦਾ ਮੁਖ ਮਣਕਾ ਹੋਣ ਦੇ ਬਾਵਜੂਦ ਗਿਣਤੀ ਵਿਚ ਸ਼ੁਮਾਰ ਨਹੀਂ ਹੁੰਦਾ, ਸਿੰਮਲ ਦਾ ਬਿਰਛ ਦਿਸਣ ਵਿਚ ਅਤਿ ਪ੍ਰਭਾਵਸ਼ਾਲੀ ਹੋਣ ਤੇ ਵੀ ਸਦਾ ਫਲ ਤੋਂ ਸੱਖਣਾ ਰਹਿੰਦਾ ਹੈ, ਤੇ ਆਕਾਸ਼ ਵਿਚ ਦੂਰ ਉਚਾ ਉਡਣ ਵਾਲੀ ਚੀਲ੍ਹ ਮੋਏ ਜੀਵਾਂ ਦੇ ਪਿੰਜਰ ਹੀ ਦੇਖ ਪਾਉਂਦੀ ਹੈ :

ਜੈਸੇ ਮਾਲਾ ਮੇਰੁ ਪੋਈਅਤੁ ਸਭ ਊਪਰ ਕੈ
ਸਿਮਰਨ ਸੰਖਿਆ ਮੈ ਨ ਆਵਤ ਬਡਾਈ ਕੈ।
ਜੈਸੇ ਬਿਰਖਨ ਬਿਖੈ ਪੇਖੀਐ ਸੇਬਲ ਊਚੋ
ਨਿਹਫਲ ਭਇਓ ਸੋਊ ਅਤਿ ਅਧਿਕਾਈ ਕੈ।
ਜੈਸੇ ਚੀਲ ਪੰਛਿਨ ਮੈ ਉਡਤ ਅਕਾਸ ਚਾਰੀ
ਹੇਰੈ ਮ੍ਰਿਤ ਪਿੰਜਰਨ ਊਚੇ ਮਤੁ ਪਾਈ ਕੈ।
ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ
ਗੁਰ ਉਪਦੇਸ਼ ਬਿਨਾਂ ਧ੍ਰਿਗ ਚਤੁਰਾਈ ਕੈ।

(ਕ. ਸ. 631)

---

1. ਉਲੂ।

Sri Satguru Jagjit Singh Ji eLibrary NamdhariElibrary@gmail.com

# ਸਤਿ-ਸੰਗਤ

ਜਿਵੇਂ ਦਿੱਲੀ ਤੋਂ ਲੰਦਨ ਪਹੁੰਚਣ ਲਈ ਰਾਹ ਵਿਚ ਕਿਤੇ ਨਾ ਰੁਕਣ ਵਾਲਾ ਹਵਾਈ ਜਹਾਜ਼ ਮਿਲ ਸਕਦਾ ਹੈ, ਉਸ ਤਰ੍ਹਾਂ ਕਿਸੇ ਧਰਤੀ ਤੇ ਖੜੋਤੇ ਜਗਿਆਸੂ ਦੇ ਨਿਜ-ਘਰ ਪਹੁੰਚਣ ਲਈ ਕੋਈ ਪੜਾ-ਰਹਿਤ ਰਸਤਾ ਨਹੀਂ। ਉਹਨੂੰ ਪਹਿਲਾਂ ਸੰਗਤ ਲੱਭਣੀ ਪੈਂਦੀ ਹੈ, ਸੰਗਤ ਵਿਚ ਸਤਿਗੁਰੂ ਮਿਲਦਾ ਹੈ, ਤੇ ਸਤਿਗੁਰੂ ਦੀ ਦਇਆ ਨਾਲ ਪਰਮ ਪਦ ਤਕ ਰਸਾਈ ਹੁੰਦੀ ਹੈ। ਇਸ ਭਾਂਤ ਦੀ ਸੰਗਤ ਸਤਿ-ਸੰਗਤ ਅਖਵਾਉਂਦੀ ਹੈ, ਸੰਗਤ ਜਿਸ ਵਿਚ ਸਤਪੁਰਸ਼ ਦਾ ਨਿਵਾਸ ਹੋਵੇ (ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ। ਮ: 4, ਅ. ਗ. ਪੰ. 94) ਸਾਧ ਸੰਗਤ ਵਿਚ ਸਾਧ ਦਾ ਭਾਵ ਕੋਈ ਚਿੱਟੇ ਜਾਂ ਭਗਵੇਂ ਬਸਤਰਾਂ ਵਾਲਾ ਭੇਖੀ ਨਹੀਂ, ਪ੍ਰਭੂ ਦਾ ਰੂਪ ਸੰਤ-ਸਤਿਗੁਰੂ, ਉਹ ਜਿਹਦੇ ਬਾਰੇ ਕਿਹਾ ਗਿਆ ਹੈ :

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ।
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ।

(ਮ: 5, ਅ. ਗ. ਪੰ. 320)

ਉਹ ਜਿਹਦਾ ਮਿਲਾਪ ਛਿਨਾਂ-ਪਲਾਂ ਵਿਚ ਹੀ ਤਾਰ ਦੇਵੇ :

ਸਾਧ ਸੰਗਤਿ ਖਿਨ ਮਾਹਿ ਉਧਾਰੇ।

(ਮ: 5, ਅ. ਗ. ਪੰ. 103)

ਕੋਈ ਵੀ, ਐਸੇ ਵੈਸੇ, ਬੰਦਿਆਂ ਦੇ ਜੁੜ ਬੈਠਣ ਨਾਲ ਸੰਗਤ ਨਹੀਂ ਬਣ ਜਾਂਦੀ; ਉਹਦੇ ਲਈ ਸਤਿਗੁਰੂ ਦਾ ਮੌਜੂਦ ਹੋਣਾ ਜ਼ਰੂਰੀ ਹੈ—ਸਤਿਗੁਰ ਬਾਝਹੁ ਸੰਗਤਿ ਨ ਹੋਈ। (ਮ: 3, ਅ. ਗ. ਪੰ. 1068)।

ਭਾਈ ਗੁਰਦਾਸ ਸਾਧ ਸੰਗਤ ਦਾ ਸਚਖੰਡ ਹੋਣਾ ਬਿਆਨ ਕਰਦੇ ਹਨ ਕਿਉਂਕਿ ਉਸ ਵਿਚ ਅਕਾਲ ਪੁਰਖ ਦੇ ਪਰਤੱਖ ਰੂਪ, ਸਤਿਗੁਰੂ ਬਿਰਾਜਦੇ ਹਨ :

ਸਾਧ ਸੰਗਤਿ ਸਚੁਖੰਡ ਵਿਚ ਸਤਿਗੁਰ ਪੁਰਖੁ ਵਸੈ ਨਿਰੰਕਾਰਾ।

(ਵ. 6, ਪੌ. 4)

ਭਾਵੇਂ ਕਿ ਨਿਰੰਕਾਰ ਰਮਿਆ ਹੋਇਆ ਤਾਂ ਸ੍ਰਿਸ਼ਟੀ ਦੇ ਕਣ-ਕਣ ਵਿਚ ਹੈ ਪਰ ਸਤਿ-ਸੰਗਤ ਵਿਚ ਤਾਂ ਉਹਨੂੰ ਸੰਸਾਰੀ ਅੱਖਾਂ ਵੀ ਦੇਖ ਲੈਂਦੀਆਂ ਹਨ :



Sri Satguru Jagjit Singh Ji eLibrary NamdhariElibrary@gmail.com

ਆਪੇ ਆਪਿ ਵਰਤਦਾ ਸਤਿਸੰਗਿ ਵਿਸੇਖੈ[1]। (ਵ. 2, ਪੌ. 1)

ਇਸ ਸਚਖੰਡ ਨੂੰ ਸਤਿਗੁਰੂ ਆਪਣੇ ਸ਼ਬਦ-ਉਪਦੇਸ਼ ਦੁਆਰਾ ਆਬਾਦ ਕਰਦੇ ਹਨ :

ਸਾਧ ਸੰਗਤ ਸਚੁਖੰਡ ਹੈ ਨਿਰੰਕਾਰ ਗੁਰੁ ਸਬਦ ਵਸਾਇਆ।
(ਵ. 39, ਪੌ. 13)

*ਸਾਧ ਸੰਗਤ ਦੀ ਅਵੱਸ਼ਕਤਾ*

ਬੜੇ ਲੋਕ ਇਸ ਗ਼ਲਤ ਫ਼ਹਿਮੀ ਦਾ ਸ਼ਿਕਾਰ ਹਨ ਕਿ ਜੇਕਰ ਸਮਾਜ ਦੇ ਚੰਗੇ ਸ਼ਹਿਰੀ, ਨੇਕ ਰੁਕਨ ਵਜੋਂ ਵਕਤ ਗੁਜ਼ਾਰ ਲਿਆ ਜਾਵੇ ਤਾਂ ਉਧਾਰ ਆਪਣੇ ਆਪ ਹੋ ਜਾਂਦਾ ਹੈ, ਉਹਦੇ ਲਈ ਕਿਸੇ ਹੋਰ ਤਰੱਦਦ ਦੀ ਲੋੜ ਨਹੀਂ ਪੈਂਦੀ। ਉਹਨਾਂ ਦੀ ਦਲੀਲ ਹੁੰਦੀ ਹੈ, ਜੇ ਕੱਪੜਾ ਮੈਲਾ ਹੀ ਨਾ ਹੋਣ ਦਿੱਤਾ ਜਾਵੇ ਤਾਂ ਉਹ ਧੋਬੀ ਕੋਲ ਕਾਹਦੇ ਲਈ ਭੇਜਣਾ ਹੋਇਆ। ਪਰ ਅਜਿਹਾ ਸੋਚਦੇ ਉਹ ਭੁੱਲ ਜਾਂਦੇ ਹਨ ਕਿ ਸਾਡੇ ਕੋਲੋਂ ਕਿੰਨੇ ਹੀ ਕਰਮ ਬਿਨਾਂ ਸੋਚੇ ਚਿਤਵੇ ਹੁੰਦੇ ਰਹਿੰਦੇ ਹਨ। ਇਸ ਤੋਂ ਬਿਨਾਂ ਅਸੀਂ ਉਹਨਾਂ ਕਰਮਾਂ ਦਾ ਬਦਲਾ ਵੀ ਚੁਕਾਉਣਾ ਹੁੰਦਾ ਹੈ ਜਿਹੜੇ ਅਸੀਂ ਅਨੇਕ-ਅਨੇਕ ਪਿਛਲੇ ਜਨਮਾਂ ਵਿਚ ਕਰ ਬੈਠੇ ਹੁੰਦੇ ਹਾਂ, ਤੇ ਜਿਹਨਾਂ ਦਾ ਹਿਸਾਬ ਸਾਡੀ ਗਿਆਤ ਵਿਚ ਨਹੀਂ ਹੁੰਦਾ। ਤਦੇ ਹੋਰ ਗੱਲਾਂ ਵਿਚ ਭਾਵੇਂ ਕੋਈ ਕਿੰਨਾਂ ਹੀ ਚੰਗਾ, ਚੰਗਿਆਂ ਤੋਂ ਚੰਗਾ ਪਿਆ ਪ੍ਰਤੀਤ ਹੋਵੇ, ਜੇਕਰ ਉਹ ਸੰਤ-ਸਤਿਗੁਰੂ ਦੀ ਸੰਗਤ ਵਿਚ ਦਿਸ਼ਾ ਪ੍ਰਾਪਤ ਕਰਕੇ ਸ਼ਬਦ ਦੀ ਕਮਾਈ ਨਹੀਂ ਕਰੇਗਾ ਉਹਦਾ ਪਾਰ-ਉਤਾਰਾ ਹਰਗਿਜ਼ ਨਹੀਂ ਹੋਣ ਲੱਗਾ :

ਸਾਧ ਸੰਗਤਿ ਗੁਰ ਸ਼ਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
(ਵ. 5, ਪੌ. 7)

ਤਥਾ :

ਸਾਧ ਸੰਗਤਿ ਗੁਰ ਸਬਦ ਵਿਣੁ ਮਰਿ ਮਰਿ ਜੰਮਨਿ ਦਈ[2] ਵਿਗੋਏ[3]।

*ਸੰਗਤ ਦਾ ਪ੍ਰਭਾਵ*

ਪਾਰਾ ਠੀਕ ਤਰ੍ਹਾਂ ਮਾਰਿਆ ਨਾ ਜਾ ਸਕੇ ਤਾਂ ਉਹ ਘਾਤਕ ਜ਼ਹਿਰ ਦਾ ਕੰਮ ਕਰਦਾ ਹੈ, ਉਹਦੇ ਖਾਧਿਆਂ ਬੜੀਆਂ ਖ਼ਤਰਨਾਕ ਬੀਮਾਰੀਆਂ ਚੰਮੜ ਜਾਂਦੀਆਂ ਹਨ। ਪਰ ਜੇ ਉਹਦਾ ਕੁਸ਼ਤਾ ਸਾਵਧਾਨੀ ਨਾਲ ਵਿਧੀਵਤ ਤਿਆਰ ਕੀਤਾ ਗਿਆ ਹੋਵੇ ਤਾਂ ਉਹ ਕਈ ਜਟਿਲ ਰੋਗਾਂ ਦੇ ਇਲਾਜ ਲਈ ਅਕਸੀਰ ਸਿੱਧ ਹੁੰਦਾ

1. ਖਾਸ ਕਰਕੇ 2. ਵਾਹਿਗੁਰੂ 3. ਭੁੱਲੇ।

Sri Satguru Jagjit Singh Ji eLibrary NamdhariElibrary@gmail.com

ਹੈ। ਇਹ ਪਾਰਾ ਸੋਨੇ ਨੂੰ ਸੋਧ ਲੈਣ ਜਾਂ ਕਹੋ ਖਾ ਜਾਣ ਦੇ ਸਮਰੱਥ ਹੈ, ਤੇ ਤਾਂਬੇ ਨੂੰ ਸੋਨੇ ਵਿਚ ਤਬਦੀਲ ਕਰਨ ਦੇ ਵੀ। ਆਪਣੀ ਸਾਧਾਰਣ ਅਵਸਥਾ ਵਿਚ ਉਹ ਏਨਾ ਚੰਚਲ ਹੁੰਦਾ ਹੈ ਕਿ ਫੜਨ ਲਗਿਆਂ ਹੱਥਾਂ ਦੇ ਕਾਬੂ ਨਹੀਂ ਆਉਂਦਾ ਪਰ ਜੇ ਠੀਕ ਜੁਗਤੀ ਦੁਆਰਾ ਉਹਨੂੰ ਮਾਰ ਕੇ ਗੋਲੀ ਦਾ ਰੂਪ ਦੇ ਲਿਆ ਜਾਵੇ ਤਾਂ ਉਹ ਮੁੱਲਵਾਨ ਬਣ ਕੇ ਸਤਕਾਰਿਆ ਜਾਂਦਾ ਹੈ। ਪਾਰੇ ਵਾਂਗ ਚੰਗੀ ਮਾੜੀ ਸੰਗਤ ਕਿਸੇ ਇਨਸਾਨ ਨੂੰ ਉਚੀ ਤੋਂ ਉਚੀ ਅਧਿਕਾਰ-ਪੂਰਨ ਪਦਵੀ ਤੇ ਪਹੁੰਚਾ ਦਿੰਦੀ ਹੈ, ਜਾਂ ਜ਼ਿੱਲਤ ਦੇ ਡੂੰਘੇ ਤੋਂ ਡੂੰਘੇ ਖੱਡੇ ਵਿਚ ਵੀ ਸੁੱਟ ਦਿੰਦੀ ਹੈ :

ਸੋਈ ਪਾਰੋ ਖਾਤ ਗਾਤ[1] ਬਿਬਿਧਿ ਬਿਕਾਰ ਹੋਤ
ਸੋਈ ਪਾਰੋ ਖਾਤ ਗਾਤ ਹੋਤ ਉਪਚਾਰ ਹੈ।
ਸੋਈ ਪਾਰੋ ਪਰਸਤ ਕੰਚਨਹਿ ਸੋਖ ਲੇਤ
ਸੋਈ ਪਾਰੋ ਪਰਸ ਤਾਂਬੇ ਕਨਿਕ[2] ਧਾਰਿ ਹੈ।
ਸੋਈ ਪਾਰੋ ਅਗਹੁ ਨ ਹਾਥਨ ਕੈ ਗਹਿਓ ਜਾਇ
ਸੋਈ ਪਾਰੋ ਗੁਟਕਾ[3] ਹੁਇ ਸਿਧ ਨਮਸਕਾਰ ਹੈ।
ਮਾਨਸ ਜਨਮ ਪਾਇ ਜੈਸੀਐ ਸੰਗਤਿ ਮਿਲੈ
ਤੈਸੀ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ।

(ਕ. ਸ. 469)

ਸੰਗਤ ਚੰਗੀ ਹੋਵੇ ਜਾਂ ਮੰਦੀ, ਉਹ ਆਪਣਾ ਪ੍ਰਭਾਵ ਪਾਏ ਬਿਨਾਂ ਨਹੀਂ ਰਹਿੰਦੀ। ਚਿੱਟਾ ਬਸਤਰ ਜੇਹੋ ਜਿਹੇ ਕਾਲੇ ਪੀਲੇ, ਨੀਲੇ, ਸੁਰਖ ਰੰਗ ਵਿਚ ਡੋਬਿਆ ਜਾਵੇ, ਉਹ ਓਹੋ ਜਿਹਾ ਹੀ ਹੋ ਜਾਂਦਾ ਹੈ, ਉਹਦੇ ਤਾਣੇ ਪੇਟੇ ਦੀ ਇਕ ਇਕ ਤਾਰ ਉਹੀ ਰੰਗ ਧਾਰ ਲੈਂਦੀ ਹੈ। ਕਾਗਜ਼ ਮੈਲੀਆਂ ਕੁਚੈਲੀਆਂ ਲੀਰਾਂ ਗਾਲ, ਕੁੱਟ ਕੇ ਬਣਾਇਆ ਜਾਂਦਾ ਹੈ ਪਰ ਜਦ ਉਸ ਉਤੇ ਪ੍ਰਭੂ ਦੀ ਕਥਾ ਅੰਕਿਤ ਹੋ ਜਾਵੇ ਉਹਨੂੰ ਮੋਖਸ਼ਕਾਰੀ ਮੰਨ ਕੇ ਉਸਦੀ ਪੂਜਾ ਹੋਣ ਲੱਗ ਪੈਂਦੀ ਹੈ। ਜਿਵੇਂ-ਜਿਵੇਂ ਹੁਨਾਲ, ਸਿਆਲ ਤੇ ਬਰਖਾ ਦੀਆਂ ਰੁੱਤਾਂ ਬਦਲ-ਬਦਲ ਕੇ ਆਉਂਦੀਆਂ ਹਨ, ਉਹਨਾਂ ਦੇ ਅਨੁਕੂਲ ਹੀ ਦਿਨ ਤੇ ਰਾਤਾਂ ਛੋਟੇ-ਵੱਡੇ ਪ੍ਰਤੀਤ ਹੋਣ ਲੱਗ ਪੈਂਦੇ ਹਨ। ਹਵਾ ਜੇ ਖੁਸ਼ਬੂਦਾਰ ਫੁੱਲਾਂ ਉੱਤੋਂ ਲੰਘ ਕੇ ਆਵੇ ਤਾਂ ਉਹਨਾਂ ਵਾਂਗ ਹੀ ਸੁਗੰਧਿਤ ਹੋ ਜਾਂਦੀ ਹੈ ਤੇ ਗੰਦਗੀ ਦੇ ਢੇਰ ਨੂੰ ਸਪਰਸ਼ ਕਰ ਕੇ ਆਈ ਬਦਬੂਦਾਰ। ਉਹੋ ਹਾਲ ਪੌਣ ਜਿਹੇ ਚੰਚਲ ਤੇ ਚਪਲ ਮਨ ਦਾ ਹੁੰਦਾ ਹੈ। ਜਿਸ ਪ੍ਰਕਾਰ ਦੀ ਸੰਗਤ, ਉਹੀ ਜਿਹੀ ਹੀ ਉਹਦੀ ਰੰਗਤ :

---

1. ਸ਼ਰੀਰ 2. ਸੋਨਾ 3. ਗੋਲੀ।

Sri Satguru Jagjit Singh Ji eLibrary NamdhariElibrary@gmail.com

ਜੈਸੇ ਜੈਸੇ ਰੰਗ ਸੰਗ ਮਿਲਤ ਸੇਤਾਂਬਰ[1] ਹੁਇ
ਤੈਸੋ ਤੈਸੋ ਰੰਗ ਅੰਗ ਅੰਗ ਲਪਟਾਇ ਹੈ।
ਭਗਵਤ ਕਥਾ ਅਰਾਧਨ ਕਉ ਧਾਰਨੀਕ[2]
ਲਿਖਿਤ ਕ੍ਰਿਤਾਸ[3] ਪੱਤਰ ਬੰਧ ਮੋਖਦਾਇ ਹੈ।
ਸੀਤ ਗ੍ਰੀਖਮਾਦਿ[4] ਬਰਖਾ ਤ੍ਰਿਬਿਧ ਬਰਖ ਮੈ
ਨਿਸਿ ਦਿਨ ਹੋਇ ਲਘੁ ਦੀਰਘੁ ਦਿਖਾਇ ਹੈ।
ਤੈਸੇ ਚਿਤ ਚੰਚਲ ਚਪਲ ਪਉਨ ਗਉਨ ਗਤਿ
ਸੰਗਤ ਸੁਗੰਧ ਬਿਰਗੰਧ ਪ੍ਰਗਟਾਇ ਹੈ।

(ਕ. ਸ. 156)

*ਸਾਧ ਸੰਗਤ ਦਾ ਪ੍ਰਤਾਪ*

ਜਦੋਂ ਖੰਡ, ਘਿਓ, ਆਟਾ, ਪਾਣੀ ਤੇ ਅਗਨੀ ਦਾ ਸੁਮੇਲ ਹੁੰਦਾ ਹੈ ਤਾਂ ਪੰਚਾਮ੍ਰਿਤ ਨਾਮ ਦਾ ਇਕ ਉਤਮ ਪਦਾਰਥ (ਕੜਾਹ) ਹੋਂਦ ਵਿਚ ਆਉਂਦਾ ਹੈ; ਕਸਤੂਰੀ, ਗੋਰੋਚਨ, ਚੰਦਨ ਦਾ ਚੋਆ, ਕੇਸਰ ਜਿਹੀਆਂ ਕੁਝ ਵਸਤਾਂ ਮਿਲਣ ਤੇ ਅਰਗਜਾ ਅਖਵਾਉਂਦੀ ਵਧੀਆ ਸੁਗੰਧੀ ਦਾ ਜਨਮ ਹੁੰਦਾ ਹੈ; ਵਖ ਵਖ ਚਾਰ ਰੰਗਾਂ ਵਾਲੇ ਪਾਨ, ਚੂਨਾ, ਕੱਥਾ ਤੇ ਸੁਪਾਰੀ ਇਕੱਠੀ ਹੋ ਕੇ ਆਪਣੇ ਮੁੱਢਲੇ ਵਰਣ ਨੂੰ ਮਿਟਾ ਦਿੰਦੇ ਹਨ ਤਾਂ ਉਹ ਇਕ ਹੋਰ ਹੀ ਅਤਿ ਸੁੰਦਰ ਰੰਗ ਧਾਰ ਲੈਂਦੇ ਹਨ; ਉਸੇ ਤਰ੍ਹਾਂ ਸੰਗਤ ਵਿਚ ਪੂਰਨ ਬ੍ਰਹਮ ਦੇ ਪਰਤੱਖ ਰੂਪ ਸਤਿਗੁਰੂ ਦਾ ਨਿਵਾਸ ਹੋਣ ਸਦਕਾ ਜਿਹੜੇ ਲੋਕ ਉਸ ਸੰਗਤ ਵਿਚ ਸ਼ਾਮਲ ਹੁੰਦੇ ਹਨ, ਉਹ ਪਹਿਲੇ ਜਿਹੇ ਸਾਧਾਰਨ ਮਨੁੱਖ ਨਹੀਂ ਰਹਿੰਦੇ, ਸਗੋਂ ਸਤਿਸੰਗੀ, ਗੁਰ-ਸਿੱਖ ਦੀ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ :

ਖਾਂਡ ਘ੍ਰਿਤ ਚੂਨ[5] ਜਲ ਪਾਵਕ ਇਕਤ੍ਰ ਭਏ
ਪੰਚ ਮਿਲੇ ਪ੍ਰਗਟ ਪੰਚਾਮ੍ਰਿਤ[6] ਪ੍ਰਗਾਸ ਹੈ।
ਮ੍ਰਿਗਮਦ[7] ਗਉਰਾ[8] ਚੋਆ ਚੰਦਨ ਕੁਸਮ ਦਲ
ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ।
ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ
ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ।

---

1. ਚਿੱਟਾ ਬਸਤਰ 2. ਧਾਰਨ ਕਰਨ ਵਾਲਾ 3. ਕਾਗਜ਼ 4. ਗਰਮੀ ਦੀ ਰੁੱਤ 5. ਆਟਾ 6. ਕੜਾਹ 7. ਕਸਤੂਰੀ 8. ਗੋਰੋਚਨ।

Sri Satguru Jagjit Singh Ji eLibrary NamdhariElibrary@gmail.com

ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ
ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ।
(ਕ. ਸ. 124)

ਸਾਧ ਸੰਗਤ ਵਿਚ ਸ਼ਾਮਲ ਹੋਣ ਨਾਲ ਗੁਰੂ ਦੀ ਦਇਆ ਸਦਕਾ ਗੁਰੂ ਦੀ ਸਿਖਿਆ ਸਿਖ ਦੇ ਦਿਲ ਵਿਚ ਘਰ ਕਰ ਜਾਂਦੀ ਹੈ ਤੇ ਉਹਦੇ ਅੰਦਰ ਦੁਨਿਆਵੀ ਵਿਸ਼ਿਆਂ ਸੁਆਦਾਂ ਦੀ ਕਾਮਨਾ ਦੀ ਬਜਾਇ ਪ੍ਰਭੂ ਦਾ ਪ੍ਰੇਮ ਆ ਸਮਾਉਂਦਾ ਹੈ :

ਸਾਧ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ
ਗੁਰਮਤਿ ਪਰਉਪਕਾਰ ਕੈ ਨਿਵਾਸ ਹੈ।
(ਕ. ਸ. 127)

ਜਿਵੇਂ ਚੰਦਨ ਦੇ ਬਿਰਛ ਦੀ ਨਿਕਟਤਾ ਕਿਸੇ ਮਾਮੂਲੀ ਦਰਖ਼ਤ ਨੂੰ ਉਸੇ ਜਿਹਾ ਖ਼ੁਸ਼ਬੂਦਾਰ ਬਣਾ ਦਿੰਦੀ ਹੈ ਓਵੇਂ ਸਤਿਸੰਗਤ ਨਾਲ ਜੁੜੇ ਸਿੱਖ ਵਿਚ ਗੁਰੂ ਜਿਹੇ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ :

ਸਾਧ ਸੰਗਤਿ ਚੰਨਣ ਬਿਰਖੁ ਮਿਲਿ ਚੰਨਣ ਹੋਈ।
(ਵ. 9, ਪੌ. 12)

### *ਇਕ ਘੜੀ ਦੀ ਸੰਗਤ*

ਭਾਵੇਂ ਕਿ ਮਨੁੱਖ ਜਨਮ ਮਿਲਿਆ ਪ੍ਰਭੂ ਦੀ ਖੋਜ ਵਿਚ ਬਿਤਾਉਣ ਲਈ ਹੀ ਹੈ ਤੇ ਬਹੁਤ ਅਕਸਰ ਇਹਦਾ ਇਕ-ਇਕ ਸਵਾਸ ਉਸੇ ਲੇਖੇ ਲਾਉਣ ਦਾ ਉਪਦੇਸ਼ ਵੀ ਕੀਤਾ ਜਾਂਦਾ ਹੈ, ਪਰ ਉਕਤ ਖੋਜ ਵਲੋਂ ਇਸ ਲਈ ਨਿਰਾਸ਼ ਨਹੀਂ ਹੋ ਜਾਣਾ ਚਾਹੀਦਾ ਕਿ ਆਪਣੀ ਤੇ ਪਰਿਵਾਰ ਦੀ ਉਦਰ ਪੂਰਤੀ ਦੀਆਂ ਮਜਬੂਰੀਆਂ ਤੇ ਜ਼ਿੰਦਗੀ ਦੇ ਹੋਰ ਅਨੇਕ ਝਮੇਲੇ ਕਿਸੇ ਸਾਧਨਾ, ਆਰਾਧਨਾ ਲਈ ਵਕਤ ਨਹੀਂ ਛੱਡਦੇ। ਅਜਿਹੇ ਕੰਮ-ਰੁੱਝੇ ਦੁਨੀਆਦਾਰਾਂ ਦੇ ਲਾਭ ਹਿਤ ਕਬੀਰ ਸਾਹਿਬ ਨੇ ਕਿਹਾ ਸੀ :

ਕਬੀਰ ਏਕ ਘੜੀ ਆਧੀ ਘੜੀ ਆਧੀ ਹੂੰ ਤੇ ਆਧ।
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।
(ਆ. ਗ. ਪੰ. 1377)

ਓਹੀਓ ਵਿਚਾਰ ਭਾਈ ਸਾਹਿਬ ਨੇ ਆਪਣੀ ਕਲਾਪੂਰਨ ਸ਼ੈਲੀ ਵਿਚ ਇੰਝ ਪ੍ਰਗਟ ਕੀਤਾ ਹੈ :

ਜੈਸੇ ਬੋਝ ਭਰੀ ਨਾਵ ਆਂਗੁਰੀ ਦੁਇ ਬਾਹਰਿ ਹੁਇ
ਪਾਰਿ ਪਰੈ ਪੂਰ ਸਬੈ ਕੁਸਲ[1] ਬਿਹਾਤ ਹੈ।

---

1. ਖ਼ੁਸ਼ ਹੁੰਦੇ ਹਨ

Sri Satguru Jagjit Singh Ji eLibrary NamdhariElibrary@gmail.com

ਜੈਸੇ ਏਕਾਹਾਰੀ ਏਕ ਘਰੀ ਪਾਕਸ਼ਾਲਾ ਬੈਠਿ
ਭੋਜਨ ਕੈ ਬਿੰਜਨਾਦਿ ਸਵਾਦਿ ਕੈ ਅਘਾਤ[1] ਹੈ।
ਜੈਸੇ ਰਾਜ ਦੁਆਰ ਜਾਇ ਕਰਤ ਜੁਹਾਰ[2] ਜਨ
ਏਕ ਘਰੀ ਪਾਛੈ ਦੇਸ਼ ਭੋਗਤਾ ਹੁਇ ਖਾਤ ਹੈ।
ਆਠ ਹੀ ਪਹਰ ਸਾਠ ਘਰੀ ਮੈ ਜਉ ਏਕ ਘਰੀ
ਸਾਧ ਸਮਾਗਮੁ ਕਰੇ ਘਰ ਜਾਤ ਹੈ।

(ਕ. ਸ. 310)

ਦਰਿਆ ਵਿਚ ਉਤਾਰੀ ਕਿਸ਼ਤੀ ਸਵਾਰੀਆਂ ਨਾਲ ਭਰੀ ਹੁੰਦੀ ਹੈ, ਉਸ ਵਿਚ ਕਿੰਨਾ ਸਾਰਾ ਮਾਲ ਅਸਬਾਬ ਵੀ ਲੱਦਿਆ ਹੁੰਦਾ ਹੈ ਤੇ ਤਾਂ ਵੀ ਬੱਸ ਦੋ ਕੁ ਉਂਗਲਾਂ ਪਾਣੀ ਤੋਂ ਉਪਰ ਹੋਣ ਕਾਰਣ ਉਹ ਆਪਣੇ ਪੂਰ ਨੂੰ ਸਹੀ ਸਲਾਮਤ ਪਾਰ ਪਹੁੰਚਾ ਦਿੰਦੀ ਹੈ; ਏਕਾਹਾਰੀ (ਦਿਨ ਵਿਚ ਇਕ ਵਾਰ ਹੀ ਭੋਜਨ ਕਰਨ ਵਾਲੇ) ਲੋਕ ਕੁਝ ਹੀ ਮਿੰਟ ਰਸੋਈ ਵਿਚ ਗੁਜ਼ਾਰਦੇ ਹਨ ਤੇ ਉਤਨੇ ਚਿਰ ਵਿਚ ਹੀ ਉਹ ਆਪਣੀ ਜੀਭ ਤੇ ਪੇਟ ਦੋਹਾਂ ਨੂੰ ਤ੍ਰਿਪਤ ਕਰ ਲੈਂਦੇ ਹਨ; ਰਾਜ ਦਰਬਾਰ ਵਿਚ ਰੋਜ਼ ਹਾਜ਼ਰ ਹੋ ਕੇ ਆਪਣਾ ਸਤਕਾਰ ਪ੍ਰਗਟ ਕਰਨ ਲਈ ਚੱਕਰ ਮਾਰ ਆਉਣ ਵਾਲੇ ਵਿਅਕਤੀਆਂ ਨੂੰ ਜਗੀਰਾਂ ਬਖਸ਼ ਦਿੱਤੀਆਂ ਜਾਂਦੀਆਂ ਹਨ ਤੇ ਫੇਰ ਉਹ ਉਹਨਾਂ ਦੇ ਸਿਰ ਤੇ ਉਮਰਾਂ ਪ੍ਰਯੰਤ ਖਾਂਦੇ, ਪਹਿਨਦੇ, ਮੌਜਾਂ ਮਾਣਦੇ ਰਹਿੰਦੇ ਹਨ—ਓਵੇਂ ਸੰਤਾਂ ਦੀ ਸੰਗਤ ਵਿਚ ਦਿਨ ਦੀਆਂ ਚੌਂਹਠਾਂ ਵਿਚੋਂ ਇਕ ਘੜੀ ਉਹਨਾਂ ਦੇ ਦਰਸ਼ਨ ਕਰਕੇ, ਬਚਨ ਸੁਣ ਕੇ ਸ਼ਰਧਾਵਾਨ ਸਤਸੰਗੀ ਦੇ ਨਿਜ ਘਰ ਪਹੁੰਚਣ ਦਾ ਵਸੀਲਾ ਬਣ ਜਾਂਦਾ ਹੈ।

### *ਸੰਗਤ ਦੀ ਸੇਵਾ*

ਜਿਵੇਂ ਰੂੜੀਆਂ ਦੇ ਗੰਦ ਵਿਚ ਜ਼ਹਿਰੀਲੀਆਂ ਖੁੰਬਾਂ ਉਗਦੀਆਂ ਹਨ, ਓਵੇਂ ਮੈਲੇ ਮਨਾਂ ਵਿਚ ਵਿਕਾਰਾਂ ਦੇ ਫੁਰਨੇ। ਜੇਕਰ ਅਧਿਆਤਮ ਗਿਆਨ ਦਾ ਦੁੱਧ ਚਿੱਟਾ ਤੇ ਸੁਗੰਧਿਤ ਮੋਤੀਏ ਜਿਹਾ ਫੁੱਲ ਉਗਾਉਣਾ ਹੋਵੇ ਤਾ ਹਿਰਦੇ ਦੀ ਭੋਇੰ ਨਿਸ਼ਕਾਮ ਸੇਵਾ ਜੇਹੇ ਕਰਮਾਂ ਨਾਲ ਗੁੱਡਣੀ, ਸਵਾਰਨੀ ਜ਼ਰੂਰੀ ਹੈ।

ਸਤਿਗੁਰੂ ਦੀ ਸੇਵਾ ਤਾਂ ਖ਼ੁਦ ਪਰਮੇਸ਼ਰ ਦੀ ਸੇਵਾ ਹੁੰਦੀ ਹੀ ਹੈ, ਉਹਦੀ ਸੰਗਤ ਦੀ ਸੇਵਾ ਤੋਂ ਵੀ ਬੜੇ ਵਡਮੁੱਲੇ ਫਲ ਪ੍ਰਾਪਤ ਹੁੰਦੇ ਹਨ। ਇਸ ਸੰਦਰਭ ਵਿਚ 'ਸੇਵਾ ਫਲ' ਦੇ ਸ਼ੀਰਸ਼ਕ ਅਧੀਨ ਭਾਈ ਸਾਹਿਬ ਲਿਖਦੇ ਹਨ :

---

2. ਰੱਜ ਜਾਂਦਾ ਹੈ 3. ਡੰਡੌਤ ਬੰਦਨਾ।

Sri Satguru Jagjit Singh Ji eLibrary NamdhariElibrary@gmail.com

ਇੰਦਰਪੁਰੀ ਲਖ ਰਾਜ ਨੀਰ ਭਰਾਵਣੀ।
ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।
ਰਿਧਿ ਸਿਧ ਨਿਧ ਲਖ ਚੁਲਿ ਝੁਕਾਵਣੀ।

(ਵ. 14, ਪੌ. 18)

ਸੰਗਤ ਦਾ ਪਾਣੀ ਭਰਨਾ ਲਖ ਇੰਦਰ ਪੁਰੀਆਂ ਤੇ ਰਾਜ ਕਰਨ ਸਮਾਨ ਹੈ, ਉਹਦਾ ਆਟਾ ਪੀਹਣਾ ਲੱਖਾਂ ਸਵਰਗਾਂ ਦਾ ਅਨੰਦ ਮਾਣਨ ਤੋਂ ਘੱਟ ਨਹੀਂ ; ਤੇ ਉਹਦਾ ਚੁਲ੍ਹਾ ਝੋਕਣ ਨਾਲ ਲੱਖਾਂ ਰਿਧੀਆਂ, ਸਿਧੀਆਂ, ਨਿਧੀਆਂ ਦਾ ਲਾਭ ਹਾਸਲ ਹੋ ਜਾਂਦਾ ਹੈ।

*ਕੁਸੰਗਤ*

ਖਾਧੀ ਪੀਤੀ ਜ਼ਹਿਰ ਕਈ ਵਾਰ ਕਿਸੇ ਨਾ ਕਿਸੇ ਕਾਰਣੋਂ ਬੇਅਸਰ ਰਹਿ ਜਾਂਦੀ ਹੈ ਪਰ ਮਾੜੀ ਸੰਗਤ ਆਪਣਾ ਵਿਨਾਸ਼ਕਾਰੀ ਰੰਗ ਵਖਾਉਣ ਤੋਂ ਨਹੀਂ ਚੁਕਦੀ। ਇਸ ਲਈ ਮਹਾਂਪੁਰਸ਼ ਸਦਾ ਹੀ ਇਸ ਤੋਂ ਬਚਣ ਦੀ ਤਾਕੀਦ ਕਰਦੇ ਆਏ ਹਨ, ਜਿਵੇਂ ਕਬੀਰ ਸਾਹਿਬ ਨੇ ਕਿਹਾ ਸੀ :

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।

(ਅ. ਗ. ਪੰ. 1371)

ਇਸ ਪਰਥਾਇ ਭਾਈ ਸਾਹਿਬ ਲਿਖਦੇ ਹਨ :

ਛਤ੍ਰਿ ਕੇ ਬਦਲੇ ਜੈਸੇ ਬੈਠੇ ਛਤਨਾ[1] ਕੀ ਛਾਹਿ[2]
ਹੀਰਾ ਅਮੋਲਕ ਬਦਲੇ ਕਟਕੁ ਕਉ ਪਾਈਐ।
ਜੈਸੇ ਮਨਿ[3] ਕੰਚਨ ਕੇ ਬਦਲੇ ਕਾਚੁ[4] ਗੁੰਜਾ[5] ਕੋ ਫਲੁ
ਕਾਂਬਰੀ[6] ਪਟੰਬਰ[7] ਕੇ ਬਦਲੇ ਉਢਾਈਐ।
ਅੰਮ੍ਰਿਤ ਮਿਸਟਾਨ ਪਾਨ ਕੇ ਬਦਲੇ ਕਰੀ[8] ਫਲ
ਕੇਸਰ ਕਪੂਰ ਜਿਉ ਕਚੂਰ ਲੈ ਲਗਾਈਐ।
ਭੇਟਤ ਅਸਾਧ[9] ਸੁਖ ਸੁਕ੍ਰਿਤ[10] ਸੂਖਮ[11] ਹੋਤ
ਸਾਗਰ ਅਥਾਹੁ ਜੈਸੇ ਬੇਲੀ ਮੈ ਸਮਾਈਐ।

(ਕ. ਸ. 389)

ਜਿਵੇਂ ਕੋਈ ਬੇਸਮਝ ਰਾਜ ਛਤਰ ਦੀ ਛਾਂ ਤੋਂ ਉਦਾਸੀਨ ਹੋ ਕੇ ਪੱਦਬਹੇੜੇ ਹੇਠ ਜਾ ਬੈਠਣਾ ਲੋਚੇ ; ਜਾਂ ਆਪਣਾ ਅਣਮੁੱਲਾ ਹੀਰਾ ਬਲੌਰ ਦੀ ਟੁਕੜੀ ਨਾਲ

1. ਪੱਦ-ਬਹੇੜਾ 2. ਛਾਵੇਂ 3. ਮਣੀ 4. ਕੱਚ 5. ਰੱਤਕਾਂ 6. ਕੰਬਲੀ 7. ਰੇਸ਼ਮ 8. ਕਰੀਰ 9. ਸਾਕਤ 10. ਪੁੰਨ 11. ਘਟ ਅਸਰ ਵਾਲੇ।

Sri Satguru Jagjit Singh Ji eLibrary NamdhariElibrary@gmail.com

ਵਟਾ ਲਵੇ, ਜਾਂ ਫੇਰ ਮਾਣਕ ਦੀ ਥਾਂ ਕੰਚ, ਸੋਨਾ ਉਤਾਰ ਕੇ ਰੱਤਕਾਂ, ਰੇਸ਼ਮੀ ਚਾਦਰ ਦੀ ਬਜਾਇ ਖਰ੍ਹਵੀ ਕੰਬਲੀ ਪਹਿਨ ਲਵੇ ; ਅੰਬ, ਅੰਗੂਰ ਜਿਹੇ ਵਧੀਆ ਫਲ ਛੱਡ ਕੇ ਪੇਂਝੂ ਖਾਣੇ ਸ਼ੁਰੂ ਕਰ ਦੇਵੇ, ਤੇ ਕੇਸਰ, ਮੁਸ਼ਕ ਕਾਫੂਰ ਨੂੰ ਤਿਆਗ ਕੇ ਕਚੂਰ ਪਿੰਡੇ ਤੇ ਪੋਚ ਲਵੇ; ਓਵੇਂ ਭੈੜੇ ਲੋਕਾਂ ਦੀ ਸੰਗਤ ਦੇ ਪਰਿਣਾਮ ਸਰੂਪ ਕਿਸੇ ਵੀ ਵਿਅਕਤੀ ਦੀ ਸ਼ੁਭ ਕਰਮ ਕਰਨ ਦੀ ਰੁਚੀ ਜਵਾਬ ਦੇ ਜਾਂਦੀ ਹੈ, ਪ੍ਰਾਪਤ ਸੁਖ-ਸਾਧਨ ਪ੍ਰਭਾਵ-ਹੀਨ ਹੋ ਜਾਂਦੇ ਹਨ, ਇਸ ਹੱਦ ਤਕ, ਜਾਣੋਂ ਕਿਸੇ ਬੇਥਾਹ ਸਮੁੰਦਰ ਦਾ ਪਾਣੀ ਸੁੱਕ ਕੇ ਬੱਸ ਇਕ ਕਟੋਰੀ ਭਰਨ ਜੋਗਾ ਹੀ ਰਹਿ ਗਿਆ ਹੋਵੇ।

ਭੈੜੀ ਸੰਗਤ ਸੰਬੰਧੀ ਕਬੀਰ ਸਾਹਿਬ ਦੀ ਨਸੀਹਤ ਅਸੀਂ ਵਿਚਾਰ ਚੁੱਕੇ ਹਾਂ- ਦੂਰਹਿ ਜਾਈਐ ਭਾਗਿ। ਕਿੰਨਾ ਕੁ ਦੂਰ ? ਗੁਰੂ ਰਾਮਦਾਸ ਜੀ ਅਨੁਸਾਰ :

ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ।
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਥਿ ਦੀਜੈ।

(ਅ. ਗ., ਪੰ. 1323)

ਲੱਖ ਕੋਹਾਂ ਦਾ ਫਾਸਲਾ। ਧਰਤੀ ਦਾ ਪੂਰਾ ਘੇਰਾ ਹੀ ਪੱਚੀ ਹਜ਼ਾਰ ਮੀਲ ਤੋਂ ਵੱਧ ਨਹੀਂ ਗੁਰੂ ਸਾਹਿਬ ਦਾ ਮਤਲਬ ਬਣਿਆ, ਸਾਕਤ ਦੇ ਕਰੀਬ ਕਦਾਚਿਤ ਨਾ ਫਟਕੋ। ਉਹਦੀ ਗੱਲ ਨਾ ਸੁਣੋ, ਉਹਦੀ ਸ਼ਕਲ ਨਾ ਦੇਖੋ, ਉਹਦੇ ਨਾਲ ਕੋਈ ਵਾਸਤਾ ਨਾ ਰਖੋ। ਭਾਈ ਗੁਰਦਾਸ ਉਕਤ ਹੁਕਮ ਦੇ ਸਪਸ਼ਟੀਕਰਣ ਵਜੋਂ ਦਸਦੇ ਹਨ, ਉਹਦੇ ਨਾਲ ਦੋਸਤੀ ਪਾਉਣੀ ਤਾਂ ਬੁਰੀ ਹੈ ਹੀ ਹੈ, ਦੁਸ਼ਮਣੀ ਦਾ ਰਿਸ਼ਤਾ ਵੀ ਨਹੀਂ ਰੱਖਣਾ ਚਾਹੀਦਾ :

ਕੋਇਲਾ ਸੀਤਲ ਕਰ[1] ਕਰਤਿ ਸਿਆਮ ਗਹੈ
ਪਰਸਿ ਤਪਤ ਪਰ ਦਗਧ ਕਰਤਿ ਹੈ।
ਕੂਕਰ ਕੇ ਚਾਟਤ ਕਲੇਵਰਹਿ[2] ਲਾਗੈ ਛੋਤਿ
ਕਾਟਤ ਸਰੀਰ ਪੀਰ ਧੀਰ ਨ ਧਰਤਿ ਹੈ।
ਫੂਟਤ ਜਿਉ ਗਾਗਰ ਪਰਤਿ ਹੀ ਪਖਾਨ[3] ਪਰਿ
ਪਾਹਨ[4] ਪਰਤਿ ਪੁਨਿ ਗਾਗਰਿ ਹਰਤ[5] ਹੈ।
ਤੈਸੇ ਹੀ ਅਸਾਧ ਸੰਗਿ ਪ੍ਰੀਤ ਹੂੰ ਬਿਰੋਧ ਬੁਰੋ
ਲੋਕ ਪਰਲੋਕ ਦੁਖ ਦੋਖ ਨ ਟਰਤਿ ਹੈ।

(ਕ. ਸ. 388)

---

1. ਹੱਥ. 2. ਸ਼ਰੀਰ 3. ਪੱਥਰ 4. ਪੱਥਰ 5. ਟੁੱਟ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

ਜੇ ਉਹਨੂੰ ਛੋਹਣ ਸਮੇਂ ਕੋਲਾ ਠੰਢਾ ਹੋਵੇ ਤਾਂ ਹੱਥ ਨੂੰ ਕਾਲਖ ਲਗ ਜਾਂਦੀ ਹੈ, ਤਪਦਾ ਹੋਵੇ ਫੇਰ ਤਾਂ ਉਹਨੇ ਸਾੜ ਹੀ ਦੇਣਾ ਹੋਇਆ, ਕੁੱਤਾ ਪਿਆਰ-ਵਸ ਚਟਦਾ ਹੈ ਤਾਂ ਸ਼ਰੀਰ ਨੂੰ ਗੰਦਾ ਕਰ ਦਿੰਦਾ ਹੈ, ਤੇ ਜੇ ਕ੍ਰੋਧ ਵਿਚ ਪਾੜ ਖਾਵੇ ਤਾਂ ਪੀੜ ਝੱਲਣੀ ਅਸੰਭਵ ਹੋ ਜਾਵੇਗੀ; ਜਦੋਂ ਗਾਗਰ ਆਪ ਪੱਥਰ ਤੇ ਡਿਗਦੀ ਹੈ ਉਹਨੂੰ ਚਿੱਬ ਪੈ ਜਾਂਦੇ ਹਨ, ਦੂਜੇ ਵੰਨੇ ਉਹਦੇ ਉੱਤੇ ਪੱਥਰ ਦਾ ਆਘਾਤ ਹੋਣ ਦੀ ਸੂਰਤ ਵਿਚ ਵੀ ਨੁਕਸਾਨ ਗਾਗਰ ਦਾ ਹੀ ਹੋਵੇਗਾ; ਉਸੇ ਪ੍ਰਕਾਰ ਜੇ ਭੈੜੇ ਬੰਦੇ ਨਾਲ ਪਿਆਰ ਪਾਇਆਂ ਪਾਪਾਂ ਵੱਲ ਪ੍ਰੇਰਿਤ ਹੋ ਕੇ ਪਰਲੋਕ ਵਿਚ ਤਸੀਹੇ ਝੱਲਣੇ ਪੈਂਦੇ ਹਨ ਤਾਂ ਉਹਦਾ ਵੈਰ ਖੱਟਿਆਂ ਇਸ ਸੰਸਾਰ ਵਿਚ ਦੁੱਖ ਭੋਗਣ ਤੋਂ ਨਹੀਂ ਬਚ ਸਕੀਦਾ।

Sri Satguru Jagjit Singh Ji eLibrary NamdhariElibrary@gmail.com

# ਫੁਟਕਲ ਵਿਸ਼ੇ

ਪਿੱਛੇ ਆ ਚੁੱਕੇ ਮੁੱਖ ਵਿਸ਼ਿਆਂ ਤੋਂ ਬਿਨਾਂ ਕੁਛ ਹੋਰ ਵਿਸ਼ਿਆਂ ਬਾਰੇ ਪ੍ਰਗਟ ਹੋਏ ਭਾਈ ਸਾਹਿਬ ਦੇ ਮੁੱਲਵਾਨ ਵਿਚਾਰ ਜਾਣ ਲੈਣਾ ਵੀ ਅਵੱਸ਼ ਲਾਭਕਾਰੀ ਹੋਵੇਗਾ। ਏਥੇ ਉਹਨਾਂ ਵਿਸ਼ਿਆਂ ਦਾ ਵਰਣਨ ਕੀਤਾ ਜਾ ਰਿਹਾ ਹੈ।

## ਮਨ

ਜਦ ਆਪਣੇ ਖੇਤ ਵਿਚ ਕਪਾਹ ਜਾਂ ਕਣਕ ਬੀਜਣੀ ਹੁੰਦੀ ਹੈ ਤਾਂ ਅਸੀਂ ਬੀਜ ਕੇਰਨ ਤੋਂ ਪਹਿਲਾਂ ਜ਼ਮੀਨ ਨੂੰ ਕਈ ਵਾਰ ਵਾਹੁੰਦੇ ਸੁਹਾਗਦੇ ਹਾਂ ਤੇ ਉਸ ਵਿਚ ਜੜ੍ਹਾਂ ਫੈਲਾਈ ਬੈਠਾ ਬੇਮਤਲਬਾ ਨਿੱਕ ਸੁੱਕ ਚੁਗ ਚੁਗ ਕਢਦੇ ਹਾਂ। ਏਹੋ ਨਹੀਂ ਫ਼ਸਲ ਉਗਣ ਤੋਂ ਬਾਅਦ ਵੀ ਇਹ ਸਫ਼ਾਈ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ, ਗੁੱਡ-ਗੁਡਾਈ ਰਾਹੀਂ ਤੇ ਦਵਾਈਆਂ ਛਿੜਕ ਕੇ ਹਾਨੀਕਾਰਕ ਕੀੜੇ ਮਾਰਨ ਦੁਆਰਾ। ਇਸ ਤਰ੍ਹਾਂ ਦੇ ਪਰਿਸ਼ਰਮ ਬਿਨਾਂ ਸਾਡੀ ਲਾਗਤ ਤੇ ਖੇਚਲ ਵਿਅਰਥ ਚਲੀ ਜਾਵੇ, ਕੁਝ ਵੀ ਪੱਲੇ ਨਾ ਪਵੇ। ਓਵੇਂ ਜੇ ਮਨ ਦੀਆਂ ਮੈਲਾਂ ਅਣਗੌਲੀਆਂ ਰਹਿ ਜਾਣ, ਨਾ ਮਹਾਂਪੁਰਸ਼ਾਂ ਦੇ ਉਪਦੇਸ਼ ਦਾ ਕੋਈ ਅਸਰ ਹੁੰਦਾ ਹੈ ਨਾ ਕੋਈ ਸਾਧਨਾ ਪੂਰ ਚੜ੍ਹਦੀ ਹੈ।

ਜੀਵ ਜੋ ਵੀ ਕਰਮ ਕਰਦਾ ਹੈ ਉਹਨਾਂ ਲਈ ਉਹਦਾ ਮਨ ਜ਼ਿੰਮੇਵਾਰ ਹੁੰਦਾ ਹੈ। ਮਨ ਅੱਗੇ ਤਿੰਨ ਗੁਣਾਂ (ਸਤੋ, ਰਜੋ, ਤਮੋ), ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੇ ਇੰਦਰੀਆਂ ਦੇ ਵਿਸ਼ਿਆਂ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਤੋਂ ਪ੍ਰਭਾਵਿਤ ਹੁੰਦਾ ਹੈ। ਕਰਮ ਚੰਗੇ, ਮੰਦੇ (ਅਕਸਰ ਮੰਦੇ) ਮਨ ਦੀ ਚੰਚਲ ਪ੍ਰਕਿਰਤੀ ਵੱਸ ਉਸ ਕੋਲੋਂ ਨਿਰੰਤਰ ਹੁੰਦੇ ਹੀ ਰਹਿੰਦੇ ਹਨ। ਉਹਨਾਂ ਵਿਚੋਂ ਹਰ ਕਰਮ ਆਪਣੇ ਪਿੱਛੇ ਆਪਣਾ ਫਲ ਛੱਡ ਜਾਂਦਾ ਹੈ। ਇਹਨਾਂ ਫਲਾਂ ਨੂੰ ਭੁਗਤਣ ਲਈ ਜੀਵ ਨਵਾਂ ਜਨਮ ਲੈਂਦਾ ਹੈ। ਉਸ ਜਨਮ ਵਿਚ ਹੋਰ ਕਰਮ ਹੋ ਜਾਂਦੇ ਹਨ ਤੇ ਉਹਨਾਂ ਦੇ ਸਿੱਟਿਆਂ ਨਾਲ ਨਿਪਟਣ ਲਈ ਸੰਸਾਰ ਦੇ ਇਕ ਹੋਰ ਚੱਕਰ ਦੀ ਨੀਂਹ ਬੱਝ ਜਾਂਦੀ ਹੈ। ਇਸ ਤਰ੍ਹਾਂ ਜਨਮ ਇਕ ਅਣਟੁੱਟ ਲੜੀ ਦੇ ਰੂਪ ਵਿਚ



Sri Satguru Jagjit Singh Ji eLibrary NamdhariElibrary@gmail.com

ਜਾਰੀ ਰਹਿੰਦੇ ਹਨ, ਮੁੱਕਣ ਵਿਚ ਹੀ ਨਹੀਂ ਆਉਂਦੇ। ਭਾਈ ਗੁਰਦਾਸ ਨੇ ਇਕ ਥਾਂ ਕਿਹਾ ਹੈ :

ਮਨ ਪੰਖੇਰੂ ਧਾਂਵਦਾ ਸੰਗਿ ਸੁਭਾਇ ਜਾਇ ਫਲ ਖਾਹਾ। (ਵ. 26, ਪੌ. 9)

ਜਿਵੇਂ ਕੋਈ ਪੰਛੀ ਜਿੱਧਰ ਚਾਹੁੰਦਾ ਹੈ ਤੁਰਿਆ ਫਿਰਦਾ ਹੈ, ਓਵੇਂ ਮਨ ਦੇ ਪੁੱਠੇ ਸਿਧੇ ਰਾਹ ਪੈਣ ਤੇ ਕੋਈ ਪਾਬੰਦੀ ਨਹੀਂ ਲੱਗੀ ਹੋਈ। ਪਰ ਹਾਂ, ਉਹਨੂੰ ਦੁਖ ਸੁਖ ਉਸੇ ਹਿਸਾਬ ਭੁਗਤਣੇ ਪੈਂਦੇ ਹਨ, ਜੇਹਾ ਉਹ ਵਤੀਰਾ ਅਖ਼ਤਿਆਰ ਕਰਦਾ ਹੈ, ਜਿਸ ਭਾਂਤ ਦੇ ਬੰਦਿਆਂ ਵਿਚ ਵਿਚਰਦਾ ਹੈ। ਮਤਲਬ ਕਿ ਚੋਰਾਂ ਦਾ ਸਾਥੀ ਕੁੱਟਾਂ ਖਾਣ ਤੋਂ ਨਹੀਂ ਬਚ ਸਕਦਾ, ਸਾਧਾਂ ਦੀ ਸੰਗਤ ਅੱਗੇ ਪਿੱਛੇ ਕਲਿਆਣ ਦਾ ਅਧਿਕਾਰੀ ਬਣਾ ਦਿੰਦੀ ਹੈ। ਆਤਮਿਕ ਉਨਤੀ ਲਈ ਮਨ ਦੀ ਸ਼ੁੱਧੀ ਕਿੰਨੀ ਜ਼ਰੂਰੀ ਹੈ, ਭਾਈ ਗੁਰਦਾਸ ਅਤਿਅੰਤ ਸੁੰਦਰ ਅੰਦਾਜ਼ ਵਿਚ ਬਿਆਨ ਕਰਦੇ ਹਨ :

ਦਾਦਰ[1] ਸਰੋਜ[2] ਬਾਂਸ ਬਾਵਨ[3] ਮਰਾਲ[4] ਬਗ[5]
ਪਾਰਸ ਪਖਾਨ ਬਿਖੁ ਅੰਮ੍ਰਿਤ ਸੰਜੋਗ ਹੈ।
ਮ੍ਰਿਗ ਮ੍ਰਿਗਮਦ[6] ਅਹਿ ਮਨਿ ਮਧੁ[7] ਮਾਖੀ ਸਾਖੀ
ਬਾਂਝ ਬਧੂ[8] ਨਾਹ ਨੇਹ ਨਿਹਫਲ ਭੋਗ ਹੈ।
ਦਿਨ ਕਰ ਜੋਤਿ ਉਲੂ ਬਰਖਾ ਸਮੈ ਜਵਾਂਸੋ
ਅਸਨ ਬਸਨ[10] ਜੈਸੇ ਖ੍ਰਿਧਾਵੰਤ ਰੋਗ ਹੈ।
ਤੈਸੇ ਗੁਰਮਤਿ ਬੀਜ ਜਮਤ ਨ ਕਾਲਰ ਮੈ
ਅੰਕੁਰ ਉਦੋਤ ਹੋਤ ਨਾਹਿਨ ਬਿਓਗ ਹੈ।
(ਕ. ਸ. 299)

ਬਾਂਸ ਬਾਵਨ-ਚੰਦਨ ਦੇ ਬੇਸ਼ੱਕ ਨਾਲ ਲੱਗਵਾਂ ਉਗਿਆ ਹੋਵੇ, ਉਹ ਹੋਰ ਬਿਰਛਾਂ ਵਾਂਗ ਸੁਗੰਧਿਤ ਨਹੀਂ ਹੋ ਜਾਂਦਾ, ਨਾ ਪੱਥਰ ਪਾਰਸ ਦੀ ਛੋਹ ਪ੍ਰਾਪਤ ਹੋਣ ਤੇ ਕੁੰਦਨ ਦੇ ਗੁਣ ਧਾਰਨ ਕਰਦਾ ਹੈ। ਕਸਤੂਰੀ ਮਿਰਗ ਦੀ ਨਾਭੀ ਵਿਚ ਪਈ ਹੁੰਦੀ ਹੈ, ਫੇਰ ਵੀ ਉਹਦੇ ਕਿਸੇ ਕੰਮ ਨਹੀਂ ਆਉਂਦੀ। ਦਿਨ ਚੜ੍ਹੇ ਸੂਰਜ ਦੇ ਪ੍ਰਕਾਸ਼ ਨਾਲ ਸਭ ਕੁਝ ਰੋਸ਼ਨ ਹੋ ਜਾਂਦਾ ਹੈ ਪਰ ਉਲੂ ਉਸ ਸਮੇਂ ਵੀ ਕੁਝ ਨਹੀਂ ਦੇਖ ਪਾਉਂਦਾ। ਮੀਂਹ ਪੈਂਦਾ ਹੈ ਤਾਂ ਸਾਰੇ ਵਣ ਤ੍ਰਿਣ ਹਰੇ ਭਰੇ ਹੋ ਜਾਂਦੇ ਹਨ ਪਰ ਜਵਾਂਸਾ ਅਗੇ ਵਾਂਗ ਹੀ ਸੁੱਕਿਆ ਸੜਿਆ ਰਹਿੰਦਾ ਹੈ। ਅੰਨ ਤੋਂ, ਬਸਤਰਾਂ ਤੋਂ,

---

1. ਡੱਡੂ 2. ਕਮਲ 3. ਚੰਦਨ 4. ਹੰਸ 5. ਬਗਲਾ 6. ਕਸਤੂਰੀ 7. ਸ਼ਹਿਦ 8. ਇਸਤਰੀ 9. ਅੰਨ ਤੇ ਕਪੜੇ।

Sri Satguru Jagjit Singh Ji eLibrary NamdhariElibrary@gmail.com

ਹਰ ਕੋਈ ਸੁਖ ਪਾਉਂਦਾ ਹੈ ਪਰ ਇਹਨਾਂ ਦੇ ਜੀਅ ਭਰ ਕੇ ਮਿਲਣ ਤੇ ਵੀ ਰੋਗੀ ਦੀ ਪੀੜ ਵਿਚ ਕੋਈ ਕਮੀ ਨਹੀਂ ਆਉਂਦੀ। ਉਸੇ ਪ੍ਰਕਾਰ ਜਿਸ ਮਨ ਨੂੰ ਵਿਸ਼ੇ ਵਿਕਾਰਾਂ ਨੇ ਕੱਲਰ ਬਣਾ ਰਖਿਆ ਹੋਵੇ ਉਸ ਵਿਚ ਗੁਰ-ਉਪਦੇਸ਼ ਦੀ ਤੂਈ ਨਹੀਂ ਫੁਟਦੀ, ਉਸ ਤੋਂ ਕੋਈ ਫੈਜ਼ ਨਹੀਂ ਪਹੁੰਚਦਾ।

ਜਿਹੜੇ ਕਰਮਾਂ ਦਾ ਹਿਸਾਬ ਦੇਣ ਲਈ ਜੀਵ ਨੂੰ ਧਰਮਰਾਜ ਦੇ ਕਟਹਿਰੇ ਵਿਚ ਖੜਾ ਕੀਤਾ ਜਾਂਦਾ ਹੈ, ਉਹ ਮਨ ਕਰਦਾ ਹੈ। ਮਹਾਂਪੁਰਸ਼ਾਂ ਦੇ ਦੱਸਣ ਅਨੁਸਾਰ, ਮਨ ਅੰਨ੍ਹਾ ਹੈ, ਬੋਲਾ ਹੈ, ਚੰਚਲ, ਸਿਰੜੀ, ਆਪਹੁਦਰਾ ਤੇ ਅਨੇਕ ਔਗੁਣਾਂ ਦਾ ਭਰਿਆ ਹੋਇਆ। ਉਹਦੀ ਪ੍ਰਕਿਰਤੀ ਦਾ ਠੀਕ ਅੰਦਾਜ਼ਾ ਕਰਵਾਉਣ ਲਈ ਉਹਨੂੰ ਚੰਚਲ ਮੱਛੀ ਨਾਲ ਉਪਮਾ ਦਿੱਤੀ ਜਾਂਦੀ ਹੈ, ਕੁੱਤੇ ਦੀ ਵਿੰਗੀ ਪੂਛ ਨਾਲ, ਮਦਮੱਤੇ ਹਾਥੀ ਨਾਲ, ਕੋਹਲੂ ਸਾਫ ਕਰਨ ਵਾਲੇ ਮਹਾਂ ਗੰਦੇ ਚੀਥੜੇ ਆਦਿ ਨਾਲ। ਜਦ ਤਕ ਉਹ ਸਿੱਧੇ ਰਾਹ ਤੇ ਨਾ ਆਵੇ ਆਤਮਾ ਦਾ ਉਧਾਰ ਨਹੀਂ ਹੋ ਸਕਦਾ, ਤੇ ਉਹਨੂੰ ਸੁਧਾਰਨਾ ਕਿੰਨਾ ਔਖਾ ਹੈ, ਬੱਸ ਤੋਬਾ ਭਲੀ। ਉਹਦੇ ਬਾਰੇ ਭਾਈ ਸਾਹਿਬ ਦੇ ਵਿਚਾਰ ਕੁਝ ਇਸ ਪ੍ਰਕਾਰ ਹਨ :

ਅੰਤਰਿ ਅਛਿਤ ਹੀ ਦਿਸੰਤਰਿ ਗਵਨ ਕਰੈ
ਪਾਛੇ ਪਰੈ ਪਹੁਚੈ ਨ ਪਾਇਕ[1] ਜਉ ਧਾਵਈ।
ਪਹੁਚੈ ਨ ਰਥ ਪਹੁਚੈ ਨ ਗਜ ਰਾਜੁ[2] ਬਾਜੁ
ਪਹੁਚੈ ਨ ਖਗ[3] ਮ੍ਰਿਗ ਫਾਂਧਤ ਉਡਾਵਈ।
ਪਹੁਚੈ ਨ ਪਵਨ ਗਵਨ ਤ੍ਰਿਭਵਨ ਪ੍ਰਤਿ
ਅਰਧ ਉਰਧ ਅੰਤਰੀਛ[4] ਹੋਇ ਨ ਪਾਵਈ।

(ਕ. ਸ. 313)

ਮਨ ਸਾਡੀ ਦੇਹ ਅੰਦਰ ਰਹਿੰਦਿਆਂ ਵਸਦਿਆਂ ਵੀ ਚੌਹਾਂ ਕੂੰਟਾਂ ਵਿਚ ਘੁੰਮਦਾ ਫਿਰਦਾ ਹੈ ਤੇ ਉਹਨੂੰ ਮੋੜ ਲਿਆਉਣ ਖ਼ਾਤਰ ਉਹਦਾ ਪਿੱਛਾ ਕਰਨਾ ਕਿਸੇ ਵੀ ਹਲਕਾਰੇ ਲਈ ਸੰਭਵ ਨਹੀਂ। ਉਹਦੀ ਰਫ਼ਤਾਰ ਜਿਹੀ ਤੇਜੀ ਨਾ ਕਿਸੇ ਰਥ ਕੋਲ ਹੈ, ਨਾ ਇੰਦਰ ਦੇ ਹਾਥੀ ਐਰਾਵਤ, ਨਾ ਸੂਰਜ ਦੇ ਘੋੜੇ ਉਚੈਸ਼੍ਰਵਾ ਕੋਲ, ਨਾ ਕਿਸੇ ਉਕਾਬ ਜਿਹੇ ਪੰਛੀ, ਜਾਂ ਲੰਮੀਆਂ ਲੰਮੀਆਂ ਛਲਾਂਗਾਂ ਮਾਰਨ ਵਾਲੇ ਹਿਰਨ ਕੋਲ। ਪਉਣ ਤਾਂ ਬੜੀ ਛੋਹਲੀ ਮੰਨੀ ਜਾਂਦੀ ਹੈ, ਉਹ ਵੀ ਭਾਵੇਂ ਆਕਾਸ਼, ਪਤਾਲ ਤੇ ਅੰਤਰਿਕਸ਼ ਵਿਚ ਜਿਥੇ ਮਰਜ਼ੀ ਦੌੜੀ ਫਿਰੇ ਉਹ ਉਸ ਨੂੰ ਪੱਲਾ ਨਹੀਂ ਫੜਾਉਣ ਲੱਗਾ।

1. ਹਲਕਾਰਾ 2. ਐਰਾਵਤ ਹਾਥੀ 3. ਪੰਛੀ 4. ਅੰਤਰਿਕਸ਼।

Sri Satguru Jagjit Singh Ji eLibrary NamdhariElibrary@gmail.com

ਇਹ ਨਹੀਂ ਕਿ ਕਿਸੇ ਦੀ ਜਾਗ੍ਰਤ ਅਵਸਥਾ ਵਿਚ ਹੀ ਉਹਦਾ ਮਨ ਏਧਰ ਓਧਰ ਉਡਾਰੀਆਂ ਮਾਰਦਾ ਹੋਵੇ ਇਹ ਉਹਦੇ ਸੁੱਤਿਆਂ ਪਿਆਂ, ਸੁਪਨੇ ਵਿਚ ਵੀ, ਆਪਣੀ ਆਵਾਰਾ-ਗਰਦੀ ਤੋਂ ਬਾਜ਼ ਨਹੀਂ ਆਉਂਦਾ। ਇਹਨੂੰ ਕੋਈ ਵਰਜੇ ਵੀ ਤਾਂ ਕਿਵੇਂ, ਇਹ ਤਾਂ ਇਕ ਪਲ ਵਿਚ ਤਿੰਨਾਂ ਲੋਕਾਂ ਵਿਚ ਘੁੰਮ ਫਿਰ ਆਉਣ ਦੇ ਸਮਰੱਥ ਹੈ। ਮਨ ਗਰੁੜ ਤੋਂ ਵਧ ਬਲਵਾਨ ਹੈ, ਪਰਮ ਹੰਸ ਤੋਂ ਬਹੁਤਾ ਪਰਾਕਰਮੀ, ਬ੍ਰਹਮਾ ਤੋਂ ਜ਼ਿਆਦਾ ਚਤੁਰ ਤੇ ਬਿਜਲੀ ਨੂੰ ਮਾਤ ਪਾਉਣ ਜੋਗਾ ਚੰਚਲ। ਮਣ (ਮਨ = ਮਣ) ਵਿਚ ਜਿਵੇਂ ਅੱਠ ਪੰਸੇਰੀਆਂ ਹੁੰਦੀਆਂ ਹਨ, ਚਾਲੀ ਸੇਰ, ਇਕ ਸੌ ਸੱਠ ਪਾਅ, ਇਹਦੀ ਸ਼ਕਤੀ ਤੇ ਰਫ਼ਤਾਰ ਦਾ ਅਨੁਮਾਨ ਲਾਉਣ ਲਈ ਸਮਝ ਲਉ ਇਹਦੀਆਂ ਅੱਠ ਬਾਹਵਾਂ ਹਨ, ਚਾਲੀ ਹੱਥ, ਇਕ ਸੌ ਸੱਠ ਪੈਰ। ਹੋਰ ਕੋਈ ਵੀ ਜੀਵ ਪਿੰਜਰੇ ਵਿਚ ਬੰਦ ਹੁੰਦਿਆਂ ਉਸ ਦੀ ਹੱਦ ਤੋਂ ਬਾਹਰ ਕਿਤੇ ਨਹੀਂ ਜਾ ਸਕਦਾ, ਪਰ ਮਨ ਸ਼ਰੀਰ ਦੇ ਚੌਗਿਰਦੇ ਵਿਚ ਘਿਰਿਆ ਹੋਇਆ ਵੀ ਮੈਦਾਨਾਂ, ਜੰਗਲਾਂ, ਪਰਬਤਾਂ, ਜਲਾਂ, ਥਲਾਂ, ਗਰਾਵਾਂ, ਨਗਰਾਂ ਵਿਚ ਜਿਥੇ ਵੀ ਉਹ ਚਾਹੇ, ਝੱਟ ਜਾ ਪਹੁੰਚਦਾ ਹੈ,

ਖਗਪਤਿ[1] ਪ੍ਰਬਲ[2] ਪਰਾਕ੍ਰਮੀ[3] ਪਰਮ ਹੰਸ
ਚਾਤੁਰ ਚਤੁਰ ਮੁਖ ਚੰਚਲਾ ਚਪਲ[4] ਹੈ।
ਭੁਜ ਬਲੀ ਅਸ਼ਟ ਭੁਜਾ ਤਾਕੇ ਚਾਲੀਸ ਕਰ
ਏਕ ਸਉ ਅਰੁ ਸਾਠਿ ਪਾਉ ਚਾਲ ਚਲਾ ਚਲ ਹੈ।
ਜਾਗ੍ਰਤ ਸੁਪਨ ਅਹਿਨਿਸਿ ਦਹਿਦਿਸ ਧਾਵੈ
ਤ੍ਰਿਭਵਨ ਪ੍ਰਤਿ ਹੋਇ ਆਵੈ ਏਕ ਪਲ ਹੈ।
ਪਿੰਜਰੀ ਮੈਂ ਅਛਤ[5] ਉਡਤ ਪਹੁਚੈ ਨ ਕੋਊ
ਪੁਰ ਪੁਰ ਪੂਰ ਗਿਰ[6] ਤਲ ਥਲ ਜਲ ਹੈ।

(ਕ. ਸ. 230)

ਮਾਇਆ ਦੇ ਪਰਦੇ ਜਾਂ ਓਟ ਵਿਚ ਕਾਮਾਦਿਕ ਵਿਕਾਰਾਂ ਦੇ ਪਾਗਲ ਹੋਏ ਭੂਤਾਂ ਨੇ ਅਜਿਹਾ ਆਲਮ ਪੈਦਾ ਕੀਤਾ ਹੋਇਆ ਹੈ ਜਿਵੇਂ ਕਿਸੇ ਕੁੱਜੀ ਜਿਹੇ ਸ਼ਾਂਤ ਹਿਰਦੇ ਵਿਚ ਸਾਗਰਾਂ ਵਰਗਾ ਹੁੱਲੜ ਮੱਚ ਪਿਆ ਹੋਵੇ। ਭਾਵੇਂ ਕਿ ਜੀਵਾਂ ਦੀਆਂ ਉਮਰਾਂ ਘੜੀਆਂ ਵਿਚ ਮਾਪਣ ਜੋਗੀਆਂ ਤੁੱਛ ਹਨ, ਉਹ ਆਸਾਂ ਐਉਂ ਲਾ ਬੈਠਦੇ ਹਨ ਜਿਕੁਰ ਉਹਨਾਂ ਨੇ ਜੁਗੋ-ਜੁਗ ਜੀਵਤ ਰਹਿਣਾ ਹੋਵੇ, ਤੇ ਪਲ ਪਲ ਉਠਦੀਆਂ ਕਾਮਨਾਵਾਂ, ਵਾਸ਼ਨਾਵਾਂ ਦੀਆਂ ਪ੍ਰਬਲ ਤਰੰਗਾਂ ਤੋਂ ਉਹਨਾਂ ਨੂੰ

1. ਗਰੜ 2. ਤੇਜ਼ 3. ਬਲ ਵਾਲੀ 4. ਬਿਜਲੀ 5. ਮੌਜੂਦ ਹੁੰਦੇ ਹਨ 6. ਪਹਾੜ।

Sri Satguru Jagjit Singh Ji eLibrary NamdhariElibrary@gmail.com

ਅੱਡ ਚੈਨ ਨਹੀਂ ਲੈਣੀ ਮਿਲਦੀ। ਅਨੇਕਾਂ ਆਧੀਆਂ, ਬਿਆਧੀਆਂ ਕਰਦਾ ਮਨ ਹੁਣ ਤਕ ਏਨਾ ਵਿਗੜ ਚੁੱਕਾ ਹੈ ਕਿ ਉਹਨੂੰ ਸੁਧਾਰਨ ਦੀ ਕੋਈ ਵਿਧੀ ਨਹੀਂ ਬਣ ਸਕਦੀ, ਬਿਨਾਂ ਗੁਰੂ ਦੀ ਚਰਨ ਸ਼ਰਣ ਤੱਕਣ ਤੋਂ :

ਮਾਇਆ ਛਾਇਆ ਪੰਚ ਦੂਤ ਭੂਤ ਉਨਮਾਦ[1] ਠਟਿ
ਘਟ ਘਟ ਘਟਿਕਾ[2] ਮੈਂ ਸਾਗਰ ਅਨੇਕ ਹੈ।
ਅਉਧ ਪਲ ਘਟਿਕਾ ਜੁਗਾਦਿ ਪਰਜੰਤ ਆਸਾ
ਲਹਿਰ ਤਰੰਗ ਮੈ ਨ ਤ੍ਰਿਸ਼ਨਾ ਕੀ ਟੇਕ ਹੈ।
ਆਧਿ ਕੈ ਬਿਆਧਿ ਕੈ ਉਪਾਧਿ ਕੈ ਅਸਾਧ ਮਨ
ਸਾਧਿਬੇ ਕਉ ਚਰਨ ਸਰਨਿ ਗੁਰ ਏਕ ਹੈ।

(ਕ. ਸ. 233)

ਦੋ ਚਾਰ ਮਹੀਨੇ ਹੀ ਜੇ ਕੋਈ ਇਨਸਾਨ ਅਫੀਮ ਦਾ ਸੇਵਨ ਕਰਦਾ ਰਹੇ, ਉਹ ਉਸ ਦਾ ਆਦੀ ਬਣ ਜਾਂਦਾ ਹੈ, ਫੇਰ ਚਾਹੁੰਦਾ ਹੋਇਆ ਵੀ ਉਹਨੂੰ ਖਾਧੇ ਬਿਨਾਂ ਨਹੀਂ ਰਹਿ ਸਕਦਾ। ਤੇ ਮਨ ਨੂੰ ਇਕ ਨਹੀਂ ਕਾਮ ਆਦਿਕ ਪੰਜ ਐਬ ਭੂਤਾਂ ਪਰੇਤਾਂ ਵਾਂਗ ਚੰਮੜੇ ਹੋਏ ਹਨ, ਗਿਣਨ ਜੋਗੇ ਮਹੀਨਿਆਂ ਦੇ ਨਹੀਂ, ਵਰ੍ਹਿਆਂ ਦਹਾਕਿਆਂ ਦੇ ਵੀ ਨਹੀਂ, ਜਨਮਾਂ ਜਨਮਾਂਤਰਾਂ ਦੇ। ਕਿਸੇ ਅਸਾਧ ਰੋਗ ਜਿਹੀ ਉਹਨਾਂ ਦੀ ਜਕੜ ਤੋਂ ਮੁਕਤ ਹੋਇਆ ਜਾਵੇ ਤਾਂ ਕਿਵੇਂ ? ਭਾਈ ਸਾਹਿਬ ਦਾ ਉਤਰ ਹੈ, ਕਿਸੇ ਸੰਤ-ਸਤਿਗੁਰੂ ਦੀ ਸੰਗਤ ਲੱਭ ਕੇ ਉਹਦੇ ਕੋਲੋਂ ਮਿਲੀ ਸਿਖਿਆ ਅਨੁਸਾਰ ਜਿਊਂ ਕੇ :

ਪੰਚ ਦੂਤ ਭੂਤ ਲਗਿ ਅਧਮੁ ਅਸਾਧੁ ਮਨੁ
ਗਹੇ ਗੁਰ ਗਿਆਨ ਸਾਧ ਸੰਗਿ ਬਸਿ ਆਵਈ।

(ਕ. ਸ. 313)

ਬੇਸ਼ੱਕ ਮਨ ਵਿਸ਼ਿਆਂ ਵਾਸ਼ਨਾਵਾਂ ਦਾ ਗੁਲਾਮ ਹੈ ਅਤੇ ਉਹਦੀ ਆਵਾਰਗੀ ਦਾ ਜਵਾਬ ਨਹੀਂ ਪਰ ਜੇ ਉਸ ਦੀ ਗੁਰੂ ਦੇ ਚਰਨ ਕੰਵਲਾਂ ਤਕ ਰਸਾਈ ਹੋ ਜਾਵੇ ਫੇਰ ਉਹ ਉਹਨਾਂ ਦੇ ਸੰਜੋਗ ਦਾ ਪਰਮ ਆਨੰਦ ਮਾਣਨ ਲਈ ਓਥੇ ਹੀ ਟਿਕ ਜਾਂਦਾ ਹੈ। ਇਹਨਾਂ ਕੰਵਲਾਂ ਦੀ ਅਨੂਪਮ ਸ਼ੀਤਲਤਾ, ਸੁਗੰਧ, ਸੁੰਦਰਤਾ ਤੇ ਮਿਠਾਸ ਉਹਨੂੰ ਅਜਿਹਾ ਮੋਹ ਲੈਂਦੀਆਂ ਹਨ ਕਿ ਉਹਦੀ ਭਟਕਣਾ ਸਦਾ ਲਈ ਸਮਾਪਤ ਹੋ ਜਾਂਦੀ ਹੈ। ਉਨਮਨ ਅਵਸਥਾ ਨੂੰ ਪ੍ਰਾਪਤ, ਜਗ ਮਗ ਜਗਦੀ ਜੋਤਿ ਅਤੇ ਅਨਹਦ ਸ਼ਬਦ ਦੀ ਨਿਰੰਤਰ ਧੁਨੀ ਵਿਚ ਲਿਵ ਜੋੜ ਕੇ

1. ਪਾਗਲ 2. ਕੁੰਜੀ।

Sri Satguru Jagjit Singh Ji eLibrary NamdhariElibrary@gmail.com

ਉਹ ਸਹਜ ਸਮਾਧੀ ਵਿਚ ਮਗਨ ਰਹਿੰਦਾ ਹੈ। ਸਤਿਗੁਰੂ ਦੀ ਦਇਆ ਨਾਲ ਉਕਤ ਜੋਤਿ ਦੇ ਪ੍ਰਕਾਸ਼ ਤੇ ਸ਼ਬਦ ਦੇ ਸੰਗੀਤ ਦਾ ਅਨੁਭਵ ਹੋਣ ਕਾਰਣ ਸਾਧਕ ਨੂੰ ਪਰਮੇਸ਼ਰ ਦੀ ਹੋਂਦ ਦਾ ਹੀ ਵਿਸ਼ਵਾਸ਼ ਨਹੀਂ ਹੋ ਆਉਂਦਾ, ਉਹ ਇਹ ਵੀ ਬੁੱਝ ਲੈਂਦਾ ਹੈ ਕਿ ਮੈਂ ਓਹੋ ਕੁਝ ਹਾਂ ਜੋ ਪ੍ਰਭੂ ਆਪ ਹੈ, ਤੇ ਅੰਤ ਉਹ ਉਚੇ ਤੋਂ ਉਚੇ ਪਦ, ਪਰਮ ਪਦ, ਵਿਚ ਜਾ ਬਿਰਾਜਦਾ ਹੈ :

ਮਨ ਮਧੁਕਰ[1] ਗਤਿ ਭ੍ਰਮਤ ਚਤੁਰ ਕੁੰਟ
ਚਰਨ ਕਮਲ ਸੁਖ ਸੰਪਟ ਸਮਾਈਐ।
ਸੀਤਲ ਸੁਗੰਧ ਅਤਿ ਕੋਮਲ ਅਨੂਪ ਰੂਪ
ਮਧੁ ਮਕਰੰਦ ਰਸ ਅਨਤ ਨ ਧਾਈਐ।
ਸਹਜ ਸਮਾਧਿ ਉਨਮਨ ਜਗ ਮਗ ਜੋਤਿ
ਅਨਹਦ ਧੁਨਿ ਰੁਨ ਝੁਨਿ ਲਿਵ ਲਾਈਐ।
ਗੁਰਮੁਖਿ ਬੀਸ ਇਕ ਈਸ ਸੋਹੰ ਸੋਈ ਜਾਨੈ
ਆਪਾ[2] ਅਪਰੰਪਰਿ ਪਰਮ ਪਦ ਪਾਈਐ।

(ਕ. ਸ. 222)

ਪੱਥਰ ਦੇ ਅੰਦਰ ਛੇਤੀ ਕੀਤੇ ਕੋਈ ਚੀਜ਼ ਪ੍ਰਵੇਸ਼ ਨਹੀਂ ਕਰ ਸਕਦੀ, ਤੇ ਹੀਰਾ ਤਾਂ ਉਹਦੇ ਕੋਲੋਂ ਵੀ ਸਖਤ ਹੁੰਦਾ ਹੈ, ਉਹਦੇ ਵਿਚ ਪੱਕੇ ਤੋਂ ਪੱਕੇ ਲੋਹੇ ਦਾ ਔਜ਼ਾਰ ਵੀ ਨਹੀਂ ਖੁਭਦਾ। ਤਾਹੀਓਂ ਜੇ ਕਦੇ ਹੀਰੇ ਨੂੰ ਕੱਟਣਾ ਪਵੇ ਤਾਂ ਉਹਨੂੰ ਕਿਸੇ ਧਾਤ ਨਾਲ ਨਹੀਂ ਕੱਟਿਆ ਜਾ ਸਕਦਾ, ਉਹਦੇ ਲਈ ਹੀਰੇ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

ਮਨ ਦਾ ਚੀੜ੍ਹਾਪਣ, ਉਸ ਦੀ ਜ਼ਿੱਦ, ਢੀਠਤਾਈ, ਕਿਸੇ ਤਰ੍ਹਾਂ ਹੀਰੇ ਤੋਂ ਘੱਟ ਨਹੀਂ ਹੁੰਦੀ। ਉਹਦੇ ਵਿਰੁੱਧ ਕਿਸੇ ਤਰਕ ਦਾ, ਸਮਝਾਈ ਬੁਝਾਈ ਦਾ ਜ਼ੋਰ ਨਹੀਂ ਚਲਦਾ। ਜਨਮ-ਜਨਮ ਦੇ ਸੰਸਕਾਰਾਂ ਦੁਆਰਾ ਪਾਈ ਤੇ ਪੱਕੀ ਕੀਤੀ ਗਈ ਲੀਹ ਤੋਂ ਉਹ ਕਿਸੇ ਦਾ ਹਟਾਇਆ ਨਹੀਂ ਹਟਦਾ। ਹਾਂ, ਮਨ ਦੇ ਹੀਰੇ ਨੂੰ ਵਿੰਨ੍ਹਣ ਲਈ ਸਤਿਗੁਰੂ ਕੋਲ ਉਸ ਤੋਂ ਵੀ ਡਾਢਾ ਇਕ ਹੀਰਾ ਹੁੰਦਾ ਹੈ, ਉਸ ਦਾ ਸ਼ਬਦ। ਉਹ ਜਗਿਆਸੂ ਦੇ ਮਨ ਦੀਆਂ ਅੰਤਮ ਗਹਿਰਾਈਆਂ ਵਿਚ ਲਹਿ ਜਾਂਦਾ ਹੈ ਤੇ ਉਸ ਦੇ ਅੱਥਰੇਪਣ ਨੂੰ ਨਕੇਲ ਪਾ ਲੈਂਦਾ ਹੈ :

ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ। (ਵ. 9, ਪੌ. 9)

ਇਸ ਜੁਗਤ ਦੁਆਰਾ ਸਤਿਗੁਰੂ ਆਪਣੇ ਸਿੱਖ ਸਤਿਸੰਗੀ ਦੀ ਆਤਮ ਜੋਤਿ ਨੂੰ ਪਰਮਾਤਮ ਜੋਤੀ ਵਿਚ ਸਮੋ ਦਿੰਦੇ ਹਨ।

---

1. ਭੌਰਾ 2. ਆਪ ਹੀ।

Sri Satguru Jagjit Singh Ji eLibrary NamdhariElibrary@gmail.com

# ਇੰਦਰੀਆਂ ਦੇ ਰਸ

ਸਾਡੀਆਂ ਅੱਖਾਂ ਹਰ ਪਲ ਸੋਹਣੇ ਰੂਪ, ਨਜ਼ਾਰੇ, ਕਿਸਮ ਕਿਸਮ ਦੇ ਖੇਡਾਂ ਤਮਾਸ਼ੇ। ਵੇਖਣ ਨੂੰ ਤਾਂਘਦੀਆਂ ਹਨ। ਇਕ ਵਾਰ ਦੀ ਤੱਕੀ ਚੀਜ਼ ਉਹਨਾਂ ਲਈ ਦੂਜੀ ਵਾਰ ਅੱਗੇ ਜਿੰਨੀ ਦਿਲਚਸਪ ਨਹੀਂ ਰਹਿੰਦੀ, ਤੀਜੀ ਚੌਥੀ ਵਾਰ ਉਲਟੀ ਘਿਨਾਉਣੀ ਪ੍ਰਤੀਤ ਹੋਣ ਲਗ ਪੈਂਦੀ ਹੈ। ਇਸ ਕਾਰਣ ਉਹ ਨਿੱਤ ਨਵਾਂ ਮਨੋਰੰਜਨ ਭਾਲਦੀਆਂ ਹਨ।

ਕੰਨਾਂ ਰਾਹੀਂ ਅਸੀਂ ਆਪਣੀ ਵਡਿਆਈ ਸੁਣਨਾ ਪਸੰਦ ਕਰਦੇ ਹਾਂ, ਹੋਰਨਾਂ ਦੀ ਬਦਖੋਈ, ਪਰ ਹਰ ਮੌਕੇ ਅੱਛਾ ਹੀ ਸੁਣਨ ਨੂੰ ਮਿਲਣਾ ਸੰਭਵ ਨਹੀਂ ਹੁੰਦਾ। ਜੇ ਇਕ ਸੁਖਾਵੀਂ ਗੱਲ ਜੀਅ ਨੂੰ ਖਿੜਾ ਦੇਵੇ, ਤਾਂ ਕੋਈ ਹੋਰ ਸ਼ੋਕਮਈ ਅੱਥਰੂ ਵੀ ਵਗਾ ਦਿੰਦੀ ਹੈ।

ਮੂੰਹ ਨਾਲ ਅਸੀਂ ਭਾਂਤ-ਭਾਂਤ ਦੇ ਚਟਪਟੇ ਭੋਜਨ ਖਾ ਪੀ ਕੇ ਪ੍ਰਸੰਨ ਹੁੰਦੇ ਹਾਂ, ਪਰ ਨਿਤ ਦਿਹਾੜੀ ਅਜਿਹਾ ਕਰਦਿਆਂ ਵੀ ਖੱਟੇ ਮਿੱਠੇ ਦੀ ਸਾਡੀ ਲਾਲਸਾ ਸੰਤੁਸ਼ਟ ਨਹੀਂ ਹੁੰਦੀ। ਉਸੇ ਤਰ੍ਹਾਂ ਨੱਕ ਵੰਨ-ਸੁਵੰਨੀਆਂ ਖ਼ੁਸ਼ਬੂਆਂ ਦੀ ਮੰਗ ਕਰਦਾ ਹੈ, ਤੇ ਇਸ ਹਵਸ ਦੀ ਪੂਰਤੀ ਦੇ ਜਤਨਾਂ ਵਿਚ ਉਹਦਾ ਕਿੰਨੀ ਵਾਰ ਅਸਹ ਦੁਰਗੰਧਾਂ ਨਾਲ ਵਾਸਤਾ ਪੈ ਜਾਂਦਾ ਹੈ।

ਇੰਦਰੀਆਂ ਦੇ ਰਸ ਮਾਣਨ ਦੀ ਇੱਛਾ ਮਨੁੱਖ ਦੇ ਮਨ ਵਿਚ ਅਣਮੁੱਕਣੇ ਵਰ੍ਹੇ ਜੀਵਿਤ ਰਹਿਣ ਦੀ ਹਸਰਤ ਨੂੰ ਜਨਮ ਦਿੰਦੀ ਹੈ, ਤੇ ਉਹਦੇ ਪ੍ਰਭਾਵ ਅਧੀਨ ਉਹ ਕਦੇ ਸੁਅਸਥਕਾਰੀ, ਬਲ-ਵਰਧਕ ਪਦਾਰਥਾਂ ਲਈ ਵੈਦਾਂ ਹਕੀਮਾਂ ਦੇ ਦਰ ਖਟਖਟਾਉਂਦਾ ਹੈ, ਕਦੇ ਅਮੰਗਲ ਗ੍ਰੈਹਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਜੋਤਸ਼ੀਆਂ, ਮੰਤਰ-ਵਾਚਕਾਂ ਦੇ। ਪਰ ਅੰਤ ਨੂੰ ਉਹਨਾਂ ਦੇ ਬਝਵਾਏ ਵਿਸ਼ਵਾਸ ਤਿਫ਼ਲ-ਤਸੱਲੀ ਹੀ ਸਿੱਧ ਹੁੰਦੇ ਹਨ, ਕਿਉਂਕਿ ਮੌਤ ਨੇ ਆਖ਼ਰ ਆ ਹੀ ਜਾਣਾ ਹੁੰਦਾ ਹੈ, ਉਹ ਕਿਸੇ ਦੇ ਰੋਕਿਆਂ ਨਹੀਂ ਰੁਕਦੀ।

ਹਕੀਕਤ ਵਿਚ ਇੰਦਰੀਆਂ ਦੇ ਭੋਗ, ਉਹ ਭਾਵੇਂ ਜਿੰਨਾਂ ਮਰਜ਼ੀ ਹੰਢਾ ਲਏ ਜਾਣ, ਅਤ੍ਰਿਪਤ ਦੇ ਅਤ੍ਰਿਪਤ ਹੀ ਰਹਿੰਦੇ ਹਨ, ਉਹਨਾਂ ਦੀ ਭੁੱਖ ਨਹੀਂ ਭਜਦੀ। ਜੇ ਕਿਸੇ ਨੂੰ ਸਥਾਈ ਸ਼ਾਂਤੀ, ਅਬਦੀ ਸੁਖ, ਪਰਮ ਆਨੰਦ ਦੀ ਕਾਮਨਾ ਹੋਵੇ ਤਾਂ ਪੂਰੇ ਸਤਿਗੁਰੂ ਨਾਲ ਸੱਚੇ ਮਨੋਂ ਪ੍ਰੀਤ ਪਾਵੇ। ਉਹਦੀ ਦਇਆ ਮਿਹਰ ਲੱਭ ਪੈਣ ਬਾਅਦ ਕਿਸੇ ਭਾਂਤ ਦੀ ਕੋਈ ਤ੍ਰਿਸ਼ਨਾ ਬਾਕੀ ਨਹੀਂ ਰਹਿੰਦੀ :

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੇ ਹਾਸੇ।

Sri Satguru Jagjit Singh Ji eLibrary NamdhariElibrary@gmail.com

ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
ਪੀਰ ਮੁਰੀਦਾਂ ਪਿਰਹੜੀ[1] ਸਚੀ ਰਹਰਾਸੇ।

(ਵ. 27. ਪੌ. 9)

## ਭੈੜੀਆਂ ਵਾਦੀਆਂ

ਕਬੀਰ ਸਾਹਿਬ ਦੇ ਸੂਚਿਤ ਕਰਨ ਅਨੁਸਾਰ ਕਿਸੇ ਵਿਅਕਤੀ ਨੇ ਜਿੰਨੇ ਵੀ ਸ਼ੁਭ ਕਰਮ ਆਪਣੀ ਜ਼ਿੰਦਗੀ ਵਿਚ ਕੀਤੇ ਹੋਣ (ਤੀਰਥ, ਇਸ਼ਨਾਨ, ਬਰਤ, ਯਮ, ਨਿਯਮ ਆਦਿ) ਉਹ ਮਾਸ ਖਾਧਿਆਂ ਤੇ ਸ਼ਰਾਬ ਪੀਤਿਆਂ ਸਭ ਦੇ ਸਭ ਖੂਹ ਖਾਤੇ ਵਿਚ ਪੈ ਜਾਂਦੇ ਹਨ :

ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ।
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ।

(ਅ. ਗ., ਪੰ. 1377)

ਓਵੇਂ ਗੁਰੂ ਅਮਰਦਾਸ ਜੀ ਨੇ ਸ਼ਰਾਬ ਪੀਣ ਬਾਰੇ ਤਾੜਨਾ ਕੀਤੀ ਹੈ :

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ।
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।

(ਅ. ਗ., ਪੰ. 554)

ਭਾਈ ਗੁਰਦਾਸ ਦੀ ਬਾਣੀ ਵਿਚ ਵੀ ਉਹਦੀ ਮਲੀਨਤਾ ਬਾਰੇ ਸਪਸ਼ਟ ਸੰਕੇਤ ਮਿਲਦੇ ਹਨ। ਆਪ ਦੇ ਦੱਸਣ ਅਨੁਸਾਰ ਪਿਤਾ ਧੀ ਦੇ ਘਰ ਦੇ ਪਾਣੀ ਨੂੰ ਓਵੇਂ ਅਪਵਿੱਤਰ ਸਮਝਦਾ ਹੈ ਜਿਵੇਂ ਸ਼ਰਾਬ ਪੀਣ ਨੂੰ :

ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ[2]। (ਵ. 35, ਪੌ. 12)

ਇਸੇ ਵਾਰ ਵਿਚ ਇਕ ਹੋਰ ਥਾਂ ਅਕ੍ਰਿਤਘਣਤਾ ਦੇ ਪਰਸੰਗ ਵਿਚ ਜ਼ਿਕਰ ਆਉਂਦਾ ਹੈ, 'ਮਦ ਵਿਚ ਰਿਧਾ ਪਾਇ ਕੈ ਕੁਤੇ ਦਾ ਮਾਸੁ' (ਵ. 35. ਪੌ. 9)। ਭਾਈ ਸਾਹਿਬ ਨੇ ਦੱਸਣਾ ਚਾਹਿਆ ਹੈ, ਕਿ ਜੇ ਕੁੱਤੇ ਦੇ ਮਾਸ ਵਰਗੀ ਨਿਕ੍ਰਿਸ਼ਟ ਚੀਜ਼ ਪਾਣੀ ਦੀ ਬਜਾਇ ਸ਼ਰਾਬ ਵਿਚ ਰਿੰਨ੍ਹ ਲਈ ਜਾਵੇ ਤਾਂ ਉਹ ਹੋਰ ਵੀ

1. ਪ੍ਰੀਤ 2. ਸ਼ਰਾਬ।

Sri Satguru Jagjit Singh Ji eLibrary NamdhariElibrary@gmail.com

ਨਿਖਿੱਧ ਹੋ ਜਾਂਦੀ ਹੈ। ਫੇਰ ਅਜਿਹੀ ਗੰਦੀ ਚੀਜ਼ ਦਾ ਸੇਵਨ ਕੀਤਾ ਜਾਵੇ ਤਾਂ ਕਿਉਂ।

ਕੇਵਲ ਮੂੰਹ ਦੇ ਸੁਆਦ ਲਈ ਰੱਬ ਦੇ ਆਪਣੇ ਜਿਹੇ ਹੋਰ ਜੀਆਂ ਦਾ ਘਾਤ ਕਰਨਾ ਵੀ ਕਿਸੇ ਤਰ੍ਹਾਂ ਘੱਟ ਨਿੰਦਣ ਜੋਗਾ ਦੁਰਕਰਮ ਨਹੀਂ। ਗੁਰੂ ਨਾਨਕ ਸਾਹਿਬ ਦਾ ਫ਼ਰਮਾਨ ਹੈ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।

(ਅ. ਗ., ਪੰ. 140)

ਗੁਰੂ ਅਰਜਨ ਦੇਵ ਨੇ ਇਹਨਾਂ ਮੁਰਦਾਰ-ਖਾਣੇ ਲੋਕਾਂ ਨੂੰ ਪਸ਼ੂਆਂ ਤੇ ਪਰੇਤਾਂ ਦੀ ਘਟੀਆ ਸ਼੍ਰੇਣੀ ਵਿਚ ਸ਼ਾਮਲ ਕਰਦੇ ਹੋਏ ਫ਼ਰਮਾਇਆ ਹੈ :

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।

(ਅ. ਗ., ਪੰ. 723)

ਭਾਈ ਗੁਰਦਾਸ ਮਾਸਖ਼ੋਰੀ ਪ੍ਰਤੀ ਆਪਣਾ ਵਿਚਾਰ ਪ੍ਰਗਟ ਕਰਨ ਲਈ ਇਕ ਬੱਕਰੀ ਦੇ ਮੂੰਹੋਂ ਅਖਵਾਉਂਦੇ ਹਨ :

ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ।
ਹਸਿ ਹਸਿ ਬੋਲੈ ਕੁਹੀਦੀ ਖਾਧੇ ਅਕੁ ਹਾਲ ਇਹ ਹੋਆ।
ਮਾਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕਉਣੁ ਅਲੋਆ।

(ਵ. 37, ਪੌ. 21)

ਜੇ ਮੈਂ ਅੱਕ ਚੱਬ ਕੇ ਗੁਜ਼ਰਾਨ ਤੋਰਨ ਵਾਲੀ ਕੋਹਣ ਬਾਅਦ ਸੀਖ ਤੇ ਤਲੀ ਜਾ ਰਹੀ ਹਾਂ ਤਾਂ ਜਿਹੜੇ ਇਨਸਾਨ ਆਪਣੀ ਜੀਭ ਦੇ ਸੁਆਦ ਲਈ ਹੋਰ ਜੀਵਾਂ ਦੇ ਗਲਿਆਂ ਤੇ ਛੁਰੀ ਫੇਰਨੋਂ ਨਹੀਂ ਹਿਚਕਚਾਉਂਦੇ, ਉਹਨਾਂ ਦਾ ਕੀ ਹਾਲ ਹੋਵੇਗਾ ?

ਕਬੀਰ ਸਾਹਿਬ ਨੇ ਕਿਹਾ ਸੀ :

ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖ ਨਿਕਸੈ ਰਾਮੁ।
ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ।

(ਅ. ਗ., ਪੰ. 1367)

ਉਹ ਇਹ ਨਹੀਂ ਸੀ ਦਸਣਾ ਚਾਹੁੰਦੇ ਕਿ ਜੇ ਤੁਸੀਂ ਸੁਚੇਤ ਤੌਰ ਤੇ ਕਦੇ ਪਰਮਾਤਮਾ ਨੂੰ ਯਾਦ ਨਾ ਕੀਤਾ ਹੋਵੇ, ਪਰ ਬੇਖ਼ਿਆਲੀ ਵਿਚ ਸੁੱਤੇ ਪਿਆਂ ਤੁਹਾਡੇ ਮੂੰਹੋਂ ਰੱਬ ਦਾ ਨਾਉਂ ਨਿਕਲ ਜਾਵੇ ਤਾਂ ਮੈਂ ਤੁਹਾਨੂੰ ਇਕ ਮਹਾਤਮਾਂ ਵਜੋਂ ਪੂਜਣਾ ਸ਼ੁਰੂ ਕਰ ਦਿਆਂਗਾ। ਉਹਨਾਂ ਨੇ ਸੁਪਨੇ ਵਿਚ ਬੋਲੇ 'ਰਾਮ' ਨੂੰ ਏਨੀ

Sri Satguru Jagjit Singh Ji eLibrary NamdhariElibrary@gmail.com

ਮਹੱਤਤਾ ਇਹ ਜਾਣਦਿਆਂ ਹੋਇਆਂ ਦਿਤੀ ਸੀ ਕਿ ਨੀਂਦ ਵਿਚ 'ਰਾਮ ਰਾਮ' ਓਹੀਓ ਬੰਦਾ ਬਰੜਾਇਗਾ ਜਿਹੜਾ ਜਾਗਦਾ ਹੋਇਆ ਹਰ ਪਲ 'ਰਾਮ ਰਾਮ' ਜਪੀ ਜਾਂਦਾ ਰਿਹਾ ਹੋਵੇ। ਓਹੀਓ ਭਾਵ ਪ੍ਰਗਟ ਕਰਨ ਲਈ ਭਾਈ ਗੁਰਦਾਸ ਕਹਿੰਦੇ ਹਨ, ਜਦ ਕਿਸੇ ਨਸ਼ਿਆਂ ਦੇ ਪੱਟੇ ਵਿਕਾਰੀ ਆਦਮੀ ਦੇ ਪ੍ਰਾਣ ਨਿਕਲਦੇ ਹੋਣ ਉਹ ਕਹੇਗਾ, ਮੇਰਾ ਸੰਘ ਸੁੱਕ ਰਿਹਾ ਹੈ, ਮੇਰੇ ਮੂੰਹ ਵਿਚ ਦਾਰੂ ਪਾਓ :

ਅਧਮ ਅਸਾਧ ਜੈਸੇ ਬਾਰੁਨੀ ਬਿਨਾਸ ਕਾਲ
ਸਾਧ ਸੰਗ ਸੰਗ ਮਿਲਿ ਸੁਜਨ ਭਿਲਾਖਈ।

(ਕ. ਸ. 155)

## ਤ੍ਰਿਸ਼ਨਾ

ਕਰਤਾਰ ਦੀ ਕੁਦਰਤ ਕੁਝ ਅਜਿਹੀ ਹੈ ਕਿ ਥਿਨਾਂ ਉਹਦੀ ਦਇਆ ਤੋਂ ਕਿਸੇ ਨੂੰ ਆਪਣੇ ਇਸ ਜਨਮ ਦਾ ਮੂਲ ਮਨੋਰਥ ਚੇਤੇ ਨਹੀਂ ਆਉਂਦਾ ਤੇ ਕਿਉਂਕਿ ਕਿਸੇ ਵੀ ਸਾਧਨ ਦੁਆਰਾ ਸੁਖ ਲੈਣਾ, ਖੁਸ਼ੀ ਪ੍ਰਾਪਤ ਕਰਨਾ ਉਹਨੂੰ ਅੱਛਾ ਲਗਦਾ ਹੈ, ਉਹ ਆਪਣਾ ਵਕਤ ਸੁਆਦ ਨਾਲ ਕੱਟਣ ਵਿਚ ਹੀ ਮਗਨ ਹੋਇਆ ਰਹਿੰਦਾ ਹੈ। ਖੁਲ੍ਹੇ ਅਸਮਾਨ ਹੇਠ ਪਟੜੀ ਤੇ ਸੌਣ ਵਾਲੇ ਕੰਗਲੇ ਨਾਲੋਂ ਛਪਰੀ ਵਿਚ ਵਸਦੇ ਨੂੰ ਵਧੇਰੇ ਆਰਾਮ ਮਿਲਦਾ ਹੈ ਤੇ ਕੋਠੇ ਦੀ ਨਿਸਬਤ ਕੋਠੀ ਦੇ ਮਾਲਕ ਨੂੰ। ਤਾਂ ਤੇ ਹਰ ਕੋਈ ਚਾਹੁੰਦਾ ਹੈ ਮੈਂ ਵਧ ਤੋਂ ਵਧ ਸੁਵਿਧਾਵਾਂ ਵਾਲਾ ਨਿਵਾਸ ਸਥਾਨ ਉਸਾਰਾਂ। ਚਾਰ ਪੈਸੇ ਪੱਲੇ ਹੋਣ ਤਾਂ ਜ਼ਿੰਦਗੀ ਕਈ ਪੱਖਾਂ ਤੋਂ ਸੁਖਾਵੀਂ ਹੋ ਜਾਂਦੀ ਹੈ, ਮਾਨ ਸਤਿਕਾਰ ਮਿਲਣ ਲੱਗ ਪੈਂਦਾ ਹੈ, ਫੇਰ ਦੌਲਤ ਕਮਾਉਣ ਦੀ ਹਵਸ ਕਿਵੇਂ ਨਾ ਜਾਗੇ। ਇਸੇ ਤਰ੍ਹਾਂ ਦੀ ਇਕ ਹੋਰ ਕਮਜ਼ੋਰੀ ਕਾਮ ਵਾਸ਼ਨਾ ਹੈ, ਜਿਸ ਦਾ ਸ਼ਿਕਾਰ ਹੋਣੋਂ ਬਹੁਤੇ ਲੋਕ ਨਹੀਂ ਬਚ ਪਾਉਂਦੇ। ਤ੍ਰਿਸ਼ਨਾ ਤੋਂ ਪੀੜਿਤ ਮਨੁੱਖ ਮਾਤਰ ਦੀ ਸਥਿਤੀ ਭਾਈ ਗੁਰਦਾਸ ਇਹਨਾਂ ਸ਼ਬਦਾਂ ਵਿਚ ਬਿਆਨ ਕਰਦੇ ਹਨ :

ਲਖ ਗੜਾੜ ਕੜਾਹ ਵਿਚਿ ਤ੍ਰਿਸ਼ਨਾ ਦਝਹਿ ਸੀਖ ਪਰੋਆ।

(ਵ. 39 ਪੌ. 4)

ਜਿਵੇਂ ਥੜਵਾ ਅਗਨੀ ਦੀ ਬੇਤਹਾਸ਼ਾ ਤਪਸ਼ ਵਿਚ ਸਮੁੰਦਰ ਤਕ ਭਸਮ ਹੋ ਜਾਂਦੇ ਹਨ, ਓਵੇਂ ਅਨੇਕਾਂ ਜੀਵ ਸੀਖ ਵਿਚ ਪਰੋਏ ਕਬਾਬਾਂ ਜਿਉਂ ਤ੍ਰਿਸ਼ਨਾ ਦੀ ਕੜਾਹੀ ਵਿਚ ਤਲੇ ਜਾ ਰਹੇ ਹਨ।

ਗਿਣਤੀ ਦੇ ਪਖੋਂ ਵਿਕਾਰ ਪੰਜ ਮੰਨੇ ਜਾਂਦੇ ਹਨ ਤੇ ਆਪਣੀ ਆਪਣੀ ਥਾਂ ਉਹ ਮੁਹਲਕ ਵੀ ਸਾਰੇ ਹਨ, ਪਰ ਜਿਹਨਾਂ ਲਈ ਕੰਚਨ ਤੇ ਕਾਮਿਨੀ ਦੇ ਸੰਕੇਤ ਵਰਤੇ ਜਾਂਦੇ ਹਨ, ਲੋਭ ਤੇ ਕਾਮ, ਉਹਨਾਂ ਦਾ ਪ੍ਰਭਾਵ ਤਾਂ ਬਹੁਤ ਹੀ ਪ੍ਰਬਲ ਹੈ।

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਪੈਸੇ ਦੇ ਵਸੀਲੇ ਨਾਲ ਕਿੰਨੀਆਂ ਹੀ ਗਲਤ ਭਾਂਤ ਦੀਆਂ ਹਸਰਤਾਂ ਪੂਰੀਆਂ ਹੋ ਜਾਂਦੀਆਂ ਹਨ, ਲੋਕ ਉਹਨੂੰ ਹਥਿਆਉਣ ਲਈ ਕੋਈ ਵੀ ਅਪਰਾਧ ਕਰਨ ਨੂੰ ਤਿਆਰ ਹੋ ਜਾਂਦੇ ਹਨ-ਕਤਲ, ਡਾਕਾ, ਖੋਹ, ਚੋਰੀ, ਜੇਬ ਤਰਾਸ਼ੀ, ਧੋਖਾ ਦਹੀ, ਚੋਰ ਬਜ਼ਾਰੀ ਇਤਿਆਦਿ। ਪਰ ਦੌਲਤ ਦਾ ਇਕ ਨਾਂਉਂ ਮਾਇਆ ਵੀ ਹੈ, ਉਹਦੇ ਲਈ ਭਾਵੇਂ ਕੋਈ ਵੀ ਜੱਫਰ ਜਾਲੇ ਗਏ ਹੋਣ ਉਹ ਆਪਣੇ ਸੁਆਮੀ ਦਾ ਸਾਥ ਨਹੀਂ ਨਿਭਾਉਂਦੀ, ਵਫ਼ਾ ਨਹੀਂ ਪਾਲਦੀ :

ਜੈਸੇ ਮਧੁ ਮਖੀ ਸੰਚਿ ਸੰਚਿ ਕੈ ਇਕਤ੍ਰ ਕਰੈ
ਹੇਰੈਂ ਮਧੂ ਆਇ ਤਾਕੇ ਮੁਖਿ ਛਾਹੁ[1]ਡਾਰ ਕੈ।
ਜੈਸੇ ਬਛੁ ਹੇਤੁ ਗਊ ਸੰਚਤ ਹੈ ਖੀਰ ਤਾਹਿ
ਲੇਤ ਹੈ ਅਹੀਰੁ ਦੁਹਿ ਬਛਰੇ ਬਿਡਾਰਿ[2] ਕੈ।
ਜੈਸੇ ਧਰਿ ਖੋਦਿ ਖੋਦਿ ਕਰਿ ਬਿਲ ਸਾਜੈ ਮੂਸਾ
ਪੈਸਤ ਸਰਪੁ ਧਾਇ ਖਾਇ ਤਾਹਿ ਮਾਰਿ ਕੈ।
ਤੈਸੇ ਕੋਟਿ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ
ਅੰਤਿ ਕਾਲਿ ਛਾਡਿ ਚਲੇ ਦੋਨੋ ਕਰ ਝਾਰਿ ਕੈ।
(ਕ. ਸ. 554)

ਮੱਖੀ ਹਜ਼ਾਰਾਂ ਫੁੱਲਾਂ ਵਿਚੋਂ ਸ਼ਹਿਦ ਦੇ ਕਣ ਇਕੱਠੇ ਕਰਦੀ ਹੈ, ਤੇ ਫੇਰ ਕੋਈ ਧਾੜਵੀ ਆਉਂਦਾ ਹੈ, ਤੇ ਪੂਰਾ ਛੱਤਾ ਇਕੋ ਵਾਰ ਲੁੱਟ ਕੇ ਲੈ ਜਾਂਦਾ ਹੈ। ਗਊ ਦਿਨ ਭਰ ਘਾਅ ਫੂਸ ਚਰ ਕੇ ਆਪਣੀ ਸੰਤਾਨ ਲਈ ਖੁਰਾਕ ਪੈਦਾ ਕਰਦੀ ਹੈ ਤੇ ਅਹੀਰ ਉਹਦੇ ਵੱਛੇ ਨੂੰ ਇਕ ਪਾਸੇ ਧਕੇਲ ਕੇ ਸਾਰਾ ਦੁੱਧ ਚੋਅ ਲੈਂਦਾ ਹੈ। ਚੂਹਾ ਬੜੇ ਹਠ ਤੇ ਮਿਹਨਤ ਨਾਲ ਜ਼ਮੀਨ ਕੁਰੇਦ ਕੁਰੇਦ ਕੇ ਆਪਣੇ ਲਈ ਖੁੱਡ ਤਿਆਰ ਕਰਦਾ ਹੈ ਤੇ ਸੱਪ ਜ਼ਬਰਦਸਤੀ ਉਸ ਖੁੱਡ ਦਾ ਹੀ ਮਾਲਕ ਨਹੀਂ ਬਣ ਬਹਿੰਦਾ ਸਗੋਂ ਉਹਦੇ ਖੁੱਟਣ ਵਾਲੇ ਨੂੰ ਵੀ ਨਘਾਰ ਲੈਂਦਾ ਹੈ। ਓਵੇਂ ਹੀ ਲੋਭੀ ਪੁਰਸ਼ ਅਨੇਕ ਪਾਪ ਕਰ ਕਰ ਕੇ ਮਾਲ ਧਨ ਜੋੜਦਾ ਹੈ, ਪਰ ਜਦ ਅੰਤ ਸਮਾਂ ਆਉਂਦਾ ਹੈ ਉਹਨੂੰ ਪੱਲੇ ਝਾੜ ਕੇ ਖ਼ਾਲੀ ਹੱਥ ਜਾਣਾ ਪੈਂਦਾ ਹੈ। ਉਹਦੀ ਅੰਤਾਂ ਦੀ ਲਾਡਲੀ ਮਾਇਆ ਉਹਦੇ ਨਾਲ ਛਲ ਖੇਡਣ ਤੋਂ ਨਹੀਂ ਚੁਕਦੀ।

## ਕਪਟ ਸਨੇਹ

ਅੱਜ ਦੀ ਦੁਨੀਆਂ ਵਿਚ ਕੋਈ ਅਲੋਕਾਰ ਨਹੀਂ, ਨਿੱਤ ਵਾਪਰਦੀ ਘਟਨਾ ਹੈ, ਕਿ ਕਿਸੇ ਪੁੱਤਰ ਨੇ ਚਾਪਲੂਸੀ ਦੁਆਰਾ, ਪੈਰ ਲੱਤਾਂ ਘੁੱਟ ਕੇ ਪਿਉ ਦੀ

1. ਸੁਆਹ 2. ਹਟਾ ਕੇ।

Sri Satguru Jagjit Singh Ji eLibrary NamdhariElibrary@gmail.com

ਜਾਇਦਾਦ ਆਪਣੇ ਨਾਉਂ ਚੜ੍ਹਵਾ ਲਈ ਤੇ ਫੇਰ ਇਹ ਵੀ ਭੁੱਲ ਗਿਆ ਕਿ ਇਹ ਬੁੱਢਾ ਕਦੇ ਕੁ ਮੇਰਾ ਕੁਝ ਲਗਿਆ ਕਰਦਾ ਸੀ। ਗੁਰੂ ਦਾ ਸ਼ਬਦ ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁੱਕਾ ਹੈ, ਲੱਖ ਦੌਲਤਾਂ ਦੀ ਇਕ ਦੌਲਤ ਹੈ, ਪਰ ਇਸ ਨੂੰ ਹਾਸਲ ਕਰ ਕੇ ਬੇਫ਼ਿਕਰ ਨਹੀਂ ਸੌਂ ਜਾਈਦਾ। ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਗੁਰੂ ਦੇ ਪਾਏ ਪੂਰਨਿਆਂ ਅਨੁਸਾਰ ਸੱਚੀ ਸੁੱਚੀ ਰਹਿਤ ਦਾ ਪਾਲਨ ਕਰੇ, ਤੇ ਸ਼ਬਦ ਦੇ ਅਭਿਆਸ ਵੱਲੋਂ ਅਣਗਹਿਲੀ ਨਾ ਵਰਤੇ। ਜਦੋਂ ਕੋਈ ਪਸ਼ੂ ਚੋਰੀ ਹੋ ਜਾਂਦਾ ਹੈ, ਤਾਂ ਸਿਆਣਾ ਖੋਜੀ ਉਹਦੀ ਪੈੜ ਦਾ ਪਿਛਾ ਕਰਨ ਲੱਗਿਆਂ ਪੈਰ ਜੁੱਤੀ ਨਹੀਂ ਪਾਉਂਦਾ, ਕਿਉਂਕਿ ਆਲਸ ਕੀਤਿਆਂ ਪੈੜ ਵੱਧ ਘੱਟ ਮਿਟ ਕੇ ਬੇਪਛਾਣ ਹੋ ਜਾਂਦੀ ਹੈ, ਤੇ ਫੇਰ ਖੋਜ ਦਾ ਕੋਈ ਅਰਥ ਨਹੀਂ ਰਹਿੰਦਾ। ਜਿਹੜੀ ਪਤਨੀ ਆਪਣੇ ਕੰਤ ਦੇ ਸੇਜ ਤੇ ਪਧਾਰਨ ਸਮੇਂ ਲੰਮੀਆਂ ਤਾਣ ਕੇ ਨੀਂਦਾਂ ਮਾਣਦੀ ਰਵ੍ਹੇ, ਤੇ ਉਹਦੀ ਸੇਵਾ ਦਾ ਸੁਅਵਸਰ ਗਵਾ ਲਵੇ, ਉਹ ਸਵੇਰ ਹੋਣ ਤੇ ਪੀੜਿਤ ਹਿਰਦੇ ਨਾਲ ਹੱਥ ਮਲਦੀ ਹੀ ਉਠਦੀ ਹੈ। ਜੇਕਰ ਪਪੀਹਾ ਵਰ੍ਹਦੇ ਮੀਂਹ ਤੋਂ ਪਾਸਾ ਵੱਟ ਲਵੇ ਤਾਂ ਉਹਨੇ ਬਰਖਾ ਹਟਣ ਤੇ ਪਿਆਸ ਦੇ ਮਾਰੇ ਵਿਲਕਣਾ ਹੀ ਵਿਲਕਣਾ ਹੈ। ਉਸੇ ਭਾਂਤ ਜੇ ਸਿੱਖ ਗੁਰ-ਸ਼ਬਦ ਦੀ ਦਾਤ ਪ੍ਰਾਪਤ ਕਰ ਕੇ ਵੀ ਮਨਮੁਖਤਾ ਦਾ ਪੱਲਾ ਨਾ ਛੱਡੇ, ਤਾਂ ਇਹ ਉਹਦਾ ਬਹੁਤ ਵੱਡਾ ਦੁਰਭਾਗ ਹੋਵੇਗਾ, ਕਿਉਂਕਿ ਗੁਰੂ ਨਾਲ ਕਪਟ-ਸਨੇਹ ਜਤਾਉਣ ਵਾਲੇ ਮੂਰਖ ਨੇ ਪਛਤਾਵੇ ਤੋਂ ਬਿਨਾਂ ਹੋਰ ਕੀ ਖੱਟਣਾ ਹੈ :

ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁੰਚੈ ਠਿਕਾਨੇ
ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ।
ਸਿਹਜਾ ਸਮੈ ਰਮੈ ਭਰਤਾਰਿ ਬਰ ਨਾਰਿ ਸੋਈ
ਕਹੈ ਜਉ ਆਗਿਆ ਨ ਮਾਨੈ ਪ੍ਰਗਟਤ ਪ੍ਰਾਤ ਹੈ।
ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤਿ ਪੀਏ
ਮੋਨਿ ਗਹੇ ਬਰਖ ਬਿਤੀਤੇ ਬਿਲਲਾਤ ਹੈ।
ਸਿਖ ਸੋਈ ਸੁਨਿ ਗੁਰ-ਸ਼ਬਦ ਰਹਿਤ ਰਹੈ
ਕਪਟ ਸਨੇਹ ਕੀਏ ਪਾਛੈ ਪਛੁਤਾਤ ਹੈ।

(ਕ. ਸ. 440)

## ਵਿਦਿਆ ਤੇ ਬਾਦ

ਸਭਿਅਤਾ ਦੇ ਪਹੁ-ਫੁਟਾਲੇ ਦੇ ਨਾਲ-ਨਾਲ ਵਿਦਿਆ ਦਾ ਪ੍ਰਕਾਸ਼ ਫੈਲਿਆ ਤੇ ਇਹਦੇ ਰਾਹੀਂ ਗਿਆਨ ਪ੍ਰਾਪਤੀ ਦੀ ਦਿਸ਼ਾ ਵਿਚ ਅਤਿਅੰਤ ਪ੍ਰਗਤੀ ਹੋਈ,

Sri Satguru Jagjit Singh Ji eLibrary NamdhariElibrary@gmail.com

ਏਨੀ ਕਿ ਅੱਜ ਦੇ ਜੁਗ ਵਿਚ ਅਨਪੜ੍ਹ ਵਿਅਕਤੀ ਆਪਣੇ ਜੀਵਨ ਦੇ ਮਾਰਗ ਤੇ ਜਾਣੋਂ ਤੁਰਦਾ ਨਹੀਂ, ਇਕ ਅਪਾਹਜ ਵਾਂਗ ਗੋਡਿਆਂ ਭਾਰ ਧੜ ਘਸੀਟਦਾ ਹੈ। ਤੇ ਤਾਂ ਵੀ ਅਸੀਂ ਦੇਖਦੇ ਹਾਂ, ਸੰਤਾਂ ਸਤਿਗੁਰੂਆਂ ਨੂੰ ਪੜ੍ਹਨ ਦੇ ਖ਼ਿਲਾਫ ਮੁੜ-ਮੁੜ ਕੁਝ ਕਹਿਣਾ ਪਿਆ ਹੈ, ਜਿਵੇਂ ਪਹਿਲਾਂ ਆਖਿਆ ਹਰ ਵਾਰ ਥੋੜ੍ਹਾ ਪੈ ਗਿਆ ਹੋਵੇ। ਇਕ ਉਦਾਹਰਣ, 'ਲਿਖਿ ਲਿਖਿ ਪੜਿਆ ਤੇਤਾ ਕੜਿਆ' (ਮ: 1, ਪੰ. 467)। ਪਰ ਇਕ ਗੱਲੋਂ ਕਿਸੇ ਨੂੰ ਭੁੱਲ ਲੱਗਣ ਦੀ ਉਕਾ ਗੁੰਜਾਇਸ਼ ਨਹੀਂ ; ਉਹ ਅਨਪੜ੍ਹਤਾ ਦਾ ਪਰਚਾਰ ਨਹੀਂ ਸੀ ਕਰ ਰਹੇ, ਉਹਨਾਂ ਨੇ ਪੜ੍ਹਾਈ ਦੀ ਨਿਖੇਧੀ ਨਹੀਂ ਕੀਤੀ, ਪੜ੍ਹਾਈ ਦੇ ਊਣੇ ਪੱਖ ਭਾਵ ਕਿਤਾਬੀ ਲਿਆਕਤ ਨੂੰ ਆਪਣੇ ਆਪ ਵਿਚ ਅੰਤਮ ਪ੍ਰਾਪਤੀ ਸਮਝ ਕੇ ਸੰਤੁਸ਼ਟ ਹੋ ਜਾਣ, ਜਾਂ ਦੂਸਰਿਆਂ ਨੂੰ ਨੀਵਾਂ ਦਿਖਾ ਕੇ ਖ਼ੁਦ ਫੁੱਲੇ ਫਿਰਨ ਦੀ ਨਿਖੇਧੀ ਕੀਤੀ ਹੈ :

ਪੜਿ ਪੜਿ ਪੰਡਿਤ ਕਰਹਿ ਬੀਚਾਰ।
ਬਿਨੁ ਬੂਝੇ ਸਭ ਹੋਇ ਖੁਆਰ।

(ਮ: 1, ਅ. ਗ. ਪੰ. 791)

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ।

(ਮ: 3, ਅ: ਗ. ਪੰ. 1131)

ਉਕਤ ਪ੍ਰਕਾਰ ਦੇ ਚੁੰਚ-ਗਿਆਨ ਦੇ ਸੰਬੰਧ ਵਿਚ ਭਾਈ ਗੁਰਦਾਸ ਲਿਖਦੇ ਹਨ :

ਖਾਂਡ ਖਾਂਡ ਕਹੈ ਜਿਹਬਾ ਨ ਸਵਾਦ ਮੀਠੋ ਆਵੈ
ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ
ਦਰਬ ਦਰਬ ਕਹੈ ਕੋਊ ਦ੍ਰਬਹਿ ਨ ਬਿਲਾਸ ਹੈ।
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸੁ ਬਾਸੁ
ਚੰਦ੍ਰ ਚੰਦ੍ਰ ਕਹੈ ਉਜਿਆਰੋ ਨ ਪ੍ਰਗਾਸ ਹੈ।
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ
ਕਰਨੀ ਪ੍ਰਧਾਨ ਭਾਨੁ ਉਦਤਿ ਅਕਾਸ਼ ਹੈ।

(ਕ. ਸ. 437)

ਕੇਵਲ 'ਖੰਡ' ਦਾ ਸ਼ਬਦ ਹੀ ਮੂੰਹੋਂ ਉਚਾਰੀ ਜਾਣ ਨਾਲ ਮਿਠਾਸ ਦਾ ਸੁਆਦ ਨਹੀਂ ਮਾਣਿਆ ਜਾ ਸਕਦਾ, ਨਾ ਹੀ 'ਅਗਨੀ ਅਗਨੀ' ਆਖਿਆਂ

Sri Satguru Jagjit Singh Ji eLibrary NamdhariElibrary@gmail.com

ਸਰਦੀ ਤੋਂ ਬਚਾਉ ਹੁੰਦਾ ਹੈ। 'ਬੈਦ ਬੈਦ' ਦੀ ਦੁਹਾਈ ਪਾਇਆਂ ਕਿਸੇ ਬੀਮਾਰੀ ਦਾ ਇਲਾਜ ਨਹੀਂ ਹੁੰਦਾ, ਨਾ 'ਦੌਲਤ ਦੌਲਤ' ਦੀ ਪੁਕਾਰ ਕਿਸੇ ਨੂੰ ਧਨਵਾਨ ਹੋਣ ਦੀ ਪ੍ਰਸੰਨਤਾ ਬਖਸ਼ ਸਕਦੀ ਹੈ। 'ਚੰਦਨ' ਬਿਰਛ ਦਾ ਮੁੜ ਮੁੜ ਲਿਆ ਨਾਉਂ ਖੁਸ਼ਬੂ ਉਤਪੰਨ ਨਹੀਂ ਕਰ ਸਕਦਾ, ਨਾ 'ਚੰਦ' ਨੂੰ ਯਾਦ ਕੀਤਿਆਂ ਕਿਧਰੋਂ ਪ੍ਰਕਾਸ਼ ਦਾ ਉਦੈ ਹੁੰਦਾ ਹੈ। ਉਸੇ ਤਰ੍ਹਾਂ ਗਿਆਨ ਦੀਆਂ ਗੱਲਾਂ ਸੁੱਚੇ ਆਤਮਿਕ ਜੀਵਨ ਦਾ ਬਦਲ ਨਹੀਂ ਬਣਦੀਆਂ, ਪਰਮਾਰਥ ਦਾ ਕਾਰਜ ਤਾਂ ਕਰਨੀ ਦੁਆਰਾ ਹੀ ਸੌਰਦਾ ਹੈ। ਨਾਮ ਅਭਿਆਸ ਤੋਂ ਬਗ਼ੈਰ ਅੰਦਰ ਸ਼ਬਦ ਦੀ ਜੋਤਿ ਨਹੀਂ ਜਗਦੀ।

## ਨਿੰਦਿਆ

ਭਾਵੇਂ ਉਹ ਜਾਣ ਪਛਾਣ ਦਾ ਹੋਵੇ ਜਾਂ ਬਿਲਕੁਲ ਓਪਰਾ, ਕਿਸੇ ਵੀ ਵਿਅਕਤੀ ਦੀ ਨਿੰਦਿਆ ਕਰਨ ਦਾ ਮੂਲ ਮੰਤਵ ਆਪਣੀ ਹਉਂ ਵਿਚ ਵਾਧਾ ਕਰਨ ਤੁਲ ਹੈ। ਦੂਜੇ ਬੰਦੇ ਤੇ ਚਿੱਕੜ ਉਛਾਲ ਕੇ ਨਿੰਦਕ ਆਪਣੀ ਗੰਦਗੀ ਨੂੰ ਕੱਜਣ, ਤੇ ਖ਼ੁਦ ਨੂੰ ਉਹਦੇ ਨਾਲੋਂ ਚੰਗਾ ਸਿੱਧ ਕਰਨ ਦਾ ਜਤਨ ਕਰਦਾ ਹੈ। ਪਰ ਹੋਰਾਂ ਦੇ ਐਬ ਛਾਟਣਾ ਤਾਰਿਆਂ ਤੇ ਥੁੱਕਣ ਜਿਹਾ ਕਰਮ ਹੈ। ਜਿਵੇਂ ਕਿ ਉਹਦੇ ਮੂੰਹ ਦਾ ਲੁਆਬ ਥੁੱਕਣ ਵਾਲੇ ਦੇ ਆਪਣੇ ਮੂੰਹ ਤੇ ਹੀ ਆ ਡਿਗਦਾ ਹੈ, ਨਿੰਦਕ ਜਿਸ ਐਬ ਨੂੰ ਭੰਡ ਰਿਹਾ ਹੁੰਦਾ ਹੈ, ਉਹਦੀ ਸਜ਼ਾ ਦਾ ਆਪ ਭਾਗੀ ਬਣ ਜਾਂਦਾ ਹੈ। ਤਦੇ ਕਬੀਰ ਸਾਹਿਬ ਨੇ ਕਿਹਾ ਸੀ, "ਨਿੰਦਾ ਹਮਰੀ ਪ੍ਰੇਮ ਪਿਆਰੁ। ਨਿੰਦਕ ਹਮਰਾ ਕਰੈ ਉਧਾਰੁ" (ਅ. ਗ., ਪੰ. 339)। ਪਰ ਗ਼ੈਰਾਂ ਦੀਆਂ ਬੁਰਿਆਈਆਂ ਨਸ਼ਰ ਕਰਨ ਦਾ ਆਪਣਾ ਹੀ ਸੁਆਦ ਹੁੰਦਾ ਹੈ ਤਦੇ ਬੇਮੁਖ ਲੋਕ ਆਪਣਾ ਇਹ ਝੱਸ ਛੱਡਣਾ ਚਾਹੁਣ ਤਾਂ ਵੀ ਨਹੀਂ ਛੱਡ ਸਕਦੇ। ਭਾਈ ਗੁਰਦਾਸ ਲਿਖਦੇ ਹਨ :

ਕੁੱਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ[1] ਸਟੈ।
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
ਚੋਆ ਚੰਦਨੁ ਪਰਿਹਰੈ ਖਰੁ[2] ਖੇਹ ਪਲਟੈ।
ਤਿਉ ਨਿੰਦਕ ਪਰ ਨਿੰਦਹੂੰ ਹਠਿ ਮੂਲਿ ਨ ਹਟੈ।
ਆਪਣ ਹਥੀ ਆਪਣੀ ਜੜ ਆਪਿ ਉਪਟੈ।

(ਵ. 35, ਪੌ. 1)

1. ਮੂੰਹ ਤੋਂ 2. ਖੋਤਾ।

Sri Satguru Jagjit Singh Ji eLibrary NamdhariElibrary@gmail.com

ਰਾਜਾ ਕੁੱਤੇ ਨੂੰ ਆਪਣੇ ਨਾਲ ਗੱਦੀ ਉੱਤੇ ਬਠਾ ਲਵੇ, ਤਾਂ ਵੀ ਉਹ ਆਪਣੀ ਚੱਕੀਆਂ ਤੇ ਜੀਭ ਮਾਰਨ ਦੀ ਆਦਤ ਤੋਂ ਬਾਜ਼ ਨਹੀਂ ਆਵੇਗਾ। ਕੋਈ ਸੱਪ ਦਿਨ ਤੇ ਰਾਤ ਨਿਰੇ ਦੁੱਧ ਤੇ ਪਲਦਾ ਰਵ੍ਹੇ ਤਦ ਵੀ ਉਹਦੇ ਮੂੰਹ ਤੋਂ ਜਦ ਵੀ ਨਿਕਲੇਗੀ, ਜ਼ਹਿਰ ਹੀ ਨਿਕਲੇਗੀ। ਪੱਥਰ ਨੂੰ ਕਿੰਨਾ ਵੀ ਪਾਣੀ ਵਿਚ ਡੁਬੋਈ ਰਖੀਏ ਉਹਦੀ ਕਠੋਰਤਾ ਵਿਚ ਕਮੀ ਨਹੀਂ ਆਉਂਦੀ। ਗਧਾ ਚੰਦਨ ਤੇ ਇਤਰ ਨੂੰ ਛੱਡ ਕੇ ਘੱਟੇ ਵਿਚ ਹੀ ਲੇਟਣਾ ਪਸੰਦ ਕਰੇਗਾ। ਉਸੇ ਤਰ੍ਹਾਂ ਨਿੰਦਕ ਪਰਾਈਆਂ ਬਦਖੋਈਆਂ ਦੀ ਆਦਤ ਨਹੀਂ ਛੱਡਦਾ ਭਾਵੇਂ ਅਜਿਹਾ ਕਰਨ ਲਈ ਉਹਦਾ ਆਪਣਾ ਸਰਬਨਾਸ਼ ਹੀ ਕਿਉਂ ਨਾ ਹੋ ਜਾਇ।

ਕਬੀਰ ਸਾਹਿਬ ਨੇ ਵੀ ਇਕ ਹੋਰ ਥਾਂ ਕਿਹਾ ਸੀ :

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ।
ਆਵਾਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ।
(ਅ. ਗ., ਪੰ. 971)

ਪਰ ਧਨ, ਪਰ-ਨਿੰਦਿਆ ਅਤੇ ਪਰ-ਨਾਰੀ ਜਾਂ ਪਰ-ਪੁਰਸ਼ ਦੇ ਸੰਗ ਜਿਹੇ ਕੁਕਰਮ ਜੀਵ ਨੂੰ ਆਵਾਗੌਣ ਦੇ ਚੱਕਰ ਨਾਲ ਬੰਨ੍ਹ ਕੇ ਰਖਦੇ ਹਨ।

ਜੈਸੇ ਬਿਖੁ ਤਨਕ[1] ਹੀ ਖਾਤ ਮਰਿ ਜਾਤਿ ਤਾਤ[2]
ਗਾਤਿ[3] ਮੁਰਝਾਤਿ ਪ੍ਰਤਿਪਾਲੀ ਬਰਖਨ ਕੀ।
ਜੈਸੇ ਕੋਟਿ ਭਾਰਿ ਤੂਲਿ[4] ਰੰਚਕ ਚਿਨਗ ਪਰੈ
ਹੋਤ ਭਸਮਾਤ[5] ਛਿਨ ਮੈ ਅਕਰਖਨ ਕੀ।
ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ
ਪਰਤਿ ਕਾਂਜੀ ਕੀ ਬੂੰਦ ਬਾਤ ਨ ਰਖਨ ਕੀ।
ਤੈਸੇ ਪਰ ਧਨ ਪਰ ਤਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਿਤ ਸਹਜਿ ਹਰਖਨ ਕੀ।
(ਕ. ਸ. 506)

ਕੋਈ ਜੀਵ ਜ਼ਰਾ ਜਿੰਨੀ ਜ਼ਹਿਰ ਖਾ ਲਵੇ ਤਾਂ ਝੱਟ ਉਹਦਾ ਪ੍ਰਾਣ ਪੰਖੇਰੂ ਉਡ ਜਾਂਦਾ ਹੈ, ਤੇ ਉਹਦੀ ਵਰ੍ਹਿਆਂ ਬੱਧੀ ਲਾਡ ਮਲ੍ਹਾਰ ਨਾਲ ਪਾਲੀ ਦੇਹ ਮੁਰਝਾ ਜਾਂਦੀ ਹੈ। ਰੂੰ ਦੀਆਂ ਕਰੋੜਾਂ ਪੰਡਾਂ ਵਿਚ ਜ਼ਰਾ ਜਿਨੀ ਚਿੰਗਾੜੀ ਆ ਡਿੱਗੇ ਤਾਂ ਉਹਨੂੰ ਸੜ ਕੇ ਸੁਆਹ ਹੁੰਦਿਆਂ ਉਕਾ ਦੇਰ ਨਹੀਂ ਲਗਦੀ। ਮੱਝ ਦਾ ਦੁੱਧ ਚੋ ਕੇ ਭਾਂਡੇ ਵਿਚ ਸਾਂਭਿਆ ਗਿਆ ਹੋਵੇ ਤੇ ਉਸ ਵਿਚ ਕਾਂਜੀ ਦੀ ਛਿੱਟ

1. ਤਨਿਕ, ਥੋੜਾ 2. ਪਿਆਰਾ 3. ਸ਼ਰੀਰ 4. ਰੂਈ 5. ਸਵਾਹ ਦਾ ਢੇਰ

Sri Satguru Jagjit Singh Ji eLibrary NamdhariElibrary@gmail.com

ਮਿਲ ਜਾਵਿ ਤਾਂ ਉਹ ਫਟ ਕੇ ਕੰਮ ਦਾ ਨਹੀਂ ਰਹਿੰਦਾ ਤਿਵੇਂ ਹੀ ਪਰਾਇਆ ਪੈਸਾ ਹਥਿਆਉਣ, ਬਿਗਾਨੀ ਇਸਤਰੀ ਨਾਲ ਸੰਬੰਧ ਜੋੜਨ ਅਤੇ ਹੋਰ ਲੋਕਾਂ ਨੂੰ ਭੰਡਣ ਛੁਟਿਆਉਣ ਨਾਲ ਆਤਮ-ਆਨੰਦ ਦੇਣ ਵਾਲੇ ਸਾਰੇ ਸ਼ੁਭ ਕਰਮਾਂ ਦੀ ਪੂੰਜੀ ਨਸ਼ਟ ਹੋ ਜਾਂਦੀ ਹੈ।

ਕਿਸੇ ਦੂਜੇ ਵਿਅਕਤੀ ਦੀ ਨਿੰਦਿਆ ਕਰਨਾ, ਗੱਲ ਭਾਵੇਂ ਸੱਚੀ ਵੀ ਹੋਵੇ, ਭੈੜਾ ਕਰਮ ਹੈ। ਅਜਿਹਾ ਕਰਮ ਕੋਈ ਮੈਲੀ ਮੱਤ ਵਾਲਾ ਮਨਮੁਖ ਹੀ ਕਰਦਾ ਹੈ। ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ। ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ। (ਮ: 3, ਪੰ. 755) ਨਿੰਦਕ ਆਪ ਬੇ-ਸ਼ਕ ਰੋਮ ਰੋਮ ਬੁਰੇ ਹੋਣ, ਉਹ ਭਲੇ ਲੋਕਾਂ ਦੇ ਸ਼ੁਭ ਗੁਣਾਂ ਨੂੰ ਵੀ ਅਵਗੁਣ ਕਰ ਕੇ ਤਕਦੇ ਹਨ, ਤੇ ਉਹਨਾਂ ਨੂੰ ਖ਼ੁਦ ਨਾਲੋਂ ਛੋਟਾ ਸਿੱਧ ਕਰਨ ਵਿਚ ਜੁਟੇ ਰਹਿੰਦੇ ਹਨ। ਪਰ ਗੁਰੂ ਦਾ ਸਿਖ ਕਿਸੇ ਵੀ ਵਿਅਕਤੀ ਨੂੰ ਮੰਦਾ ਨਹੀਂ ਸਮਝਦਾ :

ਆਪਹੁ ਕਿਸੈ ਨ ਜਾਣੈ ਮੰਦਾ। (ਵ. 28, ਪੌ. 12)

ਤਦੇ ਹੋਰਨਾਂ ਦੀ ਨਿੰਦਿਆ ਕਰਨ ਲਈ ਉਹਦੀ ਜ਼ਬਾਨ ਕਦੇ ਨਹੀਂ ਖੁਲ੍ਹਦੀ।

## ਕਰਮਾਂ ਦੀ ਧਰਤੀ

ਪ੍ਰਭੂ ਦੇ ਦਰ ਪਰਵਾਨਗੀ ਪ੍ਰਾਪਤ ਕਰਨ ਲਈ ਕਿਹੜੀ ਵਿਧੀ ਕਾਰਗਰ ਹੁੰਦੀ ਹੈ, ਇਸ ਬਾਰੇ ਸੰਸਾਰ ਦੇ ਜੀਵ ਅਨੇਕ ਭਰਮਾਂ ਭੁਲੇਖਿਆਂ ਦੇ ਸ਼ਿਕਾਰ ਹੋਏ ਫਿਰਦੇ ਹਨ। ਕਿਸੇ ਦੇ ਖ਼ਿਆਲ ਵਿਚ ਬ੍ਰਹਮਚਰਜ ਰੱਖਣ ਨਾਲ ਕਲਿਆਣ ਦੇ ਹੱਕਦਾਰ ਬਣ ਜਾਈਦਾ ਹੈ, ਕੋਈ ਆਪਣੀ ਕਾਇਆ ਨੂੰ ਚੁਫੇਰੇ ਬਾਲੀਆਂ ਅੱਗਾਂ ਨਾਲ ਸਾੜਨ, ਬਰਫ਼ਾਨੀ ਪਾਣੀਆਂ ਨਾਲ ਠਾਰਨ, ਜਾਂ ਫਾਕਿਆਂ ਨਾਲ ਸੁਕਾਉਣ ਨੂੰ ਉਤਮ ਕਰਨੀ ਮੰਨੀ ਬੈਠਾ ਹੈ। ਧਰਮ ਪੁਸਤਕਾਂ, ਸ਼ਾਸਤਰਾਂ ਆਦਿ ਨੂੰ ਬਾਰ ਬਾਰ ਪੜ੍ਹਨਾ, ਅਖਾਉਤੀ ਮੰਤਰਾਂ ਨੂੰ ਮੁੜ ਮੁੜ ਦੁਹਰਾਉਣਾ, ਹੋਮਾਂ, ਜੱਗਾਂ, ਧਨ, ਸੰਪੱਤੀ ਦਾ ਪੁੰਨ ਦਾਨ, ਵੀਰਾਂ ਜੋਗਣੀਆਂ ਜਿਹੀਆਂ ਘਟੀਆ ਮੰਡਲਾਂ ਦੀਆਂ ਅਣਦਿਸਦੀਆਂ ਸ਼ਕਤੀਆਂ ਨੂੰ ਪੂਜਣਾ, ਪ੍ਰਾਣਾਯਾਮ, ਨੇਤੀ, ਧੋਤੀ ਵਰਗੇ ਪਰਿਸ਼ਰਮਾਂ ਵਿਚ ਜੁਟੇ ਰਹਿਣਾ, ਆਪਣੀਆਂ ਭੂਤਰੀਆਂ ਇੰਦਰੀਆਂ ਨੂੰ ਕੇਵਲ ਹਠ ਦੇ ਜ਼ੋਰ ਦਬਾਉਣਾ, ਕੁਚਲਣਾ, ਰਿੱਧੀਆਂ, ਸਿੱਧੀਆਂ, ਕਰਾਮਾਤਾਂ ਨੂੰ ਆਪਣੀ ਮੰਜ਼ਲ ਦੇ ਮੀਲ ਪੱਥਰ ਤਸੱਵਰ ਕਰ ਕੇ ਚਿਲੇ ਕੱਟਣਾਂ, ਇਹਨਾਂ ਭੁੱਲੜ ਲੋਕਾਂ ਦੇ ਹੋਰ ਮਨ-ਪਸੰਦ ਕਰਮ ਹਨ। ਪਰ ਸੱਚ ਇਹ ਹੈ ਕਿ ਗੁਰੂ ਦੀ

ਦਇਆ-ਮਿਹਰ ਬਿਨਾਂ ਵੱਡਾ ਧਰਮੀ ਪ੍ਰਤੀਤ ਹੋਣ ਵਾਲਾ ਵਿਅਕਤੀ ਵੀ ਸਚਖੰਡ ਨਹੀਂ ਪਹੁੰਚ ਪਾਇਗਾ :

ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ।
ਰਿਧਿ ਸਿਧਿ ਨਿਧ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।
ਵੀਰਾਰਾਧਣ[1] ਜੋਗਣੀ ਮੜ੍ਹੀ ਮਸਾਣ ਵਿਡਾਣ[2] ਘਨੇਰੇ।
ਪੂਰਕ ਕੁੰਭਕ ਰੇਚਕ[3] ਨਿਵਲੀ[4] ਕਰਮ ਭੁਇਅੰਗਮ[5] ਘੇਰੇ।
ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ।
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।
ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ।
ਸਾਧ ਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
ਕੂੜ ਇਕ ਗੰਢੀ ਸਉ ਫੇਰੇ। (ਵ. 5. ਪੌ. 7)

ਗੁਰੂ ਅਰਜਨ ਸਾਹਿਬ ਨੇ ਦੱਸਿਆ ਸੀ ਸਾਡਾ ਜੀਵਨ ਸਾਨੂੰ ਕਰਮ ਬੀਜਣ ਲਈ ਮਿਲੇ ਖੇਤ ਸਮਾਨ ਹੈ। ਇਸ ਵਿਚ ਜੇਹੋ ਜਿਹਾ ਬੀਜ ਪਾਇਆ ਜਾਂਦਾ ਹੈ, ਓਹੋ ਜਿਹੀ ਹੀ ਫਸਲ ਉਗ ਪੈਂਦੀ ਹੈ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।
(ਮ: 5, ਅ. ਗ. ਪੰ. 134)

ਭਾਈ ਗੁਰਦਾਸ ਨੇ ਆਪਣੀ ਸੋਲ੍ਹਵੀਂ ਵਾਰ (ਪੌੜੀ ਪਹਿਲੀ) ਵਿਚ ਜਾਣੋਂ ਪੰਚਮ ਪਾਤਸ਼ਾਹ ਦੇ ਸ਼ਬਦ ਲਗਪਗ ਇੰਨ ਬਿੰਨ ਦੁਹਰਾ ਦਿੱਤੇ :

ਜੇਹਾ ਬੀਜੈ ਸੋ ਲੁਣੈ ਜੇਹਾ ਬੀਉ ਤੇਹਾ ਫਲੁ ਪਾਈ।
(ਵ. 16, ਪੌ. 1)

ਫਰੀਦ ਸਾਹਿਬ ਨੂੰ ਸਾਧਾਰਨ ਇਨਸਾਨ ਦੀਆਂ ਇਛਾਵਾਂ ਤੇ ਅਮਲਾਂ ਵਿਚ ਅੰਤਰ-ਵਿਰੋਧ ਦਾ ਖਿਆਲ ਆਇਆ ਤਾਂ ਬੋਲ ਉਠੇ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ।
(ਅ. ਗ. ਪੰ. 1379)

ਜੇ ਕਿਸੇ ਬਾਗ ਵਾਲੇ ਦਾ ਅੰਗੂਰ ਖਾਣ ਤੇ ਜੀਅ ਹੋਵੇ, ਉਹਨੂੰ ਕਿੱਕਰਾਂ ਨਹੀਂ ਉਗਾਉਣੀਆਂ ਚਾਹੀਦੀਆਂ ਨਾ ਕਿਸੇ ਉੰਨ ਦੇ ਲੱਛੇ ਅਟੇਰਨ ਵਾਲੇ ਨੂੰ

---

1. ਵੀਰਾਂ ਦੀ ਪੂਜਾ 2. ਹੈਰਾਨੀ ਜਨਕ 3. ਸੁਆਸ ਚੜ੍ਹਾਉਣਾ, ਰੋਕਣਾ, ਛੱਡਣਾ, 4. ਇਕ ਯੋਗਿਕ ਕ੍ਰਿਆ 5. ਸੱਪ।

Sri Satguru Jagjit Singh Ji eLibrary NamdhariElibrary@gmail.com

ਰੋਸ਼ਮ ਹੰਢਾਉਣ ਦੀ ਆਸ ਰੱਖਣੀ ਚਾਹੀਦੀ ਹੈ। ਉਸੇ ਵਿਚਾਰ ਨੂੰ ਪ੍ਰਗਟ ਕਰਨ ਲਈ ਭਾਈ ਸਾਹਿਬ ਨੇ ਕਿਹਾ ਹੈ :

ਅਗੀ ਫਲ ਹੋਵਨਿ ਅੰਗਿਆਰਾ। (ਵ. 30, ਪੌ. 16)

ਜਿਸ ਵਿਅਕਤੀ ਦਾ ਸ਼ੁਗਲ ਹੋਰਨਾਂ ਦੇ ਘਰਾਂ ਜਾਂ ਖਲਿਹਾਣਾਂ ਨੂੰ ਅੱਗਾਂ ਲਾਉਂਦੇ ਫਿਰਨਾ ਹੈ, ਇਸ ਸਰਗਰਮੀ ਦੇ ਇਵਜ਼ਾਨੇ ਵਜੋਂ ਉਹਦੀ ਝੋਲੀ ਅੰਗਿਆਰ ਪੈਣਗੇ ਤੇ ਜਿਸ ਦਾਨਸ਼ਮੰਦ ਨੇ ਧਤੂਰੇ ਜਾਂ ਅੱਕ ਦੀਆਂ ਫਸਲਾਂ ਪੈਦਾ ਕੀਤੀਆਂ ਹਨ, ਉਹਨੂੰ ਘੀ ਸ਼ੱਕਰ ਦੀ ਚੂਰੀ ਖਾਣ ਨੂੰ ਕਦਾਚਿਤ ਨਹੀਂ ਮਿਲੇਗੀ:

ਬੀਜੈ ਵਿਸੁ ਨ ਖਾਵੈ ਚੂਰੀ। (ਵ. 30, ਪੌ. 19)

ਇਸ ਲੇਖੇ ਵਿਚ ਭੁੱਲ ਚੁੱਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ :

ਜੋ ਬੀਜੈ ਸੋਈ ਫਲ ਖਾਏ। (ਵ. 30, ਪੌ. 20)

## ਸੰਸਾਰ ਦੀ ਅਸਾਰਤਾ

ਜਿਹੜੇ ਅਜੀਬ ਨਜ਼ਾਰੇ ਅਸੀਂ ਆਪਣੇ ਸੁਪਨਿਆਂ ਵਿਚ ਦੇਖ ਲੈਂਦੇ ਹਾਂ ਉਹ ਬੱਸ ਉਤਨਾ ਹੀ ਚਿਰ, ਸੁਪਨੇ ਵਿਚ ਹੀ, ਵੇਖ ਲਏ ਸੋ ਵੇਖ ਲਏ, ਦੋਬਾਰਾ ਜਾਗ੍ਰਤ ਅਵਸਥਾ ਵਿਚ ਦ੍ਰਿਸ਼ਟੀ-ਗੋਚਰ ਨਹੀਂ ਹੁੰਦੇ, ਨਾ ਉਹ ਤਾਰਾ-ਮੰਡਲ ਜਿਹੜਾ ਰਾਤ ਭਰ ਬਸਾਤ ਵਾਂਗ ਵਿਛਿਆ ਰਹਿੰਦਾ ਹੈ ਪ੍ਰਭਾਤ ਦੇ ਆਗਮਨ ਤੇ ਕਿਤੇ ਦੇਖਣ ਨੂੰ ਲਭਦਾ ਹੈ। ਦਰਖ਼ਤਾਂ ਦੀ ਛਾਂ ਸੂਰਜ ਦੇ ਚੜ੍ਹਨ ਲੱਥਣ ਅਨੁਸਾਰ ਛੋਟੀ ਵੱਡੀ ਹੁੰਦੀ ਰਹਿੰਦੀ ਹੈ; ਬਿਜਲੀ ਇਕ ਛਿਨ ਲਿਸ਼ਕਾਰਾ ਮਾਰਦੀ ਹੈ ਤੇ ਝੱਟ ਅਲੋਪ ਵੀ ਹੋ ਜਾਂਦੀ ਹੈ; ਜਿੰਨੇ ਲੋਕ ਕਿਸੇ ਪੁਰਬ ਸਮੇਂ ਇਕ ਵਿਸ਼ੇਸ਼ ਤੀਰਥ ਦੀ ਯਾਤਰਾ ਕਰਨ ਤੁਰਦੇ ਹਨ, ਆਮ ਦਿਨੀਂ ਉਹਦਾ ਦਸਵਾਂ ਵੀਹਵਾਂ ਹਿੱਸਾ ਵੀ ਨਹੀਂ ਰਹਿ ਜਾਂਦੇ; ਕਿਸੇ ਇਕ ਦਿਨ ਨਦੀ ਪਾਰ ਕਰਨ ਲਈ ਬੇੜੀ ਵਿਚ ਇਕੱਠੇ ਹੋਏ ਮੁਸਾਫਰ ਉਸੇ ਪੂਰ ਦੇ ਰੂਪ ਵਿਚ ਮੁੜ ਕਦੇ ਨਹੀਂ ਜੁੜਦੇ; ਗੰਧਰਬ ਨਗਰ (ਜਾਂ ਹਰਿ ਚੰਦੌਰੀ ਸੱਦੀਦਾ ਨਗਰ) , ਜਿਸ ਦਾ ਭੁਲੇਖਾ ਰਾਹੀਆਂ ਨੂੰ ਮੀਂਹ ਵਰ੍ਹਨ ਬਾਅਦ ਕਦੇ ਕਦੇ ਲੱਗ ਜਾਇਆ ਕਰਦਾ ਹੈ, ਤੇ ਮ੍ਰਿਗ-ਜਲ ਜਿਹੜਾ ਕੜਕਦੀਆਂ ਧੁੱਪਾਂ ਵਿਚ ਪਿਆਸੇ ਹਿਰਨਾਂ ਨੂੰ ਬਲਦੇ ਰੇਤੜਾਂ ਵਿਚ ਵਖਾਈ ਦੇਣ ਲੱਗ ਪੈਂਦਾ ਹੈ, ਯਥਾਰਥ ਵਿਚ ਕਿਤੇ ਮੌਜੂਦ ਨਹੀਂ ਹੁੰਦੇ, ਉਹਨਾਂ ਦੀ ਹਸਤੀ ਨਿਰਾ ਨਜ਼ਰ ਦਾ ਫ਼ਰੇਬ ਹੁੰਦੀ ਹੈ। ਉਸੇ ਤਰ੍ਹਾਂ ਨਾ ਮਾਇਆ ਕਦੇ ਕਿਸੇ ਦੀ ਬਣੀ ਹੈ, ਨਾ ਪਰਵਾਰ ਦੇ ਜੀਅ ਵਫ਼ਾ ਪਾਲਦੇ ਹਨ, ਹੋਰ ਤਾਂ ਹੋਰ ਆਪਣਾ ਸ਼ਰੀਰ ਵੀ ਅੰਤ ਸਮੇਂ ਸਾਥ ਛੱਡ ਜਾਂਦਾ ਹੈ। ਇਹਨਾਂ ਸਭ ਦਾ ਪਿਆਰ ਸਿਦਕ-ਹੀਣ, ਕਪਟ-ਪੂਰਨ ਹੁੰਦਾ ਹੈ। ਗੁਰਮੁਖ ਇਸ ਹਕੀਕਤ ਤੋਂ ਭਲੀ-ਭਾਂਤ ਜਾਣੂੰ

Sri Satguru Jagjit Singh Ji eLibrary NamdhariElibrary@gmail.com

ਹੋਣ ਕਾਰਣ ਕਿਸੇ ਵਿਅਕਤੀ ਜਾਂ ਵਸਤੂ ਦੇ ਮੋਹ-ਜਾਲ ਵਿਚ ਨਹੀਂ ਫਸਦੇ, ਤੇ ਆਪਣੀ ਸੁਰਤਿ ਨੂੰ ਨਿਰੰਤਰ ਸ਼ਬਦ ਵਿਚ ਜੋੜੀ ਰਖਦੇ ਹਨ :

ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ
ਤਾਰਕਾ ਮੰਡਲ ਪਰਭਾਤ ਨ ਦਿਖਾਈਐ।
ਤਰਵਰ[1] ਛਾਇਆ ਲਘੁ[2] ਦੀਰਘੁ[3] ਚਪਲ[4] ਬਲ
ਤੀਰਥ ਪੁਰਬ ਜਾਤ੍ਰਾ ਥਿਰੁ ਨ ਰਹਾਈਐ।
ਨਦੀ ਨਾਵ ਕੋ ਸੰਜੋਗ ਲੋਗ ਬਹੁਰਿਓ ਨ ਮਿਲੈ
ਗੰਧ੍ਰਬ ਨਗਰ[5] ਮ੍ਰਿਗ ਤ੍ਰਿਸਨਾ ਬਿਲਾਈਐ।
ਤੈਸੇ ਮਾਇਆ ਮੋਹ ਧ੍ਰੋਹ ਕੁਟੰਬ ਸਨੇਹ ਦੇਹ
ਗੁਰਮੁਖਿ ਸ਼ਬਦ ਸੁਰਤਿ ਲਿਵ ਲਾਈਐ।

(ਕ. ਸ. 117)

## ਮਨੁੱਖੀ ਸ਼ਰੀਰ

ਨਾ ਮਨੁੱਖੀ ਸ਼ਰੀਰ ਨਾਲ ਬਹੁਤਾ ਮੋਹ ਪਾਉਣ ਵਿਚ ਕੋਈ ਤੁਕ ਹੈ ਨਾ ਇਹਦੀ ਸੁੰਦਰਤਾ ਜਾਂ ਤਗੜਾਈ ਲਈ ਆਕੜਨ ਵਿਚ।

ਉਂਝ ਲੰਮਾ ਚਿਰ ਜਿਉਣ ਦੀ ਕਾਮਨਾ ਕਰਨਾ ਸਾਧਾਰਨ ਇਨਸਾਨਾਂ ਦੀ ਆਮ ਕਮਜ਼ੋਰੀ ਹੈ। ਉਹ ਇਹ ਨਹੀਂ ਸੋਚਦੇ ਕਿ ਉਹਨਾਂ ਦੀ ਉਮਰ ਵਿਚ ਵਾਧਾ ਹੋ ਵੀ ਜਾਵੇ ਤਾਂ ਵੀ ਅੰਤ ਸਮਾਂ ਕਿੰਨਾ ਕੁ ਪਿੱਛੇ ਪੈ ਜਾਵੇਗਾ। ਫੂਸ ਦੀ ਅੱਗ ਬਲਦੀ ਪਿੱਛੋਂ ਹੈ, ਬੁਝ ਪਹਿਲਾਂ ਜਾਂਦੀ ਹੈ, ਦਰਖ਼ਤ ਦੀ ਛਾਂ ਆਈ ਤੇ ਢਲ ਗਈ। ਉਸੇ ਤਰ੍ਹਾਂ ਮਨੁੱਖੀ ਦੇਹ ਨੂੰ ਖੁਰਦਿਆਂ ਦੇਰ ਨਹੀਂ ਲਗਦੀ। ਇਸ ਕੱਚੇ ਘੜੇ ਤੋਂ ਕਾਲ ਦੇ ਹੜਾਂ ਦਾ ਮੁਕਾਬਲਾ ਨਹੀਂ ਕੀਤਾ ਜਾਂਦਾ :

ਤ੍ਰਿਣ ਕੀ ਅਗਨਿ ਜਰਿ ਬੂਝਤ ਨਾ ਬਾਰ ਲਾਗੈ
ਐਸੋ ਆਵਾ[6] ਅਉਧ[7] ਜੈਸੇ ਨੇਹੁ ਦ੍ਰੁਮ[8] ਛਾਇਆ ਕੋ।

(ਕ. ਸ. 592)

ਪਾਣੀ ਦਾ ਬੁਲਬੁਲਾ ਜਾਂ ਓਲਾ ਸਾਡੇ ਦੇਖਦਿਆਂ ਦੇਖਦਿਆਂ ਬਿਨਸ ਜਾਂਦਾ ਹੈ, ਉਸੇ ਭਾਂਤ ਦੇਹ ਦੀ ਪਾਇਦਾਰੀ ਬਾਰੇ ਜੇ ਕੋਈ ਭਰਮ ਹੋਵੇ ਤਾਂ ਉਸ ਤੋਂ ਮੁਕਤ ਹੋ ਜਾਣ ਵਿਚ ਹੀ ਭਲਾਈ ਹੈ :

---

1. ਬਿਰਛ 2. ਛੋਟੀ 3. ਵੱਡੀ 4. ਚੰਚਲ 5. ਮਾਇਆ ਨਗਰੀ 6. ਇੱਛਾ 7. ਉਮਰ 8. ਬਿਰਛ।

Sri Satguru Jagjit Singh Ji eLibrary NamdhariElibrary@gmail.com

ਜੈਸੇ ਬੁਦਬੁਦਾ[1] ਓਰਾ ਪੇਖਤਿ ਬਿਲਾਇ[2] ਜਾਇ।
ਐਸੋ ਜਾਨ ਤਿਆਗਹੁ ਭਰੋਸੋ ਭ੍ਰਮ ਕਾਇਆ ਕੋ।

(ਕ. ਸ. 592)

ਆਪਣੇ ਸ਼ਰੀਰ ਦੀ ਹੀ ਕੀ ਗੱਲ ਸੰਸਾਰ ਵਿਚ ਕੁਝ ਵੀ ਅਜਿਹਾ ਨਹੀਂ, ਜਿਹਦੇ ਤੇ ਭਰੋਸਾ ਕੀਤਾ ਜਾ ਸਕੇ। ਸਾਡਾ ਰਿਸ਼ਤੇਦਾਰਾਂ, ਮਿੱਤਰਾਂ ਨਾਲ ਉਸੇ ਪ੍ਰਕਾਰ ਦਾ ਰਿਸ਼ਤਾ ਹੁੰਦਾ ਹੈ, ਜੇਹਾ ਦਰਿਆ ਪਾਰ ਕਰਨ ਲਈ ਕਿਸੇ ਬੇੜੀ ਵਿਚ ਇਕੱਠੀਆਂ ਹੋਈਆਂ ਸਵਾਰੀਆਂ ਨਾਲ, ਕੰਢਾ ਆਇਆ ਤੇ ਖਿੰਡ-ਪੁੰਡ ਗਈਆਂ। ਹਕੂਮਤਾਂ, ਦੌਲਤਾਂ ਓਵੇਂ ਛਿਨ-ਭੰਗਰ ਸਿਧ ਹੁੰਦੀਆਂ ਹਨ, ਜਿਵੇਂ ਉਹ ਕਿਸੇ ਸੁਪਨੇ ਵਿਚ ਹੱਥ ਲੱਗੀਆਂ ਹੋਣ। ਜਿੱਦਾਂ ਵੱਡੇ ਤੋਂ ਵੱਡੇ, ਸੰਘਣੇ ਤੋਂ ਸੰਘਣੇ ਬਿਰਛ ਦੀ ਛਾਂ ਨੇ ਅਵੱਸ਼ ਢਲ ਜਾਣਾ ਹੁੰਦਾ ਹੈ, ਓਵੇਂ ਹਰ ਖੁਸ਼ੀ ਅੰਤ ਸੋਗ ਵਿਚ ਬਦਲ ਜਾਂਦੀ ਹੈ। ਇਸ ਸਥਿਤੀ ਨੂੰ ਵਿਚਾਰਦਿਆਂ ਸਤਿਗੁਰੂ ਦਾ ਸਤਸੰਗੀ ਅਹੰਕਾਰ ਦਾ ਸ਼ਿਕਾਰ ਨਹੀਂ ਹੁੰਦਾ, ਉਹ ਕਿਸੇ ਗਲੋਂ ਆਪਣੀ ਪ੍ਰਭੂਤਾ, ਆਪਣੀ ਬਰਤਰੀ ਦਾ ਵਖਾਲਾ ਨਹੀਂ ਪਾਉਂਦਾ :

ਨਦੀ ਨਾਵ ਸੰਜੋਗੁ ਮੇਲੁ ਮਿਲਾਇਆ।
ਸੁਹਣੇ ਅੰਦਰਿ ਭੋਗੁ ਰਾਜੁ ਕਮਾਇਆ।
ਕਦੇ ਹਰਖੁ ਕਦੇ ਸੋਗ ਤਰਵਰ ਛਾਇਆ।
ਕਟੈ ਹਉਮੈ ਰੋਗੁ ਨਾ ਆਪ ਗਣਾਇਆ।

(ਵ. 19 ਪੌ. ੪)

## ਇਸ਼ਨਾਨ

ਭਾਈ ਸਾਹਿਬ ਦੀ ਬਾਣੀ ਵਿਚ ਇਸ਼ਨਾਨ ਦਾ ਜ਼ਿਕਰ ਬਾਰ ਬਾਰ ਆਇਆ ਹੈ, ਜਿਵੇਂ ਕਿ ਸਿੱਖ ਦੀ ਰਹਿਣੀ ਦੇ ਪ੍ਰਕਰਣ ਵਿਚ :

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।

(ਵ. 28, ਪੌ. 15)

ਨਾਮ ਦਾਨ ਇਸਨਾਨ ਦ੍ਰਿੜ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।

(ਵ. 12 ਪੌ. 16)

ਨਾਮੁ ਦਾਨੁ ਇਸਨਾਨੁ ਦ੍ਰਿੜ ਗੁਰੁ ਸਿਖ ਦੇ ਸੰਸਾਰ ਤਰਾਇਆ।

(ਵ. 24, ਪੌ. 13)

---

1. ਬੁਲਬੁਲਾ 2. ਖ਼ਤਮ ਹੋ ਜਾਣਾ।

Sri Satguru Jagjit Singh Ji eLibrary NamdhariElibrary@gmail.com

ਪਰ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਨਿਰੀ ਸਰੀਰ ਦੀ ਸਫਾਈ ਨੂੰ ਹੀ ਕੋਈ ਉਚਾ ਪੁੰਨ ਕਰਮ ਮੰਨਦੇ ਸਨ। ਬਿਲਕੁਲ ਨਹੀਂ। ਛੱਤੀਵੀਂ ਵਾਰ ਦੀ ਚੌਧਵੀਂ ਪਉੜੀ ਦੀ ਪਹਿਲੀ ਹੀ ਪੰਕਤੀ ਵਿਚ ਆਪ ਨੇ ਪੂਰੇ ਬਲ ਨਾਲ ਕਿਹਾ ਹੈ :

ਮਿਲੈ ਜਿ ਤੀਰਥਿ ਨਾਤਿਆ ਡਡਾਂ ਜਲ ਵਾਸੀ।

ਮਤਲਬ ਆਮ ਪਾਣੀ ਦੀ ਗੱਲ ਛਡੋ ਜੇ ਪਵਿਤਰ ਆਖੀਦੇ ਤੀਰਥਾਂ ਤੇ ਨ੍ਹਾਤਿਆਂ ਵੀ ਪ੍ਰਭੂ ਮਿਲ ਜਾਂਦਾ ਹੋਵੇ ਤਾਂ ਸਭ ਤੋ ਪਹਿਲਾਂ ਡਡਾਂ, ਜਿਹੜੀਆਂ ਚੌਵੀ ਘੰਟੇ ਪਾਣੀ ਵਿਚ ਹੀ ਰਹਿੰਦੀਆਂ ਹਨ, ਇਕ ਪਲ ਉਸ ਤੋਂ ਜੁਦਾ ਨਹੀਂ ਹੁੰਦੀਆਂ, ਉਹ ਉਹਦੇ ਵਸਾਲ ਦੀਆਂ ਹੱਕਦਾਰ ਨਾ ਬਣ ਜਾਣ ? ਨ੍ਹਾਉਣ ਤੋਂ ਆਪ ਦਾ ਭਾਵ 'ਸੁਧ ਕਹਾ ਹੋਇ ਕਾਚੀ ਭੀਤਿ' (ਮ: 5, ਪੰ. 265) ਵਾਲੀ ਕਾਇਆ ਦੇ ਮਾਂਜਣ ਕੂਚਣ ਤੋਂ ਨਹੀਂ, ਮਨ ਬੁੱਧੀ ਦੀ ਗੰਦਗੀ ਉਤਾਰਨ ਦਾ ਜਤਨ ਕਰਨ ਤੋਂ ਹੈ:

ਗੁਰਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲ ਧੋਵੈ।

(ਵ. 28, ਪੌ. 9)

ਕਈ ਲੋਕਾਂ ਨੂੰ ਯਕੀਨ ਹੈ ਕਿ ਗੰਗਾ, ਜਮਨਾ ਤੇ ਸਰਸਵਤੀ ਦੇ ਸੰਗਮ, ਭਾਵ ਪ੍ਰਯਾਗ ਦੇ ਤੀਰਥ ਦਾ ਇਸ਼ਨਾਨ ਕੀਤਿਆਂ ਮਨ ਦੀਆਂ ਮੈਲਾਂ ਧੁਪ ਜਾਂਦੀਆਂ ਹਨ, ਆਤਮਾ ਪਵਿਤਰ ਹੋ ਜਾਂਦੀ ਹੈ। ਪਰ ਇਸ ਤਰ੍ਹਾਂ ਦਾ ਇਸ਼ਨਾਨ ਤਾਂ ਕੋਈ ਵੀ ਕਰ ਸਕਦਾ ਹੈ, ਬਸ ਥੋੜ੍ਹਾ ਜਿਹਾ ਸਮਾਂ ਤੇ ਪੈਸਾ ਖਰਚਣ ਦੀ ਗੱਲ ਹੈ। ਪਰ ਜਿਹੜੀ ਅਸਲੀ ਤ੍ਰਿਬੈਣੀ ਹੈ ਉਸ ਤਕ ਏਡੀ ਆਸਾਨੀ ਨਾਲ ਨਹੀਂ ਪਹੁੰਚਿਆ ਜਾ ਸਕਦਾ ਉਹਦੇ ਲਈ ਸਾਰੀਆਂ ਵਿਸ਼ੇ-ਵਾਸ਼ਨਾਵਾਂ ਵਲੋਂ ਮੂੰਹ ਮੋੜ ਕੇ ਪੂਰਨ ਇਕ-ਚਿੱਤ ਪ੍ਰਭੂ ਆਰਾਧਨਾ ਕਰਨਾ ਅਵੱਸ਼ਕ ਹੈ ਤੇ ਉਸ ਆਰਾਧਨਾ ਦੇ ਜ਼ੋਰ, ਇੜਾ, ਪਿੰਗਲਾ, ਸੁਖਮਨਾ ਦੇ ਖੇਤਰ ਤੋਂ ਪਾਰ ਲੰਘਣਾ, ਤ੍ਰਿਕੁਟੀ ਦੀ ਹੱਦ ਟੱਪ ਜਾਣਾ :

ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ ਨਾਏ।

(ਵ. 7. ਪੌ. 3)

ਸਾਡੇ ਦੇਸ਼ ਵਿਚ ਇਹ ਵਿਸ਼ਵਾਸ਼ ਵੀ ਖੂਬ ਪ੍ਰਚਲਤ ਹੈ ਕਿ ਕੁਝ ਇਕ ਦਰਿਆਵਾਂ ਦਾ ਪਾਣੀ ਵਿਸ਼ੇਸ਼ ਇਤਿਹਾਸਕ, ਮਿਥਿਹਾਸਿਕ ਹਵਾਲਿਆਂ ਕਰਕੇ ਪਵਿੱਤਰ ਹੈ ਤੇ ਕਈ ਖੂਹਾਂ, ਤਾਲਾਬਾਂ, ਦਾ ਵੀ, ਕਿਉਂਕਿ ਉਹ ਕਿਸੇ ਖ਼ਾਸ ਥਾਂ ਖੋਦੇ, ਉਸਾਰੇ ਗਏ ਹਨ। ਇਹਨਾਂ ਪਾਵਨ ਜਲਾਂ ਵਿਚ ਨ੍ਹਾਉਣ ਨਾਲ ਪਿਛਲੇ ਪਾਪ ਕਰਮ ਸੜ ਜਾਂਦੇ ਹਨ, ਸਗੋਂ ਮੂੰਹ-ਮੰਗੀਆਂ ਮੁਰਾਦਾਂ ਵੀ ਪ੍ਰਾਪਤ ਹੋ

Sri Satguru Jagjit Singh Ji eLibrary NamdhariElibrary@gmail.com

ਜਾਂਦੀਆਂ ਹਨ। ਇਹਨਾਂ ਪਾਣੀਆਂ ਵਿਚ ਕਿਸੇ ਸ਼ੁਭ ਮੰਨੇ ਗਏ ਤਿੱਥ ਮਹੂਰਤ ਸਮੇਂ ਟੁੱਭੀ ਮਾਰ ਲੈਣਾ ਤਾਂ ਸਗੋਂ ਹੋਰ ਵੀ ਵਧੇਰੇ ਲਾਹੇਵੰਦ ਹੋ ਜਾਂਦਾ ਹੈ। ਉਦਾਹਰਣ ਵਜੋਂ ਵੈਸਾਖ ਸੁਦੀ ਤੀਜ (ਅਖਾਤੀਜ), ਮਾਘ ਸੁਦੀ ਪੰਚਮੀ (ਬਸੰਤ ਪੰਚਮੀ), ਭਾਦੋਂ ਬਦੀ ਅਸ਼ਟਮੀ (ਜਨਮ ਅਸ਼ਟਮੀ) ਜੇਠ ਸੁਦੀ ਇਕਾਦਸ਼ੀ (ਨਿਰਜਲਾ ਇਕਾਦਸ਼ੀ), ਹਰਿਦੁਆਰ, ਪਰਾਗ, ਉਜੈਨ ਜਿਹੇ ਕੁੰਭ।

ਪਰ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਵਿਚ ਹੀ ਸਪਸ਼ਟ ਕਰ ਦਿੱਤਾ ਸੀ ਕਿ ਪਾਣੀ ਨਾਲ ਕੇਵਲ ਦੇਹ ਦੀਆਂ ਬਾਹਰਲੀਆਂ ਮੈਲਾਂ ਹੀ ਧੁਪਦੀਆਂ ਹਨ (ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ। ਅ. ਗ. ਪੰ. 4)। ਕੱਪੜੇ ਨੂੰ ਵੀ ਜੇ ਮਲ ਮੂਤਰ ਜਿਹਾ ਕੁਝ ਲਗ ਜਾਇ ਤਾਂ ਸਾਬਣ ਵਰਤਣ ਦੀ ਲੋੜ ਪੈਂਦੀ ਹੈ (ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ। ਉਹੀ) ਤੇ ਜੇ ਗੰਦਗੀ ਅੰਦਰ ਦੀ ਹੋਵੇ, ਮਨ ਬੁੱਧੀ ਦੀ, ਫੇਰ ਸਾਬਣ ਸੋਡਾ ਵੀ ਕਾਰਗਰ ਨਹੀਂ ਹੁੰਦਾ, ਉਹਦੇ ਲਈ ਨਾਮ ਸ਼ਬਦ ਦਾ ਸਹਾਰਾ ਲੈਣਾ ਪੈਂਦਾ ਹੈ। (ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ। ਉਹੀ)। ਪਾਣੀ ਖੂਹ ਦਾ ਹੋਵੇ, ਤਾਲਾਬ ਜਾਂ ਦਰਿਆ ਦਾ, ਅੰਤਰ ਦੀ ਸ਼ੁੱਧੀ ਲਈ ਇਕੋ ਜਿਹਾ ਬੇਅਸਰ ਰਹਿੰਦਾ ਹੈ। ਉਕਤ ਮੰਤਵ ਦੀ ਪੂਰਤੀ ਖ਼ਾਤਰ ਗੁਰੂ ਅਮਰਦਾਸ ਸਚੇ ਅੰਮ੍ਰਿਤਸਰ ਦੀ ਸਿਫ਼ਾਰਸ਼ ਕਰਦੇ ਹਨ, ਜਿਹੜਾ ਹਰ ਮਨੁੱਖ ਨੂੰ ਆਪਣੀ ਦੇਹ ਦੇ ਅੰਦਰ ਲੱਭਣਾ ਹੁੰਦਾ ਹੈ :

ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ।
(ਅ. ਗ., ਪੰ. 1046)

ਜਿਵੇਂ ਕਈ ਨਰੋਈ ਸਿਹਤ ਦੇ ਅਭਿਲਾਸ਼ੀ ਦਹੀਂ ਵਿਚ ਪੇੜੇ ਰਿੜਕ ਕੇ ਆਪਣੀ ਲੱਸੀ ਨੂੰ ਹੋਰ ਵੀ ਪੌਸ਼ਟਿਕ ਬਣਾ ਲੈਂਦੇ ਹਨ, ਇਹ ਨਹਾ ਕੇ ਪੁੰਨ ਖੱਟਣ ਦੇ ਇੱਛੁਕ ਵੀ ਆਪਣੀ ਤੀਰਥ ਯਾਤਰਾ ਦੇ ਦੌਰਾਨ ਵਰਤ ਰਖਦੇ ਹਨ, ਜਪ ਤਪ ਕਰਦੇ ਹਨ, ਧਰਮ ਗ੍ਰੰਥ ਪੜ੍ਹਦੇ-ਸੁਣਦੇ ਹਨ, ਵਿਧੀ ਅਨੁਸਾਰ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ, ਇਤਿਆਦਿ। ਪਰ ਭਾਈ ਗੁਰਦਾਸ ਜੀ ਦੇ ਦੱਸਣ ਅਨੁਸਾਰ ਅਜਿਹਾ ਉਦਮ ਉਸੇ ਤਰ੍ਹਾਂ ਦਾ ਕਪਟ ਭਰਿਆ ਪਿਆਰ ਹੁੰਦਾ ਹੈ, ਜੇਹੀ ਮੇਂਡਕ ਫੜਨ ਲਈ ਲਾਈ ਗਈ ਬਗਲੇ ਦੀ ਸਮਾਧੀ, ਜਾਂ ਕਿਸੇ ਸ਼ਿਕਾਰੀ ਦਾ ਮਿਰਗ ਦੇ ਘਾਤ ਲਈ ਝੁਕ ਝੁਕ ਕੇ ਤੁਰਨਾ, ਤੇ ਕੋਈ ਵੀ ਫਲ ਉਹਨਾਂ ਦੇ ਹੱਥ ਨਹੀਂ ਆਉਂਦਾ। ਉਹ ਮੰਦਭਾਗੇ ਨਹੀਂ ਜਾਣਦੇ ਕਿ ਸਹੀ ਮਾਰਗ ਤਾਂ ਗੁਰਮੁਖਾਂ ਦੀ ਸੰਗਤ ਵਿਚ ਪਹੁੰਚ ਕੇ ਉਹਨਾਂ ਦੀ ਅਗਵਾਈ ਅਧੀਨ ਸ਼ਬਦ ਦਾ ਅਭਿਆਸ ਕਰਨਾ ਹੈ :

Sri Satguru Jagjit Singh Ji eLibrary NamdhariElibrary@gmail.com

ਤੀਰਥਿ ਪੁਰਬਿ ਸੰਜੋਗ ਲੋਗ ਚਹੁ ਕੁੰਡਾਂ ਦੇ ਆਇ ਜੁੜੰਦੇ[1]।
ਚਾਰਿ ਵਰਨ ਛਿਅ ਦਰਸਨਾ ਨਾਮ ਦਾਨੁ ਇਸਨਾਨੁ ਕਰੰਦੇ।
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਕਰਿ ਵੇਦ ਸੁਣੰਦੇ।
ਗਿਆਨ ਧਿਆਨ ਸਿਮਰਣ ਜੁਗਤਿ ਦੇਵੀ ਦੇਵ ਸਥਾਨ ਪੁਜੰਦੇ।
ਬਗਾ ਬਗੇ ਕਪੜੇ ਕਰਿ ਸਮਾਧਿ ਅਪਰਾਧਿ ਨਿਵੰਦੇ।
ਸਾਧ ਸੰਗਤਿ ਗੁਰ ਸ਼ਬਦ ਸੁਣਿ ਗੁਰਮੁਖਿ ਪੰਥ ਨ ਚਾਲ ਚਲੰਦੇ।
ਕਪਟ ਸਨੇਹੀ ਫਲੁ ਨ ਲਹੰਦੇ। (ਵ. 17, ਪੌ. 3)

ਤੀਰਥ ਤਾਂ ਸਗੋਂ ਆਪ ਓਦੋਂ ਹੀ ਸਕਾਰਥੇ ਹੁੰਦੇ ਹਨ ਜਦ ਉਹਨਾਂ ਨੂੰ ਸੰਤ ਜਨਾਂ ਦੀ ਚਰਨ ਧੂੜ ਪ੍ਰਾਪਤ ਹੋ ਜਾਏ :

ਤੀਰਥ ਨ੍ਹਾਤੇ ਪਾਪ ਜਾਨਿ ਪਤਿਤ ਉਧਾਰਣ ਨਾਉਂ ਧਰਾਇਆ।
ਤੀਰਥ ਹੋਨ ਸਕਾਰਥੇ ਸਾਧ ਜਨਾ ਦਾ ਦਰਸਨੁ ਪਾਇਆ।
(ਵ. 23, ਪੌ. 2)

ਧੂੜੀ ਲੇਖੁ ਮਿਟਾਇਆ ਚਰਣੋਦਕ ਮਨੁ ਵਸਿਗਤਿ ਆਇਆ।
(ਵ. 23, ਪੌ. 3)

ਗੁਰਮਤਿ ਵਿਚ ਸੰਤਾਂ ਦੀ ਚਰਨ-ਧੂੜ ਤੋਂ ਭਾਵ ਸਤਿਗੁਰੂ ਦੇ ਉਸ ਜੋਤੀਮਯ ਸਰੂਪ ਦੇ ਪ੍ਰਕਾਸ਼ ਤੋਂ ਹੁੰਦਾ ਹੈ, ਜਿਸਦੇ ਦਰਸ਼ਨ ਅਭਿਆਸੀ ਨੂੰ ਆਪਣੇ ਅੰਦਰ ਹੁੰਦੇ ਹਨ। ਇਸੇ ਪ੍ਰਕਾਸ਼ ਵਿਚ ਅਭਿਆਸੀ ਦੀ ਆਤਮਾ ਦਾ ਸ਼ਰਾਬੋਰ ਹੋ ਜਾਣਾ ਚਰਨਾਮ੍ਰਿਤ ਦਾ ਆਚਮਨ ਕਰਨਾ ਕਿਹਾ ਹੈ। ਇਹ ਅੰਤਰੀ ਅਨੁਭਵ ਚੰਚਲ ਮਨ ਨੂੰ ਜ਼ੰਜੀਰਾਂ ਪਾ ਦਿੰਦਾ ਹੈ, ਉਸਨੂੰ ਬੰਨ੍ਹ ਕੇ ਬਹਾ ਦਿੰਦਾ ਹੈ।

## ਪਾਉਣਾ ਤੇ ਛੁਪਾਉਣਾ

ਸਿੱਖ ਦਾ ਆਪਣੇ ਸਤਿਗੁਰੂ ਜਾਂ ਆਤਮਾ ਦਾ ਆਪਣੇ ਪ੍ਰਭੂ ਪ੍ਰੀਤਮ ਨਾਲ ਪਰਮ ਪਾਵਨ ਰਿਸ਼ਤਾ ਹੁੰਦਾ ਹੈ, ਪਰ ਉਸ ਬਾਰੇ ਢੋਲ ਨਹੀਂ ਵਜਾਏ ਜਾਂਦੇ, ਜ਼ਬਾਨ ਤਕ ਨਹੀਂ ਖੋਲ੍ਹੀਦੀ, ਬੁਲ੍ਹ ਸੀ ਲਈਦੇ ਹਨ। ਏਹੋ ਇਸ ਪ੍ਰੀਤ-ਖੇਡ ਦੀ ਰੀਤ ਹੈ। ਜਿਹੜਾ ਸਿੱਖ ਗੁਰੂ ਪਰਮੇਸ਼ਰ ਦੀ ਰਹਿਮਤ ਦਾ ਪਾਤਰ ਬਣ ਕੇ ਲੋਕਾਂ ਦੀ ਵਾਹਵਾ-ਵਾਹਵਾ ਜਿੱਤਣ ਲਈ ਉਸ ਨੂੰ ਨਸ਼ਰ ਕਰਨ ਤੁਰ ਪੈਂਦਾ ਹੈ, ਉਹ ਆਪਣੀ ਖੱਟੀ ਨੂੰ ਖ਼ਜਾਲਤ ਵਿਚ ਬਦਲ ਬੈਠਦਾ ਹੈ। ਭਾਈ ਸਾਹਿਬ ਦੇ ਦੱਸਣ ਅਨੁਸਾਰ, ਇਹ ਓਵੇਂ ਹੈ ਜਿਵੇਂ ਫ਼ਾਰਸੀ ਲਿਪੀ ਵਿਚ ਲਿਖੇ ਸ਼ਬਦ 'ਮਹਰਮ' ਦੇ

---

1. ਜੁੜਦੇ ਹਨ।

ਨੀਚੇ ਨਿਰਾ ਨੁਕਤਾ ਲੱਗ ਜਾਵੇ ਤਾਂ ਉਹ 'ਮੁਜਰਮ' ਬਣ ਜਾਂਦਾ ਹੈ। ਸੋ ਇਸ ਰਾਹ ਵਿਚ ਜੋ ਕੁਛ ਪਾ ਲਿਆ ਜਾਵੇ ਉਹ ਛੁਪਾ ਵੀ ਲਿਆ ਜਾਵੇ :

ਇਕਤੁ ਨੁਕਤੈ ਹੋਇ ਜਾਇ ਮਹਰਮੁ ਮੁਜਰਮ ਖੈਰ ਖੁਆਰੀ।

(ਵ. 11, ਪੌ. 2)

## ਮਾਨਸ ਕੀ ਏਕ ਜਾਤ

ਕਬੀਰ ਸਾਹਿਬ ਨੇ ਸੰਸਾਰ ਦੇ ਜੀਵਾਂ ਨੂੰ ਅਵਗਤ ਕਰਵਾਇਆ ਸੀ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।
ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸਰਬ ਠਾਂਈ।

(ਅ. ਗ., ਪੰ. 1349)

ਗੁਰੂ ਅਰਜਨ ਸਾਹਿਬ ਨੇ ਦੱਸਿਆ ਸੀ :

ਏਕੁ ਪਿਤਾ ਏਕਸ ਕੇ ਹਮ ਬਾਰਿਕ।

(ਅ. ਗ. ਪੰ. 611)

ਉਸੇ ਸੁਰ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਲਕੀਨ ਕੀਤੀ ਸੀ :

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।

(ਅਕਾਲ ਉਸਤਤਿ)

ਸ੍ਰੀ ਆਦਿ ਗ੍ਰੰਥ ਦੇ ਪੰਨੇ ਇਸ ਤੱਥ ਦੇ ਸਾਖੀ ਹਨ ਕਿ ਸਾਰੇ ਸੰਤ ਸਤਿਗੁਰੂ ਜਿਹਨਾਂ ਦੀ ਬਾਣੀ ਇਹਨਾਂ ਪੰਨਿਆਂ ਵਿਚ ਦਰਜ ਹੈ, ਸਮੁੱਚੇ ਮਨੁੱਖ ਮਾਤਰ ਦੇ ਉਧਾਰ ਲਈ ਯਤਨਸ਼ੀਲ ਰਹੇ, ਉਹਨਾਂ ਨੇ ਕਿਸੇ ਧਰਮ, ਵਿਰਕੇ, ਵਰਣ ਪ੍ਰਤੀ ਕੋਈ ਵਿਤਕਰਾ ਨਹੀਂ ਵਰਤਿਆ, ਜਿਥੇ ਵੀ ਕੋਈ ਪਖੰਡ, ਭ੍ਰਸ਼ਟਾਚਾਰ, ਕਮਜ਼ੋਰੀ ਉਹਨਾਂ ਦੇ ਧਿਆਨ ਵਿਚ ਆਈ ਉਸ ਤੋਂ ਪਰਦਾ ਚੁੱਕ ਦਿੱਤਾ, ਉਸ ਦੀ ਨਿਖੇਧੀ ਕੀਤੀ, ਨਾ ਕਿਸੇ ਤੋਂ ਡਰੇ, ਨਾ ਕਿਸੇ ਨਾਲ ਲਿਹਾਜ਼ ਪਾਲੀ। ਉਹਨਾਂ ਨੇ ਪਿਆਰ ਨਾਲ ਸਮਝਾਇਆ :

ਸਭਨਾ ਮਨ ਮਾਣਿਕ[1] ਠਾਹਣੁ[2] ਮੂਲਿ ਮਚਾਂਗਵਾ[3]।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।

(ਪੰ. 1384)

1. ਮੋਤੀ 2. ਦਿਲ ਢਾਹੁਣਾ 3. ਚੰਗਾ ਨਹੀਂ।

Sri Satguru Jagjit Singh Ji eLibrary NamdhariElibrary@gmail.com

ਜੇ ਤੁਸੀਂ ਸਚ ਮੁਚ ਰੱਬ ਨਾਲ ਪਿਆਰ ਪਾਉਣਾ ਚਾਹੁੰਦੇ ਹੋ ਤਾਂ ਕਿਸੇ ਦਾ ਦਿਲ ਨਾ ਦੁਖਾਓ। ਕਿਉਂਕਿ ਉਹ ਤੁਹਾਡਾ ਮਹਿਬੂਬ ਹਰ ਹਿਰਦੇ ਵਿਚ ਵਸਦਾ ਹੈ, ਜਦ ਵੀ ਤੁਸੀਂ ਕਿਸੇ ਦੇ ਦਿਲ ਨੂੰ ਦੁੱਖ ਪਹੁੰਚਾਉਗੇ, ਉਹਨੂੰ ਵੀ ਅਵੱਸ਼ ਪੀੜ ਹੋਵੇਗੀ :

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ।

(ਮ: 9, ਅ. ਗ., ਪੰ. 1426)

ਭਾਈ ਗੁਰਦਾਸ ਆਦਿ ਗ੍ਰੰਥ ਸਾਹਿਬ ਦੇ ਕਾਤਬ ਸਨ, ਉਹਨਾਂ ਨੇ ਇਸ ਦੇ ਮਹਾਨ ਸੰਪਾਦਕ ਗੁਰੂ ਅਰਜਨ ਸਾਹਿਬ ਤੇ ਉਹਨਾਂ ਦੇ ਪੂਰਬ ਤੇ ਉਤਰ ਅਧਿਕਾਰੀ ਸਤਿਗੁਰੂਆਂ ਦੀ ਸੰਗਤ ਮਾਣੀ ਸੀ। ਉਹਨਾਂ ਦਾ ਉਪਦੇਸ਼ ਆਸਥਾ ਨਾਲ ਅੰਤਰ-ਆਤਮਾ ਵਿਚ ਵਸਾ ਕੇ ਉਸ ਤੇ ਅਮਲ ਕੀਤਾ ਸੀ, ਸੋ ਉਹਨਾਂ ਨੇ ਕੁਦਰਤੀ ਤੌਰ ਤੇ ਪਰਚਾਰ ਵੀ ਉਸੇ ਕੁਝ ਦਾ ਕਰਨਾ ਸੀ । ਆਪ ਨੇ ਲਿਖਿਆ ਹੈ :

ਦੁਹ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।
ਹਿੰਦੂ ਆਖਨਿ ਰਾਮ ਰਾਮ ਮੁਸਲਮਾਣਾ ਨਾਉ ਖੁਦਾਇ।
ਹਿੰਦੂ ਪੂਰਬਿ ਸਉਹਿਆ ਪਛਮ ਮੁਸਲਮਾਣ ਨਿਵਾਏ।
ਗੰਗ ਬਨਾਰਸਿ ਹਿੰਦੂਆ ਮਕਾ ਮੁਸਲਮਾਣੁ ਮਨਾਏ।
ਵੇਦ ਕਤੇਬਾ ਚਾਰਿ ਚਾਰਿ ਚਾਰ ਵਰਨ ਚਾਰ ਮਜ਼ਬ ਚਲਾਏ।
ਪੰਜ ਤਤ ਦੋਵੈ ਜਣੇ ਪਉਣ ਪਾਣੀ ਬੈਸੰਤਰੁ ਛਾਏ।
ਇਸ ਥਾਉਂ ਦੁਇ ਨਾਉਂ ਧਰਾਏ। (ਵ. 33, ਪੌ. 2)

ਭਾਵੇਂ ਕਿ ਹਿੰਦੂ ਤੇ ਮੁਸਲਮਾਨ ਦੋਵੇਂ ਇਕੋ ਪਰਮ ਪਿਤਾ ਦੀ ਸੰਤਾਨ ਹਨ, ਉਹਨਾਂ ਨੇ ਧਰਮ ਦੇ ਮੁਆਮਲੇ ਵਿਚ ਦੋ ਵਖਰੇ ਵਖਰੇ ਰਸਤੇ ਅਖ਼ਤਿਆਰ ਕਰ ਲਏ। ਉਸੇ ਆਪਣੇ ਇਕ ਸਿਰਜਣਹਾਰ ਨੂੰ ਹਿੰਦੂ 'ਰਾਮ' ਆਖ ਕੇ ਪੂਜਣ ਲੱਗ ਪਏ ਜਦ ਕਿ ਮੁਸਲਮਾਨਾਂ ਨੇ ਉਹਦਾ ਨਾਉਂ 'ਖੁਦਾ' ਪਕਾ ਲਿਆ। ਉਸ ਨੂੰ ਸਤਕਾਰ ਪੇਸ਼ ਕਰਨ ਸਮੇਂ ਹਿੰਦੂ ਉਹਨੂੰ ਪੂਰਬ ਵਿਚ ਵਸਦਾ ਮਿਥ ਕੇ ਓਧਰ ਸਿਰ ਨਿਵਾ ਦਿੰਦੇ ਹਨ, ਇਹਦੇ ਵਿਪ੍ਰੀਤ ਮੁਸਲਮਾਨ ਉਹਦਾ ਉਲਟੀ ਦਿਸ਼ਾ ਵਿਚ ਰਹਿਣਾ ਮੰਨ ਕੇ ਪੱਛਮ ਵੱਲ। ਇਕ ਨੇ ਗੰਗਾ ਨਦੀ ਤੇ ਬਨਾਰਸ ਨਗਰੀ ਨੂੰ ਪਵਿਤਰ ਮੰਨ ਲਿਆ, ਤੇ ਦੂਜੇ ਨੇ ਮੱਕੇ ਨੂੰ। ਪਹਿਲੇ ਦੀ ਧਰਮ ਪੁਸਤਕ ਵੇਦ, ਪਿਛਲੇ ਦੀ ਕੁਤੇਬ*। ਏਹੋ ਹਾਲ ਅੱਡ ਅੱਡ ਜ਼ਾਤਾਂ, ਅੱਡ ਅੱਡ ਫਿਰਕਿਆਂ ਦਾ ਹੈ। ਉਹ ਇਹ ਭੁੱਲ ਬੈਠੇ ਕਿ ਅਸੀਂ ਸਾਂਝੇ, ਬਿਲਕੁਲ ਇਕ ਸਮਾਨ ਪੰਜ ਤੱਤਾਂ ਤੋਂ

*ਜਿਵੇਂ ਵੇਦ ਚਾਰ ਹਨ, ਕੁਤੇਬ ਵੀ ਚਾਰ ਹਨ, ਤੁਰੈਤ, ਜੰਬੂਰ, ਇੰਜੀਲ, ਕੁਰਾਨ।

Sri Satguru Jagjit Singh Ji eLibrary NamdhariElibrary@gmail.com

ਸਿਰਜੇ ਗਏ ਹਾਂ, ਤੇ ਸਾਡੀ ਉਤਪੱਤੀ ਇਕੋ ਵਿਧੀ ਨਾਲ ਹੋਈ ਹੈ। ਫੇਰ ਉਹ ਭਲਾ ਅਲਹਿਦਾ ਅਲਹਿਦਾ ਨਾਉਂ ਰਖਣ ਨਾਲ ਕਿਵੇਂ ਦੋ ਬਣ ਗਏ ?

ਕਬੀਰ ਸਾਹਿਬ ਨੇ ਏਹੋ ਗੱਲ ਹੋਰ ਵੀ ਰੜਕਾ ਕੇ ਆਖੀ ਸੀ :

ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀ ਆਇਆ।

(ਅ. ਗ., ਪੰ. 324)

## ਤੀਸਰੀ ਅੱਖ

ਸੰਤ ਸਤਿਗੁਰੂਆਂ ਦੀ ਬਾਣੀ ਵਿਚ ਨਾਮ–ਸਿਮਰਨ ਦਾ ਜ਼ਿਕਰ ਬਾਰ–ਬਾਰ ਆਉਂਦਾ ਹੈ, ਜਿਵੇਂ 'ਰਾਮ ਸਿਮਰ ਪਛੁਤਾਇਗਾ' (ਕਬੀਰ, ਅ. ਗ. ਪੰ. 1106) ਜਾਂ 'ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ' (ਮ: 9, ਪੰ. 1352) ਤੇ 'ਤਿਲ' ਦੀ ਨਾਮ ਅਭਿਆਸ ਵਿਚ ਬੇਹੱਦ ਮਹੱਤਤਾ ਹੈ। ਸਿਮਰਨ ਦਾ ਅਰਥ ਹੁੰਦਾ ਹੈ, 'ਸਮਰਣ' ਜਾਂ ਯਾਦ ਕਰਨਾ, ਤੇ ਉਹਦੇ ਲਈ ਬਿਰਤੀ ਦਾ ਇਕਾਗਰ ਹੋਣਾ ਅਵੱਸ਼ਕ ਹੈ। ਜੇ ਕੇਵਲ ਮੂੰਹ ਨਾਲ ਪਰਮੇਸ਼ਰ ਦਾ ਨਾਉਂ ਦੋਹਰਾਈ ਜਾਈਏ ਤੇ ਮਨ ਆਪਣੇ ਵਣਜ ਵਪਾਰ, ਜ਼ਮੀਨਾਂ, ਜਾਇਦਾਦਾਂ ਦੇ ਲੇਖਿਆਂ ਵਿਚ ਰੁੱਝਿਆ ਰਹੇ ਜਾਂ ਸਾਕਾਂ ਸੰਬੰਧੀਆਂ ਯਾਰਾਂ ਦੋਸਤਾਂ ਨਾਲ ਸੰਬੰਧਿਤ ਬਖੇੜਿਆਂ ਵਿਚ ਤਾਂ ਵਾਹਿਗੁਰੂ ਦਾ ਸਿਮਰਨ ਕਿਥੇ ਹੋਇਆ ? ਉਸ ਤੋਂ ਹਾਸਲ ਕੀ ਹੋਣਾ ਹੈ ? ਤਦੇ ਗੁਰੂ ਅਮਰਦਾਸ ਜੀ ਨੇ ਫ਼ਰਮਾਇਆ ਹੈ :

ਰਾਮ ਰਾਮ ਸਭ ਕੋ ਕਹੈ ਕਹਿਐ ਰਾਮ ਨ ਹੋਇ।
ਗੁਰ ਪਰਸਾਦੀ ਰਾਮ ਮਨ ਵਸੈ ਤਾ ਫਲ ਪਾਵੈ ਕੋਇ।

( ਅ. ਗ. ਪੰ. 491)

ਸ਼ਬਦ, ਸਪਰਸ਼, ਰੂਪ, ਰਸ, ਗੰਧ, ਇੰਦਰੀਆਂ ਦੇ ਵਿਸ਼ੇ ਹਨ, ਤੇ ਮਨ ਅਕਸਰ ਉਹਨਾਂ ਵਿਚ ਹੀ ਪਰਚਿਆ ਰਹਿੰਦਾ ਹੈ, ਕੰਨਾਂ, ਅੱਖਾਂ ਆਦਿ ਨੌਂ ਗੋਲਕਾਂ ਜਾਂ ਦੁਆਰਿਆਂ ਰਾਹੀਂ। (ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ) ਜੇ ਅਵਾਰਾ ਪਸ਼ੂ ਬਿਗਾਨੇ ਖੇਤ ਵਿਚ ਜਾ ਵੜੇ ਤਾਂ ਉਹਨੂੰ ਓਥੋਂ ਕੱਢ ਲਿਆ ਕੇ ਸੰਤੋਖ ਨਹੀਂ ਕਰ ਲਈਦਾ, ਉਹਨੂੰ ਹੋਰ ਫਸਲਾਂ ਦੇ ਉਜਾੜੇ ਤੋਂ ਵੀ ਰੋਕ ਕੇ ਰੱਖਣਾ ਹੁੰਦਾ ਹੈ। ਤਾਂ ਤੇ ਜਗਿਆਸੂ ਨੂੰ ਚਾਹੀਦਾ ਹੈ, ਆਪਣੇ ਮਨ ਨੂੰ 'ਧਾਵਤਿ ਰਾਖੈ ਠਾਕਿ ਰਹਾਏ,' (ਮ: 1 ਅ. ਗ. ਪੰ. 1343) ਤਥਾ 'ਧਾਵਤ ਵਰਜੇ ਠਾਕਿ ਰਹਾਏ,' (ਮ: 3, ਪੰ. 159)। ਸਵਾਲ ਪੈਦਾ ਹੁੰਦਾ ਹੈ ਉਹਨੂੰ ਭਰਮਦੇ ਨੂੰ ਮੋੜ ਕੇ ਕਿਥੇ ਲਿਆਉਣਾ ਹੈ, ਫੇਰ ਭਟਕਣੋਂ ਵਰਜ ਕੇ, ਰੋਕ ਕੇ ਕਿਥੇ ਰੱਖਣਾ ਹੈ। ਆਪਾਂ

Sri Satguru Jagjit Singh Ji eLibrary NamdhariElibrary@gmail.com

ਹਾਕੀ ਦੀ ਖੇਡ ਵਿਚ ਦੇਖਦੇ ਹਾਂ, ਜਦ ਪੈਨਲਟੀ ਕੌਰਨਰ ਮਿਲਦਾ ਹੈ, ਗੇਂਦ ਮੈਦਾਨ ਦੇ ਇਕ ਸਿਰੇ ਤੋਂ 'ਡੀ' ਦੀ ਲਕੀਰ ਤੇ ਪਹੁੰਚਾਈ ਜਾਂਦੀ ਹੈ, ਅਗਲਾ ਖਿਡਾਰੀ ਉਸ ਨੂੰ ਆਪਣੀ ਥਾਂ ਤੇ ਰੋਕਦਾ ਹੈ ਤੇ ਫੇਰ ਰੁਕਣ ਦੀ ਥਾਂ ਤੋਂ ਹਿਟ ਮਾਰ ਕੇ ਉਹ ਗੋਲ ਵਿਚ ਸੁੱਟੀ ਜਾਂਦੀ ਹੈ, ਉਵੇਂ ਮਨ ਨੂੰ ਨੌਂ ਦੁਆਰਿਆਂ ਤੋਂ ਵਾਪਸ ਲਿਆ ਕੇ ਖੜ੍ਹਾ ਕਰੀਦਾ ਹੈ, ਅੱਖਾਂ ਤੋਂ ਉਪਰ, ਭਰਵੱਟਿਆਂ ਵਿਚਕਾਰ, ਤੇ ਫੇਰ ਓਥੋਂ ਨਾਮ ਸ਼ਬਦ ਦੀ ਕਮਾਈ ਦੁਆਰਾ ਉਹਨੂੰ ਉਪਰ ਵੱਲ ਤੋਰੀਦਾ ਹੈ, ਸੱਚਖੰਡ ਦੀ ਦਿਸ਼ਾ ਵਿਚ।

ਵਾਲ ਕਲੌਕ (ਦੀਵਾਰ ਘੜੀ) ਦਾ ਪੈਂਡੂਲਮ ਖੱਬੇ ਸੱਜੇ ਘੁੰਮਦਾ ਰਹਿੰਦਾ ਹੈ, ਪਰ ਜਦ ਮਸ਼ੀਨ ਦੀ ਹਰਕਤ ਬੰਦ ਹੋ ਜਾਂਦੀ ਹੈ, ਉਹ ਵਿਚ ਵਿਚਕਾਰ ਖੜ੍ਹ ਜਾਂਦਾ ਹੈ। ਇਹ ਸਥਾਨ ਪੈਂਡੂਲਮ ਦਾ ਘਰ ਆਖਿਆ ਜਾ ਸਕਦਾ ਹੈ, ਉਹਦੇ ਭਟਕਣੋਂ ਹਟ ਕੇ ਵਿਸ਼ਰਾਮ ਕਰਨ ਦੀ ਜਗ੍ਹਾ। ਜਦ ਚੌਥੇ ਪਾਤਸ਼ਾਹ ਕਹਿੰਦੇ ਹਨ, 'ਮਨ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ' (ਅ. ਗ. ਪੰ. 1179), ਓਦੋਂ ਮਨ ਬਾਰੇ ਏਹੋ ਸ਼ਿਕਾਇਤ ਕਰ ਰਹੇ ਹੁੰਦੇ ਹਨ ਕਿ ਉਹ ਆਪਣੇ ਘਰ, 'ਤਿਲ' ਵਾਲੇ ਸਥਾਨ ਤੇ, ਕਿਉਂ ਨਹੀਂ ਟਿਕਦਾ, ਇੰਦਰੀਆਂ ਦੇ ਰਸਾਂ ਸੁਆਦਾਂ ਵਿਚ ਹੀ ਕਿਉਂ ਖਚਿਤ ਰਹਿੰਦਾ ਹੈ। ਏਸੇ 'ਤਿਲ' ਬਾਰੇ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਵਿਚ ਕਿਹਾ ਸੀ, 'ਤੀਰਥ ਤਪ ਦਇਆ ਦਤੁ ਦਾਨ। ਜੇ ਕੋ ਪਾਵੈ ਤਿਲ ਕਾ ਮਾਨੁ।' ਭਾਵ ਜਿਸ ਕਿਸੇ ਨੂੰ ਤਿਲ ਤੇ ਸਥਿਰ ਹੋਣ ਦਾ ਸੁਭਾਗ ਪ੍ਰਾਪਤ ਹੋ ਗਿਆ, ਉਹਨੂੰ ਸਮਝੋ ਤੀਰਥ ਯਾਤਰਾ, ਤਪ, ਦਾਨ ਆਦਿਕ ਸਭ ਪੁੰਨ ਕਰਮਾਂ ਦੇ ਫਲ ਆਪਣੇ ਆਪ ਲੱਭ ਪਏ। ਜੇ ਮਨ ਅੱਖਾਂ ਵਿਚਕਾਰ ਨਿਸ਼-ਸੰਕਲਪ ਹੋ ਕੇ ਸਿਮਰਨ ਵਿਚ ਜੁਟੇਗਾ, ਤਾਹੀਓਂ ਸ਼ਬਦ ਦੀ ਧੁਨੀ ਸੁਣੇਗੀ, ਜੋਤਿ ਦਾ ਪ੍ਰਕਾਸ਼ ਦਿੱਸੇਗਾ ਤੇ ਉਹਨਾਂ ਦੀ ਸਹਾਇਤਾ ਨਾਲ ਸਵੈ-ਸਰੂਪ ਦੀ ਪ੍ਰਾਪਤੀ ਹੋਵੇਗੀ, ਪ੍ਰਭੂ ਨਾਲ ਮਿਲਾਪ ਦਾ ਅਵਸਰ ਬਣੇਗਾ।

ਸ਼ਰੀਰ ਇਕ ਭਾਂਤ ਦਾ ਕਿਲ੍ਹਾ ਹੈ, ਜਿਸ ਵਿਚੋਂ ਦਸ ਬੂਹੇ ਖੁਲ੍ਹਦੇ ਹਨ। ਨੌਂ ਸੰਸਾਰ ਵੱਲ, ਦਸਵਾਂ ਸੱਚਖੰਡ ਵੱਲ। ਇਹ ਦਸਵਾਂ ਦੁਆਰ ਕਰਤਾ ਪੁਰਖ ਨੇ ਸਿਰਫ ਛੁਪਾ ਕੇ ਹੀ ਨਹੀਂ ਰੱਖਿਆ, ਬਜਰ ਦੇ ਕਿਬਾੜਾਂ ਨਾਲ ਬੰਦ ਵੀ ਕੀਤਾ ਹੋਇਆ ਹੈ। ਉਹਨੂੰ ਖੋਲ੍ਹਣ ਦੀ ਇਕੋ ਜੁਗਤਿ ਹੈ, ਸ਼ਬਦ ਅਭਿਆਸ :

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ।
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।

(ਮ: 2, ਅ. ਗ. ਪੰ. 954)

ਪ੍ਰਭੂ ਪਰਮੇਸ਼ਰ ਨਾਲ ਨੇਹੁੰ ਪਾਲਣ ਦਾ ਇਕ ਬੁਨਿਆਦੀ ਨਿਯਮ ਹੈ। ਉਹ ਇਹ ਕਿ ਜਿਸ ਜੀਵਾਤਮਾ ਨੂੰ ਉਹ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਕਿਰਤਾਰਥ

Sri Satguru Jagjit Singh Ji eLibrary NamdhariElibrary@gmail.com

ਕਰ ਦੇਵੇ, ਆਪਣੇ ਗਲ ਲਾ ਲਵੇ, ਉਹ ਇੰਞ ਨਿਵਾਜੇ ਜਾਣ ਦੀ ਡੌਂਡੀ ਨਹੀਂ ਪਿੱਟੇਗੀ, ਕਿਸੇ ਸੂਰਤ ਆਪਣੇ ਪ੍ਰੀਤਮ ਨੂੰ ਨਸ਼ਰ ਨਹੀਂ ਕਰੇਗੀ। ਤਾਂ ਤੇ ਜਦ ਵੀ ਕੋਈ ਅਭਿਆਸੀ ਇਸ ਪਿਰਮ ਰਸ ਦਾ ਸੁਆਦ ਚੱਖ ਲਵੇ ਉਹ ਆਪਣੇ ਹੋਂਠ ਸੀ ਲੈਂਦਾ ਹੈ, ਕਦਾਚਿਤ ਜ਼ਬਾਨ ਨਹੀਂ ਖੋਲ੍ਹਦਾ। ਨਾਮਦੇਵ ਜੀ ਨੇ ਕਿਹਾ ਹੈ :

ਜਿਨਿ ਹਰਿ ਪਾਇਓ ਤਿਨਹਿ ਛੁਪਾਇਓ।

(ਅ. ਗ. ਪੰ. 718)

ਤੇ ਕਬੀਰ ਸਾਹਿਬ ਨੇ :

ਰਾਮ ਪਦਾਰਥ ਪਾਇ ਕੈ ਕਬੀਰਾ ਗਾਂਠਿ ਨ ਖੋਲੁ।

(ਅ.ਗ੍ਰ. 1365)

ਭਾਈ ਗੁਰਦਾਸ ਬੇਸ਼ੱਕ ਅਪੂਰਬ ਕਮਾਈ ਵਾਲੇ, ਉਚ ਕੋਟੀ ਦੇ ਸਿੱਖ ਸਨ, ਗੁਰੂ ਸਾਹਿਬਾਨ ਦੇ ਵੰਸ ਵਿਚੋਂ ਵੀ ਸਨ, ਤਾਂ ਵੀ ਉਹ ਹਲੀਮੀ ਦੇ ਪੁੰਜ ਸਨ ਤੇ ਆਦਰਸ਼ਕ ਭਾਂਤ ਦੇ ਆਗਿਆਕਾਰ। ਇਸ ਲਈ ਉਹ ਕਿਸੇ ਗੁਸਤਾਖ ਅਵੱਗਿਆ ਦੀ ਭੁੱਲ ਨਹੀਂ ਸੀ ਕਰਦੇ । ਤਦੇ ਉਹਨਾਂ ਦੀ ਰਚਨਾ ਵਿਚ ਜਦ ਵੀ ਉਪਰਲੇ ਮੰਡਲਾਂ ਦੇ ਅਨੁਭਵ ਦਾ ਜ਼ਿਕਰ ਆਇਆ ਹੈ, ਇਸ਼ਾਰਿਆਂ ਦੀ ਸ਼ਕਲ ਵਿਚ ਆਇਆ ਹੈ, ਖੁਲ੍ਹ ਕੇ ਨਹੀਂ ਆਇਆ। ਆਪ ਆਪਣੇ ਅਠਾਈਵੇਂ ਕਬਿੱਤ ਵਿਚ ਲਿਖਦੇ ਹਨ :

ਸ਼ਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ
ਸਸਿ ਘਰਿ ਸੂਰਿ ਪੂਰ ਨਿਜ ਘਰਿ ਆਇ ਹੈ।
ਉਲਟਿ ਪਵਨ ਮਨ ਮੀਨ ਤ੍ਰਿਬੈਨੀ ਪ੍ਰਸੰਗ
ਤ੍ਰਿਕੁਟੀ ਉਲੰਘਿ ਸੁਖ ਸਾਗਰ ਸਮਾਏ ਹੈ।

(ਕ. ਸ. 28)

ਇਸ ਬਚਨ ਦੀ ਵਿਆਖਿਆ ਕਰਦਿਆਂ ਗਿਆਨੀ ਨਰੈਣ ਸਿੰਘ ਨੇ ਕਿਹਾ ਹੈ :

"ਇਸ ਕਬਿਤ ਵਿਚ ਗੁਰ ਸਿਖ ਸੰਪ੍ਰਦਾਇ ਦੀ ਸਿਮਰਨ ਦੀ ਜੁਗਤੀ–ਜਿਸ ਨੂੰ ਕਿ ਅੱਜ ਕਲ੍ਹ ਦੇ ਗੁਰ ਸਿਖ ਛਡੀ ਜਾ ਰਹੇ ਹਨ, ਜਾਂ ਇਉਂ ਕਹਿ ਲੋ ਕਿ ਸਹਜ ਯੋਗ ਦਾ ਤਰੀਕਾ ਜਾਂ ਅਜਪਾ ਜਾਪ ਦੇ ਅਭਿਆਸ ਦਾ ਵਰਨਣ ਕੀਤਾ ਹੈ—

ਅਭਿਆਸੀ ਪੁਰਸ਼ ਅੰਮ੍ਰਿਤ ਵੇਲੇ ਇਸ਼ਨਾਨ ਆਦਿਕ ਕ੍ਰਿਯਾ ਤੋਂ ਵੇਹਲਾ ਹੋ ਕੇ, ਕੋਈ ਪੋਲਾ ਜੇਹਾ ਆਸਨ ਵਿਛਾ ਕੇ ਚੌਂਕੜੀ ਮਾਰ ਕੇ ਬੈਠ ਜਾਏ, ਜਿਸ

Sri Satguru Jagjit Singh Ji eLibrary NamdhariElibrary@gmail.com

ਆਸਨ (ਬੈਠਕ) ਵਿਚ ਤਕਲੀਫ ਨਾ ਹੋਵੇ, ਉਸ ਬੈਠਕ ਨਾਲ ਬੈਠ ਕੇ ਮਨ ਨੂੰ ਇਕਾਗਰ ਕਰੇ, ਜਦ ਮਨ ਟਿਕ ਗਿਆ ਤਾਂ ਇਕ ਤਰ੍ਹਾਂ ਦਾ ਸ਼ਬਦ ਸੁਣਾਈ ਦੇਵੇਗਾ। ਉਹ ਸ਼ਬਦ ਕੋਈ ਸਪਸ਼ਟ ਨਹੀਂ ਹੁੰਦਾ, ਕੇਵਲ ਸਾਂ-ਸਾਂ ਜਾਂ ਘੂੰ-ਘੂੰ ਦੀ ਹੀ ਆਵਾਜ ਮਲੂਮ ਹੁੰਦੀ ਹੈ, ਉਸ ਸ਼ਬਦ ਨੂੰ ਸੁਣਨ ਲਈ ਸੁਰਤ ਜੋੜ ਦਿਓ, ਪਰ ਚੇਤਾ ਇਹ ਰਖਣਾ ਕਿ ਜਦੋਂ ਆਸਨ ਜਮਾ ਕੇ ਬੈਠੋ ਤਾਂ ਪਿੱਠ ਵਿਚ ਵਲ ਨਹੀਂ ਹੋਣਾ ਚਾਹੀਦਾ, ਦੋਹਾਂ ਪੱਟਾਂ ਉਤੇ ਆਪਣੇ ਹੱਥਾਂ ਦੀਆਂ ਦੋਵੇਂ ਤਲੀਆਂ ਸਿਧੀਆਂ ਟਿਕਾਉਣੀਆਂ ਚਾਹੀਦੀਆਂ ਹਨ, ਠੋਡੀ ਨੂੰ ਛਾਤੀ ਨਾਲੋਂ ਚਾਰ ਉਂਗਲ ਦੀ ਵਿੱਥ ਉਤੇ ਅਡੋਲ ਰਖਣਾ ਚਾਹੀਦਾ ਹੈ। ਜਦ ਸ਼ਬਦ ਸੁਣਾਈ ਦੇਣ ਲਗੇ ਤਾਂ ਸੁਰਤ ਨੂੰ ਉਸ ਸ਼ਬਦ ਦੇ ਸੁਣਨ ਵਿਚ ਜੋੜ ਦੇਣਾ ਚਾਹੀਦਾ ਹੈ ਤੇ ਅੱਖਾਂ ਦੀ ਨਜ਼ਰ ਨੂੰ ਭਰਵੱਟਿਆਂ ਦੇ ਵਿਚਾਲੇ ਸਥਾਨ ਵਿਚ ਸਥਿਰ ਰਖਣਾ ਚਾਹੀਦਾ ਹੈ, ਇਸ ਕਰਮ ਦਾ ਨਾਮ 'ਸ਼ਬਦ ਸੁਰਤਿ ਸੰਧਿ ਮਿਲੇ' ਕਿਹਾ ਹੈ।"

ਅਧਿਆਤਮ ਮਾਰਗੀਆਂ ਲਈ ਤਿਲ ਵਿਸ਼ੇਸ਼ ਅਰਥ ਰੱਖਦਾ ਹੈ ਕਿਉਂਕਿ ਉਹ ਸਫਲਤਾ ਦੀ ਦਿਸ਼ਾ ਵਿਚ ਤੁਰਦੇ ਹਨ ਤਾਂ ਆਪਣਾ ਪਹਿਲਾ ਕਦਮ ਇਸ ਟਿਕਾਣੇ ਤੇ ਬਿਰਤੀ ਇਕਾਗਰ ਕਰਨ ਦੇ ਰੂਪ ਵਿਚ ਪੁਟਦੇ ਹਨ। ਜਦੋਂ ਸਤਿਗੁਰੂ ਦੀ ਸਿੱਖਿਆ ਅਨੁਸਾਰ ਕੀਤੇ ਨਾਮ ਅਭਿਆਸ ਦੇ ਫਲ-ਸਰੂਪ ਸ਼ਬਦ ਦੀ ਧੁਨੀ ਪ੍ਰਗਟ ਹੁੰਦੀ ਹੈ ਤੇ ਜੋਤਿ ਦਾ ਪ੍ਰਕਾਸ਼ ਦਿੱਸਣ ਲਗਦਾ ਹੈ, ਤਾਂ ਜਗਿਆਸੂ ਦਾ ਯਕੀਨ ਬੱਝ ਜਾਂਦਾ ਹੈ ਕਿ ਉਸਦੀ ਪ੍ਰੇਮ-ਯਾਚਨਾ ਪ੍ਰੀਤਮ ਦੇ ਦਰ ਪਰਵਾਨ ਹੋ ਗਈ ਹੈ, ਇਸ ਲਈ ਕਿ ਸ਼ਬਦ ਉਹਦੀ ਆਪਣੀ ਹੀ ਅਕੱਥ ਕਥਾ ਹੁੰਦੀ ਹੈ ਤੇ ਜੋਤਿ ਉਸ ਪਰਮ ਜੋਤਿ ਦੀ ਆਪਣੀ ਹੀ ਲੋਅ। ਇਸ ਅਨੁਭਵ ਤੋਂ ਉਸ ਨੂੰ ਬੇਓੜਕ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ, ਏਨੀ ਕਿ ਉਸ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਜੁੜਦੇ।

ਭਾਈ ਗੁਰਦਾਸ ਦਸਦੇ ਹਨ ਕਿਸੇ ਅਭਿਆਸੀ ਦੇ ਹਿਰਦੇ ਵਿਚ ਜੋਤਿ ਦਾ ਪ੍ਰਕਾਸ਼ਮਾਨ ਹੋਣਾ ਇਹ ਇਕ ਬਹੁਤ ਵਚਿਤਰ ਘਟਨਾ ਹੁੰਦੀ ਹੈ ਤੇ ਇਸ ਪ੍ਰਕਾਸ਼ ਨਾਲ ਤਿਲ ਦਾ ਸਥਾਨ ਜਗ-ਮਗਾ ਉਠਦਾ ਹੈ ਤਾਂ ਉਸ ਦੀ ਸ਼ੋਭਾ ਹੈਰਾਨ ਕਰ ਦੇਣ ਵਾਲੀ ਹੱਦ ਤਕ ਵਧ ਜਾਂਦੀ ਹੈ :

ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈ
ਤਾ ਮੈ ਤਿਲ ਛਬਿ ਪਰਮਦਭੁਤ ਛਬਿ ਹੈ।

(ਕ.ਸ. 140)

ਗਿਆਨੀ ਨਰੈਣ ਸਿੰਘ ਆਪਣੇ ਕਬਿਤ ਸਵੱਯਾਂ ਦੇ ਟੀਕੇ ਵਿਚ ਲਿਖਦੇ ਹਨ : ਗੁਰਬਾਣੀ ਵਿਚ ਜੋ, 'ਤਾਰਾ ਚੜਿਆ ਲੰਮਾ ਕੀ ਨਦਰ ਨਿਹਾਲਿਆ

Sri Satguru Jagjit Singh Ji eLibrary NamdhariElibrary@gmail.com

ਗਮ' ਕਿਹਾ ਹੈ ਉਸੇ ਤਾਰੇ ਦਾ ਨਾਮ ਏਥੇ ਤਿਲ ਕਿਹਾ ਹੈ। (ਪੰ. 91)

ਸਤਿਗੁਰੂ ਦੀ ਦਇਆ ਮਿਹਰ ਸਦਕਾ ਜੋਤਿ ਦਾ ਉਦੋਤ ਹੋਇਆ ਤਾਂ ਉਸ ਨਾਲ ਤਿਲ ਦੀ ਸ਼ੋਭਾ ਦਾ ਕੋਈ ਪਾਰਾਵਾਰ ਨਾ ਰਿਹਾ ਤੇ ਉਹਦੀ ਚਮਕ-ਦਮਕ ਦੀਆਂ ਭਰਮਾਈਆਂ ਕਰੋੜਾਂ ਚਕੋਰਾਂ (ਕੋਕ) ਚੰਦਰਮਾ ਤੋਂ ਬੇਮੁਖ ਹੋ ਗਈਆਂ, ਪਵਿਤਰਤਾ ਦੇ ਲਿਹਾਜ਼ ਨਾਲ ਕਰੋੜਹਾ ਗੰਗਾ ਨਦੀਆਂ (ਸੁਰਸਰੀ) ਦਾ ਹੰਕਾਰ ਟੁੱਟ ਗਿਆ :

ਕਿੰਚਤ ਕਟਾਛ ਕ੍ਰਿਪਾ ਤਿਲ ਕੀ ਅਤੁਲ ਸ਼ੋਭਾ
ਸੁਰਸਰੀ ਕੋਟਿ ਮਾਨ ਭੰਗ ਧਿਆਨ ਕੋਕ ਕੋ।

(ਕ. ਸ. 213)

ਮਨੁੱਖ ਦੇ ਸਥੂਲ ਸਰੀਰ ਵਿਚ ਨੇਤਰਾਂ ਪਿੱਛੇ ਅਤੇ ਵਿਚਕਾਰ ਜਿਹੜਾ ਸੂਖ਼ਮ ਤਿਲ ਹੈ, ਉਸ ਵਿਚ ਪੂਰੇ ਬ੍ਰਹਿਮੰਡ (ਤ੍ਰਿਲੋਕੀ) ਦਾ ਪਰਛਾਵਾਂ ਪੈਂਦਾ ਹੈ :

ਪ੍ਰੀਤਮ ਕੀ ਪੁਤਰੀ ਮੈਂ ਤਨਿਕ ਤਾਰਿਕਾ ਸਿਆਮ
ਤਾ ਕੋ ਪ੍ਰਤਿਬਿੰਬੁ ਤਿਲੁ ਤਿਲੁਕ ਤ੍ਰਿਲੋਕ ਕੋ।

(ਕ. ਸ. 213)

ਇਸੇ ਭਾਵ ਨੂੰ ਸੰਤ ਪੀਪਾ ਜੀ ਇਸ ਤਰ੍ਹਾਂ ਪ੍ਰਗਟ ਕਰਦੇ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ।

(ਅ. ਗ. ਪੰ. 695)

ਅਰਥਾਤ ਬ੍ਰਹਮੰਡ ਦੀ ਸਾਰੀ ਰਚਨਾ ਦਾ ਪ੍ਰਤੀਬਿੰਬ ਪਿੰਡ ਵਿਚ ਪੈਂਦਾ ਹੈ। ਕੇਵਲ ਸਹੀ ਵਿਧੀ ਨਾਲ ਅੰਦਰ ਖੋਜ ਕਰਨ ਵਾਲਾ ਵਿਅਕਤੀ ਹੀ ਇਸ ਭੇਦ ਨੂੰ ਜਾਣ ਸਕਦਾ ਹੈ। ਪੀਪਾ ਜੀ ਕਹਿੰਦੇ ਹਨ ਕਿ ਉਹ ਸ੍ਰੇਸ਼ਟ ਤੱਤ ਹੈ ਅਤੇ ਕੇਵਲ ਪੂਰਾ ਗੁਰੂ ਹੀ ਸ਼ਿਸ਼ ਨੂੰ ਅੰਦਰ ਇਸ ਦਾ ਦੀਦਾਰ ਕਰਾ ਸਕਦਾ ਹੈ।

ਏਸ ਪ੍ਰਕਾਸ਼ਮਾਨ ਤਿਲ ਕੋਲੋਂ ਜਿਹੜੀ ਸ਼ੋਭਾ ਪ੍ਰਾਪਤ ਹੋਈ ਹੈ, ਉਸ ਦੇ ਸਨਮੁਖ ਹੋਰ ਅਨੇਕ ਕਿਸਮ ਦੀਆਂ ਵਡਿਆਈਆਂ ਸੁੰਦਰਤਾਈਆਂ ਫਿੱਕੀਆਂ ਪੈ ਗਈਆਂ ਹਨ। ਜ਼ਾਹਰ ਹੈ ਜਿਸ ਸਤਿਗੁਰੂ ਦੀ ਦਇਆ ਦ੍ਰਿਸ਼ਟੀ ਨੇ ਇਹ ਕਰਾਮਾਤ ਕਰਕੇ ਵਿਖਾਈ ਹੈ ਉਹ ਸਾਧਾਰਨ ਇਨਸਾਨ ਨਹੀਂ, ਸਰਗੁਣ ਪਰਮੇਸ਼ਰ ਦਾ ਰੂਪ ਹੈ :

ਏਕ ਤਿਲ ਕੈ ਅਨੇਕ ਭਾਂਤਿ ਨਿਹ-ਕ੍ਰਾਂਤਿ ਭਈ
ਅਬਿਗਤਿ ਗਤਿ ਗੁਰੂ ਪੂਰਨ ਬ੍ਰਹਮ ਹੈ।

(ਕ. ਸ. 101-141)

Sri Satguru Jagjit Singh Ji eLibrary NamdhariElibrary@gmail.com

ਉਕਤ ਸ਼ੋਭਾ ਦਾ ਅਨੁਮਾਨ ਲਾਉਣ ਲਈ ਨਾ ਕੋਈ ਤੱਕੜੀ ਹੈ, ਨਾ ਵੱਟਾ, ਨਾ ਤੋਲਾ ਤੁਲਵਈਆ, ਉਹ ਅੰਤ ਰਹਿਤ ਹੈ, ਅਪਰੰਪਾਰ ਹੈ:

ਤਿਲ ਕੀ ਅਤੁਲ ਸੋਭਾ ਤੁਲਤ ਨ ਤੁਲਾਧਾਰ
ਪਾਰ ਕੈ ਅਪਾਰ ਨ ਅਨੰਤ ਅੰਤ ਪਾਏ ਹੈ।

(ਕ. ਸ. 269)

ਉਸੇ ਤਿਲ ਬਾਰੇ ਜਦ ਭਾਈ ਸਾਹਿਬ ਫ਼ਰਮਾਉਂਦੇ ਹਨ :

ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ
ਏਕ ਤਿਲ ਕਥਾ ਅਤਿ ਅਗਮ ਅਗਮ ਹੈ।
ਬੁਧਿ ਬਲ ਬਚਨ ਬਿਬੇਕ ਕਉ ਅਨੇਕ ਮਿਲੇ
ਏਕ ਤਿਲ ਆਦਿ ਬਿਸਮਾਦ ਕੈ ਬਿਸਮ ਹੈ।

(ਕ. ਸ. 101)

ਤਾਂ ਜਾਣੋ ਉਹਦੇ ਨਾਲ ਆਪਣੀ ਕਲਮ ਦੇ ਇਨਸਾਫ਼ ਕਰ ਸਕਣ ਦੀ ਸਮਰੱਥਾ ਵਲੋਂ ਪੂਰੀ ਤਰ੍ਹਾਂ ਹਾਰ ਮੰਨ ਲੈਂਦੇ ਹਨ। ਸ਼ਬਦ ਤੇ ਜੋਤ ਦਾ ਨਿਵਾਜਿਆ, ਅਨੇਕ ਵਡਿਆਈਆਂ, ਗੁਣਾਂ ਮੰਗਲਾਂ ਦਾ ਧਾਰਨੀ ਇਹ ਤਿਲ ਮਨ, ਬੁੱਧੀ, ਤਰਕ, ਭਾਸ਼ਾ ਆਦਿ ਕਿਸੇ ਦੀ ਵੀ ਪਹੁੰਚ ਤੋਂ ਅਤੀਤ ਹੈ। ਏਨਾ ਮੰਨ ਕੇ ਕੁਝ ਹੋਰ ਆਖਣ ਸੁਣਨ ਦੀ ਲੋੜ ਨਹੀਂ ਰਹਿ ਜਾਂਦੀ।

ਕਬੀਰ ਸਾਹਿਬ ਇਸ ਤਿਲ ਦੇ ਸਥਾਨ ਨੂੰ ਮੁਕਤਿ ਦੁਆਰਾ ਆਖਦੇ ਹਨ :

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ।
ਮਨ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ।

(ਅ. ਗ. ਪੰ. 1367)

ਤੇ ਗੁਰੂ ਅਮਰਦਾਸ ਵੀ :

ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨਾ ਹੋਇ ਸੁ ਜਾਇ।
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ।

(ਅ. ਗ. ਪੰ. 509)

ਤਥਾ :

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।

(ਅ. ਗ. ਪੰ. 110)

ਵਿਸ਼ੇ-ਵਾਸ਼ਨਾਵਾਂ ਦਾ ਕਾਰਜ ਪੂਰਾ ਕਰਨ ਵਾਲੇ ਨੌਂ ਦਰਵਾਜ਼ੇ ਜੀਵ ਆਤਮਾ ਨੂੰ ਆਵਾਗਵਨ ਦਾ ਕੈਦੀ ਬਣਾਈ ਰਖਦੇ ਹਨ ਜਦ ਕਿ ਦਸਵਾਂ ਉਸ

Sri Satguru Jagjit Singh Ji eLibrary NamdhariElibrary@gmail.com

ਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੰਦਾ ਹੈ। ਇਸ ਸਥਾਨ ਦੀ ਪਛਾਣ ਹੈ ਓਥੇ ਅਨਹਦ ਸ਼ਬਦ ਦਾ ਸੁਣਾਈ ਪੈਣਾ।

ਜਿਥੇ ਪਰਮੇਸ਼ਰ ਵਸਦਾ ਹੈ, ਬਜਰ ਕਪਾਟਾਂ ਦੇ ਪਾਰ, ਉਹ ਘਰ ਹੈ ਤੇ ਜਿਥੋਂ ਉਸ ਘਰ ਦਾ ਸਫ਼ਰ ਸ਼ੁਰੂ ਹੁੰਦਾ ਹੈ, ਉਹ ਉਸ ਘਰ ਦੀ ਡਿਉਢੀ, ਸੋ ਇਹ ਥਾਂ ਹੋਇਆ ਘਰ-ਦਰ।

ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ।

(ਮ: 3, ਆ. ਗ੍ਰ., ਪੰ. 1132)

ਘਰੁ ਦਰੁ ਮੰਦਰੁ ਜਾਣੈ ਸੋਈ। ਜਿਸੁ ਪੂਰੇ ਗੁਰ ਤੇ ਸੋਝੀ ਹੋਈ।

(ਮ: 1, ਆ. ਗ੍ਰ., ਪੰ. 1039)

ਉਪਰਲੀ ਯਾਤਰਾ ਦੇ ਦੌਰਾਨ ਕਿਹੜੇ ਮੁਕਾਮਾਂ ਤੋਂ ਹੋ ਕੇ ਜਾਈਦਾ ਹੈ, ਇਹ ਸੰਤ-ਸਤਿਗੁਰੂ ਹੀ ਜਾਣਦੇ ਹਨ, ਸਾਡੀ ਦੁਨੀਆਂ ਦੇ ਭੂਗੋਲ ਵਿਚ ਉਹਨਾਂ ਦੇ ਨਾਂ ਨਹੀਂ ਲਭਦੇ।

Sri Satguru Jagjit Singh Ji eLibrary NamdhariElibrary@gmail.com

# ਸਾਰ-ਅੰਸ਼

ਜੁਗਾਂ ਕਲਪਾਂ ਦੇ ਸੰਦਰਭ ਵਿਚ ਮਨੁੱਖ ਦੀ ਉਮਰ ਬਹੁਤ ਛੋਟੀ ਹੈ- ਸੱਠ, ਸੱਤਰ, ਅੱਸੀ, ਜ਼ੋਰ ਮਾਰ ਕੇ ਸੌ ਵਰ੍ਹੇ ਤੇ ਉਸਨੂੰ ਹੰਢਾਉਣ ਲਈ ਲੱਭਾ ਸ਼ਰੀਰ ਰੇਤਲੀ ਮਿੱਟੀ ਦਾ ਕੱਚਾ ਘੜਾ। ਵੱਡਿਆਂ ਬਜ਼ੁਰਗਾਂ ਦੇ ਮਿਲਾਏ ਜੋੜ ਅਨੁਸਾਰ ਜੂਨੀਆਂ ਦੀ ਕੁੱਲ ਗਿਣਤੀ ਕਰੋੜ ਦੇ ਕਾਫ਼ੀ ਕਰੀਬ ਪਹੁੰਚ ਜਾਂਦੀ ਹੈ। ਇਹਨਾਂ ਵਿਚੋਂ ਬਹੁਤ ਸਾਰੀਆਂ ਜੂਨੀਆਂ ਘਟੀਆਂ ਮੰਨੀਦੀਆਂ ਹਨ, ਕਿੰਨੀਆਂ ਉਹਨਾਂ ਤੋਂ ਵੀ ਭੈੜੀਆਂ, ਤੇ ਅਜੇ ਹੋਰ ਉਨ੍ਹਾਂ ਤੋਂ ਵੀ ਬਦਤਰ। ਇਨਸਾਨੀ ਜਾਮੇ ਤੋਂ ਬਗ਼ੈਰ ਕੋਈ ਹੋਰ ਐਸਾ ਜਾਮਾ ਨਹੀਂ ਜਿਸ ਵਿਚ ਅਸੀਂ ਆਪਣੀ ਖੁਸ਼ੀ ਨਾਲ ਪ੍ਰਵੇਸ਼ ਕਰਨਾ ਚਾਹੀਏ। ਮਨੁੱਖ ਨੂੰ ਮਿਲੀ ਕਾਇਆ ਉਹਦੇ ਵਿਸ਼ੇਸ਼ ਬੁੱਧੀ-ਯੁਕਤ ਆਕਾਸ਼ ਤੱਤ ਕਾਰਣ ਸਭ ਤੋਂ ਵਧੀਆ ਹੈ (ਚੌਰਾਸੀ ਲਖ ਜੋਨਿ ਵਿਚ ਉਤਮ ਜਨਮ ਸੁ ਮਾਨਸ ਦੇਹੀ। ਵਾਰ 1, ਪੌ. 3) ਉਹ ਖਾਸ ਕਰ ਕੇ ਇਸ ਗਲੋਂ ਕਿ ਇਸੇ ਨੂੰ ਭਲੀ ਭਾਂਤ ਵਰਤਿਆਂ ਮੁੜ ਮੁੜ ਜੰਮਣ ਮਰਨ ਦੇ ਦੁਰਭਾਗ ਤੋਂ ਖਲਾਸੀ ਮਿਲ ਸਕਦੀ ਹੈ। ਤੇ ਸ਼ਹੁ ਸਾਗਰ ਤੋਂ ਵਿਛੜੀ ਆਤਮਾ ਰੂਪ ਬੂੰਦ ਨੂੰ ਮੁੜ ਆਪਣੇ ਸੋਮੇ ਵਿਚ ਸਮਾਉਣਾ ਨਸੀਬ ਹੋ ਜਾਂਦਾ ਹੈ । ਤਾਂ ਤੇ ਸਿਆਣਪ ਦੀ ਮੰਗ ਹੈ ਕਿ ਇਸ ਸ਼੍ਰੋਮਣੀ ਜਾਮੇ ਦੀ ਸੀਮਿਤ ਅਉਧ ਨੂੰ ਉਕਤ ਲਾਹੇਵੰਦ ਮਨੋਰਥ ਲਈ ਰਾਖਵਾਂ ਰਖਿਆ ਜਾਵੇ। ਇਕ ਵਾਰ ਗਵਾਇਆ ਇਹ ਅਵਸਰ, ਨਾ ਜਾਣੇ ਫੇਰ ਕਦੇ ਮਿਲੇ ਕਿ ਨਾ ਮਿਲੇ (ਅਉਸਰ ਚੁਕਾ ਹਥ ਨਾ ਆਵੇ। ਵ. 1, ਪੌ. 12)।

ਪਹਿਲੇ ਤਿੰਨ ਜੁਗਾਂ (ਸਤੁ, ਤ੍ਰੇਤਾ, ਦੁਆਪਰ) ਵਿਚ ਨਿਜ ਕਲਿਆਨ ਦੇ ਮਨੋਰਥ ਲਈ ਕਈ ਭਾਂਤ ਦੇ ਪੁੰਨ ਕਰਮਾਂ (ਜਪ, ਤਪ, ਯੱਗ, ਦਾਨ ਆਦਿਕ) ਦਾ ਪਰਚਾਰ ਤੇ ਅਭਿਆਸ ਕੀਤਾ ਜਾਂਦਾ ਰਿਹਾ। ਪਰ ਕਲਜੁਗ ਵਿਚ ਇਕੋ ਕਰਮ ਪਰਮ ਪਦ ਦਾ ਅਧਿਕਾਰੀ ਮੰਨਿਆ ਜਾਂਦਾ ਹੈ, ਨਾਮ (ਸ਼ਬਦ) ਦੀ ਕਮਾਈ :

> ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ।
>
> ... ... ... ... ... ... ... ... ... ... ... ... ...
>
> ਕਲਿਜੁਗ ਨਾਵੈ ਕੀ ਵਡਿਆਈ। (ਵ. 1. ਪੌ. 16)



Sri Satguru Jagjit Singh Ji eLibrary NamdhariElibrary@gmail.com

ਉੱਪਰ ਦੱਸੀ ਭਾਂਤ ਦੇ ਕਰਮ ਵਰਤਮਾਨ ਜੁਗ ਲਈ ਓਵੇਂ ਨਿਸ਼ਫਲ ਹੋ ਗਏ ਹਨ ਜਿਵੇਂ ਆਪਣੀ ਉਪਯੋਗਤਾ ਦੀ ਮਿਆਦ ਟੱਪ ਜਾਣ ਨਾਲ ਅਕਸੀਰ ਤਸਲੀਮ ਕੀਤੀ ਜਾਂਦੀ ਦਵਾ।

ਅਸੀਂ ਜਾਂ ਸਾਡੇ ਮਾਤਾ ਪਿਤਾ ਤੇ ਅਗੇ ਉਹਨਾਂ ਦੇ ਪੂਰਵਜ ਆਪਣੇ ਆਪ ਨਹੀਂ ਬਣ ਗਏ। ਉਹਨਾਂ ਨੂੰ ਇਕ ਅਗੰਮੀ ਸ਼ਕਤੀ ਨੇ ਹੋਂਦ ਵਿਚ ਲਿਆਂਦਾ ਤੇ ਮਨੁੱਖ ਮਾਤਰ ਵਾਂਗ ਬਾਕੀ ਦੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਵੀ ਉਸੇ ਕਰਤਾ ਪੁਰਖ ਨੇ ਸ਼ਬਦ ਦੁਆਰਾ ਕੀਤੀ (ਓਅੰਕਾਰ ਆਕਾਰ ਕਰਿ ਏਕ ਕਵਾਉ ਪਸਾਉ ਪਸਾਰਾ। ਵ. 1, ਪੌ. 4)। ਉਸ ਕਰਤਾਰੀ ਸ਼ਕਤੀ ਨੂੰ ਵਖ ਵਖ ਸ਼੍ਰੇਣੀਆਂ ਵਰਗਾਂ ਦੇ ਲੋਕ, ਜਿਹੜਾ ਨਾਉਂ ਉਹਨਾਂ ਨੂੰ ਚੰਗਾ ਲੱਗਾ, ਉਸੇ ਨਾਉਂ ਨਾਲ ਸਮੇਂ ਸਮੇਂ ਚੇਤੇ ਕਰਦੇ ਆਏ ਹਨ। ਕਿਸੇ ਨੇ ਉਹਨੂੰ ਪ੍ਰਭੂ ਪਰਮੇਸ਼ਰ ਆਖ ਲਿਆ, ਕਿਸੇ ਨੇ ਗੌਡ, ਕਿਸੇ ਨੇ ਖ਼ੁਦਾ ਅੱਲਾ ਇਤਿਆਦਿ। ਅਜਿਹੇ ਆਪਣੇ ਮਨ ਮਰਜ਼ੀ ਅਨੁਸਾਰ ਜੀਵਾਂ ਦੇ ਰਖੇ ਨਾਮਾਂ ਨੂੰ ਗੁਰੂ ਅਰਜਨ ਸਾਹਿਬ ਨੇ ਕਿਰਤਮ ਨਾਮ ਕਿਹਾ ਹੈ (ਕਿਰਤਮ ਨਾਮ ਕਥੇ ਤੇਰੇ ਜਿਹਬਾ ਅ. ਗ. ਪੰ. 1083)। ਇਹ ਨਾਮ ਉਹਨਾਂ ਨੂੰ ਚੁਣਨ ਵਾਲਿਆਂ ਵਾਂਗ ਥੋੜ੍ਹ-ਚਿਰੇ ਅਤੇ ਨਾਸ਼ਵਾਨ ਹਨ, ਜਦ ਕਿ ਉਹਦਾ ਇਕ ਹੋਰ ਨਾਮ, ਸਦੀਵਕਾਲੀ, ਅਬਿਨਾਸ਼ੀ ਵੀ ਹੈ (ਸਤਿਨਾਮੁ ਤੇਰਾ ਪਰਾ ਪੂਰਬਲਾ)। (ਓਹੀਓ)। ਉਸ ਅਕਾਲਪੁਰਖ ਨੇ ਆਪਣੀ ਅਤੇ ਸੱਚੇ ਨਾਮ ਦੀ ਖ਼ੁਦ ਸਿਰਜਣਾ ਕੀਤੀ ਹੈ : (ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ। (ਮ: 1, ਅ. ਗ. ਪੰ 463)

ਜਿਸ ਨਾਮ ਨੇ ਆਪ ਫ਼ਨਾਹ ਹੋ ਜਾਣਾ ਹੈ, ਉਹਦੀ ਅਰਾਧਨਾ ਕਿਸੇ ਨੂੰ ਅਮਰ ਪਦ ਕਿਥੋਂ ਦਵਾ ਦੇਵੇਗੀ। ਤਦੇ ਭਾਈ ਸਾਹਿਬ ਦਸਦੇ ਹਨ, 'ਸਤਿਨਾਮ ਬਿਨ ਬਾਦਰ ਛਾਈ'। (ਵ. 1, ਪੌ. 43) ਇਹ ਸਤਿਨਾਮ ਕੋਈ ਕਿਤਾਬ ਪੜ੍ਹਿਆਂ ਨਹੀਂ ਲਭਦਾ ਨਾ ਇਹਦੀ ਸੂਹ ਕਿਧਰੋਂ ਸੁਣ ਸੁਣਾ ਕੇ ਮਿਲਦੀ ਹੈ। ਇਹ ਅਣਮੁੱਲਾ ਸਿੱਕਾ ਪਰਮੇਸ਼ਰ ਨੇ ਆਪਣੀ ਨਿਜੀ ਟਕਸਾਲ ਵਿਚ ਤਿਆਰ ਕਰ ਕੇ ਅਗੇ ਵਰਤਣ ਨੂੰ ਗੁਰੂ ਦੇ ਹਵਾਲੇ ਕੀਤਾ ਹੋਇਆ ਹੈ (ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ)। (ਵ. 24, ਪੌ. 8) ਇਹ ਗੁਰੂ ਤੋਂ ਬਿਨਾਂ ਹੋਰ ਕਿਧਰੇ ਨਹੀਂ ਲਭਦਾ (ਸਚ ਨਾਉ ਕਰਤਾਰ ਗੁਰਮੁਖ ਪਾਈਐ। ਵ. 19, ਪੌ. 16)

ਸਤਿਗੁਰੂ ਜਗਿਆਸੂ ਤੇ ਮਿਹਰਬਾਨ ਹੁੰਦਾ ਹੈ ਤਾਂ ਉਸ ਨੂੰ ਦੀਖਿਆ ਦੇ ਕੇ ਆਪਣਾ ਸਿਖ ਬਣਾ ਲੈਂਦਾ ਹੈ (ਸਤਿਗੁਰ ਤੁਠੇ ਪਾਈਐ ਸਾਧ ਸੰਗਤ ਗੁਰਮਤਿ ਗੁਰ ਸਿਖੀ। ਵ. 28, ਪੌ. 1) ਸਤਿਗੁਰੂ ਆਪਣੇ ਸਿਖ ਦੀ ਹਉਮੈ ਨਿਵਾਰ ਕੇ,

Sri Satguru Jagjit Singh Ji eLibrary NamdhariElibrary@gmail.com

ਉਹਨੂੰ ਵਿਸ਼ਿਆਂ ਵਿਕਾਰਾਂ ਤੋਂ ਮੋੜ ਕੇ, ਉਹਨੂੰ ਭਾਣਾ ਮੰਨਣ ਵਾਲਾ ਹੁਕਮੀ ਬੰਦਾ ਬਣਾ ਕੇ, ਸੋਧ ਸਵਾਰ ਕੇ ਆਪਣੇ ਵਿਚ ਐਉਂ ਸਮੋ ਲੈਂਦਾ ਹੈ, ਜਿਵੇਂ ਬੂੰਦ ਨੂੰ ਸਾਗਰ (ਗੁਰਮੁਖਿ ਸਾਗਰ ਜਿਉ ਬੂੰਦ ਹੋਇ ਸਮਾਵਈ। ਕ. ਸ. 41-75 ਜੀਵਾਤਮਾ ਦੇ ਉਧਾਰ ਦਾ ਇਹ ਉਪਕਾਰ ਪਰਮਾਤਮਾ ਆਪ ਹੀ ਕਰਦਾ ਹੈ ਕਿਉਂਕਿ ਓਹੀਓ ਗੁਰੂ ਦੇ ਰੂਪ ਵਿਚ ਨਾਮ ਦਾ ਭੰਡਾਰੀ ਬਣ ਕੇ ਆਉਂਦਾ ਹੈ (ਗੁਰ ਪਰਮੇਸ਼ਰ ਇਕ ਹੈ ਸਚਾ ਸਾਹੁ ਜਗਤ ਵਣਜਾਰਾ। ਵ. 1, ਪੌ. 17)।

ਜਿਸ ਪ੍ਰਕਾਰ ਦੀ ਸਿਖੀ ਲਈ ਭਾਈ ਗੁਰਦਾਸ ਆਪਣੇ ਪਾਠਕਾਂ ਨੂੰ ਪਰੇਰਦੇ ਹਨ, ਭਾਵੇਂ ਉਹਨੂੰ ਖੰਡੇਧਾਰ ਗਲੀ ਵੀ ਕਿਹਾ ਜਾਂਦਾ ਹੈ, ਪਰ ਉਹ ਅਰੰਭ ਵਿਚ ਹੀ ਫਿੱਕੀ ਭਾਸਦੀ ਹੈ, ਪਰ ਰੂਹਾਨੀ ਅਭਿਆਸ ਵਿਚ ਉਨਤੀ ਨਾਲ ਜਦ ਉਹਦਾ ਅੰਮ੍ਰਿਤ ਪੀਣ ਨੂੰ ਮਿਲਦਾ ਹੈ ਤਾਂ ਪਤਾ ਲਗਦਾ ਹੈ ਕਿ ਉਹ ਇਕ ਅਜਿਹੀ ਅਮੋਲਕ ਵਸਤੂ ਹੈ ਜਿਸ ਦੀ ਮਿਠਾਸ ਦੀ ਤੁਲਨਾ ਸੰਸਾਰ ਦੇ ਕਿਸੇ ਰਸ ਨਾਲ ਨਹੀਂ ਕੀਤੀ ਜਾ ਸਕਦੀ। (ਸਿਲ ਅਲੂਣੀ ਚਟਣੀ ਤੁਲ ਨ ਲਖ ਅਮਿਉ ਰਸ ਇੱਖੀ। (ਵ. 28, ਪੌ. 1)। ਉਹ ਗ੍ਰਿਹਸਥ ਵਿਚ ਹੀ ਕਮਾਇਆ ਜਾਂਦਾ ਸ਼ਬਦ ਸੁਰਤਿ ਦਾ ਸਹਿਜ ਜੋਗ ਹੈ।

Sri Satguru Jagjit Singh Ji eLibrary NamdhariElibrary@gmail.com

# ਪੁਸਤਕ-ਸੂਚੀ

## ਸੁਆਮੀ ਸ਼ਿਵਦਿਆਲ ਸਿੰਘ ਜੀ ਮਹਾਰਾਜ

1. ਸਾਰ ਬਚਨ-ਛੰਦ-ਬੰਦ, 2. ਸਾਰ ਬਚਨ ਵਾਰਤਕ 3. ਸਾਰ ਬਚਨ ਸੰਗ੍ਰਹਿ

## ਬਾਬਾ ਜੈਮਲ ਸਿੰਘ ਜੀ ਮਹਾਰਾਜ

ਪਰਮਾਰਥੀ ਪੱਤਰ ਭਾਗ 1

## ਬਾਬਾ ਸਾਵਣ ਸਿੰਘ ਜੀ ਮਹਾਰਾਜ

1. ਪਰਮਾਰਥੀ ਪੱਤਰ ਭਾਗ-2 2. ਪਰਮਾਰਥੀ ਸਾਖੀਆਂ 3. ਨੂਰ ਦੀ ਬਰਖਾ
4. ਸੰਤ ਮਤ ਪ੍ਰਕਾਸ਼ ਭਾਗ 1 ਤੋਂ 7 5. ਗੁਰਮਤ ਸਿਧਾਂਤ ਭਾਗ 1-2 6 ਗੁਰਮਤ ਸਿੱਧਾਂਤ ਚੁਰਾਸੀ ਵਿਸ਼ੇ

## ਸਰਦਾਰ ਬਹਾਦਰ ਮਹਾਰਾਜ ਜਗਤ ਸਿੰਘ ਜੀ

1. ਰੂਹਾਨੀ ਗੁਲਦਸਤਾ 2. ਰੂਹਾਨੀ ਫੁਲ 3. ਆਤਮ ਗਿਆਨ

## ਮਹਾਰਾਜ ਚਰਨ ਸਿੰਘ ਜੀ

1. ਸੰਤ ਮਾਰਗ 2. ਸੰਤਾਂ ਦੀ ਬਾਣੀ 3. ਸੰਤ ਮਤ ਦਰਸ਼ਨ ਭਾਗ 1, 2, 3
4. ਸੰਤ-ਸੰਵਾਦ ਭਾਗ 1, 2, 5. ਜੀਵਤ ਮਰੀਐ ਭਉਜਲ ਤਰੀਐ 6. ਪਾਰਸ ਤੋਂ ਪਾਰਸ
7. ਸਤਿਸੰਗ ਸੰਗ੍ਰਹਿ 1 ਤੋਂ 7 8. ਆਗਰੇ ਵਿਖੇ ਸਤਿਸੰਗ

## ਕੁਝ ਹੋਰ ਪ੍ਰਕਾਸ਼ਨ

| | |
|---|---|
| 1. ਗੁਰਮਤ ਭਾਗ 1 ਤੋਂ 4 | ਸ੍ਰੀ ਲੇਖ ਰਾਜ ਪੁਰੀ |
| 2. ਰੂਹਾਨੀ ਡਾਇਰੀ ਭਾਗ 1 ਤੋਂ 3 | ਰ. ਸ. ਮੁਨਸ਼ੀ ਰਾਮ |
| 3. ਸੰਤ ਸਮਾਗਮ 4. ਧਰਤੀ ਉਤੇ ਸਵਰਗ | ਦੀ. ਦਰਿਆਈ ਲਾਲ |
| 5. ਸੰਤ ਸੰਦੇਸ਼ 6. ਸੰਤ ਕਬੀਰ 7. ਅਣਮੋਲ ਖਜ਼ਾਨਾ | ਸ਼੍ਰੀਮਤੀ ਸ਼ਾਂਤੀ ਸੇਠੀ |
| 8. ਅੰਦਰਲੀ ਆਵਾਜ਼ | ਕਰਨਲ ਸਾਂਡਰਸ |
| 9. ਮੇਰਾ ਸਤਿਗੁਰੂ | ਡਾ. ਜੇ. ਪੀ. ਜਾਨਸਨ |
| 10. ਹੰਸਾ ਹੀਰਾ ਮੋਤੀ ਚੁਗਣਾ | ਸ. ਸੰਤੋਖ ਸਿੰਘ; ਡਾ. ਸ਼ੰਗਾਰੀ |
| 11. ਸੰਤ ਮਤ ਵੀਚਾਰ | ਡਾ: ਸ਼ੰਗਾਰੀ; ਡਾ: ਖ਼ਾਕ |
| 12. ਨਾਮ ਸਿਧਾਂਤ | ਡਾ: ਸ਼ੰਗਾਰੀ; ਡਾ: 'ਖ਼ਾਕ' ; ਡਾ: ਭੰਡਾਰੀ; ਡਾ : ਸਹਿਗਲ |
| 13. ਸੰਤ ਨਾਮਦੇਵ 14. ਤੁਲਸੀ ਸਾਹਿਬ | ਪ੍ਰੋ: ਪੁਰੀ; ਸ਼੍ਰੀ ਸੇਠੀ |
| 15. ਦਾਦੂ ਦਇਆਲ 16. ਗੁਰੂ ਰਵਿਦਾਸ 17. ਸੰਤ ਦਰੀਆ | ਡਾ: ਉਪਾਧਿਆਇ |
| 18. ਮੀਰਾ, ਪ੍ਰੇਮ ਦੀਵਾਨੀ | ਸ਼੍ਰੀ ਵੀ. ਕੇ. ਸੇਠੀ |
| 19. ਗੁਰੂ ਨਾਨਕ ਦਾ ਰੂਹਾਨੀ ਉਪਦੇਸ਼ | ਪ੍ਰੋ: ਜਨਕ ਰਾਜ ਪੁਰੀ |
| 20. ਸੰਤ ਪਲਟੂ ਸਾਹਿਬ | ਸ਼੍ਰੀ ਆਰ. ਕੇ. ਸੇਠੀ |
| 21. ਸਾਈਂ ਬੁਲ੍ਹੇ ਸ਼ਾਹ | ਪ੍ਰੋ: ਪੁਰੀ, ਡਾ: ਸ਼ੰਗਾਰੀ |
| 22. ਮੀਰ ਦਾਦ ਦੀ ਪੁਸਤਕ | ਮਿਖਾਈਲ ਨਈਮੀ |
| 23. ਉਪਦੇਸ਼ ਰਾਧਾਸੁਆਮੀ | ਡਾ: ਸਹਿਗਲ ; ਡਾ: ਸ਼ੰਗਾਰੀ ; ਡਾ: ਭੰਡਾਰੀ ; ਡਾ: 'ਖ਼ਾਕ' |
| 24. ਅੰਮ੍ਰਿਤ ਨਾਮ | ਜਸਟਿਸ ਮਹਿੰਦਰ ਸਿੰਘ ਜੋਸ਼ੀ |
| 25. ਸਰਮਦ | ਡਾ: ਜੋਤ ਸਿੰਘ 'ਸੀਤਲ' |
| 26. ਹਜ਼ਰਤ ਸੁਲਤਾਨ ਬਾਹੂ | ਡਾ: 'ਖ਼ਾਕ' ; ਪ੍ਰੋ: ਪੁਰੀ |
| 27. ਸੰਤ ਚਰਨ ਦਾਸ | ਡਾ: ਟੀ ਆਰ ਸ਼ੰਗਾਰੀ |

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

1669

**'BHAI GURDAS'**

(Panjabi)

Sri Satguru Jagjit Singh Ji eLibrary NamdhariElibrary@gmail.com